Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi JeetSangha.com
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 37; September 16, 2023
20451 N. Plum Grove Rd., Palatine, IL 60074
Ph:847-359-0746, Fax:847-705-9388

## ਨਸ਼ਿਆਂ ਦਾ ਮਸਲਾ ਫਿਰ ਭਖਿਆ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਅਤੇ ਗੈਰ-ਕਾਨੂੰਨੀ ਖਣਨ ਦਾ ਮੁੱਦਾ ਪਿਛਲੇ ਕੁਝ ਦਿਨਾਂ ਤੋਂ ਭਖਿਆ ਹੋਇਆ ਹੈ। ਵਿਰੋਧੀਆਂ ਧਿਰਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰ ਰਹੀਆਂ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਰੋਪੜ 'ਚ ਹੋ ਰਹੇ ਗੈਰ-ਕਾਨੂੰਨੀ ਖਣਨ ਦੇ ਮਾਮਲੇ ਵਿਚ ਪੰਜਾਬ ਪੁਲਿਸ ਤੋਂ ਪੁੱਛਿਆ ਹੈ ਕਿ ਇਸ ਸਬੰਧੀ ਵੱਡੇ ਅਪਰਾਧੀਆਂ ਨੂੰ ਕਿਉਂ ਨਹੀਂ ਫੜਿਆ ਗਿਆ? ਪੁਲਿਸ ਨੇ ਸਿਰਫ ਜੇ.ਸੀ.ਬੀ. ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ, ਖਣਨ ਦਾ ਗੈਰ-ਕਾਨੂੰਨੀ ਧੰਦਾ ਚਲਾਉਣ ਵਾਲੇ ਅਸਲੀ ਬੰਦਿਆਂ ਨੂੰ ਹੱਥ ਨਹੀਂ ਪਾਇਆ ਗਿਆ।

ਨਸ਼ਿਆਂ ਦੇ ਮਾਮਲੇ ਵਿਚ ਹਾਲਾਤ ਇਸ ਤੋਂ ਵੀ ਮਾੜੇ ਹਨ। ਇਕ ਸੀਨੀਅਰ ਪੁਲਿਸ ਅਫਸਰ ਦੇ ਵਾਇਰਲ ਹੋਏ ਪੱਤਰ ਤੋਂ ਖੁਲਾਸਾ ਹੋਇਆ ਹੈ ਕਿ ਕੁਝ ਹੇਠਲੇ ਪੱਧਰ ਦੇ ਪੁਲਿਸ ਅਫਸਰਾਂ ਦੀ ਨਸ਼ਾ ਤਸਕਰਾਂ ਨਾਲ ਮਿਲੀ-ਭੁਗਤ ਹੈ। ਇਸ ਅਫਸਰ ਨੇ ਇਥੋਂ ਤੱਕ ਦਾਅਵਾ ਕੀਤਾ ਹੈ ਕਿ ਕੁਝ ਪੁਲਿਸ ਅਧਿਕਾਰੀ ਪਰਦੇ ਪਿੱਛੇ ਸਾਰੀ ਖੇਡ ਖੇਡ ਰਹੇ ਹਨ। ਨਸ਼ਿਆਂ ਖਿਲਾਫ ਮੁਹਿੰਮ ਚਲਾਉਣ ਵਾਲੀਆਂ ਸੰਸਥਾਵਾਂ/ਕਮੇਟੀਆਂ ਦੇ ਆਗੂਆਂ ਉਤੇ ਪਿਛਲੇ ਕੁਝ ਦਿਨਾਂ ਵਿਚ ਹੋਏ ਹਮਲੇ ਤੇ ਪੁਲਿਸ ਵਧੀਕੀਆਂ ਵੀ ਸਾਫ ਇਸ਼ਾਰਾ ਕਰਦੀਆਂ ਹਨ ਕਿ ਸਾਰੀ ਤਾਣੀ ਉਲਝੀ ਹੋਈ ਹੈ। ਪਿੰਡ ਸਿਧਾਣਾ ਵਿਚ ਨਸ਼ਾ ਰੋਕੂ ਕਮੇਟੀ ਦੇ ਮੈਂਬਰ ਜਸਵੀਰ ਸਿੰਘ ਦੀ ਹੱਤਿਆ ਵੱਡੇ ਸਵਾਲ ਖੜ੍ਹੇ ਕਰਦੀ ਹੈ। ਇਹ ਨੌਜਵਾਨ ਨਸ਼ਾ ਵਿਰੋਧੀ ਕਮੇਟੀ ਬਣਾ ਕੇ ਪਿੰਡ ਵਿਚ ਦਾਖਲ ਹੋਣ ਵਾਲੇ ਨਸ਼ਾ ਤਸਕਰਾਂ ਨੂੰ ਰੋਕਣ ਲਈ ਦਿਨ-ਰਾਤ ਪਹਿਰੇਦਾਰੀ ਕਰਵਾ ਰਿਹਾ ਸੀ। ਨਸ਼ਿਆਂ ਖਿਲਾਫ ਡਟਣ ਵਾਲੇ ਪਰਵਿੰਦਰ ਸਿੰਘ ਝੋਟਾ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਸੁੱਟਣ ਅਤੇ ਉਸ ਦੀ ਰਿਹਾਈ ਲਈ ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਅਤੇ ਐਂਟੀ ਡਰੱਗ ਟਾਸਕ ਫੋਰਸ ਨੂੰ ਕਰਨੀ ਪਈ ਲੰਮੀ ਜੱਦੋ-ਜਹਿਦ ਵੀ ਗੰਭੀਰ ਚਿੰਤਾ ਵੱਲ ਇਸ਼ਾਰਾ ਕਰਦੀ ਹੈ।




### ਵਿਰੋਧੀ ਧਿਰਾਂ ਦੇ ਸਵਾਲ-ਦਰ-ਸਵਾਲ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਰਕਾਰ ਦੀ ਲਾਪਰਵਾਹੀ ਕਾਰਨ ਨਸ਼ਿਆਂ ਦੀ ਸਮੱਸਿਆ ਲਗਾਤਾਰ ਵਧ ਰਹੀ ਹੈ। ਪੰਜਾਬ ਦੇ ਲੋਕ ਮੁਫਤ ਬਿਜਲੀ, ਰਾਸ਼ਨ ਅਤੇ ਮੁਹੱਲਾ ਕਲੀਨਿਕਾਂ ਤੋਂ ਬਿਨਾਂ ਰਹਿ ਸਕਦੇ ਹਨ ਪਰ ਜੇ ਨੌਜਵਾਨ ਪੀੜ੍ਹੀ ਹੀ ਖਤਮ ਹੋ ਗਈ ਤਾਂ ਇਹ ਮੁਫਤ ਸਹੂਲਤਾਂ ਕਿਸ ਕੰਮ ਦੀਆਂ ਹਨ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਦੇ 14 ਮਹੀਨਿਆਂ ਦੇ ਕਾਰਜਕਾਲ ਦੌਰਾਨ ਪੰਜਾਬ ਦੇਸ਼ 'ਚ ਨਸ਼ਿਆਂ ਦੀ ਰਾਜਧਾਨੀ ਬਣਨ ਦੀ ਕਗਾਰ 'ਤੇ ਹੈ ਪਰ ਮੁੱਖ ਮੰਤਰੀ ਨਸ਼ਿਆਂ 'ਤੇ ਲਗਾਮ ਲਗਾਉਣ ਦੀ ਥਾਂ ਸੈਰ-ਸਪਾਟਾ ਸੰਮੇਲਨ ਨੂੰ ਤਰਜੀਹ ਦੇ ਰਹੇ ਹਨ।

ਮੌਜੂਦਾ ਹਾਲਾਤ ਇਹ ਹਨ ਕਿ ਇਹ ਸੰਸਥਾਵਾਂ-ਕਮੇਟੀਆਂ ਨਸ਼ਿਆਂ ਖਿਲਾਫ ਮੁਹਿੰਮ ਚਲਾਉਣ ਦੀ ਥਾਂ ਹੁਣ ਆਪਣੇ ਮੈਂਬਰ-ਕਾਰਕੁਨਾਂ ਨੂੰ ਇਨਸਾਫ ਦਿਵਾਉਣ ਲਈ ਜੱਦੋ-ਜਹਿਦ ਕਰ ਰਹੀਆਂ ਹਨ। ਆਮ ਆਦਮੀ ਪਾਰਟੀ ਸੂਬੇ ਵਿਚ ਨਵੀਂ ਸ਼ੁਰੂਆਤ ਕਰਨ ਦੇ ਵਾਅਦੇ ਨਾਲ ਸੱਤਾ ਵਿਚ ਆਈ ਹੈ ਅਤੇ ਇਸ ਪਾਸੇ ਕੋਸ਼ਿਸ਼ ਵੀ ਹੋਈ ਪਰ ਹਾਲਾਤ ਇਹ ਸਾਫ ਇਸ਼ਾਰਾ ਕਰਦੇ ਹਨ ਕਿ ਇਹ ਸੁਧਰਨ ਦੀ ਥਾਂ ਹੋ ਬਦਤਰ ਹੋਏ ਹਨ। ਪਿਛਲੇ 14 ਮਹੀਨਿਆਂ ਵਿਚ ਪੰਜਾਬ ਭਰ 'ਚੋਂ ਤਕਰੀਬਨ 1400 ਕਿਲੋਗਰਾਮ ਹੈਰੋਇਨ ਜ਼ਬਤ ਕੀਤੀ ਗਈ ਹੈ। ਪੰਜਾਬ ਪੁਲਿਸ ਅਨੁਸਾਰ ਇਕੱਲੇ ਅਗਸਤ ਵਿਚ ਹੀ ਲਗਭਗ 240 ਕਿਲੋ ਹੈਰੋਇਨ ਫੜੀ ਗਈ। ਸਰਕਾਰ ਭਾਵੇਂ ਇਨ੍ਹਾਂ ਅੰਕੜਿਆਂ ਨੂੰ ਸਫਲਤਾ ਦੱਸੇ ਪਰ ਸਵਾਲ ਇਹੀ ਹੈ ਕਿ ਪੁਲਿਸ ਇਸ ਨਸ਼ੇ ਦੀ ਸਪਲਾਈ ਪਿੱਛੇ ਲੁਕੇ ਵੱਡੇ ਚਿਹਰਿਆਂ ਤੱਕ ਪਹੁੰਚ ਕਰਨ ਵਿਚ ਨਾਕਾਮ ਕਿਉਂ ਰਹੀ ਹੈ।

ਪੰਜਾਬ ਵਿਚ ਚਿੰਤਾ ਦਾ ਇਕ ਹੋਰ ਕਾਰਨ ਇਹ ਹੈ ਕਿ 10 ਤੋਂ 17 ਸਾਲ ਦੀ ਉਮਰ ਦੇ 3.43 ਲੱਖ ਬੱਚੇ ਓਪੀਆਡ ਨਸ਼ੇ ਲੈ ਰਹੇ ਹਨ। ਪੰਜਾਬ ਲੰਮੇ ਸਮੇਂ ਤੋਂ ਇਸ ਮੁੱਖ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ ਕਿ ਲਗਾਤਾਰ ਨਸ਼ੇ ਮੁਹੱਈਆ ਕਰਵਾਉਣ ਵਾਲੀਆਂ ਸਪਲਾਈ ਚੇਨਾਂ ਨੂੰ ਤੋੜਿਆ ਜਾਵੇ। ਅੰਕੜਿਆਂ ਅਨੁਸਾਰ ਪੰਜਾਬ ਪੁਲਿਸ ਨੇ 5 ਜੁਲਾਈ 2022 ਤੋਂ ਲੈ ਕੇ 7 ਜੁਲਾਈ 2023 ਤਕ ਐਨ.ਡੀ.ਪੀ.ਐੱਸ. ਐਕਟ ਦੇ ਤਹਿਤ 12,218 ਕੇਸ ਦਰਜ ਕੀਤੇ ਸਨ; ਭਾਵ, ਲਗਭਗ ਰੋਜ਼ਾਨਾ 33 ਕੇਸਾਂ ਤੋਂ ਵੱਧ ਕੇਸ ਦਰਜ ਕੀਤੇ ਗਏ। ਇਸ ਦੇ ਬਾਵਜੂਦ ਨਸ਼ਿਆਂ ਕਾਰਨ ਮੌਤਾਂ ਵਿਚ ਕਮੀ ਨਹੀਂ ਆ ਰਹੀ।

ਪਿਛਲੇ ਦਿਨੀਂ ਸੰਸਦ ਦੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਬਾਰੇ ਸਥਾਈ ਕਮੇਟੀ ਦੀ ਲੋਕ ਸਭਾ ਵਿਚ ਪੇਸ਼ ਕੀਤੀ ਰਿਪੋਰਟ ਵਿਚ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਲੋਕ ਸਭਾ ਵਿਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਵਿਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ ਹਨ ਜਿਨ੍ਹਾਂ ਵਿਚੋਂ 21.36 ਲੱਖ ਓਪੀਆਡ ਨਸ਼ਿਆਂ ਦਾ ਸੇਵਨ ਕਰਦੇ ਹਨ। ਓਪੀਆਡ ਨਸ਼ਿਆਂ ਵਿਚ ਅਫੀਮ, ਅਫੀਮ ਤੋਂ ਬਣਦੀ ਮਾਰਫੀਨ, ਹੈਰੋਇਨ ਅਤੇ ਕੁਝ ਹੋਰ ਨਸ਼ੇ ਸ਼ਾਮਲ ਹਨ ਜਿਨ੍ਹਾਂ ਦਾ ਅਸਰ ਮਾਰਫੀਨ ਜਿਹਾ ਹੁੰਦਾ ਹੈ। ਮਾਰਚ ਵਿਚ ਪੰਜਾਬ ਦੇ ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਦੱਸਿਆ ਸੀ ਕਿ ਸੂਬੇ ਵਿਚ 2.62 ਲੱਖ ਨਸ਼ਿਆਂ ਦੇ ਆਦੀ ਸਰਕਾਰ ਦੇ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਾ ਰਹੇ ਸਨ ਅਤੇ 6.12 ਲੱਖ ਨਸ਼ਾ ਕਰਨ ਵਾਲੇ ਨਿੱਜੀ ਖੇਤਰ ਦੇ ਨਸ਼ਾ ਛੁਡਾਊ ਕੇਂਦਰਾਂ ਤੋਂ। ਸਿਹਤ ਮੰਤਰੀ ਨੇ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਕਾਫੀ ਵੱਧ ਹੈ ਕਿਉਂਕਿ ਬਹੁਤ ਸਾਰੇ ਨਸ਼ਈ ਜਿਨ੍ਹਾਂ ਵਿਚ ਰਗਾਂ 'ਚ ਸਿੱਧਾ ਟੀਕਾ ਲਾ ਕੇ ਨਸ਼ਾ ਕਰਨ ਵਾਲੇ ਸ਼ਾਮਲ ਹਨ, ਬਦਨਾਮੀ ਦੇ ਡਰ ਤੋਂ ਇਲਾਜ ਕਰਾਉਣ ਲਈ ਸਾਹਮਣੇ ਨਹੀਂ ਆਉਂਦੇ। ਕਈ ਵਰ੍ਹਿਆਂ ਤੋਂ

*(ਬਾਕੀ ਸਫਾ 6 'ਤੇ)*

## ਗੁਰਦੁਆਰਿਆਂ ਦੀ ਸੰਭਾਲ ਨਾ ਹੋਣ 'ਤੇ ਫਿਕਰਮੰਦੀ



**ਅੰਮ੍ਰਿਤਸਰ:** ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਸਾਂਭ-ਸੰਭਾਲ ਨਾ ਹੋਣ ਅਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕਰਨ ਖਿਲਾਫ ਅਕਾਲ ਤਖਤ ਦੇ ਜਥੇਦਾਰ ਰਘਬੀਰ ਸਿੰਘ ਨੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਖਿਆ ਹੈ ਕਿ ਉਹ ਆਪਣੀ ਸਰਕਾਰ 'ਤੇ ਗੁਰਦੁਆਰਿਆਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਦਬਾਅ ਪਾਵੇ। ਉਨ੍ਹਾਂ ਆਖਿਆ ਕਿ ਮੁਲਕ ਦੀ ਵੰਡ ਤੋਂ ਬਾਅਦ ਪਾਕਿਸਤਾਨ ਦੀ ਧਰਤੀ 'ਤੇ ਰਹਿ ਗਏ ਗੁਰਦੁਆਰਿਆਂ ਦੀ ਅਣਦੇਖੀ ਹੋਣ ਕਾਰਨ ਇਹ ਧਾਰਮਿਕ ਸਥਾਨ ਲੋਪ ਹੁੰਦੇ ਜਾ ਰਹੇ ਹਨ। ਪਾਕਿਸਤਾਨ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਤਿਹਾਸਕ ਸਥਾਨਾਂ ਨੂੰ ਪਹਿਲ ਦੇ ਆਧਾਰ 'ਤੇ ਸੰਭਾਲੇ ਅਤੇ ਨਾਜਾਇਜ਼ ਕਬਜ਼ੇ ਖਤਮ ਕੀਤੇ ਜਾਣ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਾਰੇ ਧਾਰਮਿਕ ਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰਨ ਦੀ ਵੀ ਖੁੱਲ੍ਹ ਦੇਵੇ। ਜਥੇਦਾਰ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਉਹ ਇਸ ਮਾਮਲੇ ਵਿਚ ਪਾਕਿਸਤਾਨ ਸਰਕਾਰ ਨਾਲ ਸੰਪਰਕ ਕਰੇ ਅਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਨੂੰ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਦਬਾਅ ਪਾਵੇ।

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# Indo American Desh Bhagat Foundation of Bay Area


# ਮੇਲਾ ਗਦਰੀ ਬਾਬਿਆਂ ਦਾ



ਬਾਬਾ ਸੋਹਣ ਸਿੰਘ ਜੀ ਭਕਨਾ



ਸ਼ਹੀਦ ਸ: ਊਧਮ ਸਿੰਘ



ਸ਼ਹੀਦੇ ਆਜ਼ਮ ਸ: ਭਗਤ ਸਿੰਘ



ਸ਼ਹੀਦ ਕਰਤਾਰ ਸਿੰਘ ਸਰਾਭਾ



**Sushil Dosanjh**
Chief guest

## 1521 California Circle Milpitas CA – 95035

## Sep 23, 2023, ਸਮਾਂ 1 ਤੋਂ ਸ਼ਾਮ 6 ਵਜੇ ਤੱਕ

ਸਭ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ

***Free entry, free food***



**Jot Ranjit**
Host

# ਗਦਰ ਪਾਰਟੀ ਦੇ ਸ਼ਹੀਦਾਂ ਅਤੇ ਸਮੂਹ ਇਨਕਲਾਬੀਆਂ ਅਤੇ ਦੇਸ਼ ਭਗਤਾਂ ਦੀ ਯਾਦ ਚ ਮੇਲਾ

**Singers: Satti Pabla, Jeeta Gill and Gidha, Bhangra groups**




Contacts

| 510 714 5058 | 408 592 4044 | 408 250 6236 |
|---|---|---|
| Narinder Sujjon | Balbir Johal | Harkewal S Sandhu |

**ਮੰਚ ਸੰਚਾਲਨ:- Kuldeep S. Sujjon and Prem Kumar Sharma**

**Main sponsors:** Pritam S. Grewal, Atwal Brothers Merced CA, Bhupinder S Sandhu (Rurka Kalan), Dilbag S. Sandhu (Rurka Kalan), Raj Bhanote, Gurjeet S. Hothi, Inderjit S. Sidhu, Bob Dhillon, Surjit S. Bains, Narjit Sujjon, American Truck & Trailer Repair & Towing, Jarnail S. Raja, Harinder Sujjon (Skylark Limousine), Kirpal S. Atwal, Harduman S. Sanghera, Sarbjit S. Sawadee, Manjeet S. Jhikka (Aidan West Realty Inc), Tarsem S. Atwal, Balwant Singh, Master Gurdial, Amrik Khudalia, Prem Kumar Rahon, Mastan Singh, Harbans S. Bola

**Mela Committee:** Kulbushan Kumar Happy, Sukhdev S. Sidhu, Balbir Johal, Iktar S. Sodhi, Mehnga S. Sarpanch

**Langar Committee:** Deepa Sandhu, Harbhajan Singh, Raja, and Balwant Singh

**Special thanks to University of Silicon Andhra, Milpitas C**

# ਜਰਖੜ ਖੇਡਾਂ ਦੇ ਬਾਨੀ ਪ੍ਰਧਾਨ ਰਾਜਾ ਹਰਨਰਿੰਦਰ ਸਿੰਘ ਦਾ ਦੇਹਾਂਤ

ਲੁਧਿਆਣਾ: ਜਰਖੜ ਖੇਡਾਂ ਦੇ ਬਾਨੀ ਪ੍ਰਧਾਨ ਅਤੇ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ, ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰਿੰਸੀਪਲ ਰਾਜਾ ਹਰਨਰਿੰਦਰ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 91 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਇੱਕ ਬੇਟਾ, ਇੱਕ ਬੇਟੀ ਅਤੇ ਹੋਰ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਬੇਟੀ ਜਸਲੀਨ ਕੌਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਮੌਜੂਦਾ ਪ੍ਰਿੰਸੀਪਲ ਹੈ। ਉਹ ਇਸ ਵਕਤ ਆਪਣੀ ਬੇਟੀ ਕੋਲ ਹੀ ਰਹਿੰਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਜਲੰਧਰ ਵਿਖੇ ਕਰ ਦਿੱਤਾ ਗਿਆ ਹੈ। ਉਨ੍ਹਾਂ ਨਮਿੱਤ ਅੰਤਿਮ ਅਰਦਾਸ 19 ਸਤੰਬਰ ਦਿਨ ਮੰਗਲਵਾਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਹੋਵੇਗੀ।



**ਅੰਤਿਮ ਅਰਦਾਸ 19 ਸਤੰਬਰ ਨੂੰ**

ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਜਰਖੜ ਦਾ ਜਨਮ 14 ਅਕਤੂਬਰ 1932 ਨੂੰ ਲਾਹੌਰ ਵਿਚ ਡਾਕਟਰ ਜਗਨੰਦਨ ਸਿੰਘ ਸਾਬਕਾ ਡਾਇਰੈਕਟਰ ਸਿਹਤ ਵਿਭਾਗ ਤੇ ਗ੍ਰਹਿ ਵਿਖੇ ਹੋਇਆ ਸੀ। ਉਨ੍ਹਾਂ ਦਾ ਪਾਲਣ ਪੋਸ਼ਣ ਪਿੰਡ ਜਰਖੜ ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਲਾਹੌਰ ਤੋਂ ਕੀਤੀ ਜਦਕਿ ਐਮ.ਏ. ਦੀ ਡਿਗਰੀ ਸਰਕਾਰੀ ਕਾਲਜ ਲੁਧਿਆਣਾ ਤੋਂ 1956 ਵਿਚ ਕੀਤੀ। 1958 ਵਿਚ ਖਾਲਸਾ ਕਾਲਜ ਲੁਧਿਆਣਾ ਵਿਖੇ ਲੈਕਚਰਾਰ ਵਜੋਂ ਨਿਯੁਕਤ ਹੋਏ। 1959 ਵਿਚ ਉਹ ਗੜ੍ਹਦੀਵਾਲਾ ਵਿਖੇ ਪ੍ਰਿੰਸੀਪਲ ਬਣੇ ਫਿਰ 1969 ਵਿਚ ਖ਼ਾਲਸਾ ਕਾਲਜ ਨਕੋਦਰ ਵਿਖੇ ਪ੍ਰਿੰਸੀਪਲ ਬਣੇ। 1977 ਵਿਚ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਰਹੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਰ ਵੱਖ ਵੱਖ ਅਹੁਦਿਆਂ 'ਤੇ ਬਿਰਾਜਮਾਨ ਰਹੇ। 1986 ਤੋਂ 1987 ਤਕ ਜਰਖੜ ਖੇਡਾਂ ਦੇ ਪ੍ਰਧਾਨ ਰਹੇ। ਉਨ੍ਹਾਂ ਨੇ ਪਿੰਡ ਜਰਖੜ ਦੇ ਸਕੂਲ ਨੂੰ ਅਪਗ੍ਰੇਡ ਕਰ ਕੇ ਪਹਿਲਾਂ 10ਵੀਂ ਅਤੇ ਫੇਰ 12ਵੀਂ ਤੱਕ ਬਣਾਇਆ। ਉਹ ਆਪਣੇ ਸਮੇਂ ਦੇ ਕ੍ਰਿਕਟ ਦੇ ਵਧੀਆ ਖਿਡਾਰੀ ਵੀ ਸਨ। ਉਨ੍ਹਾਂ ਦੇ ਪਿਤਾ ਡਾਕਟਰ ਜਗਨੰਦਨ ਸਿੰਘ ਸਿਹਤ ਵਿਭਾਗ ਦੇ ਡਾਇਰੈਕਟਰ ਰਹੇ ਹਨ। ਉਨ੍ਹਾਂ ਨੇ ਪਿੰਡ ਜਰਖੜ ਪ੍ਰਤੀ ਬਹੁਤ ਹੀ ਵਧੀਆ ਸੇਵਾਵਾਂ ਦਿੱਤੀਆਂ ਹਨ।

ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਅਤੇ ਜਰਖੜ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਜਗਦੇਵ ਸਿੰਘ ਜਰਖੜ, ਪ੍ਰਿੰਸੀਪਲ ਰਾਮਦੇਵ, ਸੁਰਜੀਤ ਹਾਕੀ ਸੁਸਾਇਟੀ ਵੱਲੋਂ ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ, ਅਤੇ ਹੋਰ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਦੀਆਂ ਸਮਾਜ ਪ੍ਰਤੀ ਦਿੱਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

# ਸਿੱਖ ਨੌਜਵਾਨ ਗੁਰਕੀਰਤ ਸਿੰਘ ਦੀ ਅਮਰੀਕਾ ਯੂ-21 ਨੈਸ਼ਨਲ ਹਾਕੀ ਟੀਮ 'ਚ ਚੋਣ

**ਨਿਊਯਾਰਕ:** ਅਮਰੀਕਾ ਦੀ ਧਰਤੀ 'ਤੇ ਸਿੱਖ ਭਾਈਚਾਰੇ ਲਈ ਬੜੇ ਮਾਣ ਵਾਲੀ ਅਤੇ ਖੁਸ਼ੀ ਦੀ ਗੱਲ ਹੈ ਕਿ ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਗਿਆਨੀ ਅਮਰਜੀਤ ਸਿੰਘ ਜੀ ਦੇ ਸਪੁੱਤਰ ਸਾਬਤ ਸੂਰਤ ਗੁਰਕੀਰਤ ਸਿੰਘ ਨੂੰ ਅਮਰੀਕਾ ਦੀ ਯੂ -21 ਨੈਸ਼ਨਲ ਹਾਕੀ ਟੀਮ ਵਿੱਚ ਚੁਣ ਲਿਆ ਗਿਆ ਹੈ। ਉਹ ਅੱਜ-ਕੱਲ੍ਹ ਖੇਡਣ ਲਈ ਅਮਰੀਕਾ ਵਿੱਚ ਹੈ। ਉਹ ਬਚਪਨ ਤੋਂ ਹੀ ਹਾਕੀ ਦੀ ਪ੍ਰੈਕਟਿਸ ਕਰ ਰਿਹਾ ਸੀ। ਗੁਰਕੀਰਤ ਸਿੰਘ ਅਮਰੀਕਾ ਆਉਣ ਤੋਂ ਪਹਿਲਾਂ ਚੰਡੀਗੜ੍ਹ ਦੀ ਹਾਕੀ ਅਕੈਡਮੀ ਵਿਚ ਹਾਕੀ ਖੇਡਦਾ ਸੀ ਅਤੇ ਬਹੁਤ ਹੀ ਥੋੜ੍ਹੇ ਸਮੇਂ ਵਿਚ ਉਸ ਨੇ ਆਪਣੀ ਸਖ਼ਤ ਮਿਹਨਤ ਦੇ ਨਾਲ ਪਰਿਵਾਰ ਦੀਆਂ ਅਰਦਾਸਾਂ ਅਤੇ ਸਤਿਗੁਰੂ ਦੀ ਕਿਰਪਾ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਗੁਰਕੀਰਤ ਸਿੰਘ ਦੇ ਪਿਤਾ ਗਿਆਨੀ ਅਮਰਜੀਤ ਸਿੰਘ ਪੰਥ ਦੇ ਪ੍ਰਸਿੱਧ ਕਥਾਵਾਚਕ ਹਨ ਅਤੇ ਉਹ ਸੈਕਰਾਮੈਂਟੋ ਵਿਖੇ ਆਪਣੇ ਪਰਿਵਾਰ ਦੇ ਨਾਲ ਰਹਿ ਰਹੇ ਹਨ। ਗੁਰਕੀਰਤ ਸਿੰਘ ਦੀ ਇਸ ਪ੍ਰਾਪਤੀ 'ਤੇ ਦੁਨੀਆ ਭਰ ਵਿਚੋਂ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਮਿਲ ਰਹੀਆਂ ਹਨ।




**ਘਰ ਵਿਚ ਕੰਮ ਕਰਨ ਲਈ ਹੈਲਪਰ ਦੀ ਲੋੜ ਹੈ**
**ਚਾਹਵਾਨ ਸੰਪਰਕ ਕਰਨ**
**ਫੋਨ: 224-422-4772**



**UMA TRAVELS**
2535 West Devon Ave.,
Chicago, IL 60659
For Delhi-Bombay Ahmedabad, Hydrabad-Madras
Call For Special Sale Fares
**Call: 773-338-5603**


# Matrimonials

## ਲੜਕੀ ਦੀ ਲੋੜ ਹੈ

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028

36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com

34-37

Sikh family looking for a USA or Canada match for their 83 born son, 5'10" completed his Civil Engineering diploma. Never married. He is in India, and has his own property. Has family in the USA. Please whatapp: 262-960-7366. Serious inquiries only.

34-37

## ਲੜਕੇ ਦੀ ਲੋੜ ਹੈ

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

Sikh family belongs to Ludhiana Punjab, looking for a US or Canadian Citizen match for their daughter, 35, 5'9'' divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.

34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com

29-32

# ਜੀ-20: ਸਲਾਮਤੀ ਕੌਂਸਲ ਸਣੇ ਆਲਮੀ ਸੰਸਥਾਵਾਂ ਦੇ ਵਿਸਥਾਰ ਉਤੇ ਜ਼ੋਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਅਤੇ ਸਾਰੀਆਂ ਆਲਮੀ ਸੰਸਥਾਵਾਂ ਦੇ ਵਿਸਥਾਰ ਦੀ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਨ੍ਹਾਂ 'ਚ ਦੁਨੀਆ ਦੀ ਨਵੀਂ ਹਕੀਕਤ ਝਲਕਣੀ ਚਾਹੀਦੀ ਹੈ ਕਿਉਂਕਿ ਕੁਦਰਤ ਦਾ ਨਿਯਮ ਹੈ ਕਿ ਜੋ ਸਮੇਂ ਦੇ ਨਾਲ ਨਹੀਂ ਬਦਲਦੇ, ਉਹ ਆਪਣੀ ਪ੍ਰਸੰਗਿਕਤਾ ਗੁਆ ਬੈਠਦੇ ਹਨ। ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਮੌਕੇ ਮੋਦੀ ਨੇ ਨਵੰਬਰ ਦੇ ਅਖੀਰ 'ਚ ਗਰੁੱਪ ਦੇ ਵਰਚੁਅਲ ਸੈਸ਼ਨ ਦੀ ਤਜਵੀਜ਼ ਵੀ ਪੇਸ਼ ਕੀਤੀ ਤਾਂ ਜੋ ਲੀਡਰਜ਼ ਸਮਿਟ ਦੌਰਾਨ ਦਿੱਤੇ ਗਏ ਸੁਝਾਵਾਂ ਅਤੇ ਫੈਸਲਿਆਂ 'ਤੇ ਅਮਲ ਦਾ ਜਾਇਜ਼ਾ ਲਿਆ ਜਾ ਸਕੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਸਮੇਤ ਹੋਰ ਆਲਮੀ ਆਗੂਆਂ ਨੇ ਰਾਜਘਾਟ 'ਤੇ ਮਹਾਤਮਾ ਗਾਂਧੀ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਾਰੇ ਆਗੂਆਂ ਨੂੰ ਮੋਦੀ ਨੇ 'ਅੰਗਵਸਤਰਮ' ਜਾਂ ਸ਼ਾਲ ਦੇ ਕੇ ਸਨਮਾਨਿਤ ਕੀਤਾ। ਸਾਰੇ ਆਗੂਆਂ ਨੇ 'ਅਮਨ ਕੰਧ' 'ਤੇ ਆਪਣੇ ਦਸਤਖ਼ਤ ਵੀ ਕੀਤੇ।

ਜੀ-20 ਸਿਖਰ ਸੰਮੇਲਨ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਕਈ ਖੇਤਰੀ ਗਰੁੱਪ ਉਭਰ ਕੇ ਆਏ ਹਨ ਅਤੇ ਉਹ ਕਈ ਸਾਲਾਂ ਤੋਂ ਅਸਰਦਾਰ ਸਾਬਤ ਹੋਏ ਹਨ। ਉਨ੍ਹਾਂ ਆਲਮੀ ਸੰਸਥਾਵਾਂ 'ਚ ਸੁਧਾਰਾਂ ਦੀ ਵਕਾਲਤ ਕਰਦਿਆਂ ਕਿਹਾ,"ਅਫਰੀਕੀ ਯੂਨੀਅਨ ਨੂੰ ਜੀ-20 ਦਾ ਮੈਂਬਰ ਬਣਾ ਕੇ ਇਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਇਸੇ ਤਰ੍ਹਾਂ ਸਾਨੂੰ ਬਹੁਧਿਰੀ ਵਿਕਾਸ ਬੈਂਕਾਂ ਦੇ ਵਿਸਥਾਰ ਦੀ ਲੋੜ ਹੈ। ਇਸ ਦਿਸ਼ਾ ਵੱਲ ਸਾਡੇ ਫੈਸਲੇ ਫੌਰੀ ਅਤੇ ਢੁਕਵੇਂ ਹੋਣੇ ਚਾਹੀਦੇ ਹਨ।"




## ਬ੍ਰਾਜ਼ੀਲ ਦੇ ਰਾਸ਼ਟਰਪਤੀ ਨੂੰ ਸੌਂਪਿਆ ਪ੍ਰਧਾਨਗੀ ਦਾ ਚਿੰਨ੍ਹ

**ਨਵੀਂ ਦਿੱਲੀ:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਇਕ ਭਵਿੱਖ' ਸੈਸ਼ਨ ਦੀ ਸਮਾਪਤੀ 'ਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਈਜ਼ ਇਨਾਸੀਓ ਲੂਲਾ ਦਾ ਸਿਲਵਾ ਨੂੰ ਜੀ-20 ਦੀ ਪ੍ਰਧਾਨਗੀ ਦਾ ਪ੍ਰਤੀਕ ਚਿੰਨ੍ਹ ਸੌਂਪਿਆ ਅਤੇ ਸ਼ੁਭ ਇੱਛਾਵਾਂ ਦਿੱਤੀਆਂ। ਬ੍ਰਾਜ਼ੀਲ ਇਸ ਸਾਲ ਸਰਕਾਰੀ ਤੌਰ 'ਤੇ ਪਹਿਲੀ ਦਸੰਬਰ ਨੂੰ ਵੱਕਾਰੀ ਗਰੁੱਪ ਦੀ ਪ੍ਰਧਾਨਗੀ ਸੰਭਾਲੇਗਾ। ਬਾਅਦ 'ਚ ਸਮਾਪਤੀ ਸੈਸ਼ਨ ਵੇਲੇ ਪ੍ਰਧਾਨ ਮੰਤਰੀ ਮੋਦੀ ਨੇ ਬ੍ਰਾਜ਼ੀਲ ਨੂੰ ਪੂਰੀ ਹਮਾਇਤ ਦਿੰਦਿਆਂ ਆਸ ਪ੍ਰਗਟਾਈ ਕਿ ਜੀ-20 ਦੀ ਬ੍ਰਾਜ਼ੀਲ ਨੂੰ ਪ੍ਰਧਾਨਗੀ ਨਾਲ ਗਰੁੱਪ ਦੇ ਸਾਂਝੇ ਨਿਸ਼ਾਨਿਆਂ ਨੂੰ ਅੱਗੇ ਵਧਾਇਆ ਜਾਵੇਗਾ। 'ਭਾਰਤ ਪ੍ਰਧਾਨਗੀ ਦਾ ਪ੍ਰਤੀਕ ਚਿੰਨ੍ਹ ਬ੍ਰਾਜ਼ੀਲ ਨੂੰ ਸੌਂਪਦਾ ਹੈ। ਸਾਨੂੰ ਭਰੋਸਾ ਹੈ ਕਿ ਉਹ ਪੂਰੇ ਸਮਰਪਣ ਅਤੇ ਨਜ਼ਰੀਏ ਨਾਲ ਆਲਮੀ ਏਕਤਾ ਅਤੇ ਖੁਸ਼ਹਾਲੀ ਨੂੰ ਅੱਗੇ ਵਧਾਉਣਗੇ।'

ਉਨ੍ਹਾਂ ਨਵੰਬਰ ਦੇ ਅਖੀਰ 'ਚ ਵਰਚੁਅਲੀ ਸੈਸ਼ਨ ਦੀ ਤਜਵੀਜ਼ ਪੇਸ਼ ਕਰਦਿਆਂ ਕਿਹਾ ਕਿ ਇਸ ਸੰਮੇਲਨ 'ਚ ਲਏ ਗਏ ਫੈਸਲਿਆਂ ਦੀ ਉਸ ਸਮੇਂ ਸਮੀਖਿਆ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਟੀਮਾਂ ਸਾਰਿਆਂ ਨਾਲ ਵੇਰਵੇ ਸਾਂਝੇ ਕਰਨਗੀਆਂ ਅਤੇ ਆਸ ਜਤਾਈ ਕਿ ਉਹ ਸਾਰੇ ਵਰਚੁਅਲੀ ਇਜਲਾਸ 'ਚ ਸ਼ਾਮਲ ਹੋਣਗੇ। ਇਸ ਮਗਰੋਂ ਮੋਦੀ ਨੇ ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਦਾ ਐਲਾਨ ਕੀਤਾ। 'ਇਕ ਭਵਿੱਖ' ਸੈਸ਼ਨ ਦੌਰਾਨ ਮੋਦੀ ਨੇ ਸਾਈਬਰ ਸੁਰੱਖਿਆ ਅਤੇ ਕ੍ਰਿਪਟੋ ਕਰੰਸੀਆਂ ਨੂੰ ਭਖਦੇ ਮੁੱਦੇ ਦੱਸਿਆ ਜੋ ਦੁਨੀਆ ਦੇ ਮੌਜੂਦਾ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੇ ਹਨ। ਉਨ੍ਹਾਂ ਕ੍ਰਿਪਟੋ ਕਰੰਸੀ ਨੂੰ ਸਮਾਜ, ਮਾਲੀ ਅਤੇ ਵਿੱਤੀ ਸਥਿਰਤਾ ਲਈ ਨਵਾਂ ਵਿਸ਼ਾ ਕਰਾਰ ਦਿੱਤਾ ਅਤੇ ਇਸ ਨੂੰ ਨਿਯਮਤ ਬਣਾਉਣ ਲਈ ਆਲਮੀ ਮਾਪਦੰਡ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਾਈਬਰ ਸਪੇਸ ਅਤਿਵਾਦ ਦੀ ਫੰਡਿੰਗ ਦਾ ਨਵਾਂ ਸਰੋਤ ਬਣ ਗਿਆ ਹੈ ਅਤੇ ਇਸ ਦੀ ਸੁਰੱਖਿਆ ਲਈ ਆਲਮੀ ਸਹਿਯੋਗ ਅਤੇ ਢਾਂਚਾ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਹਰੇਕ ਮੁਲਕ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਬਹੁਤ ਅਹਿਮ ਵਿਸ਼ਾ ਹੈ। 'ਜਦੋਂ ਅਸੀਂ ਹਰੇਕ ਮੁਲਕ ਦੀ ਸੁਰੱਖਿਆ ਅਤੇ ਸੰਵੇਦਨਸ਼ੀਲਤਾ ਦਾ ਧਿਆਨ ਰੱਖਾਂਗੇ ਤਾਂ 'ਇਕ ਭਵਿੱਖ' ਦੀ ਭਾਵਨਾ ਹੋਰ ਮਜ਼ਬੂਤ ਹੋਵੇਗੀ।' ਉਨ੍ਹਾਂ ਮਸਨੂਈ ਬੌਧਿਕਤਾ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਹ ਮਨੁੱਖ ਕੇਂਦਰਿਤ ਹੋਣੀ ਚਾਹੀਦੀ ਹੈ। ਮੋਦੀ ਨੇ 'ਐਕਸ' 'ਤੇ ਪੋਸਟ ਕੀਤਾ ਕਿ ਜੀ.ਡੀ.ਪੀ. ਕੇਂਦਰਿਤ ਪਹੁੰਚ ਹੁਣ ਪੁਰਾਣੀ ਹੋ ਗਈ ਹੈ ਅਤੇ ਸਮਾਂ ਆ ਗਿਆ ਹੈ ਕਿ ਤਰੱਕੀ ਲਈ ਮਨੁੱਖ ਕੇਂਦਰਿਤ ਨਜ਼ਰੀਆ ਅਪਨਾਇਆ ਜਾਵੇ।

## ਭਾਰਤ ਤੇ ਸਾਊਦੀ ਅਰਬ ਵਿਚਾਲੇ ਦੁਵੱਲੀ ਚਰਚਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ-ਸਾਊਦ ਨਾਲ ਕਈ ਮੁੱਦਿਆਂ ਉਤੇ ਗੱਲਬਾਤ ਕੀਤੀ। ਗੱਲਬਾਤ ਦੌਰਾਨ ਦੁਵੱਲੇ ਵਪਾਰ ਤੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਦਿੱਤਾ ਗਿਆ। ਬਿਨ ਸਲਮਾਨ ਇਸ ਸਮੇਂ ਜੀ-20 ਸੰਮੇਲਨ ਦੀ ਸਮਾਪਤੀ ਤੋਂ ਬਾਅਦ ਭਾਰਤ ਦੇ ਸਰਕਾਰੀ ਦੌਰੇ ਉਤੇ ਹਨ। ਗੱਲਬਾਤ ਤੋਂ ਪਹਿਲਾਂ ਰਾਸ਼ਟਰਪਤੀ ਭਵਨ ਦੇ ਵਿਹੜੇ ਵਿਚ ਸਾਊਦੀ ਅਰਬ ਦੇ ਯੁਵਰਾਜ ਦਾ ਰਸਮੀ ਸਵਾਗਤ ਕੀਤਾ ਗਿਆ। ਇਸ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਵੀ ਹਾਜ਼ਰ ਸਨ।

## ਮੋਦੀ-ਬਾਇਡਨ ਵਲੋਂ ਰੱਖਿਆ ਭਾਈਵਾਲੀ ਦੀ ਮਜ਼ਬੂਤੀ ਦਾ ਸੰਕਲਪ

**ਨਵੀਂ ਦਿੱਲੀ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਸ ਸਾਲ ਦੇ ਜੀ-20 ਸਿਖਰ ਸੰਮੇਲਨ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਗਰੁੱਪ ਹਾਲੇ ਵੀ ਆਪਣੇ ਸਭ ਤੋਂ ਅਹਿਮ ਮੁੱਦਿਆਂ ਦਾ ਹੱਲ ਲੱਭ ਸਕਦਾ ਹੈ। ਬਾਇਡਨ ਨੇ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਦਾ ਵੀਅਤਨਾਮ ਦੌਰਾ ਚੀਨ ਨਾਲ 'ਠੰਢੀ ਜੰਗ' ਸ਼ੁਰੂ ਕਰਨ ਦੀ ਕੋਸ਼ਿਸ਼ ਨਹੀਂ ਹੈ ਤੇ ਉਨ੍ਹਾਂ ਦਾ ਉਦੇਸ਼ ਵੀਅਤਨਾਮ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧ ਮਜ਼ਬੂਤ ਬਣਾ ਕੇ ਦੁਨੀਆ 'ਚ ਸਥਿਰਤਾ ਲਿਆਉਣਾ ਹੈ। ਆਪਣੀ 50 ਮਿੰਟ ਤੋਂ ਵੱਧ ਦੀ ਗੱਲਬਾਤ ਵਿਚ ਮੋਦੀ ਅਤੇ ਬਾਇਡਨ ਨੇ ਦੁਵੱਲੀ ਰੱਖਿਆ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਭਿੰਨਤਾ ਲਿਆਉਣ ਦਾ ਸੰਕਲਪ ਲਿਆ।

## ਰੂਸ ਵੱਲੋਂ ਜੀ-20 ਐਲਾਨਨਾਮਾ 'ਸੰਤੁਲਿਤ' ਕਰਾਰ

**ਨਵੀਂ ਦਿੱਲੀ:** ਰੂਸ ਨੇ ਜੀ-20 ਐਲਾਨਨਾਮੇ ਨੂੰ 'ਸੰਤੁਲਿਤ' ਕਰਾਰ ਦਿੱਤਾ ਹੈ। ਰੂਸ ਨੇ ਐਲਾਨਨਾਮੇ ਦੀ ਸ਼ਲਾਘਾ ਕੀਤੀ ਹੈ ਜਿਸ ਵਿਚ ਯੂਕਰੇਨ ਨਾਲ ਜੰਗ ਲਈ ਮਾਸਕੋ ਦੀ ਸਿੱਧੇ ਤੌਰ 'ਤੇ ਨੁਕਤਾਚੀਨੀ ਤੋਂ ਪਰਹੇਜ਼ ਕੀਤਾ ਗਿਆ ਹੈ। ਰੂਸ ਨੇ ਕਿਹਾ ਕਿ ਜੀ-20 ਆਗੂਆਂ ਨੇ ਰੂਸ-ਯੂਕਰੇਨ ਵਿਵਾਦ ਨੂੰ ਸੁਲਝਾਉਣ ਦੇ ਹਿੱਤ ਵਿਚ ਕੰਮ ਕੀਤਾ ਹੈ। ਜੀ-20 ਸਿਖਰ ਸੰਮੇਲਨ ਦੇ ਦੂਜੇ ਦਿਨ ਵੀ ਇਸ ਮੁੱਦੇ 'ਤੇ ਵਿਚਾਰ ਚਰਚਾ ਜਾਰੀ ਰਹੀ। ਦੱਸ ਦਈਏ ਕਿ ਜੀ-20 ਨੇ ਨਵੀਂ ਦਿੱਲੀ ਵਿਚ ਸਰਬਸੰਮਤੀ ਨਾਲ ਐਲਾਨਨਾਮੇ ਨੂੰ ਅਪਣਾਇਆ ਸੀ ਜਿਸ ਵਿਚ ਜੰਗ ਲਈ ਰੂਸ ਦੀ ਨਿਖੇਧੀ ਤੋਂ ਪਰਹੇਜ਼ ਕੀਤਾ ਗਿਆ ਸੀ ਪਰ ਯੂਕਰੇਨੀ ਖੇਤਰਾਂ 'ਤੇ ਕਬਜ਼ੇ ਲਈ ਤਾਕਤ ਦੀ ਵਰਤੋਂ ਨਾ ਕਰਨ ਦਾ ਸੱਦਾ ਦਿੱਤਾ ਗਿਆ ਸੀ।

## ਓਂਟਾਰੀਓ: ਪੰਜਾਬੀ ਮੰਤਰੀਆਂ ਨੂੰ ਮਿਲੇ ਵੱਡੇ ਵਿਭਾਗ

**ਵੈਨਕੂਵਰ:** ਕੈਨੇਡਾ ਦੇ ਸੂਬੇ ਓਂਟਾਰੀਓ ਦੀ ਸਰਕਾਰ ਵਿਚ ਕੀਤੇ ਗਏ ਫੇਰਬਦਲ ਪਿੱਛੋਂ ਹੁਣ ਤਿੰਨ ਪੰਜਾਬੀ ਮੰਤਰੀਆਂ ਕੋਲ ਵੱਡੇ ਵਿਭਾਗ ਹੋਣਗੇ। ਖਜ਼ਾਨਾ ਬੋਰਡ ਦੇ ਚੇਅਰਮੈਨ ਰਹੇ ਪ੍ਰਭਮੀਤ ਸਿੰਘ ਸਰਕਾਰੀਆ ਦੇ ਹੱਥ ਸੂਬੇ ਦੇ ਟਰਾਂਸਪੋਰਟ ਵਿਭਾਗ ਦੀ ਵਾਗਡੋਰ ਦਿੱਤੀ ਗਈ ਹੈ। ਉਨ੍ਹਾਂ ਦਾ ਦਸਤਾਰਧਾਰੀ ਹੋਣਾ ਸਿੱਖ ਭਾਈਚਾਰੇ ਲਈ ਫਖਰ ਵਾਲੀ ਗੱਲ ਵੀ ਹੈ। ਪਰਮ ਗਿੱਲ ਨੂੰ ਨਾਗਰਿਕਤਾ ਅਤੇ ਸਭਿਆਚਾਰਕ ਮਾਮਲਿਆਂ ਦੇ ਵਿਭਾਗ ਸੌਂਪੇ ਗਏ ਹਨ। ਬੀਬੀ ਨੀਨਾ ਤਾਂਗੜੀ ਨੂੰ ਛੋਟੇ ਵਪਾਰ ਤੇ ਰੁਜ਼ਗਾਰ ਮੌਕੇ ਸਿਰਜਣ ਲਈ ਸਹਾਇਕ ਮੰਤਰੀ ਬਣਾਇਆ ਗਿਆ ਹੈ। ਗਰੀਨ ਬੈਲਟ ਨੂੰ ਗੈਰ-ਸੰਵਿਧਾਨਕ ਢੰਗ ਨਾਲ ਰਿਹਾਇਸ਼ੀ ਖੇਤਰ ਵਿਚ ਤਬਦੀਲ ਕਰਨ ਕਰਕੇ ਮੰਤਰੀ ਵੱਲੋਂ ਦਿੱਤੇ ਅਸਤੀਫੇ ਤੋਂ ਬਾਅਦ ਮੰਤਰੀ ਮੰਡਲ 'ਚ ਫੇਰਬਦਲ ਕਰਨਾ ਮੁੱਖ ਮੰਤਰੀ ਲਈ ਜ਼ਰੂਰੀ ਹੋ ਗਿਆ ਸੀ।


## ਬਰਤਾਨੀਆ 'ਚ ਕਿਸੇ ਵੀ ਤਰ੍ਹਾਂ ਦਾ ਕੱਟੜਵਾਦ ਬਰਦਾਸ਼ਤ ਨਹੀਂ: ਸੂਨਕ

**ਨਵੀਂ ਦਿੱਲੀ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਕਿਹਾ ਕਿ ਬਰਤਾਨੀਆ ਵਿਚ ਕਿਸੇ ਵੀ ਤਰ੍ਹਾਂ ਦਾ ਕੱਟੜਵਾਦ ਬਿਲਕੁਲ ਬਰਦਾਸ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਖਾਸ ਤੌਰ 'ਤੇ ਖਾਲਿਸਤਾਨ ਪੱਖੀ ਕੱਟੜਵਾਦੀਆਂ ਨਾਲ ਨਜਿੱਠਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੀ ਹੈ ਅਤੇ ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹ ਨਵੀਂ ਦਿੱਲੀ ਵਿਚ ਜੀ20 ਸੰਮੇਲਨ ਵਿਚ ਹਿੱਸਾ ਲੈਣ ਲਈ ਪਹੁੰਚੇ ਸਨ। ਇਸ ਮੌਕੇ ਸੂਨਕ ਦੇ ਨਾਲ ਉਨ੍ਹਾਂ ਦੀ ਪਤਨੀ ਅਕਸ਼ਿਤਾ ਮੂਰਤੀ ਵੀ ਸਨ।

ਸੂਨਕ ਨੇ ਆਪਣੀਆਂ ਭਾਰਤੀ ਜੜ੍ਹਾਂ 'ਤੇ ਮਾਣ ਮਹਿਸੂਸ ਕਰਦਿਆਂ ਦੋਹਾਂ ਦੇਸ਼ਾਂ ਵਿਚਾਲੇ ਐਫ.ਟੀ.ਏ. ਬਾਰੇ ਚੱਲ ਰਹੀ ਗੱਲਬਾਤ ਦਾ ਜ਼ਿਕਰ ਵੀ ਕੀਤਾ। ਬਰਤਾਨੀਆ ਵਿਚ ਖਾਲਿਸਤਾਨ ਪੱਖੀਆਂ ਦੀਆਂ ਗਤੀਵਿਧੀਆਂ ਬਾਰੇ ਭਾਰਤ ਦੀਆਂ ਚਿੰਤਾਵਾਂ ਸਬੰਧੀ ਇਕ ਸਵਾਲ ਦੇ ਜਵਾਬ ਵਿਚ ਬਰਤਾਨਵੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਕੋਲ ਖੁਫੀਆ ਜਾਣਕਾਰੀਆਂ ਸਾਂਝੀਆਂ ਕਰਨ ਲਈ ਕਾਰਜ ਸਮੂਹ ਹਨ ਤਾਂ ਜੋ ਇਸ ਤਰ੍ਹਾਂ ਦੇ ਹਿੰਸਕ ਕੱਟੜਵਾਦ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

## ਟਰੂਡੋ ਕੋਲ ਇਤਰਾਜ਼ ਦੇ ਬਾਵਜੂਦ ਕੈਨੇਡਾ 'ਚ ਖਾਲਿਸਤਾਨ ਰਾਇਸ਼ੁਮਾਰੀ

**ਟੋਰਾਂਟੋ:** ਕੈਨੇਡਾ ਵਿਚ ਖਾਲਿਸਤਾਨੀ ਰਾਇਸ਼ੁਮਾਰੀ ਵਿਚ ਸਿੱਖਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸੇ ਦਿਨ ਆਪਣੇ ਹਮਰੁਤਬਾ ਜਸਟਿਨ ਟਰੂਡੋ ਨੂੰ ਉਨ੍ਹਾਂ ਦੇ ਮੁਲਕ ਵਿਚ ਭਾਰਤ ਵਿਰੋਧੀ ਗਤੀਵਿਧੀਆਂ ਬਾਰੇ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ।



ਭਾਰਤ ਵਿਚ ਸਿੱਖਾਂ ਲਈ ਵੱਖਰੇ ਮੁਲਕ ਖਾਲਿਸਤਾਨ ਦੇ ਸਮਰਥਨ ਲਈ ਵੋਟਿੰਗ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਵਿਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿੱਥੇ ਜੂਨ ਵਿਚ ਇਸ ਦੇ ਸਾਬਕਾ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗਲੋਬਲ ਨਿਊਜ਼ ਚੈਨਲ ਨੇ ਰਿਪੋਰਟ ਦਿੱਤੀ ਕਿ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.), ਜਿਸ ਨੇ ਰਾਇਸ਼ੁਮਾਰੀ ਕਰਵਾਈ ਨੇ, ਕਿਹਾ ਕਿ ਇਸ ਸਮਾਗਮ ਵਿਚ 100,000 ਤੋਂ ਵੱਧ ਲੋਕ ਸ਼ਾਮਲ ਹੋਏ। ਮਤਦਾਨ ਤੋਂ ਸਾਫ ਹੈ ਕਿ ਖਾਲਿਸਤਾਨ ਦਾ ਮਾਮਲਾ ਸਿੱਖਾਂ ਲਈ ਬੜਾ ਭਾਵਨਾਤਮਕ ਹੈ। ਇਹ ਵੋਟਿੰਗ ਸਰੀ ਦੇ ਸਕੂਲ ਵਿਚ ਹੋਣੀ ਸੀ ਪਰ ਸਬੰਧਤ ਵਸਨੀਕਾਂ ਵੱਲੋਂ ਪੋਸਟਰ ਉੱਤੇ ਹਥਿਆਰਾਂ ਦੀਆਂ ਤਸਵੀਰਾਂ ਸਕੂਲ ਪ੍ਰਬੰਧਕਾਂ ਦੇ ਧਿਆਨ ਵਿਚ ਲਿਆਉਣ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ।

## ਜਪਾਨ ਨੇ ਚੀਨ ਦੇ ਨਵੇਂ ਨਕਸ਼ੇ ਨੂੰ ਖਾਰਜ ਕੀਤਾ

**ਪੇਈਚਿੰਗ:** ਚੀਨ ਵੱਲੋਂ ਵਿਵਾਦਤ ਸੇਨਕਾਕੂ ਦੀਪਾਂ ਨੂੰ ਆਪਣੇ ਇਲਾਕੇ 'ਚ ਸ਼ਾਮਲ ਕਰਨ ਲਈ ਜਾਰੀ ਨਵੇਂ ਨਕਸ਼ੇ 'ਤੇ ਜਪਾਨ ਨੇ ਵੀ ਵਿਰੋਧ ਜਤਾਇਆ ਹੈ। ਭਾਰਤ, ਫਿਲਪੀਨਜ਼, ਮਲੇਸ਼ੀਆ, ਵੀਅਤਨਾਮ, ਤਾਇਵਾਨ ਵੀ ਨਕਸ਼ੇ 'ਤੇ ਵਿਰੋਧ ਜਤਾ ਚੁੱਕੇ ਹਨ। ਜਪਾਨ ਦੇ ਮੁੱਖ ਕੈਬਨਿਟ ਸਕੱਤਰ ਹਿਰੋਕਾਜ਼ੂ ਮਾਤਸੁਨੋ ਨੇ ਦੱਸਿਆ ਕਿ ਜਪਾਨ ਨੇ ਪਿਛਲੇ ਮਹੀਨੇ ਪੇਈਚਿੰਗ ਵੱਲੋਂ ਜਾਰੀ ਨਕਸ਼ੇ 'ਤੇ ਰਣਨੀਤਕ ਚੈਨਲ ਰਾਹੀਂ ਚੀਨ ਕੋਲ ਵਿਰੋਧ ਦਰਜ ਕਰਵਾਇਆ ਹੈ। ਜਪਾਨੀ ਮੀਡੀਆ ਨੇ ਮਾਤਸੁਨੋ ਦੇ ਹਵਾਲੇ ਨਾਲ ਕਿਹਾ ਕਿ ਟੋਕੀਓ ਨੇ ਪੇਈਚਿੰਗ ਨੂੰ ਨਕਸ਼ਾ ਰੱਦ ਕਰਨ ਦੀ ਅਪੀਲ ਕੀਤੀ ਹੈ ਕਿਉਂਕਿ ਇਸ ਵਿਚ ਦੱਖਣੀ ਜਪਾਨ ਦੇ ਓਕਿਨਾਵਾ ਸੂਬੇ ਵਿਚ ਪੈਂਦੇ ਸੇਨਕਾਕੂ ਦੀਪਾਂ 'ਤੇ ਚੀਨ ਦੇ ਇਕਪਾਸੜ ਦਾਅਵਿਆਂ 'ਤੇ ਆਧਾਰਿਤ ਵੇਰਵਾ ਹੈ।

# ਭਾਰਤ ਵੱਲੋਂ ਮਨੀਪੁਰ ਬਾਰੇ ਯੂ.ਐੱਨ. ਮਾਹਿਰਾਂ ਦੀਆਂ ਟਿੱਪਣੀਆਂ ਗੁਮਰਾਹਕੁਨ ਕਰਾਰ

**ਸੰਯੁਕਤ ਰਾਸ਼ਟਰ:** ਭਾਰਤ ਨੇ ਮਨੀਪੁਰ ਹਿੰਸਾ ਬਾਰੇ ਸੰਯੁਕਤ ਰਾਸ਼ਟਰ ਮਾਹਿਰਾਂ ਦੀਆਂ ਟਿੱਪਣੀਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਰਤ ਨੇ ਇਨ੍ਹਾਂ ਟਿੱਪਣੀਆਂ ਨੂੰ 'ਗੈਰਵਾਜ਼ਬ, ਫ਼ਰਜ਼ੀ ਤੇ ਗੁਮਰਾਹਕੁਨ' ਕਰਾਰ ਦਿੱਤਾ ਹੈ। ਭਾਰਤ ਨੇ ਕਿਹਾ ਕਿ ਉੱਤਰ-ਪੂਰਬੀ ਰਾਜ ਵਿਚ ਹਾਲਾਤ ਪੂਰੀ ਤਰ੍ਹਾਂ ਸ਼ਾਂਤੀਪੂਰਨ ਹਨ। ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦਫਤਰ ਦੀ ਵਿਸ਼ੇਸ਼ ਬ੍ਰਾਂਚ ਵੱਲੋਂ ਜਾਰੀ ਕੂਟਨੀਤਕ ਸੁਨੇਹੇ ਵਿਚ ਭਾਰਤੀ ਮਿਸ਼ਨ ਨੇ ਜ਼ੋਰ ਦੇ ਕੇ ਆਖਿਆ ਕਿ ਮਨੀਪੁਰ ਵਿਚ ਹਾਲਾਤ ਸ਼ਾਂਤੀਪੂਰਨ ਤੇ ਸਥਿਰ ਹਨ ਅਤੇ ਭਾਰਤ ਸਰਕਾਰ ਉਥੇ ਅਮਨ ਤੇ ਸਥਿਰਤਾ ਦੀ ਬਹਾਲੀ ਲਈ ਹਰ ਸੰਭਵ ਕਦਮ ਚੁੱਕਣ ਲਈ ਵਚਨਬੱਧ ਹੈ। ਸੁਨੇਹੇ ਵਿਚ ਕਿਹਾ ਗਿਆ, "ਸਰਕਾਰ ਮਨੀਪੁਰ ਦੇ ਲੋਕਾਂ ਸਣੇ ਭਾਰਤ ਦੀ ਆਵਾਮ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਵੀ ਪ੍ਰਤੀਬੱਧ ਹੈ।" ਸੰਯੁਕਤ ਰਾਸ਼ਟਰ ਦਫਤਰ ਵਿਚਲੇ ਭਾਰਤ ਦੇ ਸਥਾਈ ਮਿਸ਼ਨ ਨੇ ਕਿਹਾ, "ਭਾਰਤ ਦਾ ਸਥਾਈ ਮਿਸ਼ਨ ਯੂ.ਐੱਨ. ਮਾਹਿਰਾਂ ਦੀਆਂ ਮਨੀਪੁਰ ਵਿਚ ਨਸਲੀ ਹਿੰਸਾ ਬਾਰੇ ਟਿੱਪਣੀਆਂ ਨੂੰ ਸਿਰੇ ਤੋਂ ਖਾਰਜ ਕਰਦਾ ਹੈ ਕਿਉਂਕਿ ਇਹ ਨਾ ਸਿਰਫ ਗੈਰਵਾਜ਼ਬ, ਫ਼ਰਜ਼ੀ ਤੇ ਗੁਮਰਾਹਕੁਨ ਹਨ ਬਲਕਿ ਮਨੀਪੁਰ ਦੇ ਹਾਲਾਤ ਤੇ ਭਾਰਤ ਸਰਕਾਰ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ




ਚੁੱਕੇ ਕਦਮਾਂ ਨੂੰ ਸਮਝਣ ਦੀ ਘਾਟ ਨੂੰ ਵੀ ਦਰਸਾਉਂਦਾ ਹੈ।"

ਚੇਤੇ ਰਹੇ ਕਿ ਯੂ.ਐੱਨ. ਮਾਹਿਰਾਂ ਨੇ ਮਨੀਪੁਰ ਵਿਚ 'ਮਨੁੱਖੀ ਹੱਕਾਂ ਦੀ ਗੰਭੀਰ ਉਲੰਘਣਾ' ਬਾਬਤ ਰਿਪੋਰਟਾਂ ਦੇ ਹਵਾਲੇ ਨਾਲ ਫਿਕਰ ਜ਼ਾਹਿਰ ਕੀਤੇ ਸਨ। ਮਾਹਿਰਾਂ ਨੇ ਕਿਹਾ ਸੀ ਕਿ ਉਹ ਮਨੀਪੁਰ ਵਿਚ ਔਰਤਾਂ ਤੇ ਮੁਟਿਆਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਲਿੰਗ ਅਧਾਰਿਤ ਹਿੰਸਾ ਨਾਲ ਸਬੰਧਤ ਰਿਪੋਰਟਾਂ ਤੇ ਤਸਵੀਰਾਂ ਦੇਖ ਕੇ 'ਭੈਅਭੀਤ' ਹਨ। ਮਾਹਿਰਾਂ ਨੇ ਕਿਹਾ ਸੀ ਕਿ ਮਨੀਪੁਰ ਦੀਆਂ ਹਾਲੀਆ ਘਟਨਾਵਾਂ ਭਾਰਤ ਵਿਚ ਧਾਰਮਿਕ ਤੇ ਨਸਲੀ ਘੱਟ ਗਿਣਤੀਆਂ ਲਈ ਵਿਗੜਦੇ ਹਾਲਾਤ ਦੀ ਬਹੁਤ ਹੀ ਦਰਦਨਾਕ ਮਿਸਾਲ ਹਨ।

ਭਾਰਤ ਦੇ ਸਥਾਈ ਮਿਸ਼ਨ ਨੇ ਨਿਰਾਸ਼ਾ ਤੇ ਹੈਰਾਨੀ ਜਤਾਈ ਕਿ ਐਸ.ਪੀ.ਐਮ.ਐਚ'ਸ (ਸਪੈਸ਼ਲ ਪ੍ਰੋਸੀਜਰ ਮੈਂਡੇਟ ਹੋਲਡਰਾਂ) ਨੇ 'ਇੰਡੀਆ: ਯੂਐੱਨ ਐਕਸਪਰਟਸ ਅਲਾਰਮਡ ਬਾਇ ਕੰਟੀਨਿਊਇੰਗ ਐਬਿਊਜ਼ਿਜ਼ ਇਨ ਮਨੀਪੁਰ' ਸਿਰਲੇਖ ਵਾਲੀ ਨਿਊਜ਼ ਰਿਲੀਜ਼ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਇਸ ਵਿਸ਼ੇ 'ਤੇ ਜਵਾਬ ਦੇਣ ਲਈ ਮਿਲੇ 60 ਦਿਨਾਂ ਦੀ ਉਡੀਕ ਵੀ ਨਹੀਂ ਕੀਤੀ।

# ਸ਼੍ਰੋਮਣੀ ਕਮੇਟੀ ਵਲੋਂ ਅਮਰੀਕਾ 'ਚ ਪ੍ਰਿੰਟਿੰਗ ਪ੍ਰੈੱਸ ਲਾਉਣ ਲਈ ਤਿਆਰੀਆਂ

**ਅੰਮ੍ਰਿਤਸਰ:** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਟ੍ਰੇਸੀ 'ਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਆਪਣੀ ਪ੍ਰਿੰਟਿੰਗ ਪ੍ਰੈੱਸ ਲਗਾਉਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਉੱਚ ਪੱਧਰੀ ਵਫ਼ਦ ਛੇਤੀ ਹੀ ਅਮਰੀਕਾ ਜਾਵੇਗਾ। ਇਸ ਵਫ਼ਦ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਰਨਗੇ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੈਲੀਫੋਰਨੀਆ ਦੇ ਸ਼ਹਿਰ ਟ੍ਰੇਸੀ 'ਚ ਆਪਣੀ ਪ੍ਰੀਟਿੰਗ ਪ੍ਰੈੱਸ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਸੰਸਥਾ ਦੇ ਬਾਨੀ ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਕੈਨੇਡਾ, ਸਰਪ੍ਰਸਤ ਕਰਨੈਲ ਸਿੰਘ ਸੰਧੂ ਅਮਰੀਕਾ ਅਤੇ ਫਾਊਂਡੇਸ਼ਨ ਦੇ ਪੰਜਾਬ ਪ੍ਰਤੀਨਿਧ ਲਖਵਿੰਦਰ ਸਿੰਘ ਕਾਹਨਕੇ ਨੇ ਇਹ ਪੇਸ਼ਕਸ਼ ਕੀਤੀ ਹੈ।



ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਵੱਡੀ ਮੰਗ ਕੀਤੀ ਜਾਂਦੀ ਰਹੀ ਹੈ, ਜਿਸ ਨੂੰ ਵੇਖਦਿਆਂ ਪ੍ਰਿੰਟਿੰਗ ਪ੍ਰੈੱਸ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੈਲੀਫੋਰਨੀਆ ਦੇ ਟ੍ਰੇਸੀ 'ਚ ਸਥਾਪਤ ਕੀਤਾ ਜਾਣ ਵਾਲਾ ਸ਼੍ਰੋਮਣੀ ਕਮੇਟੀ ਦਾ ਇਹ ਕੇਂਦਰ ਸਿਰਫ ਪਾਵਨ ਸਰੂਪਾਂ ਦੀ ਛਪਾਈ ਹੀ ਨਹੀਂ ਕਰੇਗਾ, ਬਲਕਿ ਇਹ ਅਮਰੀਕਾ ਕੈਨੇਡਾ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਤੀਨਿਧਤਾ ਵੀ ਕਰੇਗਾ।

ਇਹ ਕੇਂਦਰ ਸ੍ਰੀ ਅਕਾਲ ਤਖ਼ਤ ਦੀ ਅਗਵਾਈ 'ਚ ਕਾਰਜਸ਼ੀਲ ਹੋਵੇਗਾ, ਜਿਸ ਦੀ ਸੇਵਾ ਗਿਆਨ ਸਿੰਘ ਸੰਧੂ, ਕਰਨੈਲ ਸਿੰਘ ਸੰਧੂ, ਸਤਨਾਮ ਸਿੰਘ ਸੰਧੂ ਅਤੇ ਇਕਬਾਲ ਸਿੰਘ ਸੰਧੂ ਵੱਲੋਂ ਕਰਵਾਈ ਜਾਵੇਗੀ। ਜਦਕਿ ਪੰਜਾਬ 'ਚ ਸੰਸਥਾ ਨਾਲ ਇਸ ਦੇ ਤਾਲਮੇਲ ਲਈ ਫਾਊਂਡੇਸ਼ਨ ਦੇ ਨੁਮਾਇੰਦੇ ਲਖਵਿੰਦਰ ਸਿੰਘ ਕਾਹਨੇਕੇ ਸੇਵਾਵਾਂ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਇਸ ਸਮੁੱਚੇ ਪ੍ਰੋਜੈਕਟ ਦੀ ਰੂਪ-ਰੇਖਾ ਤੈਅ ਕਰਨ ਅਤੇ ਹੋਰ ਲੋੜੀਂਦੀ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਦਾ ਵਫ਼ਦ ਜਲਦੀ ਹੀ ਅਮਰੀਕਾ ਜਾਵੇਗਾ। ਇਸ ਵਫ਼ਦ 'ਚ ਉਨ੍ਹਾਂ ਸਮੇਤ ਮੈਂਬਰ ਅਤੇ ਅਧਿਕਾਰੀ ਸ਼ਾਮਲ ਹੋਣਗੇ। ਸ੍ਰੀ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਾ ਇਹ ਵਫ਼ਦ ਯੂਬਾ ਸਿਟੀ 'ਚ ਵੀ ਜਾਵੇਗਾ, ਜਿਥੇ ਪਹਿਲਾਂ ਤੋਂ ਹੀ ਧਰਮ ਪ੍ਰਚਾਰ ਕੇਂਦਰ ਸਥਾਪਤ ਕੀਤੇ ਜਾਣ ਦੀ ਕਾਰਵਾਈ ਚੱਲ ਰਹੀ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਵਰਗੀ ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਯੂਬਾਸਿਟੀ ਵਿਚ 14.5 ਏਕੜ ਜਮੀਨ ਦਿੱਤੀ ਗਈ ਸੀ, ਜਿੱਥੇ ਧਰਮ ਪ੍ਰਚਾਰ ਕੇਂਦਰ ਬਣਾ ਕੇ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣਗੀਆਂ। ਇਸੇ ਤਰ੍ਹਾਂ ਪਰਵਾਸੀ ਸਿੱਖ ਗਿਆਨ ਸਿੰਘ ਸੰਧੂ ਕੈਨੇਡਾ ਅਤੇ ਉੱਘੇ ਕਾਰੋਬਾਰੀ ਕਰਨੈਲ ਸਿੰਘ ਸੰਧੂ ਅਮਰੀਕਾ ਵੱਲੋਂ ਕੀਤੀ ਗਈ ਪੇਸ਼ਕਸ਼ ਅਨੁਸਾਰ ਕੈਲੇਫੋਰਨੀਆ ਦੇ ਟ੍ਰੇਸੀ ਵਿਚ ਵੀ ਸ਼੍ਰੋਮਣੀ ਕਮੇਟੀ ਦਾ ਇਕ ਕੇਂਦਰ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਸਟਰੇਲੀਆ ਵਿਚ ਸੰਗਤ ਦੀ ਮੰਗ ਅਨੁਸਾਰ ਵਿਸ਼ੇਸ਼ ਬੱਸ ਵਿਚ ਮਰਿਆਦਾ ਅਨੁਸਾਰ ਸੁਸ਼ੋਭਿਤ ਕਰ ਕੇ 220 ਪਾਵਨ ਸਰੂਪ ਸਮੁੰਦਰੀ ਜਹਾਜ਼ ਰਾਹੀਂ ਭੇਜੇ ਜਾਣਗੇ।

## ਗੁਰੂ ਰਾਮਦਾਸ ਲਾਇਬ੍ਰੇਰੀ ਨੂੰ ਡਿਜੀਟਾਈਜ਼ ਕੀਤਾ ਜਾਵੇਗਾ

**ਅੰਮ੍ਰਿਤਸਰ:** ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਦਰਬਾਰ ਸਾਹਿਬ ਨਾਲ ਸਬੰਧਤ ਗੁਰੂ ਰਾਮਦਾਸ ਲਾਇਬ੍ਰੇਰੀ ਨੂੰ ਡਿਜੀਟਾਈਜ਼ ਕੀਤਾ ਜਾਵੇਗਾ ਅਤੇ ਇਸ ਲਾਇਬ੍ਰੇਰੀ ਦੀ ਇਕ ਵੱਖਰੀ ਵੈੱਬਸਾਈਟ ਤਿਆਰ ਕਰ ਕੇ ਉਸ 'ਤੇ ਅਹਿਮ ਪੁਸਤਕਾਂ ਦੇ ਸਿਰਲੇਖ ਅਤੇ ਤਤਕਰੇ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸਿੱਖ ਇਤਿਹਾਸਕਾਰ ਸਵਰਨ ਸਿੰਘ ਚੂਸਲੇਵੜ੍ਹ ਦੋਵਾਂ ਸ਼ਖਸੀਅਤਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈਆਂ ਜਾਣਗੀਆਂ। ਉਨ੍ਹਾਂ ਨੇ ਮੰਗ ਕੀਤੀ ਕਿ ਇਸ ਵਿਤਕਰੇਬਾਜ਼ੀ ਨੂੰ ਤੁਰਤ ਰੋਕਿਆ ਜਾਵੇ ਅਤੇ ਗੁਰਦੁਆਰਾ ਚੋਣਾਂ ਲਈ ਵੋਟਰ ਫਾਰਮ ਪੰਜਾਬੀ ਵਿਚ ਵੀ ਛਾਪੇ ਜਾਣ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਰਕਾਰੀ ਦਫ਼ਤਰਾਂ ਵਿਚ ਵੀ ਪੰਜਾਬੀ ਭਾਸ਼ਾ ਨੂੰ ਬਣਦੀ ਜਗ੍ਹਾ ਦਿੱਤੀ ਜਾਵੇ।

# ਸਿੱਖ ਪਾਖੰਡੀਆਂ ਨੂੰ ਤੁਰੰਤ ਕਰਾਰਾ ਜਵਾਬ ਦੇਣ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਵਾਲੇ ਪਾਖੰਡੀਆਂ ਨੂੰ ਸਿੱਖ ਕੌਮ ਕਰਾਰਾ ਜਵਾਬ ਦੇਵੇ। ਉਨ੍ਹਾਂ ਇਹ ਸੰਦੇਸ਼ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਾਲਾਨਾ ਯਾਦ ਦੌਰਾਨ ਸਮਾਗਮ ਦੌਰਾਨ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਨੇ ਪੜ੍ਹਿਆ।



ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਸਮਾਗਮ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿਚ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊ ਯਾਰਕ ਤੋਂ ਵੀ ਪ੍ਰਤੀਨਿਧ ਪੁੱਜੇ ਹੋਏ ਸਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੇ ਜੀਵਨ ਪ੍ਰੇਰਣਾ ਸਰੋਤ ਹਨ। ਬਾਬਾ ਮੱਖਣ ਸ਼ਾਹ ਤੇ ਭਾਈ ਲੱਖੀ ਸ਼ਾਹ ਦੇ ਜੀਵਨ ਤੋਂ ਪ੍ਰੇਰਣਾ ਲੈਂਦਿਆਂ ਗੁਰਸਿੱਖੀ ਮਾਰਗ 'ਤੇ ਚੱਲਣਾ ਚਾਹੀਦਾ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅੱਜ ਸਿੱਖ ਕੌਮ ਨੂੰ ਲੋੜ ਹੈ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਜਿਹੀ ਦ੍ਰਿੜ੍ਹਤਾ ਨਾਲ ਉਨ੍ਹਾਂ ਦੇਹਧਾਰੀ ਅਤੇ ਪਾਖੰਡੀ ਲੋਕਾਂ ਨੂੰ ਮੂੰਹ ਤੋੜ ਜਵਾਬ ਦੇਵੇ, ਜੋ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸੇ ਦੌਰਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਧਾਨ ਦਲੇਰ ਸਿੰਘ ਸਮੇਤ ਅਮਰੀਕਾ ਤੋਂ ਰਘਬੀਰ ਸਿੰਘ ਬੱਬੀ, ਜਨਰਲ ਸਕੱਤਰ ਸੁਖਜਿੰਦਰ ਸਿੰਘ ਰਿੰਪੀ ਤੇ ਸਤਨਾਮ ਸਿੰਘ ਟਾਹਲੀ ਨੇ ਵੀ ਸੰਬੋਧਨ ਕੀਤਾ।

# ਕਰਤਾਰਪੁਰ ਲਾਂਘਾ: ਪਾਕਿਸਤਾਨ ਵਾਲੇ ਪਾਸੇ ਪੁਲ ਦਾ ਕੰਮ 97 ਫੀਸਦੀ ਮੁਕੰਮਲ ਹੋਇਆ

**ਡੇਰਾ ਬਾਬਾ ਨਾਨਕ:** ਕਰਤਾਰਪੁਰ ਲਾਂਘੇ ਨੇੜਲੇ ਜ਼ੀਰੋ ਲਾਈਨ ਉਤੇ ਪਾਕਿਸਤਾਨ ਵਾਲੇ ਪਾਸੇ ਪੁਲ ਦਾ ਕੰਮ ਲਗਭਗ ਮੁਕੰਮਲ ਕਰ ਲਿਆ ਗਿਆ ਹੈ ਜਦਕਿ ਭਾਰਤ ਵੱਲੋਂ ਆਪਣੇ ਹਿੱਸੇ ਦਾ ਪੁਲ ਨਵੰਬਰ 2019 'ਚ ਮੁਕੰਮਲ ਕਰ ਲਿਆ ਗਿਆ ਸੀ। ਇਸ ਨਾਲ ਆਉਂਦੇ ਸਮੇਂ ਵਿਚ ਸ਼ਰਧਾਲੂ ਇਸ ਪੁਲ ਰਸਤੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ। ਇਸ ਵੇਲੇ ਜ਼ੀਰੋ ਲਾਈਨ 'ਤੇ ਆ ਕੇ ਮਿਲਦਾ ਦੋਵਾਂ ਦੇਸ਼ਾਂ ਦਾ ਪੁਲ ਮੁਕੰਮਲ ਨਾ ਹੋਣ ਕਾਰਨ ਸ਼ਰਧਾਲੂ ਇਕ ਅਸਥਾਈ ਰਸਤੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਨ।

ਉਧਰ, ਭਾਰਤ-ਪਾਕਿਸਤਾਨ ਆਉਂਦੇ ਦਿਨਾਂ ਵਿਚ ਖੂਬਸੂਰਤ ਦਿੱਖ ਵਾਲਾ ਗੇਟ ਬਣਾਉਣਗੇ ਜਿਸ ਦੀਆਂ ਤਿਆਰੀਆਂ ਵੀ ਵਿੱਢੀਆਂ ਗਈਆਂ ਹਨ। ਉਂਜ 2019 ਦੇ ਸ਼ੁਰੂਆਤੀ ਦਿਨਾਂ 'ਚ ਦੋਵਾਂ ਦੇਸ਼ਾਂ ਨੂੰ ਜੋੜਨ ਵਾਲੇ ਇਸ ਪੁਲ ਦੇ ਨਿਰਮਾਣ ਲਈ ਭਾਰਤ-ਪਾਕਿ ਦੇ ਉੱਚ ਅਧਿਕਾਰੀਆਂ ਤੇ ਇੰਜੀਨੀਅਰਾਂ ਦੀਆਂ ਅੱਧੀ ਦਰਜਨ ਦੇ ਕਰੀਬ ਮੀਟਿੰਗਾਂ ਵੀ ਹੋਈਆਂ ਸਨ। ਭਾਰਤ ਵੱਲੋਂ ਆਪਣੇ ਹਿੱਸੇ ਦੇ ਕੌਰੀਡੋਰ ਦਾ



ਨਿਰਮਾਣ ਸਾਢੇ ਤਿੰਨ ਕਿਲੋਮੀਟਰ ਵਿਚ ਕੀਤਾ ਗਿਆ ਹੈ, ਜਿਸ 'ਚ ਸੌ ਮੀਟਰ ਲੰਬਾ ਪੁਲ ਵੀ ਸ਼ਾਮਲ ਹੈ। ਪਾਕਿਸਤਾਨ ਨੇ ਆਪਣੇ ਹਿੱਸੇ ਦੇ ਸਾਢੇ ਤਿੰਨ ਸੌ ਮੀਟਰ ਪੁਲ 'ਚੋਂ 97 ਫੀਸਦੀ ਕੰਮ ਮੁਕੰਮਲ ਕਰ ਲਿਆ ਹੈ। ਹੁਣ ਦੋਵੇਂ ਪੁਲ ਜ਼ੀਰੋ ਲਾਈਨ 'ਤੇ ਆਪਸ 'ਚ ਮਿਲ ਚੁੱਕੇ ਹਨ। ਧੁੱਸੀ ਬੰਨ੍ਹ ਤੋਂ ਜਦੋਂ ਪਾਕਿਸਤਾਨ ਵਾਲੇ ਪਾਸੇ ਨਜ਼ਰ ਮਾਰੀ ਜਾਵੇ ਤਾਂ ਪਾਕਿ ਵੱਲੋਂ 150 ਮੀਟਰ ਦੋ ਮਾਰਗੀ ਤੇ ਬਾਕੀ ਇਕਹਿਰਾ ਰੋਡ ਬਣਾਇਆ ਗਿਆ ਹੈ। ਪਾਕਿਸਤਾਨ ਵੱਲੋਂ ਹਾਲੇ ਪੁਲ ਨੂੰ ਅੰਤਿਮ ਛੋਹਾਂ ਦਿੱਤੀਆਂ ਜਾਣੀਆਂ ਹਨ ਜਿਸ ਨੂੰ ਕੁਝ ਦਿਨ ਹੋਰ ਲੱਗਣ ਦੀ ਆਸ ਹੈ।

ਯਾਦ ਰਹੇ ਕਿ ਜਦੋਂ ਦਾ ਲਾਂਘਾ ਖੁੱਲ੍ਹਿਆ ਹੈ, ਭਾਰਤ ਵਾਲੇ ਪਾਸਿਓਂ ਹੀ ਨਹੀਂ, ਦੁਨੀਆ ਦੇ ਕਈ ਹਿੱਸਿਆਂ ਵਿਚੋਂ ਉਥੇ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ।

# ਵਿਰਾਸਤੀ ਤੋਪ ਚੋਰੀ ਕਰਨ ਵਾਲੇ ਰਸੋਈਏ ਸਣੇ 3 ਗ੍ਰਿਫਤਾਰ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਚਾਰ ਮਹੀਨੇ ਬਾਅਦ ਇਥੋਂ ਦੇ ਸੈਕਟਰ-1 'ਚ ਸਥਿਤ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) 82ਵੀਂ ਬਟਾਲੀਅਨ ਦੀ ਜੀਓ ਮੈੱਸ ਦੇ ਮੂਹਰੇ ਤੋਂ ਵਿਰਾਸਤੀ ਤੋਪ ਚੋਰੀ ਹੋਣ ਦੇ ਮਾਮਲੇ ਵਿਚ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਤੋਪ ਮੈੱਸ ਦੇ ਰਸੋਈਏ ਨੇ ਚੋਰੀ ਕੀਤੀ ਸੀ, ਜਿਸ ਨੂੰ ਪੁਲਿਸ ਨੇ ਚਾਰ ਮਹੀਨੇ ਬਾਅਦ ਬਰਾਮਦ ਕਰ ਲਿਆ ਹੈ।

ਮੁਲਜ਼ਮਾਂ ਵਿਚ ਰਸੋਈਆ ਸ਼ੁਭਮ ਸ਼ਰਮਾ ਵਾਸੀ ਸੈਕਟਰ-1 ਚੰਡੀਗੜ੍ਹ, ਸੰਜੈ ਕੁਮਾਰ ਵਾਸੀ ਕੈਂਬਵਾਲਾ ਅਤੇ ਨਾਬਾਲਗ ਵੀ ਸ਼ਾਮਲ ਹੈ। ਸ਼ੁਭਮ ਸ਼ਰਮਾ ਮੈੱਸ ਵਿਚ ਪੰਜ ਸਾਲਾਂ ਤੋਂ ਕੰਟਰੈਕਟ 'ਤੇ ਕੰਮ ਕਰ ਰਿਹਾ ਸੀ। ਉਹ ਆਪਣੇ ਨਾਬਾਲਗ ਸਾਥੀ ਸਣੇ ਮੈੱਸ ਦੇ ਮੂਹਰੇ ਤੋਂ ਤੋਪ ਚੋਰੀ ਕਰਕੇ ਲੈ ਗਿਆ, ਜਿਨ੍ਹਾਂ ਨੇ ਤੋਪ ਨੂੰ ਵੇਚਣ ਦੀ ਕੋਸ਼ਿਸ਼ ਕੀਤੀ ਪਰ ਵੇਚਣ 'ਚ ਨਾਕਾਮ ਰਹੇ। ਇਸੇ ਦੌਰਾਨ ਤੀਜੇ ਸਾਥੀ ਨੇ ਤੋਪ ਨੂੰ ਵੱਖ-ਵੱਖ ਹਿੱਸਿਆ ਵਿਚ ਵੇਚਣ ਦਾ ਸੁਝਾਅ ਦਿੱਤਾ। ਮੁਲਜ਼ਮਾਂ ਨੇ ਤੋਪ ਨੂੰ ਜੰਗਲਾਂ ਵਿਚ ਲੁਕਾ ਦਿੱਤਾ, ਜਿੱਥੋਂ ਇਹ ਤੋਪ ਦੇ ਟੁਕੜੇ ਕਰਕੇ ਵੇਚ ਰਹੇ ਸਨ। ਇਸ ਬਾਰੇ ਜਾਣਕਾਰੀ ਮਿਲਦੇ ਹੀ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਤੋਪ ਪਿੱਤਲ ਹੈ। ਇਹ ਤਿੰਨ ਫੁੱਟ ਲੰਬੀ ਅਤੇ ਇਸ ਦਾ ਭਾਰ 3 ਕੁਇੰਟਲ ਦੇ ਕਰੀਬ ਹੈ।

# ਫਰੀਦਕੋਟ 'ਚ ਸਰਕਾਰੀ ਮੁਲਾਜ਼ਮਾਂ ਦੇ ਜੀਨ ਪਾਉਣ 'ਤੇ ਰੋਕ

**ਫ਼ਰੀਦਕੋਟ:** ਫ਼ਰੀਦਕੋਟ ਦੇ ਡਿਪਟੀ ਕਮਿਸ਼ਨਰ ਵਨੀਤ ਕੁਮਾਰ ਨੇ ਸਰਕਾਰੀ ਮੁਲਾਜ਼ਮਾਂ ਨੂੰ ਲਿਖਤੀ ਹਦਾਇਤ ਕੀਤੀ ਹੈ ਕਿ ਉਹ ਜੀਨ ਦੀ ਪੈਂਟ ਤੇ ਟੀ-ਸ਼ਰਟ ਪਾ ਕੇ ਦਫ਼ਤਰ ਵਿਚ ਨਾ ਆਉਣ ਕਿਉਂਕਿ ਇਹ ਪ੍ਰਥਾ ਚੰਗੀ ਨਹੀਂ ਹੈ ਅਤੇ ਇਸ ਦਾ ਆਮ ਜਨਤਾ 'ਤੇ ਪ੍ਰਭਾਵ ਵੀ ਚੰਗਾ ਨਹੀਂ ਪੈਂਦਾ।

ਡਿਪਟੀ ਕਮਿਸ਼ਨਰ ਨੇ ਪੱਤਰ ਨੰਬਰ 1442 ਮਿਤੀ 06-09-2023 ਜਾਰੀ ਕਰਕੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਦਫਤਰਾਂ 'ਚ ਟੀ-ਸ਼ਰਟ ਤੇ ਜੀਨ ਨਾ ਪਾਉਣ ਦੇ ਫੈਸਲੇ ਨੂੰ ਲਾਜ਼ਮੀ ਤੌਰ 'ਤੇ ਲਾਗੂ ਕੀਤਾ ਜਾਵੇ। ਜਾਣਕਾਰੀ ਅਨੁਸਾਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦਫ਼ਤਰ ਵਿਚ ਰਸਮੀ ਪਹਿਰਾਵਾ ਪਹਿਨਣ ਲਈ ਆਦੇਸ਼ ਦਿੱਤੇ ਗਏ ਹਨ। ਪਰ ਇਸ ਹੁਕਮ ਨੂੰ ਲਾਗੂ ਕਰਨ ਵਾਲੇ ਬਹੁਤੇ ਅਧਿਕਾਰੀਆਂ ਨੇ ਇਥੇ ਬਾਬਾ ਫਰੀਦ ਆਗਮਨ ਪੁਰਬ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਦਫਤਰ 'ਚ ਹੋਈ ਮੀਟਿੰਗ ਦੌਰਾਨ ਜੀਨ ਦੀਆਂ ਪੈਂਟਾਂ ਪਾ ਕੇ ਸ਼ਮੂਲੀਅਤ ਕੀਤੀ। ਇਸ ਮੀਟਿੰਗ 'ਚ ਹੁਕਮ ਜਾਰੀ ਕਰਨ ਵਾਲੇ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਵੀ ਹਾਜਰ ਸਨ।

# ਅਫਗਾਨਿਸਤਾਨ ਤੋਂ ਸੁੱਕੇ ਮੇਵੇ ਦੀ ਸਪਲਾਈ ਦੋ ਗੁਣਾ ਵਧੀ

**ਅੰਮ੍ਰਿਤਸਰ:** ਸਰਦੀਆਂ ਦੇ ਮੌਸਮ ਅਤੇ ਤਿਉਹਾਰਾਂ ਦੇ ਮੱਦੇਨਜਰ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸੁੱਕੇ ਮੇਵੇ ਦੀ ਸਪਲਾਈ ਵੀ ਦੋ ਗੁਣਾ ਵਧ ਗਈ ਹੈ। ਇਹ ਸੁੱਕੇ ਮੇਵੇ ਅਤੇ ਫਲ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਰਸਤੇ ਅਟਾਰੀ ਸਥਿਤ ਆਈ.ਸੀ.ਪੀ. ਉਤੇ ਪੁੱਜਦੇ ਹਨ। ਸੜਕ ਰਸਤੇ ਭਾਰਤ ਵੱਲੋਂ ਅਫ਼ਗਾਨਿਸਤਾਨ ਨਾਲ ਇਕਪਾਸੜ ਵਪਾਰ ਹੁੰਦਾ ਹੈ। ਇਸ ਵਪਾਰ ਰਾਹੀਂ ਅਫ਼ਗਾਨਿਸਤਾਨ ਤੋਂ ਸੁੱਕੇ ਮੇਵੇ, ਮਸਾਲੇ ਅਤੇ ਤਾਜ਼ੇ ਫਲ ਦਰਾਮਦ ਕੀਤੇ ਜਾਂਦੇ ਹਨ। ਤਾਜ਼ੇ ਫਲਾਂ ਵਿਚ ਵਧੇਰੇ ਅਨਾਰ, ਸੇਬ ,ਅੰਗੂਰ, ਚੈਰੀ ਤੇ ਹੋਰ ਸ਼ਾਮਲ ਹਨ। ਭਾਵੇਂ ਸੁੱਕੇ ਮੇਵਿਆਂ ਦੀ ਦਰਾਮਦ ਸਾਰਾ ਸਾਲ ਚੱਲਦੀ ਰਹਿੰਦੀ ਹੈ ਪਰ ਸਰਦੀਆਂ ਦੇ ਮੌਸਮ ਅਤੇ ਤਿਉਹਾਰਾਂ ਦੀ ਸ਼ੁਰੂਆਤ ਵਿਚ ਇਹ ਦਰਾਮਦ ਦੋ ਗੁਣਾ ਹੋ ਜਾਂਦੀ ਹੈ। ਇਸ ਦੀ ਪੁਸ਼ਟੀ ਕਰਦਿਆਂ ਆਈ.ਸੀ.ਪੀ. ਦੇ ਮੈਨੇਜਰ ਸਤੀਸ਼ ਦਿਆਨੀ ਨੇ ਦੱਸਿਆ ਕਿ ਪਿਛਲੇ ਦੋ ਹਫਤਿਆਂ ਤੋਂ ਦਰਾਮਦ ਵਿਚ ਵਾਧਾ ਹੋਇਆ ਹੈ।



ਅਫ਼ਗਾਨਿਸਤਾਨ ਤੋਂ ਪਹਿਲਾਂ ਰੋਜ਼ਾਨਾ ਲਗਭਗ 440 ਟਨ ਮਾਲ ਆਉਂਦਾ ਸੀ, ਜੋ ਹੁਣ ਵੱਧ ਕੇ 1100 ਟਨ ਹੋ ਗਿਆ ਹੈ। 15 ਅਗਸਤ ਤੋਂ ਪਹਿਲਾਂ ਰੋਜ਼ਾਨਾ ਔਸਤਨ 20 ਟਰੱਕਾਂ ਦੀ ਆਮਦ ਹੁੰਦੀ ਸੀ, ਜੋ ਹੁਣ ਵੱਧ ਕੇ 50 ਟਰੱਕ ਹੋ ਗਏ ਹਨ। ਇਹ ਦਰਾਮਦ ਭਵਿੱਖ ਵਿਚ ਹੋਰ ਵਧਣ ਦੀ ਸੰਭਾਵਨਾ ਹੈ।

ਵਪਾਰੀ ਅਤੇ ਦਰਾਮਦਕਾਰ ਅਨਿਲ ਮਹਿਰਾ ਨੇ ਦੱਸਿਆ ਕਿ ਦਰਾਮਦ ਕੀਤੀਆਂ ਕੁਝ ਵਸਤੂਆਂ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਇਨ੍ਹਾਂ ਦੀ ਸਹੀ ਕੀਮਤ ਵਸਤਾਂ ਦੇ ਬਾਜ਼ਾਰ ਵਿਚ ਆਉਣ ਤੋਂ ਬਾਅਦ ਪਤਾ ਲੱਗੇਗੀ। ਅਫ਼ਗਾਨਿਸਤਾਨ ਤੋਂ ਬਰਾਮਦ ਕੀਤੇ ਗਏ ਸੁੱਕੇ ਫਲਾਂ ਦੀ ਸ਼੍ਰੇਣੀ ਵਿਚ ਅੰਜੀਰ ਸਭ ਤੋਂ ਵੱਧ ਮਸ਼ਹੂਰ ਹੈ।

ਪਿਛਲੇ ਸਾਲ ਦੇ ਮੁਕਾਬਲੇ ਇਸ ਦੀ ਕੀਮਤ ਵਿਚ ਲਗਭਗ 200 ਰੁਪਏ ਪ੍ਰਤੀ ਕਿਲੋ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਹ ਬਾਜ਼ਾਰ ਵਿਚ 750 ਰੁਪਏ ਤੋਂ ਲੈ ਕੇ 850 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਉਪਲਬਧ ਹੋਵੇਗੀ। ਇਸੇ ਤਰ੍ਹਾਂ ਮੁਨੱਕਾ ਅਤੇ ਬਦਾਮ ਦੀਆਂ ਕੀਮਤਾਂ ਵਿਚ ਵੀ ਕੁਝ ਉਛਾਲ ਆਇਆ ਹੈ।

ਕਸਟਮ ਕਲੀਅਰਿੰਗ ਏਜੰਟ ਸੰਜੀਵ ਪੁਰੀ ਨੇ ਦੱਸਿਆ ਕਿ ਤਾਜ਼ੇ ਅਤੇ ਸੁੱਕੇ ਮੇਵੇ ਮੌਸਮੀ ਵਸਤਾਂ ਵਿਚ ਆਉਂਦੇ ਹਨ ਪਰ ਸਰਦੀਆਂ ਤੋਂ ਪਹਿਲਾਂ ਇਨ੍ਹਾਂ ਦੀ ਪੰਜਾਬ ਤੋਂ ਇਲਾਵਾ ਮਹਾਰਾਸ਼ਟਰ, ਗੁਜਰਾਤ ਤੇ ਦਿੱਲੀ ਵਿਚ ਕਾਫੀ ਮੰਗ ਹੁੰਦੀ ਹੈ, ਜਿਸ ਨਾਲ ਇਸ ਦੀ ਦਰਾਮਦ ਵਿਚ ਵਾਧਾ ਹੋਇਆ ਹੈ। ਅਟਾਰੀ ਰਸਤੇ ਦਰਾਮਦ ਕੀਤੇ ਗਏ ਸੁੱਕੇ ਅਤੇ ਤਾਜ਼ੇ ਫਲਾਂ ਦਾ 80 ਫੀਸਦ ਹਿੱਸਾ ਦਿੱਲੀ ਗਿਆ ਹੈ ਅਤੇ ਬਾਕੀ ਮੁੰਬਈ ,ਅਹਿਮਦਾਬਾਦ ਅਤੇ ਪੰਜਾਬ ਦੇ ਦਰਾਮਦਕਾਰਾਂ ਦੁਆਰਾ ਖਰੀਦਿਆ ਗਿਆ। ਆਈ.ਸੀ.ਪੀ. ਦੇ ਅੰਕੜਿਆਂ ਅਨੁਸਾਰ ਕਿ ਪਿਛਲੇ ਵਿੱਤੀ ਸਾਲ (2021-22) ਦੇ ਮੁਕਾਬਲੇ ਵਿੱਤੀ ਸਾਲ 2022-2023 ਦੌਰਾਨ ਅਫ਼ਗਾਨਿਸਤਾਨ ਤੋਂ ਦਰਾਮਦ ਵਿਚ 758 ਕਰੋੜ ਰੁਪਏ ਦੀ ਕਮੀ ਆਈ ਹੈ। 31 ਮਾਰਚ ਨੂੰ ਖਤਮ ਹੋਏ ਵਿੱਤੀ ਸਾਲ 'ਚ ਦਰਾਮਦ 2219 ਕਰੋੜ ਰੁਪਏ ਸੀ ਅਤੇ 2021-22 ਦੌਰਾਨ ਇਹ 2977 ਕਰੋੜ ਰੁਪਏ ਸੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਨੂੰ ਆਲਮੀ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰੇਗੀ ਪੰਜਾਬ ਸਰਕਾਰ

**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਸੂਬੇ ਨੂੰ ਆਲਮੀ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਇਥੇ ਪਹਿਲੇ ਸੈਰ-ਸਪਾਟਾ ਸੰਮੇਲਨ ਅਤੇ ਟਰੈਵਲ ਮਾਰਟ ਦੇ ਉਦਘਾਟਨੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰਾਂ ਨੂੰ ਲੋਕ ਭਲਾਈ ਦੇ ਕੰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਲੋਕਾਂ ਦੀਆਂ ਦੁਆਵਾਂ ਅਤੇ ਸ਼ੁਭ ਕਾਮਨਾਵਾਂ ਮਿਲ ਸਕਣ।

ਉਨ੍ਹਾਂ ਕਿਹਾ ਕਿ ਦੇਸ਼ ਵਿਚ ਪੰਜਾਬ ਦੀ ਧਰਤੀ ਸਭ ਤੋਂ ਵੱਧ ਜ਼ਰਖੇਜ਼ ਹੈ ਅਤੇ ਇਸ ਧਰਤੀ 'ਤੇ ਨਫ਼ਰਤ ਦੇ ਬੀਜ ਤੋਂ ਸਿਵਾਏ ਕੁਝ ਵੀ ਬੀਜਿਆ ਜਾ ਸਕਦਾ ਹੈ। ਭਗਵੰਤ ਮਾਨ ਨੇ ਕਿਹਾ,"ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ 'ਚ ਟੀਕੇ ਦੀ ਬਜਾਏ ਟਿਫਿਨ ਦੇਣਾ ਚਾਹੁੰਦੀ ਹੈ ਤਾਂ ਜੋ ਨਸ਼ਿਆਂ ਤੋਂ ਛੁਟਕਾਰਾ ਪਾਇਆ ਜਾ ਸਕੇ। ਸੈਰ-ਸਪਾਟਾ ਨੂੰ ਹੁਲਾਰਾ ਦੇ ਕੇ ਇਸ ਨੇਕ ਕੰਮ 'ਚ ਯੋਗਦਾਨ ਪਾਇਆ ਜਾ ਸਕਦਾ ਹੈ ਕਿਉਂਕਿ ਇਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ।" ਮੁੱਖ ਮੰਤਰੀ ਨੇ ਅੰਮ੍ਰਿਤਸਰ ਵਿਚ 50 ਤੋਂ 100 ਏਕੜ ਜ਼ਮੀਨ ਵਿਚ 'ਸੈਲੀਬ੍ਰੇਸ਼ਨ ਡੈਸਟੀਨੇਸ਼ਨ' ਦੀ ਸਥਾਪਨਾ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਖੁਸ਼ੀ ਦੇ ਮੌਕੇ ਜਸ਼ਨ ਮਨਾਉਣ ਲਈ ਇਸ ਸੈਲੀਬ੍ਰੇਸ਼ਨ ਪੁਆਇੰਟ 'ਤੇ ਬੈਂਕੁਇਟ ਹਾਲਾਂ ਦਾ ਨਿਰਮਾਣ ਕੀਤਾ ਜਾਵੇਗਾ। ਸੂਬੇ ਵਿਚ ਈਕੋ-ਟੂਰਿਜ਼ਮ ਨੂੰ ਵੀ ਪ੍ਰਫੁੱਲਤ ਕੀਤਾ ਜਾ ਰਿਹਾ ਹੈ ਕਿਉਂ ਜੋ ਸੂਬੇ ਨੂੰ ਕੁਦਰਤੀ ਸੌਗਾਤਾਂ ਦੀ ਬਖ਼ਸ਼ਿਸ਼ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਚਮਰੌੜ ਪੱਤਣ ਵਰਗੀਆਂ ਥਾਵਾਂ ਨੂੰ ਵੀ ਵਿਕਸਤ ਕਰਨ ਸਮੇਤ ਫ਼ਿਲਮਾਂ ਦੀ ਸ਼ੂਟਿੰਗ, ਪੋਸਟ-ਪ੍ਰੋਡਕਸ਼ਨ ਅਤੇ ਫ਼ਿਲਮਾਂ ਰਿਲੀਜ਼ ਕਰਨ ਲਈ ਪੰਜਾਬ ਵਿਚ ਫ਼ਿਲਮ ਸਿਟੀ ਵਿਕਸਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਦੇਸ਼ ਵਿਚ ਮੈਡੀਕਲ ਸਿੱਖਿਆ ਦੇ ਧੁਰੇ ਵਜੋਂ ਉਭਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਧਾਰਮਿਕ ਸੈਰ-ਸਪਾਟੇ ਤੋਂ ਇਲਾਵਾ ਸੈਰ-ਸਪਾਟੇ ਦੇ ਬਾਕੀ ਖੇਤਰਾਂ ਨੂੰ ਵੀ ਵਿਕਸਤ ਕੀਤਾ ਜਾਵੇਗਾ।

## ਅਦਾਲਤ ਨੇ ਟਾਈਟਲਰ ਖਿਲਾਫ ਕੇਸ ਜ਼ਿਲ੍ਹਾ ਜੱਜ ਕੋਲ ਭੇਜਿਆ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਪੁਲ ਬੰਗਸ਼ ਹੱਤਿਆ ਕਾਂਡ ਨਾਲ ਸਬੰਧਤ ਇਕ ਕੇਸ ਅਗਲੀ ਕਾਰਵਾਈ ਲਈ ਜ਼ਿਲ੍ਹਾ ਜੱਜ ਕੋਲ ਭੇਜ ਦਿੱਤਾ ਹੈ। ਇਸ ਕੇਸ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਮੁਲਜ਼ਮ ਹੈ। ਵਧੀਕ ਮੁੱਖ ਮੈਟਰੋਪੋਲੀਟਨ ਜੱਜ ਵਿਧੀ ਗੁਪਤਾ ਆਨੰਦ ਨੇ ਇਹ ਮਾਮਲਾ ਜ਼ਿਲ੍ਹਾ ਜੱਜ ਕੋਲ ਭੇਜ ਦਿੱਤਾ ਤਾਂ ਜੋ ਇਹ ਕੇਸ ਸੈਸ਼ਨ ਜੱਜ ਨੂੰ ਸੌਂਪਿਆ ਜਾ ਸਕੇ। ਜੱਜ ਨੇ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਟਾਈਟਲਰ 'ਤੇ ਹੱਤਿਆ ਦਾ ਦੋਸ਼ ਲਾਇਆ ਗਿਆ ਸੀ ਜਿਸ 'ਤੇ ਵਿਸ਼ੇਸ਼ ਤੌਰ 'ਤੇ ਸੈਸ਼ਨ ਅਦਾਲਤ 'ਚ ਸੁਣਵਾਈ ਹੋ ਸਕਦੀ ਹੈ। ਮੈਜਿਸਟਰੇਟ ਨੇ ਕਿਹਾ ਕਿ ਕੇਸ ਨਾਲ ਸਬੰਧਤ ਦਸਤਾਵੇਜ਼ਾਂ ਦੀਆਂ ਕਾਪੀਆਂ ਟਾਈਟਲਰ ਨੂੰ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ।

## ਹਰਿਮੰਦਰ ਸਾਹਿਬ ਦੇ ਗਲਿਆਰੇ ਦੀ ਸੰਭਾਲ ਹੁਣ ਸ਼੍ਰੋਮਣੀ ਕਮੇਟੀ ਕਰੇਗੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਣੇ ਗਲਿਆਰੇ, ਹੈਰੀਟੇਜ ਸਟਰੀਟ ਅਤੇ ਗੁਰਦੁਆਰੇ ਨੂੰ ਜਾਣ ਵਾਲੇ ਰਸਤਿਆਂ ਦੀ ਸਾਂਭ-ਸੰਭਾਲ ਪ੍ਰਤੀ ਸਰਕਾਰ ਦੇ ਉਦਾਸੀਨ ਰਵੱਈਏ ਤੋਂ ਪਰੇਸ਼ਾਨ ਹੋ ਕੇ ਸ਼੍ਰੋਮਣੀ ਕਮੇਟੀ ਨੇ ਆਪਣੇ ਤੌਰ 'ਤੇ ਇਨ੍ਹਾਂ ਦੀ ਸਾਂਭ-ਸੰਭਾਲ ਅਤੇ ਸਫਾਈ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਸਿੱਖ ਸੰਸਥਾ ਵੱਲੋਂ ਗਲਿਆਰੇ ਤੋਂ ਕੀਤੀ ਗਈ ਹੈ। ਇਸ ਦੇ ਪਹਿਲੇ ਪੜਾਅ ਵਿਚ ਸ਼੍ਰੋਮਣੀ ਕਮੇਟੀ ਨੇ ਛੇ ਸਫਾਈ ਕਰਮਚਾਰੀ ਤਾਇਨਾਤ ਕੀਤੇ ਹਨ, ਜਿਨ੍ਹਾਂ ਨੇ ਗਲਿਆਰੇ ਤੋਂ ਸਫਾਈ ਮੁਹਿੰਮ ਸ਼ੁਰੂ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਨੇ ਦੱਸਿਆ ਕਿ ਸਵੱਛਤਾ ਤੋਂ ਇਲਾਵਾ ਗਲਿਆਰੇ ਵਿਚ ਹਰੀ ਪੱਟੀ ਦੀ ਸਾਂਭ-ਸੰਭਾਲ ਵੀ ਕੀਤੀ ਜਾਵੇਗੀ ਅਤੇ ਅਗਲੇ ਪੜਾਅ ਵਿਚ ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ ਵੀ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਫਿਲਹਾਲ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਜਲਦੀ ਹੀ ਹਰੀ ਪੱਟੀ ਦੀ ਸੰਭਾਲ ਵੀ ਸ਼ੁਰੂ ਕਰ ਦਿੱਤੀ ਜਾਵੇਗੀ। ਸੂਬਾ ਸਰਕਾਰ ਵੱਲੋਂ ਸਾਂਭ-ਸੰਭਾਲ ਦੀ ਅਣਦੇਖੀ ਹੋਣ ਕਾਰਨ ਇਸ ਸਥਾਨ 'ਤੇ ਸਫਾਈ ਦਾ ਮੰਦਾ ਹਾਲ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਅਤੇ ਪਦਮ ਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦਾ ਸਹਿਯੋਗ ਲਿਆ ਜਾਵੇਗਾ।

## ਨਿਊ ਯਾਰਕ ਪੁਲਿਸ ਵੱਲੋਂ ਦਾੜ੍ਹੀ ਵਾਲਾ ਫੈਸਲਾ ਮੁੜ ਵਿਚਾਰਨ ਦਾ ਭਰੋਸਾ

**ਅਜਨਾਲਾ:** ਅਮਰੀਕਾ ਦੇ ਸੂਬੇ ਨਿਊ ਯਾਰਕ ਵਿਚ ਪੁਲਿਸ 'ਚ ਭਰਤੀ ਹੋਏ ਇਕ ਸਿੱਖ ਨੌਜਵਾਨ ਨੂੰ ਦਾੜ੍ਹੀ ਕੱਟਣ ਸਬੰਧੀ ਕੀਤੀ ਗਈ ਹਦਾਇਤ 'ਤੇ ਸਥਾਨਕ ਪ੍ਰਸ਼ਾਸਨ ਨੇ ਮੁੜ ਵਿਚਾਰ ਕਰਨ ਦੀ ਹਾਮੀ ਭਰੀ ਹੈ ਅਤੇ ਭਾਰਤੀ ਵਿਦੇਸ਼ ਮੰਤਰਾਲੇ ਨੂੰ ਇਸ ਸਬੰਧੀ ਇਕ ਪੱਤਰ ਭੇਜ ਕੇ ਜਾਣੂ ਕਰਵਾਇਆ ਹੈ। ਇਹ ਖੁਲਾਸਾ ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ ਹੈ। ਉਨ੍ਹਾਂ ਨੇ ਇਹ ਮੁੱਦਾ ਭਾਰਤੀ ਵਿਦੇਸ਼ ਮੰਤਰਾਲੇ ਅਤੇ ਨਿਊਯਾਰਕ ਦੇ ਮੇਅਰ ਕੋਲ ਉਠਾਇਆ ਸੀ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਇਸ ਸਬੰਧੀ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਵੱਲੋਂ ਪੱਤਰ ਭੇਜ ਕੇ ਜਾਣਕਾਰੀ ਦਿੱਤੀ ਗਈ ਹੈ। ਪੱਤਰ ਦੀ ਕਾਪੀ ਦਿਖਾਉਂਦਿਆਂ ਉਨ੍ਹਾਂ ਦੱਸਿਆ ਕਿ ਸ੍ਰੀ ਸ਼ੰਕਰ ਨੇ ਲਿਖਿਆ ਹੈ ਕਿ ਇਸ ਇਤਰਾਜ਼ ਤੋਂ ਬਾਅਦ ਭਾਰਤ ਸਰਕਾਰ ਨੇ ਅਮਰੀਕਾ ਸਥਿਤ ਭਾਰਤੀ ਦੂਤਘਰ ਰਾਹੀਂ ਇਹ ਮੁੱਦਾ ਨਿਊ ਯਾਰਕ ਦੇ ਸਥਾਨਕ ਪ੍ਰਸ਼ਾਸਨ ਕੋਲ ਉਠਾਇਆ ਸੀ। ਉਨ੍ਹਾਂ ਨੇ ਇਸ ਸਬੰਧੀ ਭਰੋਸਾ ਦਿੱਤਾ ਹੈ ਕਿ ਉਹ ਨਿਊ ਯਾਰਕ ਪੁਲਿਸ ਵਿਚ ਭਰਤੀ ਲਈ ਦਾੜ੍ਹੀ ਸਬੰਧੀ ਕੀਤੀਆਂ ਗਈਆਂ ਹਦਾਇਤਾਂ ਨੂੰ ਮੁੜ ਵਿਚਾਰਨਗੇ ਤਾਂ ਜੋ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਨਾ ਵਜੇ।

## ਹਰਿਆਣਾ ਗੁਰਦੁਆਰਾ ਚੋਣਾਂ: ਅਕਾਲੀ ਦਲ (ਸੰਯੁਕਤ) ਨੇ ਕਮੇਟੀ ਬਣਾਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਲਈ ਤਾਲਮੇਲ ਕਮੇਟੀ ਦਾ ਗਠਨ ਕੀਤਾ ਹੈ। ਜਸਟਿਸ ਨਿਰਮਲ ਸਿੰਘ ਨੂੰ ਦਸ ਮੈਂਬਰੀ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਕਮੇਟੀ ਦੇ ਮੈਂਬਰਾਂ ਵਿਚ ਐਸ.ਜੀ.ਪੀ.ਸੀ. ਮੈਂਬਰ ਮਿੱਠੂ ਸਿੰਘ ਕਾਹਨੇਕੇ, ਰਣਧੀਰ ਸਿੰਘ ਰੱਖੜਾ, ਰਾਮਪਾਲ ਸਿੰਘ ਬਹਿਣੀਵਾਲ, ਐਸ.ਜੀ.ਪੀ.ਸੀ. ਮੈਂਬਰ ਨਿਰਮੈਲ ਸਿੰਘ ਜੌਲਾ, ਹਰਿਆਣਾ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਬੀਬੀ ਰਵਿੰਦਰ ਕੌਰ, ਹਰਪ੍ਰੀਤ ਸਿੰਘ ਬੰਨੀ ਜੌਲੀ, ਗੁਰਦੀਪ ਸਿੰਘ ਮਕਰੌੜ ਸਾਹਿਬ, ਭੋਲਾ ਸਿੰਘ ਗਿੱਲਪੱਤੀ, ਬਾਬਾ ਗੁਰਜੰਟ ਸਿੰਘ ਮੰਡਵੀਂ ਅਤੇ ਦਵਿੰਦਰ ਸਿੰਘ ਸੋਢੀ ਸ਼ਾਮਲ ਹਨ।

## ਅਡਾਨੀ ਮਾਮਲਾ: ਸੇਬੀ ਨੇ ਤੱਥ ਛੁਪਾਏ

**ਨਵੀਂ ਦਿੱਲੀ:** ਅਡਾਨੀ-ਹਿੰਡਨਬਰਗ ਵਿਵਾਦ 'ਚ ਜਨਹਿਤ ਪਟੀਸ਼ਨ ਦਾਖਲ ਕਰਨ ਵਾਲੇ ਇਕ ਅਰਜ਼ੀਕਾਰ ਨੇ ਸੁਪਰੀਮ ਕੋਰਟ 'ਚ ਹਲਫਨਾਮਾ ਦਾਖਲ ਕਰਕੇ ਕਿਹਾ ਹੈ ਕਿ ਮਾਰਕਿਟ ਨਿਗਰਾਨ ਸੇਬੀ ਨੇ ਸਿਖਰਲੀ ਅਦਾਲਤ ਤੋਂ ਅਹਿਮ ਤੱਥਾਂ ਨੂੰ ਛੁਪਾਇਆ ਅਤੇ ਅਡਾਨੀ ਦੀਆਂ ਕੰਪਨੀਆਂ ਵੱਲੋਂ ਸ਼ੇਅਰਾਂ 'ਚ ਕਥਿਤ ਗੜਬੜੀ ਸਬੰਧੀ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ.ਆਰ.ਆਈ.) ਦੇ ਪੱਤਰ 'ਤੇ ਉਹ 'ਸੁੱਤੀ' ਰਹੀ।

ਸੁਪਰੀਮ ਕੋਰਟ ਵੱਲੋਂ ਅਡਾਨੀ-ਹਿੰਡਨਬਰਗ ਵਿਵਾਦ 'ਤੇ ਚਾਰ ਜਨਹਿਤ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਜਾ ਰਹੀ ਹੈ ਜੋ ਵਕੀਲਾਂ ਐੱਮ.ਐੱਲ. ਸ਼ਰਮਾ ਤੇ ਵਿਸ਼ਾਲ ਤਿਵਾੜੀ, ਕਾਂਗਰਸ ਆਗੂ ਜਯਾ ਠਾਕੁਰ ਅਤੇ ਕਾਨੂੰਨ ਦੀ ਵਿਦਿਆਰਥਣ ਅਨਾਮਿਕਾ ਜੈਸਵਾਲ ਵੱਲੋਂ ਦਾਖਲ ਕੀਤੀਆਂ ਗਈਆਂ ਹਨ। ਸੇਬੀ ਨੇ 25 ਅਗਸਤ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਉਸ ਨੇ ਅਡਾਨੀ ਗਰੁੱਪ ਖਿਲਾਫ ਦੋ ਦੋਸ਼ਾਂ ਨਾਲ ਸਬੰਧਤ ਜਾਂਚ ਮੁਕੰਮਲ ਕਰ ਲਈ ਹੈ ਅਤੇ ਪੰਜ ਮੁਲਕਾਂ ਤੋਂ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ। ਸੇਬੀ ਨੇ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਉਹ 24 ਮਾਮਲਿਆਂ ਦੀ ਜਾਂਚ ਕਰ ਰਹੀ ਹੈ ਅਤੇ 22 ਦੀ ਜਾਂਚ ਮੁਕੰਮਲ ਹੋ ਗਈ ਹੈ। ਅਨਾਮਿਕਾ ਜੈਸਵਾਲ ਨੇ ਸਿਖਰਲੀ ਅਦਾਲਤ 'ਚ ਹਲਫਨਾਮਾ ਦਾਖਲ ਕਰਕੇ ਕਿਹਾ ਕਿ ਡੀ.ਆਰ.ਆਈ. ਨੇ ਸੇਬੀ ਦੇ ਚੇਅਰਪਰਸਨ ਨੂੰ 2014 'ਚ ਪੱਤਰ ਲਿਖ ਕੇ ਕਿਹਾ ਸੀ ਕਿ ਅਡਾਨੀ ਗਰੁੱਪ ਸ਼ੇਅਰ ਬਾਜ਼ਾਰ 'ਚ ਗੜਬੜੀ ਕਰ ਰਿਹਾ ਹੈ। ਹਲਫ਼ਨਾਮੇ 'ਚ ਦਾਅਵਾ ਕੀਤਾ ਗਿਆ ਹੈ ਕਿ ਪੱਤਰ ਨਾਲ ਇਕ ਸੀ.ਡੀ. ਵੀ ਸਬੂਤ ਵਜੋਂ ਦਿੱਤੀ ਗਈ ਸੀ ਜਿਸ 'ਚ 2323 ਕਰੋੜ ਰੁਪਏ ਬੇਈਮਾਨੀ ਨਾਲ ਕਮਾਉਣ ਦੀ ਜਾਣਕਾਰੀ ਸੀ। ਪਟੀਸ਼ਨਰ ਨੇ ਕਿਹਾ ਕਿ ਅਡਾਨੀ ਗਰੁੱਪ ਦੀਆਂ ਕੰਪਨੀਆਂ ਖਿਲਾਫ 24 ਸੇਬੀ ਜਾਂਚ ਰਿਪੋਰਟਾਂ 'ਚੋਂ ਪੰਜ ਅੰਦਰੂਨੀ ਟਰੇਡਿੰਗ ਦੇ ਦੋਸ਼ਾਂ ਨਾਲ ਸਬੰਧਤ ਹਨ।

## ਖੱਟਰ ਵੱਲੋਂ ਡੇਰਾ ਬਿਆਸ ਮੁਖੀ ਨਾਲ ਮੁਲਾਕਾਤ

**ਅੰਮ੍ਰਿਤਸਰ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਡੇਰਾ ਰਾਧਾ ਸਵਾਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਲਗਭਗ ਤਿੰਨ ਘੰਟੇ ਚੱਲੀ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਆਪਣੇ ਹੈਲੀਕਾਪਟਰ ਰਾਹੀਂ ਡੇਰਾ ਬਿਆਸ ਪੁੱਜੇ। ਉਨ੍ਹਾਂ ਨੇ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਬੰਦ ਕਮਰਾ ਮੁਲਾਕਾਤ ਕੀਤੀ। ਡੇਰਾ ਮੁਖੀ ਨੇ ਮੁੱਖ ਮੰਤਰੀ ਨੂੰ ਡੇਰੇ ਦੀਆਂ ਧਾਰਮਿਕ ਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਮੁੱਖ ਮੰਤਰੀ ਨੇ ਡੇਰੇ ਵੱਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਸਮਾਜਿਕ ਕੰਮਾਂ ਦੀ ਸ਼ਲਾਘਾ ਕੀਤੀ। ਸਿਆਸੀ ਮਾਹਿਰਾਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਦੀ ਇਸ ਮੁਲਾਕਾਤ ਨੂੰ ਅਗਾਮੀ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਡੇਰਾ ਬਿਆਸ ਦਾ ਉੱਤਰੀ ਭਾਰਤ ਸਮੇਤ ਹੋਰ ਕਈ ਸੂਬਿਆਂ ਵਿਚ ਡੇਰੇ ਦੇ ਵੱਡੀ ਗਿਣਤੀ ਵਿਚ ਪ੍ਰੇਮੀ ਤੇ ਹਮਾਇਤੀ ਹਨ।

## ਨਸ਼ਿਆਂ ਦਾ ਮਸਲਾ ਫਿਰ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਸਰਕਾਰਾਂ ਤਰ੍ਹਾਂ-ਤਰ੍ਹਾਂ ਦੇ ਦਾਅਵੇ ਕਰ ਰਹੀਆਂ ਹਨ ਪਰ ਅਮਲੀ ਰੂਪ ਵਿਚ ਇਹ ਸਮੱਸਿਆ ਘਟਣ ਦੇ ਕੋਈ ਸੰਕੇਤ ਦਿਖਾਈ ਨਹੀਂ ਦੇ ਰਹੇ। ਪੁਲਿਸ ਦੀਆਂ ਕਾਰਵਾਈਆਂ ਹੇਠਲੇ ਪੱਧਰ 'ਤੇ ਨਸ਼ੇ ਵੇਚਣ ਤੇ ਉਨ੍ਹਾਂ ਦਾ ਸੇਵਨ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਤੱਕ ਸੀਮਤ ਹਨ। ਨਸ਼ਿਆਂ ਦੀ ਇੰਨੀ ਵੱਡੀ ਪੱਧਰ 'ਤੇ ਸਪਲਾਈ ਨਸ਼ਾ ਤਸਕਰਾਂ, ਪੁਲਿਸ ਕਰਮਚਾਰੀਆਂ ਤੇ ਸਿਆਸਤਦਾਨਾਂ ਦੀ ਮਿਲੀ-ਭੁਗਤ ਤੋਂ ਬਿਨਾਂ ਸੰਭਵ ਨਹੀਂ। ਆਜ਼ਾਦੀ ਦਿਵਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਕਲਪ ਲਿਆ ਸੀ ਕਿ ਪੰਜਾਬ ਨੂੰ ਨਸ਼ਿਆਂ ਤੋਂ ਮੁਕਤੀ ਦਿਵਾਈ ਜਾਵੇਗੀ। ਇਹੀ ਵਾਅਦਾ 'ਆਪ' ਨੇ ਚੋਣਾਂ ਤੋਂ ਪਹਿਲਾਂ ਕੀਤਾ ਸੀ। ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੀ ਇਸੇ ਵਾਅਦੇ ਨਾਲ ਸੱਤਾ ਵਿਚ ਆਈ ਸੀ ਪਰ ਸਮੱਸਿਆ ਘਟਣ ਦੀ ਥਾਂ ਹੋਰ ਵਧੀ ਹੈ। ਇਸ ਮਸਲੇ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਰਣਨੀਤੀ ਛੋਟੇ-ਮੋਟੇ ਤਸਕਰਾਂ ਨੂੰ ਫੜ ਕੇ ਅਤੇ ਬਰਾਮਦਗੀ ਕਰ ਕੇ ਆਪਣੀ ਪਿੱਠ ਥਾਪੜਨ ਵਾਲੀ ਰਹੀ ਹੈ।

## ਸਰਕਾਰ ਵਿਜੀਲੈਂਸ ਦੇ ਦਬਕੇ ਨਾਲ ਵਿਰੋਧੀਆਂ ਦੀ ਆਵਾਜ਼ ਬੰਦ ਕਰਨਾ ਚਾਹੁੰਦੀ: ਆਸ਼ੂ

**ਬਠਿੰਡਾ:** ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਵਿਜੀਲੈਂਸ ਦੇ ਦਬਕੇ ਨਾਲ ਵਿਰੋਧੀਆਂ ਦੀ ਆਵਾਜ਼ ਬੰਦ ਕਰਨਾ ਚਾਹੁੰਦੀ ਹੈ ਪਰ ਇਸ ਤੋਂ ਕਾਂਗਰਸ ਲੀਡਰਸ਼ਿਪ ਡਰਨ ਵਾਲੀ ਨਹੀਂ ਹੈ ਸਗੋਂ ਉਹ ਪੰਜਾਬ ਦੇ ਮੁੱਦਿਆਂ 'ਤੇ ਡੱਟ ਕੇ ਆਵਾਜ਼ ਬੁਲੰਦ ਕਰੇਗੀ। ਉਨ੍ਹਾਂ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨਾਲ ਕਾਂਗਰਸ ਦੇ ਗੱਠਜੋੜ ਬਾਰੇ ਪੁੱਛਣ 'ਤੇ ਕਿਹਾ ਕਿ ਇਸ ਸਬੰਧੀ ਪਾਰਟੀ ਵੱਲੋਂ ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਆਸ਼ੂ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਤੋਂ ਦੁਖੀ ਹਨ ਅਤੇ ਇਸ ਦੇ ਮੁਕਾਬਲੇ ਕਾਂਗਰਸ ਦਾ ਜਨ ਆਧਾਰ ਵਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਗਾਮੀ ਲੋਕ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਸਾਫ ਅਕਸ ਵਾਲੇ ਉਮੀਦਵਾਰਾਂ ਨੂੰ ਅੱਗੇ ਲਿਆਂਦਾ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਟਰਾਂਸਪੋਰਟ 'ਘੁਟਾਲਾ': ਰਾਜਾ ਵੜਿੰਗ ਦੀਆਂ ਮੁਸ਼ਕਲਾਂ ਵਧਣ ਦਾ ਖਦਸ਼ਾ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਉਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਰਾਜਸਥਾਨ ਤੋਂ ਬੱਸਾਂ ਦੀਆਂ ਬਾਡੀਜ਼ ਲਗਵਾ ਕੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਪੈਸੇ ਇਕੱਠੇ ਕੀਤੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਘੁਟਾਲੇ ਦੇ ਵੇਰਵੇ ਜਲਦੀ ਹੀ ਨਸ਼ਰ ਕਰਨਗੇ। ਇਹ ਕਥਿਤ ਘਪਲਾ ਪਿਛਲੀ ਕਾਂਗਰਸ ਸਰਕਾਰ ਸਮੇਂ ਰਾਜਾ ਵੜਿੰਗ ਦੇ ਟਰਾਂਸਪੋਰਟ ਮੰਤਰੀ ਰਹਿਣ ਸਮੇਂ ਹੋਇਆ ਦੱਸਿਆ ਜਾ ਰਿਹਾ ਹੈ। ਇਸੇ ਦੌਰਾਨ ਸ੍ਰੀ ਭਗਵੰਤ ਮਾਨ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਪੰਜਾਬੀ ਭਾਸ਼ਾ ਦੀ ਲਿਖਤੀ ਪ੍ਰੀਖਿਆ 45 ਫੀਸਦੀ ਅੰਕਾਂ ਨਾਲ ਪਾਸ ਕਰਨ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਇਹ ਨੇਤਾ ਸਨਾਵਰ ਅਤੇ ਦੂਨ ਵਰਗੇ ਸਕੂਲਾਂ ਤੋਂ ਪੜ੍ਹੇ ਹਨ ਜਿਸ ਕਰ ਕੇ ਉਹ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਹੀ ਨਹੀਂ ਕਰ ਸਕਦੇ।

ਵਿਰੋਧੀ ਪਾਰਟੀਆਂ ਉੱਤੇ ਨਿਸ਼ਾਨਾ ਸੇਧਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਿਨ੍ਹਾਂ ਨੇਤਾਵਾਂ ਦੇ ਪੁਰਖਿਆਂ ਨੇ ਜੱਲ੍ਹਿਆਂਵਾਲਾ ਬਾਗ ਸਾਕੇ ਦੇ ਸਾਜ਼ਿਸ਼ਘਾੜਿਆਂ ਦਾ ਸਨਮਾਨ ਕੀਤਾ, ਅਜਿਹੇ ਨੇਤਾਵਾਂ ਕੋਲ ਉਨ੍ਹਾਂ ਨੂੰ ਸਵਾਲ ਕਰਨ ਦਾ ਕੋਈ ਨੈਤਿਕ ਹੱਕ ਹੀ ਨਹੀਂ ਹੈ, ਇਸ ਲਈ ਉਹ ਅਜਿਹੇ ਮਸਲਿਆਂ ਬਾਰੇ ਚੁੱਪ ਹੀ ਰਿਹਾ ਕਰਨ ਤਾਂ ਬਿਹਤਰ ਹੋਵੇਗਾ; ਨਹੀਂ ਤਾਂ ਇਕ ਦੀਆਂ ਚਾਰ ਸੁਣਨੀਆਂ ਪੈ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਹਿਲੀਆਂ ਸਰਕਾਰਾਂ ਦੌਰਾਨ ਹੋਏ ਘਪਲਿਆਂ ਨੂੰ ਸਭ ਦੇ ਸਾਹਮਣੇ ਲਿਆਵੇਗੀ। ਜਿਨ੍ਹਾਂ-ਜਿਨ੍ਹਾਂ ਨੇ ਅਜਿਹੇ ਘਪਲੇ ਕੀਤੇ ਹਨ, ਹੁਣ ਉਨ੍ਹਾਂ ਦੀ ਖੈਰ ਨਹੀਂ। ਹਰ ਮਸਲੇ ਦੀ ਜਾਂਚ-ਪੜਤਾਲ ਕਰ ਕੇ ਮਾਮਲੇ ਦੀ ਤਹਿ ਤੱਕ ਅੱਪੜਿਆ ਜਾਵੇਗਾ ਅਤੇ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਹਰ ਹਾਲ ਕੀਤੀ ਜਾਵੇਗੀ।

ਉਧਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਉਹ ਬੱਸਾਂ ਦੀਆਂ ਬਾਡੀਆਂ ਲਗਵਾਉਣ ਦੇ ਮਾਮਲੇ ਵਿਚ ਹਰ ਤਰ੍ਹਾਂ ਦੀ ਜਾਂਚ ਲਈ ਤਿਆਰ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੰਗਾਰਿਆ ਅਤੇ ਕਿਹਾ, "ਡੇਢ ਸਾਲ ਤੋਂ ਸਾਰੀਆਂ ਫਾਈਲਾਂ ਤੁਹਾਡੇ ਕੋਲ ਹਨ, ਤੁਸੀਂ ਜਦ ਮਰਜ਼ੀ ਜਾਂਚ ਕਰਵਾ ਸਕਦੇ ਹੋ। ਅਸੀਂ ਹਰ ਜਾਂਚ ਲਈ ਤਿਆਰ ਹਾਂ।" ਵੜਿੰਗ ਨੇ 'ਐਕਸ' ਰਾਹੀਂ ਕਿਹਾ ਕਿ ਬੱਸਾਂ ਦੀਆਂ ਬਾਡੀਆਂ ਲਗਾਉਣ ਦੀ



ਪ੍ਰਕਿਰਿਆ ਓਪਨ ਆਨਲਾਈਨ ਟੈਂਡਰ ਰਾਹੀਂ ਪੂਰੀ ਕੀਤੀ ਗਈ ਸੀ ਜਿਸ ਵਿਚ ਦੇਸ਼ ਦੇ ਕਿਸੇ ਵੀ ਸੂਬੇ ਦੀ ਯੋਗ ਕੰਪਨੀ ਹਿੱਸਾ ਲੈ ਸਕਦੀ ਸੀ। ਇਸ ਸਾਰੀ ਦੀ ਸਾਰੀ ਪ੍ਰਕਿਰਿਆ ਲਈ ਕਾਨੂੰਨ ਮੁਤਾਬਕ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਵਾਲੀ ਕੰਪਨੀ ਨੂੰ ਟੈਂਡਰ ਮਿਲ ਜਾਂਦੇ ਹਨ। ਬੱਸਾਂ 'ਤੇ ਬਾਡੀ ਲਗਾਉਣ ਲਈ ਜਾਰੀ ਕੀਤੇ ਟੈਂਡਰ ਦੀ ਪ੍ਰਕਿਰਿਆ 'ਚ ਵੀ ਇਸੇ ਤਰ੍ਹਾਂ ਹੋਇਆ ਹੈ।

ਯਾਦ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਉਤੇ ਵਾਰ-ਵਾਰ ਇਹ ਦੋਸ਼ ਲੱਗ ਰਹੇ ਹਨ ਕਿ ਉਹ ਘਪਲਿਆਂ ਬਾਰੇ ਰੌਲਾ ਜ਼ਰੂਰ ਪਾਉਂਦੇ ਹਨ ਪਰ ਪੰਜਾਬ ਜਿਸ ਸੰਕਟ ਵਿਚੋਂ ਲੰਘ ਰਿਹਾ ਹੈ, ਉਸ ਬਾਰੇ ਕੁਝ ਵੀ ਨਹੀਂ ਕਰ ਰਹੇ ਹਨ।

## ਮਜੀਠੀਆ ਵੱਲੋਂ ਮੁੱਖ ਮੰਤਰੀ ਨੂੰ ਮੋੜਵਾਂ ਜਵਾਬ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੀ ਚੁਣੌਤੀ ਦਾ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਕਿਹਾ, "ਤੂੰ ਇਧਰ ਉਧਰ ਕੀ ਨਾ ਬਾਤ ਕਰ, ਬਤਾ ਪੰਜਾਬ ਕਾ ਯੇ ਹਾਲ ਕਯੂੰ ਹੁਆ।" ਉਨ੍ਹਾਂ ਦੋਸ਼ ਲਾਇਆ ਕਿ ਕਾਲਜ ਵਿਚ ਪੜ੍ਹਾਈ ਵਿਚਾਲੇ ਛੱਡਣ ਵਾਲਾ ਵਿਅਕਤੀ ਸਾਨੂੰ ਮਾਂ ਬੋਲੀ ਪੰਜਾਬੀ ਦੀ ਸੇਵਾ ਦਾ ਗਿਆਨ ਵੰਡ ਰਿਹਾ ਹੈ। ਮੁੱਖ ਮੰਤਰੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਹਾਸ ਵਿਅੰਗ 2022 ਦੀਆਂ ਚੋਣਾਂ ਤੱਕ ਸਫਲ ਸੀ ਕਿਉਂਕਿ ਪੰਜਾਬੀਆਂ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ।



## ਮੁੱਖ ਮੰਤਰੀ ਨੂੰ ਨਸ਼ੇ ਖਤਮ ਕਰਨ ਦੀ ਕੋਈ ਚਿੰਤਾ ਨਹੀਂ: ਵੜਿੰਗ

**ਹੁਸ਼ਿਆਰਪੁਰ:** ਪੰਜਾਬ ਕਾਂਗਰਸ ਨੇ ਹੁਸ਼ਿਆਰਪੁਰ ਵਿਚ ਜ਼ਿਲ੍ਹਾ ਪੱਧਰੀ ਨਸ਼ਾ ਵਿਰੋਧੀ ਰੈਲੀ ਕੀਤੀ। ਰੈਲੀ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਰਕਾਰ ਦੀ ਲਾਪਰਵਾਹੀ ਕਾਰਨ ਨਸ਼ਿਆਂ ਦੀ ਸਮੱਸਿਆ ਵਧ ਰਹੀ ਹੈ, ਨਸ਼ਿਆਂ ਕਾਰਨ ਨੌਜਵਾਨੀ ਮੌਤ ਦੇ ਮੂੰਹ 'ਚ ਜਾ ਰਹੀ ਹੈ। ਪੰਜਾਬ ਦੇ ਲੋਕ ਮੁਫਤ ਬਿਜਲੀ, ਰਾਸ਼ਨ ਅਤੇ ਮੁਹੱਲਾ ਕਲੀਨਿਕਾਂ ਤੋਂ ਬਿਨਾਂ ਰਹਿ ਸਕਦੇ ਹਨ ਪਰ ਜੇ ਨੌਜਵਾਨ ਪੀੜ੍ਹੀ ਹੀ ਖਤਮ ਹੋ ਗਈ ਤਾਂ ਇਹ ਮੁਫਤ ਸਹੂਲਤਾਂ ਕਿਸ ਕੰਮ?



# ਮੂਸੇਵਾਲਾ ਕਤਲ ਮਾਮਲੇ ਵਿਚ 21 ਮੁਲਜ਼ਮਾਂ ਨੇ ਪੇਸ਼ੀ ਭੁਗਤੀ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਸਬੰਧੀ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 21 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਮਾਮਲੇ ਵਿਚ ਅਗਲੀ ਸੁਣਵਾਈ 20 ਸਤੰਬਰ ਨੂੰ ਹੋਵੇਗੀ। ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਲਾਰੈਂਸ ਬਿਸ਼ਨੋਈ ਨੂੰ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿਚ ਹੋਣ ਕਾਰਨ ਪੇਸ਼ ਨਹੀਂ ਕੀਤਾ ਜਾ ਸਕਿਆ, ਜਦਕਿ ਜੱਗੂ ਭਗਵਾਨਪੁਰੀਆ ਕੁਰੂਕਸ਼ੇਤਰ ਦੀ ਪੁਲਿਸ ਕੋਲ ਰਿਮਾਂਡ 'ਤੇ ਹੋਣ ਕਾਰਨ ਪੇਸ਼ ਨਹੀਂ ਕੀਤਾ ਜਾ ਸਕਿਆ।

ਉਨ੍ਹਾਂ ਦੱਸਿਆ ਕਿ ਸਰਾਜ ਮਿੰਟੂ ਅਤੇ ਦੀਪਕ ਟੀਨੂੰ ਨੂੰ ਬਠਿੰਡਾ ਜੇਲ੍ਹ ਵਿਚੋਂ ਤਕਨੀਕੀ ਸਮੱਸਿਆ ਕਾਰਨ ਪੇਸ਼ ਨਹੀਂ ਕੀਤਾ ਜਾ ਸਕਿਆ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ



ਸਿੱਧੂ ਅਤੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਪੇਸ਼ੀ ਮਗਰੋਂ ਦੱਸਿਆ ਕਿ ਉਨ੍ਹਾਂ ਨੂੰ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ ਅਤੇ ਆਸ ਹੈ ਕਿ ਇਨਸਾਫ ਜ਼ਰੂਰ ਮਿਲੇਗਾ। ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਐਸ.ਆਈ.ਟੀ. ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 31 ਮੁਲਜ਼ਮਾਂ ਵਿਰੁੱਧ ਦੋ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ ਅਤੇ ਪੁਲਿਸ ਨੇ ਕੁੱਲ 31 ਮੁਲਜ਼ਮਾਂ ਵਿਚੋਂ 27 ਨੂੰ ਗ੍ਰਿਫਤਾਰ ਕਰ ਲਿਆ ਹੈ।

# ਨਾਢਾ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ

**ਪੰਚਕੂਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਆਪਣੇ ਯੂ-ਟਿਊਬ ਚੈਨਲ ਉਤੇ ਸ਼ੁਰੂ ਕਰਨ ਤੋਂ ਬਾਅਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਚਕੂਲਾ ਦੇ ਗੁਰਦੁਆਰਾ ਨਾਢਾ ਸਾਹਿਬ ਤੋਂ ਰੋਜ਼ਾਨਾ ਦੁਨੀਆਂ ਭਰ ਵਿਚ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਸ਼ੁਰੂ ਕਰ ਦਿੱਤਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਰਮਨੀਕ ਸਿੰਘ ਨੇ ਦੱਸਿਆ ਕਿ ਕਮੇਟੀ ਦਾ ਚਾਰਜ ਸੰਭਾਲਣ ਤੋਂ ਬਾਅਦ ਅਸੀਂ ਪਹਿਲਾ ਫੈਸਲਾ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਤੋਂ ਸਿੱਧਾ ਪ੍ਰਸਾਰਨ ਸ਼ੁਰੂ ਕਰਨ ਦਾ ਹੈ।

ਗੁਰਬਾਣੀ ਦਾ ਹੁਣ ਵਿਸ਼ਵ ਪੰਜਾਬੀ ਟੀਵੀ ਰਾਹੀਂ ਦੁਨੀਆਂ ਭਰ ਦੇ 63 ਦੇਸ਼ਾਂ ਵਿਚ ਤੜਕੇ



2.45 ਵਜੇ ਤੋਂ ਸਵੇਰੇ 8 ਵਜੇ ਤੱਕ ਸਿੱਧਾ ਪ੍ਰਸਾਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਾਰੇ ਪ੍ਰਮੁੱਖ ਪਲੇਟਫਾਰਮਾਂ ਉਤੇ ਉਪਲਬਧ ਹੈ। ਗੁਰਬਾਣੀ ਦਾ ਪ੍ਰਸਾਰਨ ਕਮੇਟੀ ਦੇ ਸੋਸ਼ਲ ਮੀਡੀਆ ਪੇਜ ਅਤੇ ਯੂਟਿਊਬ ਚੈਨਲ ਉਤੇ ਵੀ ਕੀਤਾ ਜਾਵੇਗਾ। ਹਾਲਾਂਕਿ ਅਧਿਕਾਰ ਕਮੇਟੀ ਕੋਲ ਰਹਿਣਗੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਗੁਰਬਾਣੀ ਦੇ ਸਿੱਧਾ ਪ੍ਰਸਾਰਨ ਲਈ 24 ਜੁਲਾਈ ਨੂੰ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ' ਨਾਂ ਦਾ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕੀਤਾ ਸੀ।

# ਅੰਬੀਆਂ ਕਤਲ ਕਾਂਡ: ਸ਼ਾਰਪ ਸ਼ੂਟਰ ਹੈਰੀ ਦਿੱਲੀ ਤੋਂ ਗ੍ਰਿਫਤਾਰ

**ਨਵੀਂ ਦਿੱਲੀ:** ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਕਾਂਡ ਵਿਚ ਲੋੜੀਂਦੇ ਸ਼ੂਟਰ ਹੈਰੀ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਗ੍ਰਿਫਤਾਰ ਕੀਤਾ ਹੈ। ਪੰਜਾਬ ਦੇ ਰਾਜਪੁਰਾ ਵਿਚ ਰਹਿਣ ਵਾਲੇ ਹੈਰੀ ਨੂੰ ਦਿੱਲੀ ਪੁਲਿਸ ਨੇ ਜਾਲ ਵਿਛਾ ਕੇ ਕਾਬੂ ਕੀਤਾ ਹੈ।

ਇਕ ਅਧਿਕਾਰੀ ਅਨੁਸਾਰ ਦਿੱਲੀ ਪੁਲਿਸ ਇਸ ਮਾਮਲੇ ਵਿਚ ਫ਼ਰਾਰ ਚੱਲ ਰਹੇ ਪੁਨੀਤ ਅਤੇ ਲੱਲੀ ਬਾਰੇ ਵੀ ਹੈਰੀ ਤੋਂ ਜਾਣਕਾਰੀ ਹਾਸਲ ਕਰੇਗੀ। ਜਲੰਧਰ ਪੁਲਿਸ ਸ਼ਾਰਪ ਸ਼ੂਟਰ ਹੈਰੀ ਦੀ ਲੰਬੇ ਸਮੇਂ ਤੋਂ ਭਾਲ ਕਰ ਰਹੀ ਸੀ। ਉਹ ਸੂਬੇ ਦੇ ਕਈ ਹੋਰ ਜ਼ਿਲ੍ਹਿਆਂ ਦੀ ਪੁਲਿਸ ਨੂੰ ਵੀ ਲੋੜੀਂਦਾ ਸੀ।

ਸਮਝਿਆ ਜਾਂਦਾ ਹੈ ਕਿ ਦਿੱਲੀ ਪੁਲਿਸ ਦੀ ਪੁੱਛਗਿੱਛ ਪੂਰੀ ਹੋਣ ਤੋਂ ਬਾਅਦ ਪੰਜਾਬ ਪੁਲਿਸ ਵੀ ਹੈਰੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆ ਕੇ ਉਸ ਕੋਲੋਂ ਪੁੱਛਗਿੱਛ ਕਰ ਸਕਦੀ ਹੈ। ਦੱਸਣਾ ਬਣਦਾ ਹੈ ਕਿ 14 ਮਾਰਚ 2022 ਨੂੰ ਸੰਦੀਪ ਨੰਗਲ ਅੰਬੀਆਂ ਦੀ ਜਲੰਧਰ ਨੇੜਲੇ ਪਿੰਡ ਮੱਲੀਆਂ ਵਿਚ ਇਕ ਕਬੱਡੀ ਟੂਰਨਾਮੈਂਟ ਦੌਰਾਨ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਕਾਰ ਵਿਚ ਆਏ ਪੰਜ ਹਮਲਾਵਰ ਫ਼ਰਾਰ ਹੋ ਗਏ ਸਨ। ਇਸ ਮਾਮਲੇ ਵਿਚ ਕਬੱਡੀ ਫ਼ੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਸਮੇਤ ਕਈ ਹੋਰ ਲੋਕਾਂ ਦਾ ਨਾਂ ਸਾਹਮਣੇ ਆਇਆ ਸੀ।

ਚੱਠਾ ਨੂੰ ਜਲੰਧਰ ਹਾਈਟਸ ਸਥਿਤ ਇਕ ਫ਼ਲੈਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿਚ ਅਮਰੀਕਾ ਵਾਸੀ ਸਰਬਜੀਤ ਸਿੰਘ ਸੱਭਾ ਬਿਆੜਾ, ਕੈਨੇਡਾ ਰਹਿੰਦੇ ਸਨੋਵਰ ਢਿੱਲੋਂ, ਮਲੇਸ਼ੀਆ ਦੇ ਸੁਖਵਿੰਦਰ ਸਿੰਘ ਦੁੱਨੇਕੇ ਉਰਫ਼ ਸੁੱਖਾ ਦੁਨੇਕੇ ਆਦਿ ਨਾਮਜ਼ਦ ਕੀਤੇ ਗਏ ਸਨ।

# ਲੋਕ ਹੁਣ ਭਗਵੰਤ ਮਾਨ ਦੇ ਗਲ ਪੈਣ ਨੂੰ ਫਿਰਦੇ: ਹਰਸਿਮਰਤ

**ਮਾਨਸਾ:** ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਨਹੀਂ ਹੋਇਆ, ਸਗੋਂ ਪੰਜਾਬ ਦਿਨੋਂ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ, ਜਿਸ ਲਈ ਕਾਂਗਰਸ ਅਤੇ ਆਮ ਆਦਮੀ ਪਾਰਟੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।

ਉਨ੍ਹਾਂ ਕਿਹਾ ਕਿ ਸੱਤ ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਜਿਹੜਾ ਰੰਗਲਾ ਪੰਜਾਬ ਛੱਡ ਕੇ ਗਿਆ ਸੀ, ਉਸ ਨੂੰ ਕਾਂਗਰਸ ਅਤੇ ਭਗਵੰਤ ਮਾਨ ਦੀ ਟੀਮ ਨੇ ਕੰਗਾਲ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵੱਡੇ-ਵੱਡੇ ਦਾਅਵੇ ਕਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਪਿੰਡਾਂ ਵਿਚ ਜਾ ਕੇ ਦੇਖਣ, ਹੁਣ ਲੋਕ ਉਨ੍ਹਾਂ ਦੇ ਗਲ ਪੈਣ ਨੂੰ ਫਿਰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਗਾਰੰਟੀਆਂ ਦੇਣ ਵਾਲੇ ਅੱਜ ਕਿਤੇ ਲੱਭਦੇ ਨਹੀਂ ਹਨ ਅਤੇ ਲੋਕਾਂ ਨੂੰ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ



ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅੰਨਦਾਤਾ ਨੂੰ ਬਹੁਤ ਵਾਰ ਮੁਆਵਜ਼ਾ ਦਿੱਤਾ ਗਿਆ ਸੀ ਜਦੋਂਕਿ ਹੁਣ ਨੁਕਸਾਨੀਆਂ ਫਸਲਾਂ ਸਮੇਤ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਲੋਕਾਂ ਨੂੰ ਆਮ ਆਦਮੀ ਪਾਰਟੀ ਸਣੇ ਭਾਜਪਾ ਆਗੂਆਂ ਦੇ ਘਰਾਂ ਮੂਹਰੇ ਧਰਨੇ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

# ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਢੀਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨੌਂ ਲੋਕ ਸਭਾ ਹਲਕਿਆਂ ਦੇ ਇੰਚਾਰਜ ਅਤੇ ਚਾਰ ਵਿਧਾਨ ਸਭਾ ਹਲਕਿਆਂ ਦੇ ਮੁੱਖ ਸੇਵਾਦਾਰ ਨਿਯੁਕਤ ਕਰ ਦਿੱਤੇ ਹਨ, ਜਿਨ੍ਹਾਂ ਨੂੰ ਆਪੋ-ਆਪਣੇ ਹਲਕਿਆਂ ਵਿਚ ਪ੍ਰਚਾਰ ਮੁਹਿੰਮ ਤੇ ਤਾਲਮੇਲ ਦਾ ਕੰਮ ਸ਼ੁਰੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਇਸ ਬਾਰੇ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਲੋਕ ਸਭਾ





ਹਲਕਾ ਖਡੂਰ ਸਾਹਿਬ, ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਇੰਚਾਰਜ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਨਿਲ ਜੋਸ਼ੀ ਨੂੰ ਲੋਕ ਸਭਾ ਹਲਕਾ ਅੰਮ੍ਰਿਤਸਰ, ਗੁਲਜ਼ਾਰ ਸਿੰਘ ਰਣੀਕੇ ਨੂੰ ਗੁਰਦਾਸਪੁਰ, ਡਾ. ਸੁਖਵਿੰਦਰ ਸੁੱਖੀ ਨੂੰ ਜਲੰਧਰ, ਜਨਮੇਜਾ ਸਿੰਘ ਸੇਖੋਂ ਨੂੰ ਫਿਰੋਜ਼ਪੁਰ, ਸਿਕੰਦਰ ਸਿੰਘ ਮਲੂਕਾ ਨੂੰ ਫਰੀਦਕੋਟ ਤੇ ਇਕਬਾਲ ਸਿੰਘ ਝੂੰਦਾਂ ਨੂੰ ਸੰਗਰੂਰ ਦਾ ਇੰਚਾਰਜ ਲਗਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਚਾਰ ਵਿਧਾਨ ਸਭਾ ਹਲਕਿਆਂ ਦੇ ਇੰਚਾਰਜ ਲਗਾਏ ਗਏ ਹਨ। ਇਨ੍ਹਾਂ ਵਿਚ ਹਰਿੰਦਰ ਸਿੰਘ ਮਹਿਰਾਜ ਨੂੰ ਵਿਧਾਨ ਸਭਾ ਹਲਕਾ ਰਾਮਪੁਰਾ, ਅਰਵਿੰਦਰ ਸਿੰਘ ਰਸੂਲਪੁਰ ਉੜਮੁੜ ਨੂੰ ਟਾਂਡਾ, ਕਬੀਰ ਦਾਸ ਨੂੰ ਸ਼ੁਤਰਾਣਾ ਤੇ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਹੁਸ਼ਿਆਰਪੁਰ ਦਾ ਮੁੱਖ ਸੇਵਾਦਾਰ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਐਨ.ਕੇ. ਸ਼ਰਮਾ ਨੂੰ ਲੁਧਿਆਣਾ ਸ਼ਹਿਰੀ ਤੇ ਤੀਰਥ ਸਿੰਘ ਮਾਹਲਾ ਨੂੰ ਲੁਧਿਆਣਾ ਦਿਹਾਤੀ ਦਾ ਇੰਚਾਰਜ ਲਗਾਇਆ ਗਿਆ ਹੈ।

## 'ਆਪ' ਵੱਲੋਂ 'ਵਾਲੰਟੀਅਰ ਮੀਟਿੰਗ ਮੁਹਿੰਮ' ਦੀ ਸ਼ੁਰੂਆਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਆਗਾਮੀ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਦੀ ਤਿਆਰੀ ਲਈ ਸੂਬੇ ਵਿਚ 'ਵਾਲੰਟੀਅਰ ਮੀਟਿੰਗ ਮੁਹਿੰਮ' ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਦੀ ਸ਼ੁਰੂਆਤ 'ਆਪ' ਦੇ ਕੌਮੀ ਸਕੱਤਰ ਡਾ. ਸੰਦੀਪ ਪਾਠਕ ਨੇ ਸਾਰੇ ਮੰਤਰੀਆਂ, ਵਿਧਾਇਕਾਂ ਤੇ ਪਾਰਟੀ ਆਗੂਆਂ ਨਾਲ ਚੰਡੀਗੜ੍ਹ ਵਿਚ ਮੀਟਿੰਗ ਦੌਰਾਨ ਕੀਤੀ। ਡਾ. ਸੰਦੀਪ ਪਾਠਕ ਨੇ ਕਿਹਾ ਕਿ ਸਾਰੇ ਆਗੂ ਸੂਬੇ ਭਰ 'ਚ ਹਰੇਕ ਪਿੰਡ ਤੇ ਵਾਰਡ 'ਚ ਵਾਲੰਟੀਅਰਾਂ ਦੇ ਨਾਲ ਮੀਟਿੰਗਾਂ ਕਰਨ ਅਤੇ ਵਾਲੰਟੀਅਰਾਂ ਤੋਂ ਅਗਲੇ ਮਹੀਨਿਆਂ 'ਚ ਹੋਣ ਵਾਲੀਆਂ ਚੋਣਾਂ ਲਈ ਸੁਝਾਅ ਲੈਣ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਸੂਬੇ 'ਚ ਆਗਾਮੀ ਚੋਣਾਂ ਦੇ ਉਮੀਦਵਾਰਾਂ ਦਾ ਐਲਾਨ ਪਾਰਟੀ ਵਾਲੰਟੀਅਰਾਂ ਦੇ ਸੁਝਾਵਾਂ ਨਾਲ ਹੀ ਕੀਤਾ ਜਾਵੇਗਾ।

# ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੇ ਸੰਘਰਸ਼ ਦੀ ਜਿੱਤ

## ਰਿਹਾਇਸ਼ ਦੇ ਵਾਅਦੇ ਤੋਂ ਮੁੱਕਰੇ ਕਾਲਜ ਨੇ ਮੰਗਾਂ ਮੰਨੀਆਂ

**ਜਲੰਧਰ:** ਕੈਨੇਡਾ ਦੇ ਨੌਰਥ ਬੇਅ ਦੇ ਕੈਨਡੋਰ ਕਾਲਜ 'ਚ ਰਿਹਾਇਸ਼ ਦੀ ਮੰਗ ਨੂੰ ਲੈ ਕੇ ਧਰਨੇ 'ਤੇ ਬੈਠੇ 300 ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਦੇ ਸੰਘਰਸ਼ ਦੀ ਜਿੱਤ ਹੋ ਗਈ ਹੈ। ਕਿਉਂਕਿ ਰਿਹਾਇਸ਼ ਦਾ ਵਾਅਦਾ ਕਰਕੇ ਮੁੱਕਰੇ ਕਾਲਜ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਮੰਗ ਨੂੰ ਮੰਨ ਲਿਆ ਹੈ ਅਤੇ ਰਿਹਾਇਸ਼ ਮੁਹੱਈਆ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ।



ਕਾਲਜ ਨੇ ਆਪਣੀ ਰਿਹਾਇਸ਼ੀ ਸਮਰੱਥਾ ਤੋਂ ਵੱਧ ਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲੇ ਦਿੱਤੇ ਹੋਏ ਸਨ, ਜਿਸ ਕਰਕੇ ਰਿਹਾਇਸ਼ ਦਾ ਇਹ ਸੰਕਟ ਖੜ੍ਹਾ ਹੋਇਆ। ਵੇਰਵਿਆਂ ਮੁਤਾਬਕ ਸਤੰਬਰ 2023 ਦੇ ਬੈਚ ਲਈ ਕੈਨਡੋਰ ਕਾਲਜ ਨੇ ਤਕਰੀਬਨ 3500 ਵਿਦਿਆਰਥੀਆਂ ਨੂੰ ਦਾਖਲਾ ਦਿੱਤਾ। ਨੌਰਥ ਬੇਅ ਕੈਨੇਡਾ ਦੇ ਇਸ ਘੱਟ ਵਸੋਂ ਵਾਲੇ ਸ਼ਹਿਰ ਵਿਚ ਪਹਿਲਾਂ ਹੀ ਰਿਹਾਇਸ਼ੀ ਮਕਾਨਾਂ ਦੀ ਕਮੀ ਰਹਿੰਦੀ ਰਹੀ ਹੈ। ਪਬਲਿਕ ਪ੍ਰਾਈਵੇਟ ਹਿੱਸੇਦਾਰੀ (ਪੀ.ਪੀ.ਪੀ.) ਦੀ ਨੀਤੀ ਤਹਿਤ ਕਾਲਜ ਨੂੰ ਸਰਕਾਰ ਵੱਲੋਂ ਪੂਰੀ ਤਰ੍ਹਾਂ ਰੈਗੂਲੇਟ ਨਹੀਂ ਕੀਤਾ ਗਿਆ ਸੀ, ਜਿਸ ਕਰਕੇ ਵਿਦਿਆਰਥੀਆਂ ਨੂੰ ਕਾਲਜ ਦੇ ਰਹਿਮੋ-ਕਰਮ 'ਤੇ ਹੀ ਛੱਡ ਦਿੱਤਾ ਗਿਆ।

ਵਿਦਿਆਰਥੀਆਂ ਨੇ ਕਿਹਾ ਕਿ ਜੇ ਦਾਖਲੇ ਵੇਲੇ ਕਾਲਜ ਰਿਹਾਇਸ਼ ਦਾ ਵਾਅਦਾ ਕਰਦਾ ਹੈ ਤਾਂ ਇਸ ਨੂੰ ਪੂਰਾ ਵੀ ਕਰਨਾ ਚਾਹੀਦਾ ਹੈ ਕਿਉਂਕਿ ਵੱਖ-ਵੱਖ ਮੁਲਕਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀ ਇਸੇ ਭਰੋਸੇ 'ਤੇ ਇਥੇ ਪਹੁੰਚਦੇ ਹਨ। ਉਨ੍ਹਾਂ ਦੱਸਿਆ ਕਿ ਕਲਾਸਾਂ ਸ਼ੁਰੂ ਹੋ ਚੁੱਕੀਆਂ ਸਨ ਤੇ ਰਿਹਾਇਸ਼ ਦਾ ਪ੍ਰਬੰਧ ਨਾ ਹੋਣ ਕਰਕੇ ਵਿਦਿਆਰਥੀਆਂ ਨੂੰ ਪੱਕਾ ਮੋਰਚਾ ਲਾਉਣਾ ਪਿਆ।

ਉਨ੍ਹਾਂ ਕਿਹਾ ਕਿ ਸਾਡੇ ਇਸ ਸੰਘਰਸ਼ ਨੂੰ ਫੇਲ੍ਹ ਕਰਨ ਦੀਆਂ ਕਈ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਹਨ, ਪਰ ਭਾਰੀ ਮੀਂਹ ਅਤੇ ਸਾਰੀਆਂ ਔਕੜਾਂ ਦੇ ਬਾਵਜੂਦ ਅਸੀਂ ਆਪਣਾ ਸੰਘਰਸ਼ ਜਾਰੀ ਰੱਖਿਆ। ਵਿਦਿਆਰਥੀ ਆਗੂਆਂ ਨੇ ਦੱਸਿਆ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡਾ ਦੀ ਆਰਥਿਕਤਾ 'ਚ ਵੱਡਾ ਯੋਗਦਾਨ ਹੈ, ਪਰ ਮੁਨਾਫੇ ਦਾ ਸਾਧਨ ਬਣੀ ਸਿੱਖਿਆ ਨੀਤੀ ਤਹਿਤ ਸਭ ਤੋਂ ਵੱਧ ਮਾਰ ਵੀ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਹੀ ਪੈ ਰਹੀ ਹੈ। ਉਨ੍ਹਾਂ ਦੱਸਿਆ ਕਿ ਪੱਕੇ ਮੋਰਚੇ ਦੇ ਚੌਵੀ ਘੰਟੇ ਬੀਤਣ ਮਗਰੋਂ ਅਖੀਰ ਕਾਲਜ ਪ੍ਰਬੰਧਕਾਂ ਨੂੰ ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ ਹੈ। ਕਾਲਜ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਭਰੋਸਾ ਦਿਵਾਇਆ ਕਿ ਵਿਦਿਆਰਥੀਆਂ ਲਈ ਸਸਤੇ ਰੇਟ 'ਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ, ਬਿਨਾਂ ਕਟੌਤੀ ਪੂਰੀ ਫੀਸ ਵਾਪਸ ਕੀਤੀ ਜਾਵੇਗੀ ਤੇ ਆਈ.ਆਰ.ਸੀ.ਸੀ. ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਦੀਆਂ ਕਲਾਸਾਂ ਆਨਲਾਈਨ ਕੀਤੀਆਂ ਜਾਣਗੀਆਂ।

ਇਸ ਮੌਕੇ ਇਕ ਹੋਰ ਵਿਦਿਆਰਥੀ ਆਗੂ ਮਨਪ੍ਰੀਤ ਕੌਰ ਨੇ ਦੱਸਿਆ ਕਿ ਕਾਲਜ ਪ੍ਰਬੰਧਕਾਂ ਵੱਲੋਂ ਕਾਲਜ ਵਿਚ ਰਹਿਣ ਵਾਲੇ, ਇਥੋਂ ਜਾਣ ਦੇ ਇਛੁੱਕ ਅਤੇ ਰਿਫੰਡ ਦੀ ਮੰਗ ਕਰਨ ਵਾਲੇ ਵਿਦਿਆਰਥੀਆਂ ਦੀ ਸੂਚੀ ਮੰਗੀ ਗਈ ਸੀ, ਜੋ ਉਨ੍ਹਾਂ ਨੂੰ ਸੌਂਪ ਦਿੱਤੀ ਗਈ ਹੈ।

## ਅਮਰੀਕਾ ਗਏ ਪੰਜਾਬੀ ਦੀ ਸੜਕ ਹਾਦਸੇ 'ਚ ਮੌਤ

**ਗੁਰਦਾਸਪੁਰ:** ਦੀਨਾਨਗਰ ਦੇ ਪਿੰਡ ਬਹਾਦਰ ਦੇ ਜੰਮਪਲ ਜਗਜੋਤ ਸਿੰਘ (30) ਦੀ ਅਮਰੀਕਾ ਵਿਚ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਜਗਜੋਤ ਸਿੰਘ 2017 ਵਿਚ ਅਮਰੀਕਾ ਗਿਆ ਸੀ। ਉਹ ਡਰਾਈਵਰੀ ਕਰ ਕੇ ਆਪਣੀ ਰੋਜ਼ੀ ਰੋਟੀ ਚਲਾ ਰਿਹਾ ਸੀ। ਇਨ੍ਹੀਂ ਦਿਨੀਂ ਉਹ ਨਿਊ ਯਾਰਕ ਤੋਂ ਕੈਲੀਫੋਰਨੀਆ ਤੱਕ ਟਰੱਕ ਚਲਾ ਰਿਹਾ ਸੀ। ਉਹ ਪਿਛਲੇ ਦਿਨੀਂ ਲਾਸ ਏਂਜਲਸ ਸ਼ਹਿਰ ਵਿਚ ਸੜਕ ਹਾਦਸੇ ਦੌਰਾਨ ਗੰਭੀਰ ਜ਼ਖ਼ਮੀ ਹੋ ਗਿਆ ਸੀ ਅਤੇ ਉਸ ਨੂੰ ਉਥੋਂ ਦੇ ਇਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਭਰਤੀ ਕਰਵਾਇਆ ਗਿਆ ਸੀ, ਜਿੱਥੇ ਬੀਤੇ ਦਿਨੀਂ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ।

## ਸਰਕਾਰੀ ਸਕੂਲਾਂ 'ਚ ਸੁਰੱਖਿਆ ਗਾਰਡਾਂ ਦੀ ਤਾਇਨਾਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਸੁਰੱਖਿਆ ਗਾਰਡ ਨਿਯੁਕਤ ਕਰ ਦਿੱਤੇ ਗਏ ਹਨ ਅਤੇ ਮੁਢਲੇ ਪੜਾਅ 'ਤੇ 689 ਸਰਕਾਰੀ ਸਕੂਲਾਂ ਵਿਚ ਦੋ-ਦੋ ਸੁਰੱਖਿਆ ਗਾਰਡਾਂ ਦੀ ਤਾਇਨਾਤੀ ਕੀਤੀ ਗਈ ਹੈ। ਸਿੱਖਿਆ ਵਿਭਾਗ ਵੱਲੋਂ ਇਨ੍ਹਾਂ ਸੁਰੱਖਿਆ ਗਾਰਡਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ ਜੋ ਪੈਸਕੋ ਤੋਂ ਆਊਟਸੋਰਸ ਕੀਤੇ ਗਏ ਹਨ। ਸਰਕਾਰੀ ਸਕੂਲਾਂ ਵਿਚ ਵਿਦਿਆਰਥੀ, ਅਧਿਆਪਕਾਂ ਅਤੇ ਸਕੂਲ ਕੈਂਪਸ ਦੀ ਸੁਰੱਖਿਆ ਯਕੀਨੀ ਬਣਾਉਣ ਖਾਤਰ ਇਹ ਤਾਇਨਾਤੀ ਕੀਤੀ ਗਈ ਹੈ। ਸੁਰੱਖਿਆ ਗਾਰਡ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਦਿਆਰਥੀ ਸਕੂਲ ਸਮੇਂ ਦੌਰਾਨ ਬਿਨਾਂ ਸਕੂਲ ਮੁਖੀ ਦੀ ਇਜਾਜ਼ਤ ਤੋਂ ਸਕੂਲ ਤੋਂ ਬਾਹਰ ਨਹੀਂ ਜਾਵੇਗਾ।

# ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਬਲਵਿੰਦਰ ਸਿੰਘ ਰਿਹਾਅ

**ਸ੍ਰੀ ਮੁਕਤਸਰ ਸਾਹਿਬ:** ਸਾਊਦੀ ਅਰਬ ਵਿਚ ਕਤਲ ਕੇਸ 'ਚ ਸਿਰ ਕਲਮ ਕਰਨ ਦੀ ਸਜ਼ਾ ਦਾ ਸਾਹਮਣਾ ਕਰਨ ਵਾਲਾ ਪਿੰਡ ਮੱਲਣ ਦਾ ਬਲਵਿੰਦਰ ਸਿੰਘ ਦੋ ਕਰੋੜ ਰੁਪਏ (ਦਸ ਲੱਖ ਰਿਆਲ) ਦੀ ਬਲੱਡ ਮਨੀ ਦੇਣ ਤੋਂ 16 ਮਹੀਨੇ ਬਾਅਦ ਰਿਹਾਅ ਹੋ ਗਿਆ ਹੈ। ਬਲੱਡ ਮਨੀ ਦੀ ਰਕਮ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵੱਲੋਂ ਅਦਾਲਤ 'ਚ ਜਮ੍ਹਾਂ ਕਰਵਾਉਣ ਮਗਰੋਂ ਅਦਾਲਤ ਨੇ ਬਲਵਿੰਦਰ ਦੀ ਸਜ਼ਾ ਮੁਆਫ ਕਰ ਦਿੱਤੀ ਸੀ। ਜਾਣਕਾਰੀ ਅਨੁਸਾਰ ਬਲਵਿੰਦਰ ਦੀ ਰਿਹਾਈ ਸਜਾ ਮੁਆਫ ਹੋਣ ਤੋਂ 16 ਮਹੀਨਿਆਂ ਬਾਅਦ ਹੋਈ ਹੈ। ਦੂਜੇ ਪਾਸੇ ਬਲਵਿੰਦਰ ਦੀ ਸਜ਼ਾ ਮੁਆਫੀ ਬਾਰੇ ਸੂਚਨਾ ਮਿਲਦਿਆਂ ਹੀ ਪਰਿਵਾਰ ਤੇ ਪਿੰਡ 'ਚ ਖੁਸ਼ੀ ਦਾ ਮਾਹੌਲ ਹੈ।

ਸਜ਼ਾ ਮੁਆਫੀ ਲਈ ਯਤਨ ਕਰਨ ਵਾਲੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂ ਬਿੱਟੂ ਮੱਲਣ ਨੇ ਦੱਸਿਆ ਕਿ ਬਲਵਿੰਦਰ ਸਿੰਘ 2008 'ਚ ਸਾਊਦੀ ਅਰਬ ਗਿਆ ਸੀ। 2012 'ਚ ਸਧਾਰਨ ਲੜਾਈ ਦੀ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਜਿਸ ਦਾ ਦੋਸ਼ ਬਲਵਿੰਦਰ ਸਿੰਘ ਦੇ ਸਿਰ ਆ ਗਿਆ। ਅਦਾਲਤ ਨੇ ਉਸ ਨੂੰ ਸੱਤ ਸਾਲ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ। ਜਦੋਂ ਸੱਤ ਸਾਲ ਕੈਦ ਦੀ ਸਜ਼ਾ ਪੂਰੀ ਹੋਣ ਵਾਲੀ ਸੀ ਤਾਂ 2019 ਵਿਚ ਅਦਾਲਤ ਨੇ ਉਸ ਦਾ ਸਿਰ ਕਲਮ ਕਰਨ ਜਾਂ ਸਾਊਦੀ ਕਾਨੂੰਨ ਅਨੁਸਾਰ ਪੀੜਤ ਪਰਿਵਾਰ ਨੂੰ ਦਸ ਲੱਖ ਰਿਆਲ (ਭਾਰਤੀ ਕਰੰਸੀ 'ਚ ਦੋ ਕਰੋੜ ਰੁਪਏ) ਦੀ ਬਲੱਡਮਨੀ ਦੇਣ ਦਾ ਹੁਕਮ ਜਾਰੀ ਕਰ ਦਿੱਤਾ।




ਸਧਾਰਨ ਪਰਿਵਾਰ ਇੰਨੀ ਰਕਮ ਦੇਣ ਦੇ ਸਮਰੱਥ ਨਹੀਂ ਸੀ। ਇਸ ਲਈ ਕਿਸਾਨ ਜਥੇਬੰਦੀ ਨੇ ਇਹ ਪੈਸੇ ਇਕੱਠੇ ਕਰਨ ਲਈ ਹੀਲਾ ਕੀਤਾ। ਸਿਰ ਕਲਮ ਕਰਨ ਲਈ 18 ਮਈ 2022 ਦਾ ਦਿਨ ਤੈਅ ਕੀਤਾ ਗਿਆ ਸੀ, ਪਰ ਜਥੇਬੰਦੀ ਇਸ ਤੋਂ ਪਹਿਲਾਂ ਹੀ ਦੋ ਕਰੋੜ ਰੁਪਏ ਇਕੱਠੇ ਕਰਕੇ ਸਾਊਦੀ ਅਰਬ ਦੀ ਅਦਾਲਤ 'ਚ ਭੇਜ ਦਿੱਤੇ। ਇਸ ਵਾਸਤੇ ਲੰਬੀ ਕਾਗਜ਼ੀ ਕਾਰਵਾਈ ਕਰਨੀ ਪਈ। ਉਸ ਨੇ ਦੱਸਿਆ ਕਿ ਬਲੱਡ ਮਨੀ ਮਿਲਣ ਤੋਂ ਬਾਅਦ ਭਾਵੇਂ ਅਦਾਲਤ ਨੇ ਸਿਰ ਕਲਮ ਦੀ ਸਜ਼ਾ ਤਾਂ ਮੁਆਫ ਕਰ ਦਿੱਤੀ ਪਰ ਜੇਲ੍ਹ 'ਚੋਂ ਰਿਹਾਅ ਨਹੀਂ ਕੀਤਾ। ਇਸ ਲਈ ਜਥੇਬੰਦੀ ਨੇ ਫਿਰ ਸੰਘਰਸ਼ ਵਿੱਢਿਆ ਅਤੇ ਡਿਪਟੀ ਕਮਿਸ਼ਨਰ ਤੋਂ ਲੈ ਕੇ ਕੇਂਦਰੀ ਅਧਿਕਾਰੀਆਂ ਤੇ ਵਿਦੇਸ਼ ਵਿਭਾਗ ਨਾਲ ਸੰਪਰਕ ਕੀਤਾ। ਅਖੀਰ 16 ਮਹੀਨਿਆਂ ਬਾਅਦ ਬਲਵਿੰਦਰ ਸਿੰਘ ਨੂੰ ਸਾਊਦੀ ਅਦਾਲਤ ਨੇ ਹੁਣ ਰਿਹਾਅ ਕੀਤਾ ਹੈ।

# ਅਕਾਲੀ ਦਲ ਨੇ ਬਿਜਲੀ ਕੱਟਾਂ ਉਤੇ ਪੰਜਾਬ ਸਰਕਾਰ ਨੂੰ ਘੇਰਿਆ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਬਿਜਲੀ ਕਟੌਤੀ ਅਤੇ ਨਹਿਰਬੰਦੀ ਕਾਰਨ ਖੇਤਾਂ 'ਚ ਖੜ੍ਹੀ ਝੋਨੇ ਦੀ ਫਸਲ ਸੁੱਕਣ ਲੱਗੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਤੇ ਘੇਰਦਿਆਂ ਆਖਿਆ ਕਿ ਮੁੱਖ ਮੰਤਰੀ ਵੱਲੋਂ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਸਨ ਕਿ ਖੇਤੀ ਸੈਕਟਰ 'ਚ ਸਰਕਾਰ ਬਿਜਲੀ ਦੀ ਕੋਈ ਕਮੀ ਨਹੀਂ ਰਹਿਣ ਦੇਵੇਗੀ ਪਰ ਇਸ ਦੇ ਉਲਟ ਹਾਲਾਤ ਸੋਕੇ ਵਾਲੇ ਬਣ ਗਏ ਹਨ।




ਸ੍ਰੀ ਬਾਦਲ ਨੇ ਪਿੰਡ ਚੱਕ ਅਤਰ ਸਿੰਘ ਵਾਲਾ ਦੇ ਖੇਤਾਂ ਦਾ ਦੌਰਾ ਕਰਦਿਆਂ ਕਿਹਾ ਕਿ ਖੇਤੀ ਸੈਕਟਰ ਨੂੰ ਬਿਜਲੀ ਸਿਰਫ ਘੰਟਾ, ਡੇਢ ਘੰਟਾ ਹੀ ਮਿਲ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਆਂਢੀ ਸੂਬੇ ਰਾਜਸਥਾਨ ਨੂੰ ਪੰਜਾਬ ਤੋਂ ਨਹਿਰੀ ਪਾਣੀ ਪੂਰੀ ਮਾਤਰਾ 'ਚ ਜਾ ਰਿਹਾ ਹੈ ਪਰ ਸੂਬੇ ਦੀਆਂ ਆਪਣੀਆਂ ਨਹਿਰਾਂ ਤੇ ਕੱਸੀਆਂ ਸੁੱਕੀਆਂ ਪਈਆਂ ਹਨ।

ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਖੇਤੀ ਸੈਕਟਰ ਦੀ ਬਿਜਲੀ ਪੂਰਤੀ ਲਈ ਜੇ ਸਰਕਾਰ ਨੂੰ ਬਿਜਲੀ ਖ਼ਰੀਦਣ ਦੀ ਜ਼ਰੂਰਤ ਹੈ ਤਾਂ ਉਹ ਪਹਿਲ ਦੇ ਆਧਾਰ 'ਤੇ ਖ਼ਰੀਦਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਪੰਜਾਬ ਨੂੰ ਸਰਪਲੱਸ ਬਿਜਲੀ ਸੂਬਾ ਬਣਾਇਆ ਗਿਆ ਸੀ ਜਿਸ ਸਦਕਾ ਹਾਲੇ ਤੱਕ ਫਾਇਦਾ ਮਿਲ ਰਿਹਾ ਹੈ। ਉਨ੍ਹਾਂ 'ਆਪ' ਸਰਕਾਰ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਰਕਾਰ ਨੇ ਆਪਣੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਇਕ ਵੀ ਯੂਨਿਟ ਬਿਜਲੀ ਪੈਦਾ ਕਰਨ ਦਾ ਕੋਈ ਨਵਾਂ ਪ੍ਰੋਜੈਕਟ ਸਥਾਪਿਤ ਨਹੀਂ ਕੀਤਾ।

## ਬਿਨਾਂ ਕੱਟ ਬਿਜਲੀ ਸਪਲਾਈ ਦਾ ਦਾਅਵਾ

**ਚੰਡੀਗੜ੍ਹ:** ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਨੇ 9 ਸਤੰਬਰ ਨੂੰ ਰਿਕਾਰਡ 3427 ਲੱਖ ਯੂਨਿਟ (ਐੱਲਯੂ) ਬਿਜਲੀ ਸਪਲਾਈ ਕੀਤੀ ਜਦਕਿ ਪੂਰਾ ਦਿਨ ਬਿਜਲੀ ਦੀ ਮੰਗ ਲਗਭਗ 14,400 ਮੈਗਾਵਾਟ ਰਹੀ। ਇਸ ਸਾਲ ਮਾਨਸੂਨ ਤੋਂ ਪਹਿਲਾਂ 23 ਜੂਨ ਨੂੰ ਸਭ ਤੋਂ ਵੱਧ ਬਿਜਲੀ ਸਪਲਾਈ 3425 ਲੱਖ ਯੂਨਿਟ ਰਹੀ ਸੀ। ਉਨ੍ਹਾਂ ਕਿਹਾ ਕਿ ਅਗਸਤ ਮਹੀਨੇ ਦੌਰਾਨ 63 ਫੀਸਦ ਘੱਟ ਬਾਰਿਸ਼ ਅਤੇ ਸਤੰਬਰ ਮਹੀਨੇ ਵਿਚ ਹੁਣ ਤੱਕ ਨਾਂਮਾਤਰ ਮੀਂਹ ਪੈਣ ਕਾਰਨ ਖੇਤੀਬਾੜੀ, ਘਰੇਲੂ ਅਤੇ ਵਪਾਰਕ ਵਰਗਾਂ ਦੇ ਖਪਤਕਾਰਾਂ ਦੇ ਮਾਮਲੇ ਵਿਚ ਬਿਜਲੀ ਦੀ ਮੰਗ ਕਾਫੀ ਵਧ ਗਈ ਹੈ। ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਵੱਲੋਂ ਕੀਤੇ ਗਏ ਢੁਕਵੇਂ ਪ੍ਰਬੰਧਾਂ ਕਾਰਨ ਪੰਜਾਬ ਵਿਚ ਖਪਤਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਬਿਨਾਂ ਕਿਸੇ ਕਟੌਤੀ ਦੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ।

## ਕੋਵਿਡ ਦੇ ਇਲਾਜ ਦੌਰਾਨ ਬੱਚੇ ਦੀਆਂ ਅੱਖਾਂ ਭੂਰੀਆਂ ਤੋਂ ਨੀਲੀਆਂ ਹੋਈਆਂ



**ਚੰਡੀਗੜ੍ਹ:** ਥਾਈਲੈਂਡ ਵਿਚ ਦੁਰਲੱਭ ਮਾਮਲਾ ਸਾਹਮਣੇ ਆਇਆ ਹੈ, ਜਿਥੇ ਨਵਜੰਮੇ ਬੱਚੇ ਦੀ ਅੱਖਾਂ ਦਾ ਰੰਗ ਕੋਵਿਡ ਦਾ ਇਲਾਜ ਕਰਨ ਬਾਅਦ ਭੂਰੇ ਤੋਂ ਨੀਲੇ ਵਿਚ ਬਦਲ ਗਿਆ। ਬੱਚੇ, ਜਿਸ ਨੂੰ ਖੰਘ ਅਤੇ ਬੁਖਾਰ ਸੀ, ਦਾ ਕੋਵਿਡ ਲਈ ਟੈਸਟ ਕੀਤਾ ਗਿਆ ਸੀ, ਜਿਸ ਵਿਚ ਉਹ ਪਾਜ਼ੇਟਿਵ ਨਿਕਲਿਆ। ਟੈਸਟ ਦੇ ਬਾਅਦ ਬੱਚੇ ਦਾ ਬੈਂਕਾਕ ਵਿਚ ਡਾਕਟਰਾਂ ਵੱਲੋਂ ਫੈਵੀਪੀਰਾਵਿਰ ਦੀ ਵਰਤੋਂ ਕਰਕੇ ਇਲਾਜ ਕੀਤਾ ਗਿਆ। ਬੱਚੇ ਨੂੰ ਦਵਾਈ ਦੇਣ ਤੋਂ ਕੁਝ ਘੰਟਿਆਂ ਬਾਅਦ ਮਾਂ ਨੇ ਬੱਚੇ ਦੀਆਂ ਅੱਖਾਂ ਦੇ ਰੰਗ ਵਿਚ ਬਦਲਾਅ ਦੇਖਿਆ। ਬੱਚੇ ਦੀ ਸਿਹਤ ਵਿਚ ਸੁਧਾਰ ਹੋਣ ਕਾਰਨ ਦਵਾਈ ਬੰਦ ਕਰ ਦਿੱਤੀ ਗਈ, ਜਿਸ ਤੋਂ ਬਾਅਦ ਅੱਖਾਂ ਮੁੜ ਭੂਰੀਆਂ ਹੋ ਗਈਆਂ।

ਭਾਰਤ ਵਿਚ 2021 ਵਿਚ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਸੀ, ਫੈਵੀਪੀਰਾਵਿਰ ਲੈਣ ਤੋਂ ਬਾਅਦ 20 ਸਾਲਾ ਨੌਜਵਾਨ ਦੀਆਂ ਅੱਖਾਂ ਨੀਲੀਆਂ ਹੋ ਗਈਆਂ ਸਨ। ਫੈਵੀਪੀਰਾਵਿਰ, ਕਈ ਕਿਸਮ ਦੇ ਵਾਇਰਸਾਂ ਨੂੰ ਮਾਰਨ ਲਈ ਵਰਤਿਆ ਜਾਂਦਾ ਹੈ, ਦੀ ਵਰਤੋਂ ਚੀਨ ਵਿਚ 2020 ਵਿਚ ਕੋਵਿਡ ਦੇ ਇਲਾਜ ਲਈ ਕੀਤੀ ਗਈ ਸੀ। ਬਾਅਦ ਵਿਚ ਭਾਰਤ, ਥਾਈਲੈਂਡ ਅਤੇ ਜਾਪਾਨ ਵਰਗੇ ਹੋਰ ਦੇਸ਼ਾਂ ਨੇ ਕੋਵਿਡ ਲਈ ਇਸ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ।

# ਆਜ਼ਾਦੀ ਦਾ ਮੁੱਢ ਸਤਿਗੁਰੂ ਰਾਮ ਸਿੰਘ ਨੇ ਬੰਨ੍ਹਿਆ: ਭਾਗਵਤ

**ਮਾਛੀਵਾੜਾ:** ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਮੌਜੂਦਾ ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਦੀ ਹਾਜ਼ਰੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਅਤੇ ਮਾਤਾ ਭੁਪਿੰਦਰ ਕੌਰ ਦੀ ਯਾਦ ਵਿਚ ਸਿਮ੍ਰਤੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਆਖਿਆ ਕਿ ਦੇਸ਼ ਦੀ ਆਜ਼ਾਦੀ ਦਾ ਮੁੱਢ ਸਤਿਗੁਰੂ ਰਾਮ ਸਿੰਘ ਨੇ ਵਿਦੇਸ਼ੀ ਸਾਮਾਨ ਦਾ ਮੁਕੰਮਲ ਬਾਈਕਾਟ ਕਰ ਕੇ ਬੰਨ੍ਹਿਆ। ਅੱਜ ਮਜ਼ਬੂਤ ਭਾਰਤ ਬਣਾਉਣ ਲਈ ਸਤਿਗੁਰੂ ਜੀ ਤੋਂ ਪ੍ਰੇਰਨਾ ਲੈ ਕੇ ਵਿਦੇਸ਼ੀ ਸਾਮਾਨ ਦਾ ਮੁਕੰਮਲ ਬਾਈਕਾਟ ਕਰਨ ਦੀ ਲੋੜ ਹੈ।

# ਗ੍ਰੀਨ ਕਾਰਡ: ਬਕਾਇਆ 18 ਲੱਖ ਅਰਜ਼ੀਆਂ 'ਚੋਂ 11 ਲੱਖ ਭਾਰਤ ਤੋਂ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤੀਆਂ ਲਈ ਗ੍ਰੀਨ ਕਾਰਡ ਦਾ ਇੰਤਜ਼ਾਰ ਖਤਮ ਹੋਣ ਦਾ ਨਾਮ ਨਹੀਂ ਲੈ ਰਿਹਾ ਹੈ। 10.5 ਲੱਖ ਤੋਂ ਵੱਧ ਭਾਰਤੀ ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਲਈ ਕਤਾਰ ਵਿਚ ਹਨ ਤੇ ਕਰੀਬ ਚਾਰ ਲੱਖ ਲੋਕਾਂ ਦੀ ਅਮਰੀਕਾ ਵਿਚ ਸਥਾਈ ਨਿਵਾਸ ਦਾ ਕਾਨੂੰਨੀ ਦਸਤਾਵੇਜ਼ ਮਿਲਣ ਤੋਂ ਪਹਿਲਾਂ ਹੀ ਮੌਤ ਹੋ ਸਕਦੀ ਹੈ।

ਇਕ ਨਵੇਂ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ। ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਸਥਾਈ ਨਿਵਾਸੀ ਕਾਰਡ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਅਮਰੀਕਾ ਵਿਚ ਪਰਵਾਸੀਆਂ ਨੂੰ ਸਬੂਤ ਦੇ ਤੌਰ 'ਤੇ ਜਾਰੀ ਕੀਤਾ ਜਾਣ ਵਾਲਾ ਇਕ ਦਸਤਾਵੇਜ਼ ਹੈ ਜੋ ਦੱਸਦਾ ਹੈ ਕਿ ਧਾਰਕ ਨੂੰ ਸਥਾਈ ਰੂਪ 'ਚ ਦੇਸ਼ ਵਿਚ ਰਹਿਣ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ। ਹਰ ਮੁਲਕ ਦੇ ਲੋਕਾਂ ਨੂੰ ਗ੍ਰੀਨ ਕਾਰਡ ਜਾਰੀ ਕਰਨ ਦੀ ਗਿਣਤੀ ਸੀਮਤ ਹੈ। ਅਮਰੀਕੀ ਥਿੰਕ ਟੈਂਕ 'ਕੈਟੋ ਇੰਸਟੀਚਿਊਟ' ਦੇ ਡੇਵਿਡ ਜੇ ਬਾਇਰ ਦੇ ਅਧਿਐਨ ਮੁਤਾਬਕ, 'ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਲਈ ਬਕਾਇਆ ਅਰਜ਼ੀਆਂ ਦੀ ਗਿਣਤੀ ਇਸ ਸਾਲ 18 ਲੱਖ ਦੇ ਰਿਕਾਰਡ ਪੱਧਰ ਤੱਕ ਪਹੁੰਚ ਗਈ ਹੈ। ਇਨ੍ਹਾਂ ਵਿਚੋਂ 11 ਲੱਖ



(63 ਪ੍ਰਤੀਸ਼ਤ) ਅਰਜ਼ੀਆਂ ਭਾਰਤ ਤੋਂ ਹਨ। ਕਰੀਬ 2,50,000 (14 ਪ੍ਰਤੀਸ਼ਤ) ਚੀਨ ਤੋਂ ਹਨ। ਅਧਿਐਨ ਮੁਤਾਬਕ ਕਿਸੇ ਵੀ ਦੇਸ਼ ਨੂੰ ਸੱਤ ਪ੍ਰਤੀਸ਼ਤ ਤੋਂ ਵੱਧ ਗ੍ਰੀਨ ਕਾਰਡ ਨਹੀਂ ਦਿੱਤੇ ਜਾ ਸਕਦੇ। ਭਾਰਤੀਆਂ ਦੀਆਂ 11 ਲੱਖ ਬਕਾਇਆ ਅਰਜ਼ੀਆਂ ਵਿਚੋਂ ਜ਼ਿਆਦਾਤਰ ਖਾਮੀਆਂ ਵਾਲੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਸ਼ਿਕਾਰ ਹਨ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਨਵੇਂ ਅਰਜ਼ੀਕਰਤਾਵਾਂ ਨੂੰ ਜੀਵਨ ਭਰ ਲਈ ਇੰਤਜ਼ਾਰ ਕਰਨਾ ਪਏਗਾ ਤੇ 4 ਲੱਖ ਤੋਂ ਵੱਧ ਲੋਕਾਂ ਦੀ ਗ੍ਰੀਨ ਕਾਰਡ ਮਿਲਣ ਤੋਂ ਪਹਿਲਾਂ ਹੀ ਮੌਤ ਵੀ ਹੋ ਸਕਦੀ ਹੈ।

# ਪੰਜਾਬ ਪੁਲਿਸ ਵਿਚ ਹਰਿਆਣਾ ਦੇ ਨੌਜਵਾਨਾਂ ਦੀ ਭਰਤੀ ਉਤੇ ਸਿਆਸਤ ਭਖੀ

**ਜਲੰਧਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਥੇ ਪੀ.ਏ.ਪੀ. ਕੰਪਲੈਕਸ 'ਚ ਕਰਵਾਏ ਗਏ ਸਮਾਗਮ ਦੌਰਾਨ 560 ਸਬ-ਇੰਸਪੈਕਟਰਾਂ ਨੂੰ ਨਿਯੁਕਤੀ ਪੱਤਰ ਵੰਡੇ। ਉਨ੍ਹਾਂ ਕਿਹਾ ਕਿ ਇਹ ਨਿਯੁਕਤੀ ਪੱਤਰ ਦੋ ਸਾਲ ਪਹਿਲਾਂ ਵੰਡੇ ਜਾਣੇ ਚਾਹੀਦੇ ਸਨ। ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਨਵ-ਨਿਯੁਕਤ ਸਬ-ਇੰਸਪੈਕਟਰ ਆਪਣੀ ਡਿਊਟੀ ਇਮਾਨਦਾਰੀ, ਤਨਦੇਹੀ ਅਤੇ ਸਮਰਪਿਤ ਭਾਵਨਾ ਨਾਲ ਨਿਭਾਉਣਗੇ।



ਉਧਰ, ਮਾਨਸਾ ਪੁਲਿਸ ਦੇ ਸੱਤ ਸਬ-ਇੰਸਪੈਕਟਰਾਂ ਦੀ ਭਰਤੀ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ, ਕਿਉਂਕਿ ਇਨ੍ਹਾਂ ਵਿਚੋਂ ਛੇ ਸਬ-ਇੰਸਪੈਕਟਰ ਗੁਆਂਢੀ ਸੂਬੇ ਹਰਿਆਣਾ ਦੇ ਹੋਣ ਕਾਰਨ ਪੰਜਾਬ ਵਿਚ ਸਿਆਸਤ ਗਰਮਾ ਗਈ ਹੈ। ਇਹ ਸਬ-ਇੰਸਪੈਕਟਰ ਪੁਲਿਸ ਵੱਲੋਂ 6 ਸਤੰਬਰ ਦੇ ਪੱਤਰ ਨੰਬਰ 7313 ਤਹਿਤ ਨਿਯੁਕਤ ਕੀਤੇ ਗਏ ਹਨ। ਪੰਜਾਬ ਸਰਕਾਰ ਨੇ ਭਰਤੀ ਕੀਤੇ ਇਨ੍ਹਾਂ ਪੁਲਿਸ ਸਬ-ਇੰਸਪੈਕਟਰਾਂ ਦੀ ਸੂਚੀ ਸੋਸ਼ਲ ਮੀਡੀਆ 'ਤੇ ਨਸ਼ਰ ਹੋ ਗਈ। ਇਸ ਕਾਰਨ ਸਿਆਸਤ ਗਰਮਾ ਗਈ ਹੈ ਅਤੇ ਵਿਰੋਧੀ ਧਿਰਾਂ ਭਗਵੰਤ ਮਾਨ ਤੋਂ ਜਵਾਬ ਮੰਗ ਰਹੀਆਂ ਹਨ। ਸੂਚੀ ਅਨੁਸਾਰ ਸੰਦੀਪ ਪੂਨੀਆ ਵਾਸੀ ਲਾਂਡਵਾਂ (ਹਿਸਾਰ), ਮਨਦੀਪ ਬਿਦਾਨ ਵਾਸੀ ਪੈਗਾਮ (ਜੀਂਦ), ਰੁਪਿੰਦਰ ਮਲਿਕ ਵਾਸੀ ਦੁਰਜਨਪੁਰ, ਪਰਵੇਸ਼ ਮੌਰ ਵਾਸੀ ਹਿਸਾਰ, ਕਰਮਜੀਤ ਕੌਰ ਵਾਸੀ ਮਿਊਰ ਖੁਰਦ (ਫਤਿਆਬਾਦ), ਸੋਨੂੰ ਰਾਣੀ ਜੰਡਲੀ ਕਲਾਂ (ਫਤਿਆਬਾਦ) ਹਰਿਆਣੇ 'ਚੋਂ ਹਨ, ਜਦੋਂ ਕਿ ਕੁਲਦੀਪ ਸਿੰਘ ਵਾਸੀ ਰਾਮਪੁਰਾ ਫੂਲ (ਬਠਿੰਡਾ) ਸਿਰਫ ਪੰਜਾਬ ਵਿਚੋਂ ਹੈ। ਮਾਨਸਾ ਜ਼ਿਲ੍ਹੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਸੂਚੀ ਉਪਰੋਂ ਜਾਰੀ ਹੋਈ ਹੈ।

ਹਵਾਰਾ ਕਮੇਟੀ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਨੌਜਵਾਨਾਂ ਦੀ ਯੋਗਤਾ ਨੂੰ ਅਣਗੌਲਿਆਂ ਕਰਦਿਆਂ ਹਰਿਆਣਾ ਦੇ ਛੇ ਨੌਜਵਾਨਾਂ ਨੂੰ ਪੁਲਿਸ ਵਿਚ ਸਬ-ਇੰਸਪੈਕਟਰ ਵਜੋਂ ਭਰਤੀ ਕਰ ਕੇ ਸੂਬੇ ਨਾਲ ਬੇਵਫ਼ਾਈ ਕੀਤੀ ਹੈ। ਜਥੇਦਾਰ ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ ਅਤੇ ਐਡਵੋਕੇਟ ਅਮਰ ਸਿੰਘ ਚਾਹਲ ਨੇ ਦੋਸ਼ ਲਾਇਆ ਕਿ ਇਨ੍ਹਾਂ ਨਿਯੁਕਤੀਆਂ ਤੋਂ ਇਲਾਵਾ ਪੰਜਾਬ ਸਰਕਾਰ ਦੇ ਹੋਰ ਮਹਿਕਮਿਆਂ ਵਿਚ ਵੀ ਦੂਜੇ ਸੂਬੇ ਦੇ ਵਸਨੀਕਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇਸ ਰੁਝਾਨ ਨੂੰ ਰੋਕਣ ਲਈ ਪੰਜਾਬੀਆਂ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਦੀ ਤਰਜ਼ 'ਤੇ ਕਾਨੂੰਨ ਬਣਾਉਣ ਦੀ ਲੋੜ ਹੈ।

ਉਧਰ, ਪੰਜਾਬ ਸਰਕਾਰ ਨੇ ਆਪਣੀ ਪਿੱਠ ਥਾਪੜਦੇ ਹੋਏ ਦਾਅਵਾ ਕੀਤਾ ਹੈ ਕਿ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿਚ 35,000 ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ। ਇਹ ਇਕ ਰਿਕਾਰਡ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਵਿਚੋਂ ਕਿਸੇ ਵੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿੱਚ ਨੌਜਵਾਨਾਂ ਨੂੰ ਇੰਨੀਆਂ ਨੌਕਰੀਆਂ ਨਹੀਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ 560 ਸਬ-ਇੰਸਪੈਕਟਰਾਂ 'ਚੋਂ 95 ਫੀਸਦੀ ਨੌਜਵਾਨ ਸੂਬੇ ਦੇ ਹਨ ਅਤੇ ਬਾਕੀ ਵੀ ਹੋਰਨਾਂ ਸੂਬਿਆਂ ਤੋਂ ਪੰਜਾਬ ਵਿਚ ਰਹਿ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਨੇ ਮੈਰਿਟ 'ਚ ਪੰਜਾਬੀ ਭਾਸ਼ਾ ਦਾ ਟੈਸਟ ਪਾਸ ਕੀਤਾ ਹੈ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਮੋਹਰੀ ਸਥਾਨ ਹਾਸਲ ਕੀਤੇ ਹਨ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਪੁਲਿਸ ਵਿਚ 1700 ਕਾਂਸਟੇਬਲਾਂ ਦੀ ਭਰਤੀ ਲਈ ਜਲਦ ਹੀ ਮੁਹਿੰਮ ਵਿੱਢੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸੜਕ ਹਾਦਸਿਆਂ 'ਚ ਮੌਤਾਂ ਦੀ ਦਰ ਨੂੰ ਘਟਾਉਣ ਅਤੇ ਸੜਕਾਂ 'ਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਸੂਬਾ ਸਰਕਾਰ ਨੇ ਸੜਕ ਸੁਰੱਖਿਆ ਫੋਰਸ ਤਿਆਰ ਕੀਤੀ ਹੈ। ਮੁੱਖ ਮੰਤਰੀ ਨੇ ਦੁਹਰਾਇਆ ਕਿ ਉਹ ਕਦੇ ਵੀ ਸਰਕਾਰੀ ਖਜ਼ਾਨੇ ਦਾ ਪੈਸਾ ਨਿੱਜੀ ਜਾਂ ਪਰਿਵਾਰਕ ਹਿੱਤਾਂ ਲਈ ਵਰਤਣ ਬਾਰੇ ਸੋਚ ਵੀ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਉਹ ਕਰਦਾਤਿਆਂ ਦੇ ਪੈਸੇ ਵਿਚੋਂ ਇਕ ਵੀ ਪੈਸਾ ਖਾਣ ਨਾਲੋਂ ਮਰਨਾ ਪਸੰਦ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਅਣਥੱਕ ਮਿਹਨਤ ਕਰ ਰਹੀ ਹੈ।

### ਮਾਨਸਾ ਪੁਲਿਸ ਦੇ 7 'ਚੋਂ 6 ਸਬ-ਇੰਸਪੈਕਟਰ ਹਰਿਆਣੇ ਤੋਂ

**ਮਾਨਸਾ:** ਮਾਨਸਾ ਪੁਲਿਸ ਦੇ ਸੱਤ ਸਬ-ਇੰਸਪੈਕਟਰਾਂ ਦੀ ਭਰਤੀ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ, ਕਿਉਂਕਿ ਇਨ੍ਹਾਂ ਵਿਚੋਂ ਛੇ ਸਬ-ਇੰਸਪੈਕਟਰ ਗੁਆਂਢੀ ਸੂਬੇ ਹਰਿਆਣਾ ਦੇ ਹੋਣ ਕਾਰਨ ਪੰਜਾਬ ਵਿਚ ਸਿਆਸਤ ਗਰਮਾ ਗਈ ਹੈ। ਇਹ ਸਬ-ਇੰਸਪੈਕਟਰ ਪੁਲਿਸ ਵੱਲੋਂ 6 ਸਤੰਬਰ ਦੇ ਪੱਤਰ ਨੰਬਰ 7313 ਤਹਿਤ ਨਿਯੁਕਤ ਕੀਤੇ ਗਏ ਹਨ। ਪੰਜਾਬ ਸਰਕਾਰ ਨੇ ਭਰਤੀ ਕੀਤੇ ਇਨ੍ਹਾਂ ਪੁਲਿਸ ਸਬ-ਇੰਸਪੈਕਟਰਾਂ ਦੀ ਸੂਚੀ ਸੋਸ਼ਲ ਮੀਡੀਆ 'ਤੇ ਨਸ਼ਰ ਹੋ ਗਈ। ਇਸ ਕਾਰਨ ਸਿਆਸਤ ਗਰਮਾ ਗਈ ਹੈ

### ਅੰਕੜੇ ਤੋੜ-ਮਰੋੜ ਕੇ ਪੇਸ਼ ਕੀਤੇ: ਕੰਗ

**ਚੰਡੀਗੜ੍ਹ:** 'ਆਪ' ਦੇ ਸੂਬਾਈ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਅੰਕੜਿਆਂ ਨੂੰ ਵਿਰੋਧੀ ਧਿਰਾਂ ਵੱਲੋਂ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਦਕਿ ਅਸਲੀਅਤ ਇਹ ਹੈ ਕਿ ਲਗਭਗ 500 ਸਬ-ਇੰਸਪੈਕਟਰਾਂ ਦੀ ਇਹ ਭਰਤੀ ਪੂਰੀ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜੇ ਆਪਣੇ ਰਾਜ ਭਾਗ ਦੌਰਾਨ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਦੇ ਸਕੇ, ਉਹ ਹੁਣ ਸਰਕਾਰ ਨੂੰ ਬਦਨਾਮ ਕਰ ਰਹੇ ਹਨ।

## ਸੀ.ਬੀ.ਆਈ. ਵੱਲੋਂ ਕਰ ਅਤੇ ਆਬਕਾਰੀ ਵਿਭਾਗ ਦੇ 10 ਅਫਸਰ ਦਿੱਲੀ ਤਲਬ

**ਚੰਡੀਗੜ੍ਹ:** ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਨਾਲ ਸਬੰਧਤ 10 ਅਧਿਕਾਰੀਆਂ ਨੂੰ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਤਲਬ ਕਰ ਲਿਆ ਹੈ। ਇਨ੍ਹਾਂ ਅਫਸਰਾਂ ਨੂੰ ਦਿੱਲੀ ਆਬਕਾਰੀ ਨੀਤੀ ਦੀ ਚੱਲ ਰਹੀ ਜਾਂਚ ਵਿਚ ਸ਼ਾਮਲ ਹੋਣ ਲਈ ਸੰਮਨ ਭੇਜੇ ਗਏ ਹਨ। ਸੀ.ਆਰ.ਪੀ.ਸੀ. ਦੀ ਧਾਰਾ 160 ਤਹਿਤ ਜਾਰੀ ਸੰਮਨ ਆਬਕਾਰੀ ਤੇ ਕਰ ਵਿਭਾਗ ਦੇ ਮੁੱਖ ਦਫਤਰ ਰਾਹੀਂ ਭੇਜੇ ਗਏ ਹਨ। ਕੇਂਦਰੀ ਜਾਂਚ ਏਜੰਸੀ ਦੀ ਇਸ ਕਾਰਵਾਈ ਨਾਲ ਪ੍ਰਸ਼ਾਸਕੀ ਹਲਕਿਆਂ ਵਿਚ ਹਲਚਲ ਪਾਈ ਜਾ ਰਹੀ ਹੈ।




ਸਰਕਾਰ ਵੱਲੋਂ ਐਡਵੋਕੇਟ ਜਨਰਲ ਦਫਤਰ ਦੇ ਵਕੀਲਾਂ ਨਾਲ ਇਸ ਬਾਰੇ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ ਕਿ ਇਸ ਨਵੀਂ ਬਿਪਤਾ ਨਾਲ ਕਾਨੂੰਨੀ ਤੌਰ 'ਤੇ ਕਿਵੇਂ ਸਿੱਝਿਆ ਜਾਵੇ। ਸੀ.ਬੀ.ਆਈ. ਵੱਲੋਂ ਜਿਨ੍ਹਾਂ ਅਫਸਰਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ ਉਨ੍ਹਾਂ ਵਿਚ ਹੇਠਲੇ ਪੱਧਰ ਦੇ ਨਾਨ-ਗਜ਼ਟਿਡ ਅਫਸਰ ਵੀ ਸ਼ਾਮਲ ਹਨ। ਸੂਤਰਾਂ ਦਾ ਦੱਸਣਾ ਹੈ ਕਿ ਸੀ.ਬੀ.ਆਈ. ਦੇ ਨਿਸ਼ਾਨੇ 'ਤੇ ਆਮ ਆਦਮੀ ਪਾਰਟੀ ਦਾ ਇਕ ਸੀਨੀਅਰ ਆਗੂ ਵੀ ਹੈ। ਉਸ ਖਿਲਾਫ਼ ਸਬੂਤ ਇਕੱਠੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮਾਨਸੂਨ ਸੈਸ਼ਨ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਕੋਲੋਂ ਮੰਗ ਕੀਤੀ ਸੀ ਕਿ ਦਿੱਲੀ ਦੀ ਨੀਤੀ ਦੀ ਤਰਜ਼ 'ਤੇ ਪੰਜਾਬ ਆਬਕਾਰੀ ਨੀਤੀ ਦੀ ਵੀ ਜਾਂਚ ਕਰਵਾਈ ਜਾਵੇ। ਇਸ ਸ਼ਿਕਾਇਤ ਤੋਂ ਬਾਅਦ ਸੀ.ਬੀ.ਆਈ. ਦੀ ਇਹ ਪਹਿਲੀ ਕਾਰਵਾਈ ਹੈ। ਹਾਲਾਂਕਿ, ਇਸ ਤੋਂ ਪਹਿਲਾਂ ਕਰ ਤੇ ਆਬਕਾਰੀ ਵਿਭਾਗ ਦੇ ਸਾਬਕਾ ਪ੍ਰਮੁੱਖ ਸਕੱਤਰ ਕੇ.ਏ.ਪੀ. ਸਿਨਹਾ ਸਣੇ ਕਈ ਅਫਸਰਾਂ ਨੂੰ ਤਲਬ ਕੀਤਾ ਜਾ ਚੁੱਕਾ ਹੈ।

## ਪੰਜਾਬੀ 'ਵਰਸਿਟੀ: ਹੁਣ ਲੜਕੇ ਵੀ ਕਰ ਸਕਣਗੇ ਪ੍ਰਾਈਵੇਟ ਪੜ੍ਹਾਈ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਨੇ ਇਸ ਵਾਰ ਲੜਕਿਆਂ ਨੂੰ ਵੀ ਪ੍ਰਾਈਵੇਟ ਤੌਰ ਉਤੇ ਐਮ.ਏ. ਅਤੇ ਬੀ.ਏ.ਕੋਰਸ ਕਰਵਾਉਣ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਪ੍ਰਾਈਵੇਟ ਇਮਤਿਹਾਨ ਦੀ ਸਹੂਲਤ ਸਿਰਫ ਲੜਕੀਆਂ ਲਈ ਹੀ ਸੀ। ਯੂਨੀਵਰਸਿਟੀ ਨੇ ਇਸ ਸਬੰਧੀ ਹਦਾਇਤਾਂ ਆਪਣੀ ਵੈਬਸਾਈਟ ਉਤੇ ਅਪਲੋਡ ਕਰ ਦਿੱਤੀਆਂ ਹਨ।



ਪ੍ਰਾਈਵੇਟ ਤੌਰ 'ਤੇ ਬੀ.ਏ. ਕੋਰਸ ਵਿਚ ਦਾਖਲ ਹੋਣ ਤੋਂ ਬਾਅਦ ਬੀ.ਏ. ਪਹਿਲੇ ਸਮੈਸਟਰ ਵਿਚ ਇਮਤਿਹਾਨ ਨੂੰ ਪਾਸ ਕਰਨ ਲਈ ਹਰੇਕ ਵਿਸ਼ੇ ਵਿਚ 35 ਫੀਸਦ ਅੰਕ ਹਾਸਲ ਕਰਨੇ ਜ਼ਰੂਰੀ ਹੋਣਗੇ। ਪ੍ਰਾਈਵੇਟ ਵਿਦਿਆਰਥੀਆਂ ਲਈ ਅੰਦਰੂਨੀ ਮੁਲਾਂਕਣ ਨਹੀਂ ਹੋਵੇਗਾ। ਬੀ.ਏ. ਭਾਗ ਪਹਿਲਾ ਦੇ ਪ੍ਰਾਈਵੇਟ ਵਿਦਿਆਰਥੀਆਂ ਦੀ ਪ੍ਰੀਖਿਆ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ ਆਉਣ ਵਾਲੇ ਕਾਲਜਾਂ ਵਿਚ ਹੀ ਹੋਵੇਗੀ। ਪ੍ਰਾਈਵੇਟ ਵਿਦਿਆਰਥੀ ਪ੍ਰੈਕਟੀਕਲ ਵਿਸ਼ਾ ਨਹੀਂ ਲੈ ਸਕਣਗੇ ਜਿਨ੍ਹਾਂ ਵਿਦਿਆਰਥੀਆਂ ਦੀ ਬਾਰ੍ਹਵੀਂ (+2) ਦੇ ਵਿਸ਼ੇ ਵਿਚ ਰੀਅਪੀਅਰ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਉਸੇ ਸਾਲ ਦੀ ਸਪਲੀਮੈਂਟਰੀ ਪ੍ਰੀਖਿਆ ਵਿੱਚ ਆਪਣੀ ਰੀਅਪੀਅਰ ਦੀ ਪ੍ਰੀਖਿਆ ਨੂੰ ਪਾਸ ਕਰਨਾ ਲਾਜ਼ਮੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਦਾ ਬੀ.ਏ.ਭਾਗ ਪਹਿਲਾ ਕੋਰਸ ਵਿਚ ਦਾਖਲਾ ਆਪਣੇ ਆਪ ਰੱਦ ਹੋ ਜਾਵੇਗਾ। ਯੂਨੀਵਰਸਿਟੀ ਨੇ ਸਪਸ਼ਟ ਕੀਤਾ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਬਾਰ੍ਹਵੀਂ ਸੀ.ਬੀ.ਐਸ.ਈ. ਬੋਰਡ ਜਾਂ ਕੋਈ ਕਿਸੇ ਹੋਰ ਬੋਰਡ ਤੋਂ ਕੀਤੀ ਹੈ, ਉਹ ਆਪਣੇ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਵੈਰੀਫਿਕੇਸ਼ਨ ਸਮੇਂ ਨਾਲ ਲੈ ਕੇ ਯੂਨੀਵਰਸਿਟੀ ਆਉਣ। ਇਸੇ ਤਰ੍ਹਾਂ ਪ੍ਰਾਈਵੇਟ ਤੌਰ 'ਤੇ ਐਮ.ਏ. ਵਿਚ ਦਾਖਲਾ ਲੈਣ ਲਈ ਸ਼ਰਤਾਂ ਰੱਖੀਆਂ ਗਈਆਂ ਹਨ। ਦਾਖਲਾ ਲੈਣ ਵਾਲੇ ਵਿਦਿਆਰਥੀ ਆਪਣੇ ਜਿਸ ਕੋਰਸ ਦੇ ਆਧਾਰ ਉਤੇ ਐਮ.ਏ. ਵਿਚ ਦਾਖਲਾ ਲੈ ਰਹੇ ਹਨ, ਉਸ ਦੇ ਅਸਲ ਅੰਕਾਂ ਦਾ ਬਿਊਰਾ ਕਾਰਡ ਪ੍ਰੀਖਿਆ ਸ਼ਾਖਾ ਤੋਂ ਤਸਦੀਕ ਕਰਵਾਉਣਗੇ। ਪੰਜਾਬੀ ਯੂਨੀਵਰਸਿਟੀ ਤੋਂ ਇਲਾਵਾ ਦੂਜੀਆਂ ਯੂਨੀਵਰਸਿਟੀਆਂ ਤੋਂ ਕੋਰਸ ਪਾਸ ਕਰਨ ਵਾਲੇ ਐਮ.ਏ. ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀ ਆਪਣਾ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਪ੍ਰੀਖਿਆ ਸ਼ਾਖਾ ਵਿਚ ਜਮ੍ਹਾਂ ਕਰਵਾਉਣਗੇ ਜਿਹੜੇ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਨਾਲ ਰਜਿਸਟਰਡ ਨਹੀਂ ਹਨ, ਉਹ ਪ੍ਰੀਖਿਆ ਫ਼ੀਸ ਨਾਲ ਨਿਰਧਾਰਿਤ ਰਜਿਸਟਰੇਸ਼ਨ ਅਤੇ ਵੈਰੀਫਿਕੇਸ਼ਨ ਫੀਸ ਵੀ ਜਮ੍ਹਾਂ ਕਰਵਾਉਣਗੇ।

# ਪੰਜਾਬ ਸਰਕਾਰ ਦੀ ਕਮਾਈ ਵਿਚ ਚੋਖਾ ਵਾਧਾ ਰਿਕਾਰਡ ਹੋਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣ ਸਬੰਧੀ ਲਏ ਅਹਿਦ ਸਦਕਾ ਵਿੱਤ ਵਰ੍ਹੇ 2023-24 ਦੇ ਪਹਿਲੇ ਪੰਜ ਮਹੀਨਿਆਂ 'ਚ ਹੀ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਸੂਬਾ ਸਰਕਾਰ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ 13 ਫੀਸਦ ਵਧ ਗਈ ਹੈ। ਵਿੱਤ ਵਰ੍ਹੇ 2023-24 'ਚ ਅਪਰੈਲ ਤੋਂ ਅਗਸਤ ਮਹੀਨੇ ਤੱਕ ਜਾਇਦਾਦ ਦੀਆਂ ਰਜਿਸਟਰੀਆਂ ਤੋਂ ਸੂਬਾ ਸਰਕਾਰ ਦੇ ਖ਼ਜ਼ਾਨੇ 'ਚ 1811.14 ਕਰੋੜ ਰੁਪਏ ਆਏ ਹਨ ਜਦੋਂਕਿ ਪਿਛਲੇ ਵਿੱਤ ਵਰ੍ਹੇ 2022-23 ਦੇ ਪਹਿਲੇ ਪੰਜ ਮਹੀਨਿਆਂ 'ਚ 1605.49 ਕਰੋੜ ਰੁਪਏ ਆਏ ਸਨ। ਪੰਜਾਬ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਵਿੱਤ ਵਰ੍ਹੇ 2023-24 ਦੌਰਾਨ ਰਜਿਸਟਰੀਆਂ ਤੋਂ 4700 ਕਰੋੜ ਰੁਪਏ ਦੀ ਆਮਦਨ ਦਾ ਟੀਚਾ ਮਿਥਿਆ ਗਿਆ ਹੈ। ਇਸ ਨੂੰ ਪੂਰਾ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ। ਮਾਲ ਵਿਭਾਗ 'ਚ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਤੇ ਪੜ੍ਹੇ-ਲਿਖੇ ਨੌਜਵਾਨ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ।




ਉਧਰ, ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਸਤੂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਦੇ ਮਾਲੀਏ ਵਿਚ ਵਿੱਤੀ ਵਰ੍ਹੇ 2023-24 ਦੇ ਪਹਿਲੇ ਪੰਜ ਮਹੀਨਿਆਂ ਦੌਰਾਨ 28.2 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਜੀ.ਐਸ.ਟੀ. ਤੋਂ ਇਕੱਤਰ ਕੀਤੇ ਗਏ ਕੁੱਲ 6648.89 ਕਰੋੜ ਰੁਪਏ ਦੇ ਮਾਲੀਏ ਦੇ ਮੁਕਾਬਲੇ ਮੌਜੂਦਾ ਵਿੱਤੀ ਵਰ੍ਹੇ 'ਚ ਅਗਸਤ ਮਹੀਨੇ ਦੇ ਅੰਤ ਤੱਕ ਕੁੱਲ 8524.17 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਗਿਆ ਹੈ। ਇਸ ਤਰ੍ਹਾਂ ਸਿਰਫ ਜੀ.ਐਸ.ਟੀ. ਤੋਂ ਹੀ ਬੀਤੇ ਵਿੱਤੀ ਵਰ੍ਹੇ ਦੇ ਮੁਕਾਬਲੇ 1875.28 ਕਰੋੜ ਰੁਪਏ ਦਾ ਵਾਧੂ ਮਾਲੀਆ ਇਕੱਤਰ ਕੀਤਾ ਗਿਆ। ਸ੍ਰੀ ਚੀਮਾ ਨੇ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੇ ਮੁਕਾਬਲੇ ਵਿੱਤੀ ਵਰ੍ਹੇ 2023-24 ਦੌਰਾਨ ਜੀ.ਐਸ.ਟੀ. ਆਬਕਾਰੀ, ਵੈਟ, ਸੀ.ਐਸ.ਟੀ. ਅਤੇ ਪੀ.ਐਸ.ਡੀ.ਟੀ. ਤੋਂ ਇਕੱਤਰ ਕੁੱਲ ਮਾਲੀਏ 'ਚ 17.49 ਫੀਸਦੀ ਦਾ ਵਾਧਾ ਦਰਜ ਕੀਤਾ ਹੈ। ਵਿੱਤੀ ਵਰ੍ਹੇ 2022-23 ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਉਪਰੋਕਤ ਵਸੀਲਿਆਂ ਤੋਂ ਕੁੱਲ 13116.36 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਸੀ ਜਦੋਂ ਕਿ ਮੌਜੂਦਾ ਵਿੱਤੀ ਵਰ੍ਹੇ ਦੌਰਾਨ 2293.67 ਕਰੋੜ ਰੁਪਏ ਦਾ ਵਾਧਾ ਦਰਜ ਕਰਦਿਆਂ ਕੁੱਲ 15410.03 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਵੀਂ ਆਬਕਾਰੀ ਨੀਤੀ ਲਾਗੂ ਕਰਨ ਉਪਰੰਤ ਵਿੱਤੀ ਵਰ੍ਹੇ 2022-23 ਦੌਰਾਨ 2021-22 ਦੇ ਮੁਕਾਬਲੇ ਆਬਕਾਰੀ ਮਾਲੀਏ 'ਚ 41 ਫ਼ੀਸਦੀ ਤੋਂ ਵੱਧ ਦਾ ਵਾਧਾ ਦਰਜ ਕਰਨ ਦੇ ਬਾਵਜੂਦ ਪ੍ਰਾਪਤੀਆਂ ਦਾ ਇਹ ਗਰਾਫ ਹਾਲੇ ਵੀ ਉਚਾਈ ਵੱਲ ਹੈ। ਵਿੱਤੀ ਵਰ੍ਹੇ 2023-24 ਦੇ ਪਹਿਲੇ 5 ਮਹੀਨਿਆਂ ਦੌਰਾਨ ਵੀ ਆਬਕਾਰੀ ਤੋਂ ਪ੍ਰਾਪਤ ਮਾਲੀਏ ਨੇ ਵਿੱਤੀ ਵਰ੍ਹੇ 2022-23 ਦੇ ਮੁਕਾਬਲੇ 7.69 ਫ਼ੀਸਦੀ ਦਾ ਵਾਧਾ ਦਰਜ ਕੀਤਾ ਹੈ।

### ਜੀ.ਐਸ.ਟੀ. ਤੋਂ 1875.28 ਕਰੋੜ ਦਾ ਵਾਧੂ ਮਾਲੀਆ

**ਚੰਡੀਗੜ੍ਹ:** ਸਿਰਫ ਜੀ.ਐਸ.ਟੀ. ਤੋਂ ਹੀ ਬੀਤੇ ਵਿੱਤੀ ਵਰ੍ਹੇ ਦੇ ਮੁਕਾਬਲੇ 1875.28 ਕਰੋੜ ਰੁਪਏ ਦਾ ਵਾਧੂ ਮਾਲੀਆ ਇਕੱਤਰ ਕੀਤਾ ਗਿਆ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੇ ਮੁਕਾਬਲੇ ਵਿੱਤੀ ਵਰ੍ਹੇ 2023-24 ਦੌਰਾਨ ਜੀ.ਐਸ.ਟੀ. ਆਬਕਾਰੀ, ਵੈਟ, ਸੀ.ਐਸ.ਟੀ. ਅਤੇ ਪੀ.ਐਸ.ਡੀ.ਟੀ. ਤੋਂ ਇਕੱਤਰ ਕੁੱਲ ਮਾਲੀਏ 'ਚ 17.49 ਫੀਸਦੀ ਦਾ ਵਾਧਾ ਦਰਜ ਕੀਤਾ ਹੈ। ਵਿੱਤੀ ਵਰ੍ਹੇ 2022-23 ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਉਪਰੋਕਤ ਵਸੀਲਿਆਂ ਤੋਂ ਕੁੱਲ 13116.36 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਸੀ ਜਦੋਂ ਕਿ ਮੌਜੂਦਾ ਵਿੱਤੀ ਵਰ੍ਹੇ ਦੌਰਾਨ 2293.67 ਕਰੋੜ ਰੁਪਏ ਦਾ ਵਾਧਾ ਦਰਜ ਕਰਦਿਆਂ ਕੁੱਲ 15410.03 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ।

# ਦਰਿਆਈ ਪਾਣੀਆਂ ਦੀ ਵਰਤੋਂ ਵੱਲ ਪੰਜਾਬ ਦੀ ਵੱਡੀ ਪੁਲਾਂਘ

**ਚੰਡੀਗੜ੍ਹ:** ਦਰਿਆਈ ਪਾਣੀਆਂ ਦੀ ਵਰਤੋਂ ਵਿਚ ਪੰਜਾਬ ਨੇ ਪਹਿਲੀ ਵਾਰ ਗੁਆਂਢੀ ਸੂਬਿਆਂ ਹਰਿਆਣਾ ਤੇ ਰਾਜਸਥਾਨ ਨੂੰ ਪਿਛਾਂਹ ਛੱਡ ਆਇਆ ਹੈ। ਪੰਜਾਬ ਪਹਿਲਾਂ ਸਤਲੁਜ, ਰਾਵੀ ਤੇ ਬਿਆਸ ਦੇ ਪਾਣੀਆਂ ਵਿਚੋਂ ਬਣਦੀ ਹਿੱਸੇਦਾਰੀ ਤੋਂ ਘੱਟ ਪਾਣੀ ਵਰਤਦਾ ਰਿਹਾ ਹੈ।

ਸੂਬੇ ਨੇ ਸਤਲੁਜ ਦੇ ਪਾਣੀ 'ਚੋਂ ਕਦੇ ਵੀ ਆਪਣੇ ਬਣਦੇ ਹਿੱਸੇ ਮੁਤਾਬਕ ਪਾਣੀ ਵਰਤਿਆ ਹੀ ਨਹੀਂ ਸੀ। ਪੰਜਾਬ ਸਰਕਾਰ ਵੱਲੋਂ ਚਾਲੂ ਵਰ੍ਹੇ ਵਿਚ 21 ਮਈ ਤੋਂ ਪਹਿਲੀ ਸਤੰਬਰ ਤੱਕ (ਕਰੀਬ ਸਾਢੇ ਤਿੰਨ ਮਹੀਨੇ) ਦਰਿਆਈ ਪਾਣੀਆਂ ਦੀ ਵਰਤੋਂ ਦਾ ਮੁਲਾਂਕਣ ਕੀਤਾ ਗਿਆ ਹੈ। ਇਸ ਦੌਰਾਨ ਤੱਥ ਉਭਰੇ ਹਨ ਕਿ ਪੰਜਾਬ ਨੇ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ 'ਚੋਂ 4.168 ਐਮ.ਏ.ਐਫ. ਪਾਣੀ ਵਰਤ ਲਿਆ ਹੈ ਜਦੋਂ ਕਿ ਪਿਛਲੇ ਵਰ੍ਹੇ ਦੇ ਇਨ੍ਹਾਂ ਸਾਢੇ ਤਿੰਨ ਮਹੀਨਿਆਂ ਵਿਚ ਪੰਜਾਬ ਨੇ 3.365 ਐਮ.ਏ.ਐਫ. ਪਾਣੀ ਵਰਤਿਆ ਸੀ। ਹਰਿਆਣਾ ਨੇ ਐਤਕੀਂ ਇਨ੍ਹਾਂ ਸਾਢੇ ਤਿੰਨ ਮਹੀਨਿਆਂ ਵਿਚ ਸਿਰਫ 1.758 ਐਮ.ਏ.ਐਫ. ਪਾਣੀ ਦੀ ਵਰਤੋਂ ਕੀਤੀ ਹੈ। ਹਾਲਾਂਕਿ ਪਿਛਲੇ ਵਰ੍ਹੇ ਦੇ ਇਸ ਸਮੇਂ ਦੌਰਾਨ ਹਰਿਆਣਾ ਨੇ 1.886 ਐਮ.ਏ.ਐਫ. ਪਾਣੀ ਵਰਤਿਆ ਸੀ। ਇਸੇ ਤਰ੍ਹਾਂ ਹੀ ਰਾਜਸਥਾਨ ਨੇ



ਚਲੰਤ ਸਾਲ ਦੇ ਇਨ੍ਹਾਂ ਸਾਢੇ ਤਿੰਨ ਮਹੀਨਿਆਂ ਦੌਰਾਨ 2.075 ਐਮ.ਏ.ਐਫ. ਪਾਣੀ ਵਰਤਿਆ ਹੈ ਪਰ ਰਾਜਸਥਾਨ ਨੇ ਪਿਛਲੇ ਸਾਲ ਇਸ ਸਮੇਂ ਦੌਰਾਨ 2.674 ਐਮ.ਏ.ਐਫ. ਪਾਣੀ ਦੀ ਹੀ ਵਰਤੋਂ ਕੀਤੀ ਸੀ।

ਵੇਰਵਿਆਂ ਅਨੁਸਾਰ ਪੰਜਾਬ ਨੇ 2016-17 ਤੋਂ ਮਗਰੋਂ ਕਦੇ ਵੀ ਦਰਿਆਈ ਪਾਣੀਆਂ 'ਚੋਂ ਆਪਣੇ ਬਣਦੇ ਹਿੱਸੇ ਦਾ ਪਾਣੀ ਨਹੀਂ ਵਰਤਿਆ ਸੀ। ਪਿਛਲੇ ਵਰ੍ਹੇ ਦੀ ਗੱਲ ਕਰੀਏ ਤਾਂ ਪੰਜਾਬ ਨੇ 21 ਮਈ 2022 ਤੋਂ 20 ਮਈ 2023 (ਇਕ ਸਾਲ) ਤੱਕ 9.787 ਐਮ.ਏ.ਐਫ. ਪਾਣੀ ਦੀ ਵਰਤੋਂ ਕੀਤੀ ਜਦੋਂ ਕਿ ਪੰਜਾਬ ਦਾ ਹਿੱਸਾ 11.285 ਐਮ.ਏ.ਐਫ. ਬਣਦਾ ਸੀ। ਮਤਲਬ ਕਿ ਪੰਜਾਬ ਨੇ ਆਪਣੇ ਹਿੱਸੇ 'ਚੋਂ ਸਿਰਫ 87 ਫੀਸਦੀ ਪਾਣੀ ਹੀ ਵਰਤਿਆ ਸੀ।

ਰਾਜਸਥਾਨ ਦੀ ਹਿੱਸੇਦਾਰੀ 7.781 ਐਮ.ਏ.ਐਫ. ਹਿੱਸੇਦਾਰੀ ਬਣਦੀ ਸੀ ਪਰ ਉਸ ਨੇ 8.652 ਫੀਸਦੀ ਪਾਣੀ ਵਰਤਿਆ ਜੋ ਕਿ 111 ਫੀਸਦੀ ਬਣਦਾ ਸੀ। ਇਵੇਂ ਹੀ ਹਰਿਆਣਾ ਦੀ ਪਾਣੀਆਂ ਵਿਚ ਹਿੱਸੇਦਾਰੀ 6.160 ਐਮ.ਏ.ਐਫ. ਬਣਦੀ ਹੈ, ਪਰ ਹਰਿਆਣਾ ਨੇ 6.569 ਐਮ.ਏ.ਐਫ. ਪਾਣੀ ਵਰਤਿਆ ਸੀ। ਹਾਲਾਂਕਿ ਪੰਜਾਬ ਵਿਚ ਜੋ ਜੁਲਾਈ ਅਤੇ ਅਗਸਤ ਮਹੀਨੇ ਵਿਚ ਹੜ੍ਹ ਆਏ, ਉਨ੍ਹਾਂ ਦੀ ਮਾਰ ਵੀ ਇਕੱਲੇ ਪੰਜਾਬ ਨੂੰ ਜ਼ਿਆਦਾ ਝੱਲਣੀ ਪਈ ਹੈ। ਹਰਿਆਣਾ ਤੇ ਰਾਜਸਥਾਨ ਨੇ ਹੜ੍ਹਾਂ ਦੌਰਾਨ ਪਾਣੀ ਲੈਣ ਤੋਂ ਤੌਬਾ ਕਰ ਦਿੱਤੀ ਸੀ। ਪੰਜਾਬ ਨੇ ਹਮੇਸ਼ਾ ਰੌਲਾ ਪਾਇਆ ਕਿ ਹੜ੍ਹਾਂ ਮੌਕੇ ਦੋਵੇਂ ਸੂਬੇ ਹੱਥ ਪਿਛਾਂਹ ਖਿੱਚ ਲੈਂਦੇ ਹਨ। ਪਾਣੀਆਂ ਦੀ ਹਿੱਸੇਦਾਰੀ ਵਰਤਣ ਦਾ ਸਮਾਂ 21 ਸਤੰਬਰ ਤੋਂ 21 ਮਈ ਤੱਕ ਦਾ ਮੰਨਿਆ ਜਾਂਦਾ ਹੈ। ਵਿਚਲੇ ਚਾਰ ਮਹੀਨੇ ਬਾਰਸ਼ਾਂ ਨਾਲ ਡੈਮਾਂ ਦੀ ਭਰਪਾਈ ਦਾ ਸਮਾਂ ਹੁੰਦਾ ਹੈ। ਹਰੇਕ ਸਾਲ 21 ਸਤੰਬਰ ਨੂੰ ਦਰਿਆਈ ਪਾਣੀਆਂ ਦੀ ਵਰਤੋਂ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਐਤਕੀਂ ਪੰਜਾਬ ਵਿਚ ਜਦੋਂ ਜੁਲਾਈ ਵਿਚ ਹੜ੍ਹ ਆਏ ਤਾਂ ਉਸ ਦੌਰਾਨ ਨਹਿਰਾਂ ਨੂੰ ਬੰਦ ਵੀ ਕਰਨਾ ਪਿਆ ਸੀ। ਦੱਖਣੀ-ਪੱਛਮੀ ਪੰਜਾਬ ਤਾਂ ਬਾਰਸ਼ਾਂ ਬਿਨਾਂ ਐਤਕੀਂ ਸੁੱਕਾ ਹੀ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ 'ਚ ਦਰਿਆਈ ਪਾਣੀਆਂ ਦੀ ਵਰਤੋਂ ਵਿਚ ਵਾਧਾ ਹੋਇਆ ਹੈ। ਦੂਜੇ ਪਾਸੇ ਪੰਜਾਬ ਵਿਚ ਕਰੀਬ 14.50 ਲੱਖ ਟਿਊਬਵੈੱਲ ਹਨ ਜਿਨ੍ਹਾਂ ਰਾਹੀਂ ਕਿਸਾਨ ਆਪਣੇ ਖੇਤ ਸਿੰਜਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਵੀ ਇਹ ਮੁੱਦਾ ਉਠਾ ਚੁੱਕੇ ਹਨ ਅਤੇ ਮੁੱਖ ਮੰਤਰੀ ਦਾਅਵਾ ਕਰਦੇ ਹਨ ਕਿ ਨਹਿਰੀ ਪਾਣੀ ਨੂੰ ਹਰ ਖੇਤ ਪੁੱਜਦਾ ਕਰਾਂਗੇ। ਉਨ੍ਹਾਂ ਵੱਲੋਂ 'ਸਰਕਾਰ ਕਿਸਾਨ ਮਿਲਣੀ' ਪ੍ਰੋਗਰਾਮਾਂ ਵਿਚ ਵੀ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਰਤੋਂ ਵੱਧ ਤੋਂ ਵੱਧ ਕਰਨ ਵਾਸਤੇ ਅਪੀਲ ਕੀਤੀ ਗਈ।

## ਪੰਜਾਬ ਵਿਚ ਕਰੀਬ 14.50 ਲੱਖ ਟਿਊਬਵੈੱਲ

**ਚੰਡੀਗੜ੍ਹ:** ਪੰਜਾਬ ਵਿਚ ਤਕਰੀਬਨ 14.50 ਲੱਖ ਟਿਊਬਵੈੱਲ ਹਨ ਜਿਨ੍ਹਾਂ ਰਾਹੀਂ ਕਿਸਾਨ ਆਪਣੇ ਖੇਤ ਸਿੰਜਦੇ ਹਨ। ਦਰਿਆਈ ਪਾਣੀਆਂ ਦੀ ਹਿੱਸੇਦਾਰੀ ਵਰਤਣ ਦਾ ਸਮਾਂ 21 ਸਤੰਬਰ ਤੋਂ 21 ਮਈ ਤੱਕ ਦਾ ਮੰਨਿਆ ਜਾਂਦਾ ਹੈ। ਵਿਚਲੇ ਚਾਰ ਮਹੀਨੇ ਬਾਰਸ਼ਾਂ ਨਾਲ ਡੈਮਾਂ ਦੀ ਭਰਪਾਈ ਦਾ ਸਮਾਂ ਹੁੰਦਾ ਹੈ। ਹਰੇਕ ਸਾਲ 21 ਸਤੰਬਰ ਨੂੰ ਦਰਿਆਈ ਪਾਣੀਆਂ ਦੀ ਵਰਤੋਂ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਐਤਕੀਂ ਪੰਜਾਬ ਵਿਚ ਜਦੋਂ ਜੁਲਾਈ ਵਿਚ ਹੜ੍ਹ ਆਏ ਤਾਂ ਉਸ ਦੌਰਾਨ ਨਹਿਰਾਂ ਨੂੰ ਬੰਦ ਵੀ ਕਰਨਾ ਪਿਆ ਸੀ। ਦੱਖਣੀ-ਪੱਛਮੀ ਪੰਜਾਬ ਤਾਂ ਬਾਰਸ਼ਾਂ ਬਿਨਾਂ ਐਤਕੀਂ ਸੁੱਕਾ ਹੀ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ 'ਚ ਦਰਿਆਈ ਪਾਣੀਆਂ ਦੀ ਵਰਤੋਂ ਵਿਚ ਵਾਧਾ ਹੋਇਆ ਹੈ।

# ਫੰਡਾਂ ਦੀ ਦੁਰਵਰਤੋਂ: ਪੀ.ਡਬਲਿਊ.ਡੀ. ਦੇ ਚਾਰ ਇੰਜੀਨੀਅਰ ਮੁਅੱਤਲ




**ਚੰਡੀਗੜ੍ਹ:** ਪੰਜਾਬ ਲੋਕ ਨਿਰਮਾਣ ਵਿਭਾਗ (ਪੀ.ਡਬਲਿਊ.ਡੀ.) ਨੇ ਜੁਡੀਸ਼ਲ ਕੋਰਟ ਕੰਪਲੈਕਸ ਨਵਾਂ ਸ਼ਹਿਰ ਦੇ ਨਿਰਮਾਣ ਦੌਰਾਨ ਸਰਕਾਰੀ ਫੰਡਾਂ ਦੀ ਦੁਰਵਰਤੋਂ ਕਰਨ ਦੇ ਮਾਮਲੇ ਵਿਚ ਇਕ ਕਾਰਜਕਾਰੀ ਇੰਜੀਨੀਅਰ ਤੇ 3 ਜੂਨੀਅਰ ਇੰਜੀਨੀਅਰਾਂ ਨੂੰ ਮੁਅੱਤਲ ਕਰ ਦਿੱਤਾ ਹੈ।

ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇਸ ਮਾਮਲੇ 'ਚ ਮਿਲੀਆਂ ਸ਼ਿਕਾਇਤਾਂ ਬਾਰੇ ਮੁੱਢਲੀ ਜਾਂਚ ਕਰਨ ਉਪਰੰਤ ਪੀਡਬਲਿਊਡੀ ਦੇ ਕਾਰਜਕਾਰੀ ਇੰਜੀਨੀਅਰ ਰਾਜਿੰਦਰ ਕੁਮਾਰ ਅਤੇ ਤਿੰਨ ਜੂਨੀਅਰ ਇੰਜੀਨੀਅਰਾਂ ਰਾਜੀਵ ਕੁਮਾਰ, ਰਾਕੇਸ਼ ਕੁਮਾਰ ਤੇ ਰਾਜਿੰਦਰ ਸਿੰਘ ਨੂੰ ਮੁਅੱਤਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਅੱਤਲੀ ਦੌਰਾਨ ਇਨ੍ਹਾਂ ਅਧਿਕਾਰੀਆਂ ਦਾ ਹੈੱਡਕੁਆਰਟਰ ਮੁੱਖ ਇੰਜੀਨੀਅਰ ਦਫਤਰ ਪਟਿਆਲਾ ਹੋਵੇਗਾ ਤੇ ਇਹ ਅਧਿਕਾਰੀ ਮੁੱਖ ਇੰਜੀਨੀਅਰ (ਹੈੱਡਕੁਆਰਟਰ) ਦੀ ਪ੍ਰਵਾਨਗੀ ਤੋਂ ਬਿਨਾਂ ਹੈੱਡਕੁਆਰਟਰ ਨਹੀਂ ਛੱਡਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਨਾ ਸਿਰਫ਼ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ 'ਚ ਦੇਰੀ ਹੋਈ ਸਗੋਂ ਠੇਕੇਦਾਰਾਂ ਨੂੰ ਵੱਧ ਅਦਾਇਗੀਆਂ ਤੇ ਉਸਾਰੀ 'ਚ ਖਾਮੀਆਂ ਵਰਗੀਆਂ ਹੋਰ ਕਈ ਤਰੁੱਟੀਆਂ ਪਾਈਆਂ ਗਈਆਂ। ਇਸ ਕੇਸ 'ਚ ਅੱਠ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਹੈ।

# ਮੁੱਖ ਮੰਤਰੀ ਵੱਲੋਂ ਪਟਵਾਰੀਆਂ ਦੇ ਭੱਤੇ 'ਚ ਵਾਧੇ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵਾਨ ਮਾਨ ਨੇ ਪਟਵਾਰੀਆਂ ਦਾ ਸਿਖਲਾਈ ਭੱਤਾ ਵਧਾਉਣ ਦਾ ਐਲਾਨ ਕੀਤਾ ਹੈ। ਉਹ ਨਵੇਂ ਭਰਤੀ ਹੋਏ 710 ਪਟਵਾਰੀਆਂ ਨੂੰ ਨਿਯੁਕਤੀ ਪੱਤਰ ਵੰਡਣ ਸਬੰਧੀ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਆਖਿਆ ਕਿ ਪਟਵਾਰੀਆਂ ਨੂੰ ਸਿਖਲਾਈ ਭੱਤਾ ਹੁਣ ਪ੍ਰਤੀ ਮਹੀਨਾ ਪੰਜ ਹਜ਼ਾਰ ਦੀ ਬਜਾਏ 18 ਹਜ਼ਾਰ ਰੁਪਏ ਮਿਲੇਗਾ। ਪੰਜਾਬ ਸਰਕਾਰ ਅਤੇ ਪਟਵਾਰ ਯੂਨੀਅਨ ਦਰਮਿਆਨ ਪਹਿਲੀ ਸਤੰਬਰ ਤੋਂ ਚੱਲ ਰਹੇ ਟਕਰਾਅ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਭਰਤੀ ਹੋਏ ਪਟਵਾਰੀ ਜਿੰਨੀ ਤਨਦੇਹੀ ਨਾਲ ਲੋਕ ਹਿੱਤਾਂ 'ਤੇ ਡਟ ਕੇ ਪਹਿਰਾ ਦੇਣਗੇ, ਆਉਂਦੇ ਸਮੇਂ ਵਿਚ ਓਨੇ ਹੀ ਭੱਤੇ ਵਧਾਏ ਜਾਣਗੇ।

ਉਨ੍ਹਾਂ ਪ੍ਰਦਰਸ਼ਨਕਾਰੀ ਪਟਵਾਰੀਆਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜਿਹੜੇ ਲੋਕਾਂ ਨੂੰ ਖੱਜਲ ਖੁਆਰ ਕਰ ਰਹੇ ਹਨ, ਉਨ੍ਹਾਂ ਅੱਗੇ ਸਰਕਾਰ ਕਿਸੇ ਕੀਮਤ 'ਤੇ ਨਹੀਂ ਝੁਕੇਗੀ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀ ਪਟਵਾਰੀ ਆਮ ਲੋਕਾਂ ਨੂੰ ਤੰਗ ਪਰੇਸ਼ਾਨ ਕਰਕੇ ਸਰਕਾਰ ਨੂੰ ਬਲੈਕਮੇਲ



ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਨਵੇਂ ਪਟਵਾਰੀ ਹੜਤਾਲ ਤੋਂ ਦੂਰ ਰਹਿਣ ਤੇ ਆਪਣੀ ਕਲਮ ਲੋਕਾਂ ਦੇ ਭਲੇ ਲਈ ਚਲਾਉਣ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀ ਭਲਾਈ ਯਕੀਨੀ ਬਣਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 586 ਨਵੇਂ ਪਟਵਾਰੀਆਂ ਦੀ ਅਸਾਮੀਆਂ ਲਈ ਇਸ਼ਤਿਹਾਰ ਛੇਤੀ ਜਾਰੀ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿੱਚ ਨੌਜਵਾਨਾਂ ਨੂੰ 35 ਹਜ਼ਾਰ ਤੋਂ ਵੱਧ ਨੌਕਰੀਆਂ ਦਿੱਤੀਆਂ ਹਨ ਜਦਕਿ ਪਿਛਲੀਆਂ ਸਰਕਾਰਾਂ ਵਿੱਚੋਂ ਕਿਸੇ ਨੇ ਵੀ ਇੰਨੀਆਂ ਨੌਕਰੀਆਂ ਖਾਸ ਤੌਰ ਉਤੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿਚ ਨਹੀਂ ਦਿੱਤੀਆਂ। ਉਨ੍ਹਾਂ ਕਿਹਾ ਕਿ ਹਰੇਕ ਮੁਲਾਜ਼ਮ ਦੀ ਜਾਇਜ਼ ਮੰਗ ਨੂੰ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਸਿੱਖਿਆ ਇਨਕਲਾਬ ਦੇ ਯੁੱਗ ਦੀ ਸ਼ੁਰੂਆਤ ਕਰਦਿਆਂ 68 ਕਰੋੜ ਰੁਪਏ ਦਾ ਬਜਟ ਪਹਿਲਾਂ ਹੀ ਸਕੂਲ ਆਫ ਐਮੀਨੈਂਸ ਦੇ ਨਿਰਮਾਣ ਲਈ ਜਾਰੀ ਕਰ ਦਿੱਤਾ ਗਿਆ ਹੈ ਅਤੇ ਪਹਿਲਾ ਸਕੂਲ 13 ਸਤੰਬਰ ਨੂੰ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਪੰਜਾਬ ਵਿਚ ਸਿਹਤ ਸੰਭਾਲ ਸਿਸਟਮ ਦੀ ਕਾਇਆ-ਕਲਪ ਕਰਨ ਲਈ ਕੰਮ ਕਰ ਰਹੇ ਹਨ ਅਤੇ ਹੁਣ ਤੱਕ 50 ਲੱਖ ਤੋਂ ਵੱਧ ਮਰੀਜ਼ ਇਨ੍ਹਾਂ ਕਲੀਨਿਕਾਂ ਜ਼ਰੀਏ ਮੁਫ਼ਤ ਦਵਾਈਆਂ ਤੇ ਕਲੀਨੀਕਲ ਟੈਸਟਾਂ ਦੀ ਸਹੂਲਤ ਲੈ ਚੁੱਕੇ ਹਨ।

# ਇਤਿਹਾਸਕ ਫੈਸਲਾ; ਪੰਜਾਬ ਪੁਲਿਸ ਵਿਚ ਹੁਣ ਟਰਾਂਸਜੈਂਡਰ ਵੀ ਭਰਤੀ ਹੋ ਸਕਣਗੇ

**ਪਟਿਆਲਾ:** ਭਗਵੰਤ ਮਾਨ ਦੀ ਅਗਵਾਈ ਹੇਠਲੀ 'ਆਪ' ਸਰਕਾਰ ਨੇ ਇਤਿਹਾਸਕ ਫੈਸਲਾ ਲੈਂਦਿਆਂ ਪੰਜਾਬ ਪੁਲਿਸ ਵਿਚ ਟਰਾਂਸਜੈਂਡਰ ਲਈ ਵੀ ਭਰਤੀ ਖੋਲ੍ਹ ਦਿੱਤੀ ਹੈ। ਭਵਿੱਖ 'ਚ ਪੰਜਾਬ ਪੁਲਿਸ 'ਚ ਭਰੀਆਂ ਜਾਣ ਵਾਲੀਆਂ ਅਸਾਮੀਆਂ ਲਈ ਟਰਾਂਸਜੈਂਡਰ ਵੀ ਅਪਲਾਈ ਕਰ ਸਕਣਗੇ। ਇਸ ਦੌਰਾਨ ਵਿੱਦਿਅਕ ਯੋਗਤਾ ਤਾਂ ਸਾਰੇ ਵਰਗਾਂ ਲਈ ਬਰਾਬਰ ਹੋਵੇਗੀ। ਭਾਵ ਕਿ ਜੋ ਵਿੱਦਿਅਕ ਯੋਗਤਾ ਪੁਰਸ਼ ਅਤੇ ਮਹਿਲਾ ਉਮੀਦਵਾਰਾਂ ਲਈ ਨਿਰਧਾਰਤ ਹੋਵੇਗੀ, ਉਹੀ ਟਰਾਂਸਜੈਂਡਰਾਂ ਉਤੇ ਵੀ ਲਾਗੂ ਹੋਵੇਗੀ ਜਦਕਿ ਟਰਾਂਸਜੈਂਡਰਾਂ ਦੀ ਫਿਜ਼ੀਕਲ ਮਈਅਰਮੈਂਟ ਅਤੇ ਫਿਜ਼ੀਕਲ ਸਕਰੀਨਿੰਗ ਸਬੰਧੀ ਟੈਸਟ ਮਹਿਲਾ ਉਮੀਦਵਾਰਾਂ ਦੀ ਤਰਜ਼ 'ਤੇ ਹੋਣਗੇ। ਇਨ੍ਹਾਂ ਨੂੰ ਜਾਤੀ ਸਬੰਧੀ ਰਾਖਵਾਂਕਰਨ ਵੀ ਮਿਲੇਗਾ, ਜੋ ਇਨ੍ਹਾਂ ਦੇ ਜਨਮਦਾਤਾ ਪਰਿਵਾਰ ਦੀ ਜਾਤੀ 'ਤੇ ਆਧਾਰਿਤ ਹੋਵੇਗਾ। ਉਂਜ ਹੈਂਡੀਕੈਪਡ ਤੇ ਹੋਰ ਵਰਗਾਂ ਦੀ ਤਰ੍ਹਾਂ ਹੀ ਟਰਾਂਸਜੈਂਡਰਾਂ ਦਾ ਵੀ ਕੋਟਾ ਤੈਅ ਹੋਵੇਗਾ। ਇਸ ਸਬੰਧੀ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਹਾਲ ਹੀ 'ਚ ਸਟੈਂਡਿੰਗ ਆਰਡਰ ਜਾਰੀ ਕੀਤੇ ਗਏ ਹਨ।

# ਪੰਜਾਬ ਦੇ 'ਗਾਇਬ' ਰਜਵਾਹਿਆਂ ਦੀ ਭਾਲ ਵਿਚ ਜੁਟੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ 'ਗਾਇਬ' ਰਜਵਾਹਿਆਂ ਦੀ ਭਾਲ ਵਿਚ ਜੁਟ ਗਈ ਹੈ। ਸੂਬੇ ਵਿਚ ਤਕਰੀਬਨ 1400 ਕਿਲੋਮੀਟਰ ਨਹਿਰਾਂ/ਰਜਵਾਹੇ 'ਗਾਇਬ' ਹਨ। ਅੰਗਰੇਜ਼ਾਂ ਦੇ ਵੇਲੇ ਦੇ ਬਣੇ ਇਹ ਰਜਵਾਹੇ ਲੰਮੇ ਅਰਸੇ ਤੋਂ ਗੁੰਮ ਹਨ। ਜਲ ਸਰੋਤ ਵਿਭਾਗ ਨੇ ਜਦੋਂ ਵਿਭਾਗੀ ਸੰਪਤੀਆਂ ਦਾ ਰਿਕਾਰਡ ਘੋਖਿਆ ਤਾਂ ਸਮੁੱਚੇ ਸੂਬੇ 'ਚੋਂ 1400 ਕਿਲੋਮੀਟਰ ਰਜਵਾਹੇ ਗਾਇਬ ਪਾਏ ਗਏ, ਜਿਨ੍ਹਾਂ ਵਿਚੋਂ ਬਹੁਤੇ ਸ਼ਹਿਰਾਂ 'ਚ ਵਧ ਰਹੀ ਆਬਾਦੀ ਦੀ ਲਪੇਟ ਵਿਚ ਆਏ ਹਨ।



ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਮਹੀਨੇ ਪਹਿਲਾਂ 'ਹਰ ਖੇਤ ਪਾਣੀ' ਦੀ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਤਹਿਤ ਨਹਿਰੀ ਪਾਣੀ ਨੂੰ ਵੱਧ ਤੋਂ ਵੱਧ ਖੇਤਾਂ ਤੱਕ ਪੁੱਜਦਾ ਕੀਤਾ ਜਾਣਾ ਸੀ। ਮੁੱਖ ਮੰਤਰੀ ਨੇ ਜਲ ਸਰੋਤ ਵਿਭਾਗ ਨੂੰ ਵਿਭਾਗੀ ਸੰਪਤੀਆਂ ਦੀ ਸ਼ਨਾਖ਼ਤ ਕਰਨ ਵਾਸਤੇ ਵੀ ਕਿਹਾ ਸੀ ਤਾਂ ਜੋ ਨਾਜਾਇਜ਼ ਕਬਜ਼ਿਆਂ ਹੇਠੋਂ ਜਾਇਦਾਦ ਨੂੰ ਕੱਢਿਆ ਜਾ ਸਕੇ।

ਵੇਰਵਿਆਂ ਅਨੁਸਾਰ ਪੰਜਾਬ ਵਿਚ ਇਸ ਵੇਲੇ ਕਰੀਬ 13 ਹਜ਼ਾਰ ਕਿਲੋਮੀਟਰ ਲੰਮੀਆਂ ਨਹਿਰਾਂ ਹਨ। ਖਾਸ ਕਰਕੇ ਜਦੋਂ ਪੰਜਾਬ ਵਿਚ ਖੇਤੀ ਸੈਕਟਰ ਲਈ ਮੁਫਤ ਬਿਜਲੀ ਦੇਣੀ ਸ਼ੁਰੂ ਕੀਤੀ ਗਈ ਤਾਂ ਉਸ ਮਗਰੋਂ ਨਹਿਰੀ ਪਾਣੀ ਦੀ ਵੁੱਕਤ ਘਟਣੀ ਸ਼ੁਰੂ ਹੋ ਗਈ। ਇੱਥੋਂ ਤੱਕ ਕਿ ਦਰਿਆਵਾਂ ਚੋਂ ਆਪਣੇ ਹਿੱਸੇ ਦਾ ਪਾਣੀ ਵਰਤਣਾ ਹੀ ਭੁੱਲ ਗਿਆ। ਜ਼ਮੀਨੀ ਪਾਣੀ ਡੂੰਘੇ ਹੋ ਗਏ ਜਿਸ ਕਰਕੇ ਸੈਂਕੜੇ ਬਲਾਕ ਡਾਰਕ ਜ਼ੋਨ ਬਣ ਗਏ। ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮੀਟਿੰਗ ਕਰਕੇ ਗਾਇਬ ਹੋਏ ਖਾਲਿਆਂ ਤੇ ਰਜਵਾਹਿਆਂ ਦੇ ਵੇਰਵੇ ਮੰਗੇ ਸਨ। ਇਸ ਮਗਰੋਂ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਵਿਭਾਗ ਦੀ ਹਰ ਤਰ੍ਹਾਂ ਦੀ ਸੰਪਤੀ ਦਾ ਰਿਕਾਰਡ ਇਕੱਠਾ ਕਰਨਾ ਸ਼ੁਰੂ ਕੀਤਾ ਤਾਂ ਜੋ ਨਹਿਰ ਮਹਿਕਮੇ ਦੀ ਮਾਲਕੀ ਵਾਲੀ ਜਾਇਦਾਦ ਨੂੰ ਸੰਭਾਲਿਆ ਜਾ ਸਕੇ। ਰਿਕਾਰਡ ਵਿਚ ਸਾਹਮਣੇ ਆਇਆ ਹੈ ਕਿ 1400 ਕਿਲੋਮੀਟਰ 'ਚੋਂ 60 ਫੀਸਦ ਰਜਵਾਹੇ ਤਾਂ ਵੱਡੇ ਸ਼ਹਿਰਾਂ ਦੀ ਮਾਰ ਵਿਚ ਆ ਗਏ ਤੇ ਉਨ੍ਹਾਂ ਦਾ ਨਾਮੋ-ਨਿਸ਼ਾਨ ਹੀ ਖਤਮ ਹੋ ਗਿਆ।

ਜਲੰਧਰ ਸ਼ਹਿਰ ਵਿਚ ਕਈ ਰਜਵਾਹੇ ਗਾਇਬ ਹੋਏ ਹਨ, ਜਦਕਿ ਲੁਧਿਆਣਾ ਦਾ ਸਰਾਭਾ ਚੌਕ ਵੀ ਰਜਵਾਹੇ 'ਤੇ ਹੈ। ਪਟਿਆਲਾ ਜ਼ਿਲ੍ਹੇ ਵਿਚੋਂ 100 ਕਿਲੋਮੀਟਰ ਲੰਮੇ ਰਜਵਾਹੇ ਤਲਾਸ਼ੇ ਗਏ ਹਨ। ਬਠਿੰਡਾ ਜ਼ਿਲ੍ਹੇ ਵਿਚ ਤਾਂ ਰਜਵਾਹੇ ਵਾਲੀ ਜਗ੍ਹਾ 'ਤੇ ਲੋਕਾਂ ਨੇ ਘਰ ਵੀ ਬਣਾ ਲਏ ਹਨ। ਨਹਿਰੀ ਮਹਿਕਮੇ ਨੇ ਕਦੇ ਆਪਣੀ ਇਸ ਸੰਪਤੀ ਬਾਰੇ ਸੋਚਿਆ ਤੱਕ ਨਹੀਂ ਸੀ।

ਵੱਡੇ ਸ਼ਹਿਰਾਂ ਦੇ ਨਿਗਮਾਂ ਨੂੰ ਸੜਕਾਂ ਵਾਸਤੇ ਵੀ ਨਹਿਰੀ ਮਹਿਕਮੇ ਨੇ ਆਪਣੀ ਸੰਪਤੀ ਦਿੱਤੀ ਹੋਈ ਹੈ। ਅੰਮ੍ਰਿਤਸਰ ਤੇ ਤਰਨ ਤਾਰਨ ਵਿਚ ਨਹਿਰ ਮਹਿਕਮੇ ਦੇ ਰਜਵਾਹੇ ਗਾਇਬ ਹਨ। ਜਲ ਸਰੋਤ ਵਿਭਾਗ ਦੇ ਰਿਕਾਰਡ ਵਿਚ ਇਹ ਰਜਵਾਹੇ ਬੋਲ ਰਹੇ ਹਨ, ਜੋ ਹਕੀਕਤ ਵਿਚ ਗਾਇਬ ਹਨ। ਜਲਾਲਾਬਾਦ ਬਰਾਂਚ, ਜੋ 13.71 ਕਿਲੋਮੀਟਰ ਲੰਮੀ ਹੈ, ਹੁਣ ਗਾਇਬ ਹੈ ਤੇ ਲਾਧੂਕਾ ਰਜਵਾਹਾ ਕਰੀਬ 55 ਕਿਲੋਮੀਟਰ ਲੰਮਾ ਹੈ, ਹੁਣ ਉਸ ਦੀ ਸ਼ਨਾਖ਼ਤ ਕੀਤੀ ਗਈ ਹੈ। ਮਮਦੋਟ ਤੇ ਸੋਢੀ ਵਾਲਾ ਰਜਵਾਹੇ ਵੀ ਗਾਇਬ ਪਾਏ ਗਏ ਹਨ। ਜਲ ਸਰੋਤ ਵਿਭਾਗ ਨੇ ਸਮੁੱਚੇ ਪੰਜਾਬ ਵਿਚ ਕਰੀਬ 300 ਕਿਲੋਮੀਟਰ ਰਜਵਾਹੇ ਮੁੜ ਬਹਾਲ ਕੀਤੇ ਹਨ, ਜਿਨ੍ਹਾਂ ਵਿਚ ਤਰਨ ਤਾਰਨ ਜ਼ਿਲ੍ਹੇ 'ਚ ਪੈਂਦਾ ਦੁਮਨੀਵਾਲਾ ਫੀਡਰ ਵੀ ਸ਼ਾਮਲ ਹੈ, ਜਿਸ ਨੂੰ ਕਰੀਬ 40 ਸਾਲ ਬਾਅਦ ਬਹਾਲ ਕੀਤਾ ਗਿਆ ਹੈ।

## ਰਾਜਸਥਾਨ ਨੂੰ ਪਾਣੀ ਦੇ ਕੇ ਸਿਆਸੀ ਬੂਟਾ ਸਿੰਜਣਾ ਚਾਹੁੰਦੀ ਹੈ 'ਆਪ': ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਨਹਿਰੀ ਪਾਣੀ ਦੀ ਵਾਰੀ ਮਿਲਣ ਵਾਲੇ ਕਿਸਾਨਾਂ ਨੂੰ ਪੁਲਿਸ ਦੇ ਜ਼ੋਰ ਨਾਲ ਲਿਫਟ ਪੰਪ ਵਰਤਣ ਤੋਂ ਰੋਕਿਆ ਜਾ ਰਿਹਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਲਿਫਟ ਸਿੰਜਾਈ ਪੰਪ ਬੰਦ ਕਰਵਾਉਣ ਦਾ ਮਕਸਦ ਸਿਰਫ ਰਾਜਸਥਾਨ ਨੂੰ ਵੱਧ ਨਹਿਰੀ ਪਾਣੀ ਦੇਣਾ ਹੈ, ਜਿਸ ਰਾਹੀਂ 'ਆਪ' ਉਥੇ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸੂਇਆਂ ਵਿਚ ਟੇਲਾਂ ਤੱਕ ਪਾਣੀ ਨਹੀਂ ਪਹੁੰਚ ਰਿਹਾ, ਜਿਸ ਕਾਰਨ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸ਼ਹਿਰੀ ਇਲਾਕਿਆਂ ਦੇ ਨਾਲ-ਨਾਲ ਉਦਯੋਗਿਕ ਖੇਤਰ ਵਿਚ ਵੀ ਵੱਡੇ-ਵੱਡੇ ਬਿਜਲੀ ਕੱਟ ਲਗਾਏ ਜਾ ਰਹੇ ਹਨ, ਜਿਸ ਕਾਰਨ ਵਪਾਰੀ ਤੇ ਉਦਯੋਗਪਤੀ ਵੀ ਪਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਇਸ ਸਭ ਦਾ ਸੂਬੇ ਦੇ ਅਰਥਚਾਰੇ 'ਤੇ ਮਾੜਾ ਅਸਰ ਪਵੇਗਾ।

# ਮਿਸ਼ਨ 2024: ਪੰਜਾਬ 'ਚ ਆਪ ਤੇ ਕਾਂਗਰਸ ਦੇ ਗੱਠਜੋੜ ਤੋਂ ਖਿੱਚੋਤਾਣ

**ਚੰਡੀਗੜ੍ਹ:** ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿਚ ਹੁਣ ਸੱਤਾਧਾਰੀ 'ਆਪ' ਤੇ ਵਿਰੋਧੀ ਧਿਰ ਕਾਂਗਰਸ ਦਰਮਿਆਨ ਸ਼ਬਦੀ ਜੰਗ ਭਖ ਗਈ ਹੈ। ਕੌਮੀ ਪੱਧਰ ਉਤੇ 'ਇੰਡੀਆ' ਗੱਠਜੋੜ ਵਿਚ ਇਨ੍ਹਾਂ ਦੋਵਾਂ ਧਿਰਾਂ ਵਿਚ ਸਭ ਅੱਛਾ ਜਾਪਦਾ ਹੈ, ਪਰ ਪੰਜਾਬ ਵਿਚ ਕਾਂਗਰਸ ਅਤੇ 'ਆਪ' ਦੇ ਆਗੂ ਖੁੱਲ੍ਹ ਕੇ ਇਕ ਦੂਜੇ ਖ਼ਿਲਾਫ਼ ਬੋਲਣ ਲੱਗੇ ਹਨ। ਸੂਤਰਾਂ ਮੁਤਾਬਕ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਪੰਜਾਬ ਵਿਚ ਇਕੱਲੇ ਲੜਨ ਦੇ ਬਿਆਨ ਨੂੰ ਲੈ ਕੇ 'ਆਪ' ਦੀ ਸੂਬਾਈ ਲੀਡਰਸ਼ਿਪ ਨੇ ਕੌਮੀ ਆਗੂਆਂ ਕੋਲ ਸ਼ਿਕਾਇਤ ਕੀਤੀ ਹੈ।




ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਕਿ ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਲੜਨ ਦੀ ਤਿਆਰੀ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਗੱਠਜੋੜ ਬਾਰੇ ਫੈਸਲਾ ਭਾਵੇਂ ਪਾਰਟੀ ਹਾਈਕਮਾਨ ਕਰੇਗੀ, ਪਰ ਪੰਜਾਬ ਪ੍ਰਦੇਸ਼ ਕਾਂਗਰਸ ਦੀ ਸਹਿਮਤੀ ਤੋਂ ਬਿਨਾਂ ਕੋਈ ਫੈਸਲਾ ਨਹੀਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਜੇ ਗੱਠਜੋੜ ਹੋਣ ਦੀਆਂ ਅਫਵਾਹਾਂ ਹੀ ਹਨ। ਪੰਜਾਬ ਕਾਂਗਰਸ ਦੇ ਆਗੂਆਂ ਨੇ ਬੈਠਕ ਕਰਕੇ ਸੂਬੇ ਵਿਚ ਆਗਾਮੀ ਲੋਕ ਸਭਾ ਚੋਣਾਂ ਲਈ 'ਆਪ' ਨਾਲ ਗੱਠਜੋੜ ਕੀਤੇ ਜਾਣ 'ਤੇ ਸਖ਼ਤ ਇਤਰਾਜ਼ ਜਤਾਇਆ ਸੀ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਬਿਆਨ 'ਤੇ ਵੜਿੰਗ ਨੇ ਕਿਹਾ ਕਿ ਮੰਤਰੀ ਦੇ ਬਿਆਨ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਕਾਂਗਰਸ ਹਾਈਕਮਾਨ ਨੇ ਪੰਜਾਬ ਵਿਚ 'ਆਪ' ਨਾਲ ਗੱਠਜੋੜ ਹੋਣ ਬਾਰੇ ਕੋਈ ਗੱਲ ਨਹੀਂ ਕਹੀ ਹੈ। ਇਸੇ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿਚ 'ਆਪ' ਨਾਲ ਕੋਈ ਸਬੰਧ ਨਹੀਂ ਹੈ ਅਤੇ ਉਹ 2024 ਦੀਆਂ ਚੋਣਾਂ ਆਪਣੇ ਦਮ 'ਤੇ ਲੜਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਕਾਡਰ 'ਆਪ' ਨਾਲ ਗੱਠਜੋੜ ਕੀਤੇ ਬਿਨਾਂ 2024 ਦੀਆਂ ਚੋਣਾਂ ਇਕੱਲੇ ਲੜਨ ਦੇ ਹੱਕ ਵਿਚ ਹੈ। ਹਾਈਕਮਾਨ ਨੇ ਪ੍ਰਦੇਸ਼ ਕਾਂਗਰਸ ਨੂੰ ਕਾਡਰ ਅਤੇ ਵਰਕਰਾਂ ਦੇ ਮੂਡ ਦਾ ਮੁਲਾਂਕਣ ਕਰਨ ਦੀ ਖੁੱਲ੍ਹ ਦਿੱਤੀ ਹੈ। 'ਆਪ' ਡੇਢ ਸਾਲ ਸੱਤਾ ਵਿਚ ਰਹਿਣ ਤੋਂ ਬਾਅਦ ਵੀ ਕਾਂਗਰਸ ਨਾਲ ਗੱਠਜੋੜ ਕਰਨ ਲਈ ਬੇਤਾਬ ਹੈ। ਕਾਂਗਰਸ ਨੇ ਗੱਠਜੋੜ ਬਾਰੇ ਕੋਈ ਬਿਆਨ ਨਹੀਂ ਦਿੱਤਾ ਜਦੋਂ ਕਿ 'ਆਪ' ਆਗੂ ਹੀ ਅਜਿਹੇ ਬਿਆਨ ਦਾਗ ਰਹੇ ਹਨ।

ਦੱਸ ਦਈਏ ਕਿ ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ 'ਆਪ' ਨਾਲ ਲੋਕ ਸਭਾ ਚੋਣਾਂ-2024 ਵਿਚ ਗੱਠਜੋੜ ਦਾ ਵਿਰੋਧ ਕੀਤੇ ਜਾਣ ਤੋਂ ਇਕ ਦਿਨ ਮਗਰੋਂ ਆਮ ਆਦਮੀ ਪਾਰਟੀ ਨੇ ਕਾਂਗਰਸ ਨਾਲ ਸਮਝੌਤਾ ਨਾ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਦੀ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ 'ਆਪ' ਵੱਲੋਂ ਕਾਂਗਰਸ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਪੰਜਾਬ ਵਿਚ ਲੋਕ ਸਭਾ ਦੀਆਂ ਸਾਰੀਆਂ 13 ਸੀਟਾਂ 'ਤੇ ਇਕੱਲੀ ਚੋਣ ਲੜੇਗੀ ਤੇ ਜਿੱਤ ਹਾਸਲ ਕਰੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਉਨ੍ਹਾਂ ਦੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਟੈਂਡ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਹਰਾਉਣ ਲਈ ਕੌਮੀ ਪੱਧਰ 'ਤੇ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ ਇਕੱਠੇ ਹੋਣਾ ਜਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਇਮਾਨਦਾਰ ਪਾਰਟੀ ਨੂੰ ਚੁਣ ਕੇ ਭੇਜਿਆ ਹੈ ਅਤੇ ਪੰਜਾਬ ਦੇ ਲੋਕ 'ਆਪ' ਦਾ ਕਾਂਗਰਸ ਨਾਲ ਗੱਠਜੋੜ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਨਕਾਰੀ ਹੋਈ ਕਾਂਗਰਸ ਨਾਲ 'ਆਪ' ਗੱਠਜੋੜ ਨਹੀਂ ਕਰੇਗੀ। ਚੇਤੇ ਰਹੇ ਕਿ ਪੰਜਾਬ ਕਾਂਗਰਸ ਦੇ ਆਗੂਆਂ ਨੇ ਸੰਸਦੀ ਚੋਣਾਂ ਲਈ ਪੰਜਾਬ ਵਿਚ 'ਆਪ' ਨਾਲ ਗੱਠਜੋੜ ਕਰਨ ਦਾ ਵਿਰੋਧ ਕੀਤਾ ਸੀ। ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕਹਿ ਚੁੱਕੇ ਹਨ ਕਿ 'ਆਪ' ਤੇ ਕਾਂਗਰਸ ਦੇ ਗੱਠਜੋੜ ਲਈ ਮਾਮੂਲੀ ਗੱਲਾਂ ਨੂੰ ਭੁਲਾਉਣਾ ਪਵੇਗਾ।

## ਅਨੁਸ਼ਾਸਨ ਭੰਗ ਕਰਨ ਵਾਲਿਆਂ ਲਈ ਕਾਂਗਰਸ 'ਚ ਕੋਈ ਥਾਂ ਨਹੀਂ: ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਇੰਡੀਆ ਗੱਠਜੋੜ ਦੀ ਆਲੋਚਨਾ ਕਰ ਰਹੇ ਕਾਂਗਰਸੀਆਂ ਨੂੰ ਕਿਹਾ ਕਿ ਜੋ ਅਨੁਸ਼ਾਸਨ ਵਿਚ ਰਹੇਗਾ ਉਹ ਹੀ ਕਾਂਗਰਸ ਵਿਚ ਟਿਕ ਸਕੇਗਾ। ਹਾਲਾਂ ਕਿ ਉਨ੍ਹਾਂ ਨਾਮ ਲਏ ਬਗੈਰ ਮੁੜ ਕਿਹਾ ਕਿ ਕਾਂਗਰਸੀ ਹਮੇਸ਼ਾ ਅਨੁਸ਼ਾਸਨ ਵਿਚ ਰਹਿ ਕੇ ਆਪਣੀ ਹਾਈਕਮਾਂਡ ਦੇ ਕਹਿਣ 'ਤੇ ਚੱਲਦੇ ਹਨ ਪਰ ਜੋ ਵੀ ਪੰਜਾਬ ਵਿਚ ਇੰਡੀਆ ਗੱਠਜੋੜ ਦੀ ਨੁਕਤਾਚੀਨੀ ਕਰ ਰਹੇ ਹਨ, ਉਹ ਆਪਣੇ ਆਪ ਹੀ ਸਿੱਧੇ ਰਾਹ ਪੈ ਜਾਣਗੇ। ਉਨ੍ਹਾਂ ਕਿਹਾ ਕਿ ਤਿੰਨ ਕਰੋੜ ਪੰਜਾਬੀਆਂ ਨੂੰ ਸੱਚ ਦੇ ਮਾਰਗ 'ਤੇ ਚੱਲ ਕੇ ਸੱਚ ਦਾ ਸਾਥ ਦੇਣਾ ਚਾਹੀਦਾ ਹੈ ਤਾਂ ਹੀ ਪੰਜਾਬ ਦਾ ਭਲਾ ਹੋ ਸਕੇਗਾ।

## ਨਰਮੇ ਦੇ ਬੀਜਾਂ ਦੀ 2.69 ਕਰੋੜ ਰੁਪਏ ਦੀ ਸਬਸਿਡੀ ਜਾਰੀ

**ਚੰਡੀਗੜ੍ਹ:** ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜਾਂ 'ਤੇ 33 ਫੀਸਦੀ ਸਬਸਿਡੀ ਦੇਣ ਸਬੰਧੀ ਕੀਤੇ ਗਏ ਵਾਅਦੇ ਅਨੁਸਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 15,541 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 2.69 ਕਰੋੜ ਰੁਪਏ ਦੀ ਸਬਸਿਡੀ ਪਾਈ ਗਈ ਹੈ। ਇਸ ਸਾਲ ਡੀ.ਬੀ.ਟੀ. ਪ੍ਰਣਾਲੀ ਰਾਹੀਂ 87,173 ਕਿਸਾਨਾਂ ਨੂੰ ਨਰਮੇ ਦੇ ਬੀਜ ਦੀ ਸਬਸਿਡੀ ਵਜੋਂ ਹੁਣ ਤੱਕ ਕੁੱਲ 17.02 ਕਰੋੜ ਰੁਪਏ ਟਰਾਂਸਫਰ ਕੀਤੇ ਗਏ ਹਨ। ਇਹ ਸਬਸਿਡੀ ਪੀ.ਏ.ਯੂ. ਵੱਲੋਂ ਪ੍ਰਮਾਣਿਤ ਨਰਮੇ ਦੇ ਬੀਜਾਂ ਉੱਤੇ ਦਿੱਤੀ ਜਾ ਰਹੀ ਹੈ।

# ਪਾਣੀ ਦੇ ਮਸਲੇ 'ਤੇ ਪੰਜ ਕਿਸਾਨ ਜਥੇਬੰਦੀਆਂ ਇਕਜੁੱਟ ਹੋਈਆਂ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੱਦੇ 'ਤੇ ਕਿਸਾਨ ਭਵਨ ਚੰਡੀਗੜ੍ਹ ਵਿਚ ਦਰਿਆਈ ਪਾਣੀ ਦੇ ਵਿਵਾਦ ਅਤੇ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ, ਵਾਤਾਵਰਨ ਪ੍ਰਦੂਸ਼ਣ, ਸੂਬੇ ਦੇ ਸੰਘੀ ਢਾਂਚੇ 'ਤੇ ਲਗਾਤਾਰ ਹੋ ਰਹੇ ਹਮਲੇ ਅਤੇ ਕਿਸਾਨਾਂ ਤੇ ਖੇਤੀ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ ਦੇ ਮੁੱਦਿਆਂ 'ਤੇ ਸਰਬ ਪਾਰਟੀ ਮੀਟਿੰਗ ਕੀਤੀ ਗਈ।



ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕਾਂਗਰਸ ਕਿਸਾਨ ਵਿੰਗ ਦੇ ਮੁਖੀ ਸੁਖਪਾਲ ਸਿੰਘ ਖਹਿਰਾ, ਕਾਕਾ ਰਣਦੀਪ ਸਿੰਘ ਨਾਭਾ, ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਜਗਦੇਵ ਸਿੰਘ ਕਮਾਲੂ, ਮਾਰਕਸਵਾਦੀ ਕਮਿਊਨਸਟ ਪਾਰਟੀ ਆਫ ਇੰਡੀਆ (ਯੂਨਾਈਟਿਡ) ਦੇ ਐਡਵੋਕੇਟ ਕੁਲਦੀਪ ਸਿੰਘ ਨੇ ਸ਼ਮੂਲੀਅਤ ਕੀਤੀ। ਉਕਤ ਸਿਆਸੀ ਆਗੂਆਂ ਸਣੇ ਕਿਸਾਨ ਆਗੂਆਂ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਵੀ ਵਿਚਾਰ ਪ੍ਰਗਟਾਏ।

ਸ੍ਰੀ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਦਰਿਆਈ ਪਾਣੀ ਦੇ ਮੁੱਦੇ 'ਤੇ ਫੈਸਲਾ ਕਰਨ ਅਤੇ ਕਾਰਜਕਾਰੀ ਆਦੇਸ਼ ਪਾਸ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ ਕਿਉਂਕਿ ਇਹ ਰਾਜਾਂ ਦਾ ਵਿਸ਼ਾ ਹੈ। ਇਸ ਲਈ ਕੇਂਦਰ ਸਰਕਾਰ ਵੱਲੋਂ ਹੁਣ ਤੱਕ ਗੈਰ-ਸੰਵਿਧਾਨਕ ਅਤੇ ਗੈਰ-ਕਾਨੂੰਨੀ ਸਾਰੇ ਹੁਕਮਾਂ ਅਤੇ ਫੈਸਲਿਆਂ ਨੂੰ ਰੱਦ ਕੀਤਾ ਜਾਵੇ।

# ਅਧਿਆਪਕਾਂ ਕੋਲੋਂ ਗੈਰ-ਵਿਦਿਅਕ ਕੰਮ ਲੈਣ ਖਿਲਾਫ ਰੋਹ

**ਚੰਡੀਗੜ੍ਹ:** ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰਜ਼ ਫਰੰਟ (ਡੀ.ਟੀ.ਐਫ.) ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਉਸ ਬਿਆਨ ਨੂੰ ਕਾਗਜ਼ੀ ਕਰਾਰ ਦਿੱਤਾ ਹੈ ਜਿਸ ਵਿਚ ਉਨ੍ਹਾਂ ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਤੋਂ ਛੁਟਕਾਰਾ ਦਿਵਾਉਣ ਦੀ ਗੱਲ ਆਖੀ ਸੀ। ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਸਰਕਾਰ ਅਧਿਆਪਕਾਂ ਤੋਂ ਪਹਿਲਾਂ ਹੀ ਗੈਰ-ਵਿਦਿਅਕ ਕੰਮ ਲੈ ਰਹੀ ਹੈ।



ਉਨ੍ਹਾਂ ਕਿਹਾ ਕਿ ਬੀ.ਐਲ.ਓ. ਤੋਂ ਬਾਅਦ ਹੁਣ ਹਜ਼ਾਰਾਂ ਅਧਿਆਪਕ ਜ਼ਿਲ੍ਹਾ ਕਪੂਰਥਲਾ ਵਿਚ ਪਰਾਲੀ ਸਾੜਨ ਅਤੇ ਜ਼ਿਲ੍ਹਾ ਮਾਲੇਰਕੋਟਲਾ ਵਿਚ ਹੜ੍ਹਾਂ ਸਬੰਧੀ ਫਲੱਡ ਕੰਟਰੋਲ ਰੂਮ ਵਰਗੀਆਂ ਗੈਰ-ਵਿੱਦਿਅਕ ਡਿਊਟੀ 'ਤੇ ਤਾਇਨਾਤ ਕਰ ਦਿੱਤੇ ਗਏ ਹਨ। ਡੀ.ਟੀ.ਐੱਫ. ਨੇ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਦੀ ਨਿਖੇਧੀ ਕੀਤੀ। ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਪਹਿਲਾਂ ਹੀ ਵੱਡੀ ਘਾਟ ਹੈ। ਬਹੁਤ ਸਾਰੇ ਸਕੂਲ ਅਜਿਹੇ ਹਨ, ਜਿੱਥੇ ਇਕ ਵੀ ਅਧਿਆਪਕ ਪੱਕੇ ਤੌਰ 'ਤੇ ਤਾਇਨਾਤ ਨਹੀਂ ਹੈ। ਕਈ ਸਕੂਲਾਂ ਵਿਚ ਇਕ ਹੀ ਅਧਿਆਪਕ ਹੈ। ਅਜਿਹੇ ਸਮੇਂ ਜਦੋਂ 15 ਹਜ਼ਾਰ ਤੋਂ ਵੱਧ ਸਰਕਾਰੀ ਅਧਿਆਪਕ ਪਹਿਲਾਂ ਹੀ ਬੀ.ਐਲ.ਓਜ. ਵਜੋਂ ਡਿਊਟੀਆਂ ਨਿਭਾਅ ਰਹੇ ਹਨ, ਹੁਣ ਵੱਡੀ ਗਿਣਤੀ ਹੋਰ ਅਧਿਆਪਕਾਂ ਨੂੰ ਇਸ ਗੈਰ-ਵਿੱਦਿਅਕ ਡਿਊਟੀ 'ਤੇ ਭੇਜਣ ਦਾ ਫੈਸਲਾ ਲਿਆ ਗਿਆ ਹੈ। ਇਸ ਸਮੇਂ ਇਸ ਗੱਲ ਦਾ ਬਿਲਕੁਲ ਧਿਆਨ ਨਹੀਂ ਰੱਖਿਆ ਗਿਆ ਕਿ ਸਕੂਲਾਂ ਵਿਚ 11 ਸਤੰਬਰ ਤੋਂ ਪ੍ਰੀਖਿਆਵਾਂ ਸ਼ੁਰੂ ਹੋ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਅਧਿਆਪਕਾਂ ਕੋਲੋਂ ਗੈਰ-ਵਿੱਦਿਅਕ ਕੰਮ ਨਾ ਲਏ ਜਾਣ।

# ਗੈਂਗਸਟਰਾਂ ਦੇ ਖਾਤਮੇ ਤੋਂ ਬਿਨਾਂ ਨਸ਼ਾ ਖਤਮ ਨਹੀਂ ਹੋਣਾ: ਬਲਕੌਰ ਸਿੰਘ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਗੈਂਗਸਟਰਵਾਦ ਦੇ ਖਾਤਮੇ ਤੋਂ ਬਿਨਾਂ ਪੰਜਾਬ ਵਿਚੋਂ ਨਸ਼ਾ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਗੈਂਗਸਟਰਾਂ ਨੇ ਪੰਜਾਬ ਸਰਕਾਰ ਦਾ ਸਾਰਾ ਸਿਸਟਮ ਖਰੀਦਿਆ ਹੋਇਆ ਹੈ। ਉਹ ਆਸਾਨੀ ਨਾਲ ਨਸ਼ਾ ਸਪਲਾਈ, ਫਿਰੌਤੀਆਂ ਮੰਗਣ, ਡਰਾਉਣ-ਧਮਕਾਉਣ ਦਾ ਕੰਮ ਕਰਦੇ ਹਨ। ਉਹ ਪਿੰਡ ਮੂਸਾ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰ ਰਹੇ ਸਨ।



ਉਨ੍ਹਾਂ ਕਿਹਾ ਕਿ ਹੁਣ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਮੰਤਰੀ ਵੋਟਾਂ ਮੰਗਣ ਆਉਣਗੇ। ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਉਨ੍ਹਾਂ ਨੂੰ ਘੇਰ ਕੇ ਸਵਾਲ ਪੁੱਛਣਾ ਹੈ ਕਿ ਪੰਜਾਬ ਦੇ ਐਨੇ ਮਾੜੇ ਹਾਲਾਤ ਕਿਵੇਂ ਹੋ ਗਏ। ਉਨ੍ਹਾਂ ਸਵਾਲ ਕੀਤਾ ਕਿ ਸਿੱਧੂ ਮੂਸੇਵਾਲਾ ਮਾਮਲੇ ਵਿਚ ਸਰਕਾਰ ਉਸ ਦੇ ਕਤਲ ਲਈ ਜਿੰਮੇਵਾਰ ਸਾਜ਼ਿਸ਼ ਘਾੜਿਆਂ ਨੂੰ ਜਾਂਚ ਵਿਚ ਸ਼ਾਮਲ ਕਿਉਂ ਨਹੀਂ ਕਰ ਰਹੀ।

ਬਲਕੌਰ ਸਿੰਘ ਨੇ ਕਿਹਾ ਕਿ ਸਰਕਾਰ ਤੇ ਉਸ ਦੇ ਮੰਤਰੀਆਂ ਨੇ ਇਸ ਕੇਸ ਨੂੰ ਲੈ ਕੇ ਚੁੱਪ ਹੀ ਧਾਰ ਰੱਖੀ ਹੈ, ਪਰ ਉਹ ਗੈਂਗਸਟਰਾਂ ਦੀਆਂ ਧਮਕੀਆਂ ਤੇ ਸਰਕਾਰ ਦੀ ਚੁੱਪ ਤੋਂ ਡਰਨ ਵਾਲੇ ਨਹੀਂ ਹਨ। ਉਹ ਲੋਕਾਂ ਦੇ ਸਾਥ ਨਾਲ ਆਪਣੇ ਪੁੱਤ ਲਈ ਇਸੇ ਤਰ੍ਹਾਂ ਇਨਸਾਫ਼ ਮੰਗਦੇ ਰਹਿਣਗੇ।

## ਰਾਜਪਾਲ ਪੁਰੋਹਿਤ ਦਾ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ 20 ਤੋਂ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ 20 ਸਤੰਬਰ ਤੋਂ ਸਰਹੱਦੀ ਜ਼ਿਲ੍ਹਿਆਂ ਦਾ ਤਿੰਨ ਰੋਜ਼ਾ ਦੌਰਾ ਸ਼ੁਰੂ ਕਰਨਗੇ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਰਾਜਪਾਲ ਵੱਲੋਂ ਭੇਜੇ ਗਏ ਪੱਤਰਾਂ ਦੇ ਜੁਆਬ ਵੀ ਦੇਣੇ ਸ਼ੁਰੂ ਕਰ ਦਿੱਤੇ ਹਨ ਜਿਨ੍ਹਾਂ ਨੂੰ ਲੈ ਕੇ ਰਾਜਪਾਲ ਨੇ ਪਿਛਲੇ ਦਿਨਾਂ ਵਿਚ ਸਖ਼ਤ ਸੁਰ ਦਿਖਾਏ ਸਨ। ਵੇਰਵਿਆਂ ਅਨੁਸਾਰ ਰਾਜਪਾਲ 20 ਸਤੰਬਰ ਨੂੰ ਪਠਾਨਕੋਟ ਤੋਂ ਆਪਣਾ ਦੌਰਾ ਸ਼ੁਰੂ ਕਰਨਗੇ ਅਤੇ 21 ਸਤੰਬਰ ਨੂੰ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹੇ ਦਾ ਦੌਰਾ ਕਰਨਗੇ। 22 ਸਤੰਬਰ ਨੂੰ ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦਾ ਦੌਰਾ ਕਰਨਗੇ।

# ਪੰਜਾਬ ਪੁਲਿਸ ਨੇ ਸੂਬੇ ਭਰ ਵਿਚ ਤਲਾਸ਼ੀ ਮੁਹਿੰਮ ਚਲਾਈ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਦੇ ਤਕਰੀਬਨ ਇਕ ਦਰਜਨ ਜ਼ਿਲ੍ਹਿਆਂ ਵਿਚ ਤਲਾਸ਼ੀ ਮੁਹਿੰਮ 'ਓ.ਪੀ.ਐੱਸ. ਸੀਲ-4' ਚਲਾਈ ਗਈ। ਇਸ ਦੌਰਾਨ ਪੁਲਿਸ ਨੇ ਦੋ ਪਿਸਤੌਲਾਂ, 1.48 ਲੱਖ ਰੁਪਏ, 667 ਗ੍ਰਾਮ ਹੈਰੋਇਨ, 35 ਕਿੱਲੋ ਭੁੱਕੀ, 40 ਗ੍ਰਾਮ ਸਮੈਕ, 9445 ਸ਼ਰਾਬ ਦੀਆਂ ਬੋਤਲਾਂ ਬਰਾਮਦ ਕੀਤੀਆਂ।

ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸੂਬੇ ਭਰ ਵਿਚ ਗੈਰ-ਸਮਾਜਿਕ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਦੌਰਾਨ 49 ਕੇਸ ਦਰਜ ਕਰ ਕੇ 64 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ੍ਰੀ ਸ਼ੁਕਲਾ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਇਹ ਤਲਾਸ਼ੀ ਮੁਹਿੰਮ ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜੰਮੂ-ਕਸ਼ਮੀਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਸਹਿਯੋਗ ਨਾਲ ਚਲਾਈ ਹੈ।

ਪੁਲਿਸ ਨੇ ਇਨ੍ਹਾਂ ਚਾਰੋਂ ਗੁਆਂਢੀ ਸੂਬਿਆਂ ਨਾਲ ਸਰਹੱਦਾਂ ਸਾਂਝੀਆਂ ਕਰਨ ਵਾਲੇ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੂਪਨਗਰ, ਐਸ.ਏ.ਐਸ. ਨਗਰ (ਮੁਹਾਲੀ), ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਤੇ ਬਠਿੰਡਾ ਜ਼ਿਲ੍ਹਿਆਂ ਦੇ ਸਾਰੇ ਆਉਣ-ਜਾਣ ਵਾਲੇ ਰਸਤਿਆਂ 'ਤੇ ਇੰਸਪੈਕਟਰਾਂ ਤੇ ਡੀ.ਐਸ.ਪੀਜ਼. ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਅਤੇ 104 ਥਾਵਾਂ 'ਤੇ ਨਾਕੇ ਲਗਾਏ। ਪੁਲਿਸ ਨੇ ਸੂਬੇ ਵਿਚ ਦਾਖ਼ਲ ਹੋਣ ਵਾਲੇ 3624 ਵਾਹਨਾਂ ਦੀ ਚੈਕਿੰਗ ਕੀਤੀ, ਜਿਨ੍ਹਾਂ ਵਿਚੋਂ 151 ਦੇ ਚਲਾਨ ਕੀਤੇ ਗਏ ਅਤੇ 17 ਵਾਹਨ ਜ਼ਬਤ ਕੀਤੇ ਗਏ।



ਪੁਲਿਸ ਨੇ 721 ਸ਼ੱਕੀ ਵਿਅਕਤੀਆਂ ਨੂੰ ਪੁੱਛਗਿਛ ਲਈ ਹਿਰਾਸਤ ਵਿਚ ਵੀ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਨਾਕੇ ਜੀ-20 ਸੰਮੇਲਨ ਦੇ ਮੱਦੇਨਜ਼ਰ ਸਰਹੱਦੀ ਜ਼ਿਲ੍ਹਿਆਂ 'ਚ ਲਗਾਏ ਗਏ ਸਨ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 16 ਸਤੰਬਰ, 2023*

# ਦਿਖਾਵੇ ਦੀ ਦੁਨੀਆ

ਮਾਹਿਰਾਂ ਨੇ ਭਾਵੇਂ ਜੀ-20 ਸਿਖਰ ਸੰਮੇਲਨ ਦੀਆਂ ਕਈ ਪ੍ਰਾਪਤੀਆਂ ਗਿਣਾਈਆਂ ਹਨ ਪਰ ਇਸ ਸੰਮੇਲਨ ਨੇ ਇਕ ਗੱਲ ਸਾਬਤ ਕਰ ਦਿੱਤੀ ਹੈ ਕਿ ਇਹ ਦੁਨੀਆ ਵੀ ਦਿਖਾਵੇ ਦੀ ਹੈ। ਇਸ ਸੰਮੇਲਨ ਦੇ ਮੇਜ਼ਬਾਨ ਭਾਰਤ ਅਤੇ ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਮੇਲਨ ਦੌਰਾਨ ਆਪਣਾ ਖ਼ੂਬ ਗੁੱਡਾ ਬੰਨ੍ਹਿਆ। ਪਿਛਲੇ ਕੁਝ ਸਮੇਂ ਤੋਂ ਮੋਦੀ ਇਹ ਐਲਾਨ ਵਾਰ-ਵਾਰ ਕਰ ਰਿਹਾ ਹੈ ਕਿ ਭਾਰਤ ਜੋ ਹੁਣ ਸੰਸਾਰ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ ਬਣ ਚੁੱਕਾ ਹੈ, ਛੇਤੀ ਹੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣ ਜਾਵੇਗਾ ਅਤੇ 2047 ਤੱਕ ਭਾਰਤ ਪਹਿਲੇ ਨੰਬਰ ਉਤੇ ਪਹੁੰਚ ਜਾਵੇਗਾ। ਇਨ੍ਹਾਂ ਐਲਾਨਾਂ ਬਾਰੇ ਵਿਦਵਾਨ ਵਾਰ-ਵਾਰ ਸਵਾਲ ਪੁੱਛ ਰਹੇ ਹਨ ਕਿ ਆਰਥਿਕਤਾ ਦੀ ਇਸ ਦਰਜਾਬੰਦੀ ਦਾ ਮੁਲਕ ਦੇ ਆਮ ਲੋਕਾਂ ਨੂੰ ਵੀ ਕੋਈ ਫਾਇਦਾ ਹੋ ਰਿਹਾ ਹੈ ਜਾਂ ਨਹੀਂ? ਇਸ ਸਵਾਲ ਦਾ ਜਵਾਬ ਬੜਾ ਸਪਸ਼ਟ ਹੈ: ਭਾਰਤ ਦੇ ਆਮ ਲੋਕਾਂ ਨੂੰ ਇਸ ਦਾ ਕੋਈ ਲਾਭ ਨਹੀਂ ਮਿਲ ਰਿਹਾ। ਤੱਥ ਬਿਆਨ ਕਰਦੇ ਹਨ ਕਿ ਜਦੋਂ ਤੋਂ 1991 ਤੋਂ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਈਆਂ ਹਨ, ਭਾਰਤ ਵਿਚ ਅਮੀਰ-ਗਰੀਬ ਵਿਚਕਾਰ ਪਾੜਾ ਲਗਾਤਾਰ ਵਧ ਰਿਹਾ ਹੈ ਅਤੇ ਪਾੜਾ ਵਧਣ ਦੀ ਰਫਤਾਰ ਪਿਛਲੇ ਕੁਝ ਸਾਲਾਂ ਤੋਂ ਬਹੁਤ ਤੇਜ਼ ਹੋ ਗਈ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਮੂੰਹ ਆਮ ਲੋਕਾਂ ਦੀ ਬਜਾਇ ਵੱਡੇ-ਵੱਡੇ ਧਨਾਢਾਂ ਵੱਲ ਹੈ। ਮੋਦੀ ਸਰਕਾਰ ਦੀ ਹਰ ਨੀਤੀ ਧਨਾਢਾਂ ਦੇ ਮੁਨਾਫਿਆਂ ਦੇ ਹਿਸਾਬ ਨਾਲ ਬਣਾਈ ਜਾ ਰਹੀ ਹੈ।

ਦਿਖਾਵੇ ਦਾ ਹਾਲ ਇਹ ਹੈ ਕਿ ਜੀ-20 ਦੇ ਸਾਂਝੇ ਐਲਾਨਨਾਮੇ ਨੂੰ ਬਹੁਤ ਵੱਡੀ ਚੀਜ਼ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਪਰ ਇਹ ਯਥਾ-ਸਥਿਤੀ ਤੋਂ ਵੱਧ ਕੁਝ ਵੀ ਨਹੀਂ। ਰੂਸ-ਯੂਕਰੇਨ ਜੰਗ ਦਾ ਮਸਲਾ ਹੀ ਲੈ ਲਓ, ਸਾਰੇ ਮੁਲਕਾਂ ਦੀਆਂ ਪੁਜ਼ੀਸ਼ਨਾਂ ਪਹਿਲਾਂ ਵਾਲੀਆਂ ਹੀ ਹਨ। ਅਮਰੀਕਾ ਅਤੇ ਯੂਰਪੀਦੇਸ਼ ਆਪੋ-ਆਪਣੀ ਪਹਿਲਾਂ ਵਾਲੀ ਪਹੁੰਚ ਅਨੁਸਾਰ ਇਹ ਚਾਹੁੰਦੇ ਸਨ ਕਿ ਰੂਸ ਨੂੰ ਯੂਕਰੇਨ 'ਤੇ ਹਮਲਾ ਕਰਨ ਵਾਲਾ ਦੇਸ਼ ਕਰਾਰ ਦਿੱਤਾ ਜਾਵੇ। ਰੂਸ ਅਤੇ ਚੀਨ ਅਜਿਹੀ ਪਹੁੰਚ ਦੇ ਮੁੱਢੋਂ ਹੀ ਖਿਲਾਫ ਹਨ। ਆਖਰਕਾਰ ਸਾਂਝੇ ਐਲਾਨਨਾਮੇ ਬਾਰੇ ਇਹ ਸਹਿਮਤੀ ਬਣੀ ਕਿ ਸਾਰੇ ਦੇਸ਼ਾਂ ਨੂੰ ਦੂਜੇ ਦੇਸ਼ਾਂ ਦੀ ਅਖੰਡਤਾ ਦਾ ਮਾਣ-ਸਨਮਾਨ ਕਰਨਾਚਾਹੀਦਾ ਹੈ। ਰੂਸ ਨੇ ਇਸ ਐਲਾਨਨਾਮੇ ਦਾ ਸਵਾਗਤ ਕੀਤਾ ਹੈ।ਸੰਮੇਲਨ ਦੌਰਾਨ ਇਹ ਐਲਾਨ ਵੀ ਕੀਤਾ ਗਿਆ ਹੈ ਕਿ ਭਾਰਤ, ਅਰਬ ਦੇਸ਼ਾਂ ਅਤੇ ਯੂਰਪੀ ਦੇਸ਼ਾਂਵਿਚਕਾਰ ਆਰਥਿਕ ਗਲਿਆਰਾਬਣਾਇਆ ਜਾਵੇਗਾ ਜਿਸ ਵਿਚ ਸਮੁੰਦਰੀ ਅਤੇ ਥਲ ਆਵਾਜਾਈ ਦੀਆਂ ਸਹੂਲਤਾਂ ਕਾਇਮ ਕਰਨੀਆਂ ਸ਼ਾਮਿਲ ਹਨ। ਭਾਰਤ, ਅਮਰੀਕਾ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਕਈ ਯੂਰਪੀ ਦੇਸ਼ ਇਸ ਵਿਚ ਹਿੱਸਾ ਲੈਣਗੇ। ਇਸ ਗਲਿਆਰੇ ਨਾਲ ਭਾਰਤ, ਖਾੜੀ ਦੇਸ਼ਾਂ ਅਤੇ ਯੂਰਪ ਵਿਚਕਾਰ ਵਪਾਰ ਵਧੇਗਾ। ਆਵਾਜਾਈ ਦੀਆਂ ਸਹੂਲਤਾਂ ਵਧਾਉਣ ਦੇ ਨਾਲ ਨਾਲ ਸੰਚਾਰ ਸਹੂਲਤਾਂ ਵਿਚ ਵੀ ਵਾਧਾ ਕੀਤਾ ਜਾਵੇਗਾ। ਕੁਝ ਸਿਆਸੀ ਮਾਹਿਰ ਇਸ ਨੂੰ ਚੀਨ ਦੁਆਰਾ ਬਣਾਏ ਜਾ ਰਹੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦੇ ਬਰਾਬਰ ਰੱਖ ਕੇ ਦੇਖ ਰਹੇ ਹਨ। ਇਕ ਨੁਕਤਾ ਹੋਰ ਵੀ ਹੈ। ਭਾਰਤ ਜੇ ਸੱਚਮੁੱਚ ਚਾਹੁੰਦਾ ਹੈ ਕਿ ਦੂਜੇ ਦੇਸ਼ਾਂ ਨਾਲ ਵਪਾਰ ਲਈ ਅਜਿਹਾ ਗਲਿਆਰਾ ਉਸਾਰਿਆ ਜਾਵੇ ਤਾਂ ਇਹ ਆਪਣੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਅਤੇ ਪਾਕਿਸਤਾਨ ਰਾਹੀਂ ਕਈ ਦਰਜਨ ਮੁਲਕਾਂ ਤੱਕ ਬਣੇ-ਬਣਾਏ ਸੜਕੀ ਰਸਤੇ ਰਾਹੀਂ ਵਪਾਰ ਕਰ ਸਕਦਾ ਹੈ।ਅਟਾਰੀ-ਵਾਹਗਾ ਅਤੇ ਹੁਸੈਨੀਵਾਲਾ ਦਾ ਸੜਕੀ ਰਸਤਾ ਖੋਲ੍ਹ ਕੇ ਭਾਰਤ ਬੜੇ ਸੌਖੇ ਢੰਗ ਨਾਲ ਵਪਾਰ ਕਰ ਸਕਦਾ ਹੈ।ਇਸ ਦਾ ਦੋਹਾਂ ਪੰਜਾਬਾਂ ਨੂੰ ਆਰਥਿਕ ਫਾਇਦਾ ਵੀ ਖੂਬ ਹੋਣਾ ਹੈ। ਪੰਜਾਬ ਸਮੇਤ ਸਮੁੱਚਾ ਉੱਤਰੀ ਭਾਰਤ ਖੇਤੀ ਸੰਕਟ ਦਾ ਸ਼ਿਕਾਰ ਹੈ। ਭਾਰਤ ਪਾਕਿਸਤਾਨ ਰਾਹੀਂ ਵਪਾਰ ਨਾਲ ਇਸ ਖੇਤਰ ਵਿਚ ਨਵੀਆਂ ਪੈੜਾਂ ਪਾ ਸਕਦਾ ਹੈ ਪਰ ਭਾਰਤ ਸਰਕਾਰ ਇਸ ਵਪਾਰ ਦੀ ਥਾਂ ਯੂਰਪੀ ਮੁਲਕਾਂ ਨੂੰ ਕੱਚਾ ਮਾਲ ਸੌਂਪਣ ਦੀ ਤਿਆਰੀ ਕਰ ਰਹੀ ਹੈ।

ਇਸੇ ਤਰ੍ਹਾਂ ਵਾਤਾਵਰਨਦਾ ਮਸਲਾ ਹੈ। ਇੰਗਲੈਂਡ ਨੇ ਵਾਤਾਵਰਨ ਸੰਭਾਲ ਸਬੰਧੀ ਯਤਨਾਂ ਲਈ ਦੋ ਬਿਲੀਅਨ ਡਾਲਰ ਦੇਣ ਦਾ ਇਕਰਾਰ ਕੀਤਾ ਹੈ ਪਰ ਇਸ ਮਸਲੇ 'ਤੇ ਅਮਰੀਕਾ ਅਗਲਾ ਕਦਮ ਉਠਾ ਹੀ ਨਹੀਂ ਰਿਹਾ ਹੈ। ਤਤਕਾਲੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਾਂ ਵਾਤਾਵਰਨ ਬਾਰੇ ਚੱਲ ਰਹੇ ਵਿਚਾਰ-ਵਟਾਂਦਰੇ ਵਾਲੀ ਪੈਰਿਸ ਸੰਧੀ ਨੂੰ ਹੀ ਪਰ੍ਹਾਂ ਵਗ੍ਹਾ ਮਾਰਿਆ ਸੀ। ਟਰੰਪ ਤੋਂ ਬਾਅਦ ਜੋਅ ਬਾਇਡੇਨ ਦਾ ਕਾਰਜਕਾਲ ਵੀ ਸਮਾਪਤੀ ਵੱਲ ਵਧ ਰਿਹਾ ਹੈ ਪਰ ਇਸ ਪ੍ਰਸੰਗ ਵਿਚ ਕੋਈ ਜ਼ਿਕਰਯੋਗ ਕਾਰਵਾਈ ਸਾਹਮਣੇ ਨਹੀਂ ਆਈ। ਵਾਤਾਵਰਨ ਨੂੰ ਵਿਗਾੜਨ ਵਾਲੇ ਮੁਲਕਾਂ ਵਿਚ ਅਮਰੀਕਾ ਦਾ ਨਾਂ ਮੋਹਰੀਆਂ ਵਿਚ ਆਉਂਦਾ ਹੈ। ਹੋਰ ਤਾਂ ਹੋਰ, ਇਹ ਆਮ ਕਰ ਕੇ ਰੌਲਾ ਤਾਂ ਲੋਕਤੰਤਰ ਦੀ ਰਾਖੀ ਦਾ ਪਾਉਂਦਾ ਹੈ ਪਰ ਹਕੀਕਤ ਕੁਝ ਹੋਰ ਹੈ। ਕਈ ਮੁਲਕਾਂ ਵਿਚ ਤਾਂ ਇਸ ਨੇ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਪਲਟਾਉਣ ਵਿਚ ਵੀ ਭੂਮਿਕਾ ਨਿਭਾਈ ਹੈ। 50 ਸਾਲ ਪਹਿਲਾਂ ਅਗਸਤ 1973 ਵਿਚ ਇਸ ਨੇ ਚਿੱਲੀ ਵਿਚ ਜਮਹੂਰੀ ਤਰੀਕੇ ਨਾਲ ਸਲਵਾਡੋਰ ਅਲੈਂਡੇ ਦੀ ਅਗਵਾਈ ਵਿਚ ਚੁਣੀ ਸਰਕਾਰ ਦਾ ਤਖਤਾ ਪਲਟਾਉਣ ਵਿਚ ਚਿੱਲੀ ਦੀ ਫ਼ੌਜ ਦੀ ਹਮਾਇਤ ਕੀਤੀ। ਇਸ ਤੋਂ ਬਾਅਦ ਹੀ ਉਥੇ ਤਾਨਾਸ਼ਾਹ ਅਗਸਤੋ ਪਿਨੋਚੇ ਦੀ ਹਕੂਮਤ ਬਣੀ ਸੀਅਤੇ ਪਿਨੋਚੇ ਸਰਕਾਰ ਨੇ ਉਸ ਵਕਤ ਸੈਂਕੜੇ ਦੇਸ਼ ਭਗਤ, ਉਦਾਰਵਾਦੀ ਅਤੇ ਖੱਬੇ ਪੱਖੀ ਸਿਆਸਤਦਾਨਾਂ, ਪੱਤਰਕਾਰਾਂ, ਲੇਖਕਾਂ, ਸਮਾਜਿਕ ਕਾਰਕੁਨਾਂ ਅਤੇ ਵਿਦਵਾਨਾਂ ਨੂੰ ਕਤਲ ਕਰਵਾ ਦਿੱਤਾ ਸੀ।ਜ਼ਾਹਿਰ ਹੈ ਕਿ ਹਰ ਮੁਲਕ ਦੀ ਸੱਤਾਧਾਰੀ ਧਿਰ ਆਪੋ-ਆਪਣੇ ਹਿਸਾਬ ਨਾਲ ਆਪਣੀਆਂ ਨੀਤੀਆਂ ਘੜ ਰਹੀ ਹੈ। ਇਹ ਨੀਤੀਆਂ ਘੜਨ ਵਕਤ ਆਮ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇ ਦੀ ਬਜਾਇ ਸਿਆਸੀ ਗਿਣਤੀਆਂ-ਮਿਣਤੀਆਂ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ। ਇਸੇ ਕਰ ਕੇ ਸੰਸਾਰ ਦੇ ਬਹੁਗਿਣਤੀ ਲੋਕ ਅੱਜ ਵੀ ਬੁਨਿਆਦੀ ਸਹੂਲਤਾਂ ਲਈ ਮਾਰੇ-ਮਾਰੇ ਫਿਰ ਰਹੇ ਹਨ ਅਤੇ ਮੁੱਠੀ ਭਰ ਲੋਕ ਜੱਗ-ਜਹਾਨ ਦੀਆਂ ਸਹੂਲਤਾਂ ਮਾਣ ਰਹੇ ਹਨ।ਚਾਹੀਦਾ ਇਹ ਹੈ ਕਿ ਹਰ ਸ਼ਖਸ ਨੂੰ ਬਣਦਾ ਹਿੱਸਾ ਮਿਲੇ ਪਰ ਇਹ ਹੋਕਾ ਇਸ ਸੰਮੇਲਨ ਵਿਚ ਵੀ ਗਾਇਬ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੀ-ਟਵੰਟੀਆਂ ਦਾ ਲਾਭ ?*

ਲੱਗਾ ਫਿਕਰ ਹੈ ਹੁਣੇ ਈ ਲੀਡਰਾਂ ਨੂੰ ਨਵੇਂ ਸਾਲ ਵਿੱਚ ਚੌਵੀ ਦੀ ਚੋਣ ਵਾ.ਲਾ।
ਉੱਪ-ਚੋਣਾਂ ਵਿਚ ਦੇਖ ਕੇ ਹਾਰ ਹੋ ਗਈ 'ਐਨ.ਡੀ.ਏ' ਤਾਂ ਹੋ ਗਿਆ ਰੋਣ ਵਾ.ਲਾ।
ਸੱਤਾ ਪੱਖ ਦੇ 'ਗੁੱਝੇ ਜਿਹੇ' ਦੇਖ ਕਾਰੇ ਪਤਾ ਲੱਗੇ ਨਾ ਕੀ ਕੁੱਝ ਏ ਹੋਣ ਵਾ.ਲਾ।
ਜੋਅ ਬਾਈਡਨ ਨੇ ਦੇ'ਤਾ ਬਿਆਨ ਐਸਾ 'ਵਿਸ਼ਵ ਗੁਰੂ' ਦੀ ਟੌਹਰ ਨੂੰ ਧੋਣ ਵਾ.ਲਾ।
ਸੋਚਾਂ ਵਿੱਚ ਹੀ ਪਾਏ ਨੇ ਬਹੁਤ ਲੋਕੀ ਖਤਰੇ ਵਾ.ਲੀਆਂ ਵੱਜਦੀਆਂ ਘੰਟੀਆਂ ਨੇ।
ਆਮ ਲੋਕਾਂ ਦਾ ਇਨ੍ਹਾਂ ਕੀ ਸੁਆਰ ਦੇਣਾ 'ਚੰਦਰ-ਯਾਨ' ਤੇ 'ਜੀ-ਟਵੰਟੀਆਂ' ਨੇ !

# ਜੀ-20: ਸਾਮਰਾਜੀ ਤਾਕਤਾਂ ਅਤੇ ਪਛੜੇ ਮੁਲਕਾਂ ਦੀ ਲੁੱਟ

***ਜੀ-20 ਮੀਟਿੰਗਾਂ ਭਾਰਤ ਵਰਗੇ ਆਰਥਿਕ ਤੌਰ 'ਤੇ ਪਛੜੇ ਮੁਲਕਾਂ ਵੱਲ ਸਾਮਰਾਜੀ ਲੁੱਟ ਦਾ ਕੁਹਾੜਾ ਤਿੱਖਾ ਕਰਨ ਲਈ ਹਨ। ਇਸ ਦੀਆਂ ਨਵ ਉਦਾਰਵਾਦੀ ਨੀਤੀਆਂ ਕਿਰਤ ਦੇ ਸ਼ੋਸ਼ਣ, ਭਾਰਤ ਵਰਗੇ ਮੁਲਕਾਂ ਤੋਂ ਕੱਚੇ ਮਾਲ ਦੀ ਲੁੱਟ, ਪੂੰਜੀ ਦੇ ਕੇਂਦਰੀਕਰਨ ਵੱਲ ਸੇਧਤ ਹਨ। ਨਰਿੰਦਰ ਮੋਦੀ ਨੇ ਆਪਣੀ ਸਿਆਸੀ 'ਕਲਾ' ਰਾਹੀਂ ਦੇਸ਼ ਦੇ ਕਈ ਹਿੱਸਿਆਂ ਵਿਚ ਜੀ-20 ਦੀਆਂ ਮੀਟਿੰਗਾਂ ਕਰ ਕੇ ਇਸ ਨੂੰ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ।***

9 ਅਤੇ 10 ਸਤੰਬਰ ਨੂੰ ਦਿੱਲੀ ਵਿਚ ਭਾਰਤ ਦੀ ਪ੍ਰਧਾਨਗੀ ਹੇਠ ਜੀ-20 ਸਿਖਰ ਸੰਮੇਲਨ ਨੇਪਰੇ ਚੜ੍ਹਿਆ ਹੈ। 2008 ਤੋਂ ਜੀ-20 ਸੰਮੇਲਨ ਹਰ ਸਾਲ ਰੋਟੇਸ਼ਨਲ ਪ੍ਰਣਾਲੀ ਤਹਿਤ ਕਿਸੇ ਨਾ ਕਿਸੇ ਮੈਂਬਰ ਦੇਸ਼ ਵਿਚ ਹੁੰਦਾ ਹੈ; ਜਿਵੇਂ ਪਿਛਲੇ ਸਾਲ ਇੰਡੋਨੇਸ਼ੀਆ, ਐਤਕੀਂ ਭਾਰਤ ਅਤੇ ਅਗਲੇ ਸਾਲ ਬ੍ਰਾਜ਼ੀਲ ਵਿਚ ਹੋਵੇਗਾ ਪਰ ਇਸ ਵਾਰ ਜੀ-20 ਦੀ ਚਰਚਾ ਜ਼ਿਆਦਾ ਤਾਂ ਹੋਈ ਕਿਉਂਕਿ ਨਰਿੰਦਰ ਮੋਦੀ ਨੇ ਜੀ-20 ਦੀਆਂ ਮੀਟਿੰਗਾਂ ਦੀ ਮੇਜ਼ਬਾਨੀ ਨਾਲ ਅਗਲੀਆਂ ਲੋਕ ਸਭਾ ਚੋਣਾਂ ਵਿਚ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ ਗਿਆ।

ਪ੍ਰਧਾਨ ਮੰਤਰੀ ਮੋਦੀ ਦੀ ਇੱਛਾ ਹੁੰਦੀ ਹੈ ਕਿ ਗੋਦੀ ਮੀਡੀਆ ਰਾਹੀਂ ਹਰ ਵਰਤਾਰੇ ਨੂੰ ਆਪਣੇ ਪੱਖ ਵਿਚ ਭੁਗਤਾਇਆ ਜਾਵੇ। ਪਿਛਲੇ ਦਿਨੀਂ ਭਾਰਤੀ ਵਿਗਿਆਨੀਆਂ ਦੀ ਕਾਮਯਾਬੀ, ਚੰਦਰਯਾਨ-3 ਦੀ ਸਫਲਤਾ ਤੋਂ ਮੋਦੀ ਨੇ ਸਿਆਸੀ ਲਾਹਾ ਲੈਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਹੁਣ ਜੀ-20 ਦੇ 18ਵੇਂ ਸਿਖਰ ਸੰਮੇਲਨ ਦੀਆਂ ਵੱਡੀ ਪੱਧਰ 'ਤੇ ਤਿਆਰੀਆਂ ਕਰ ਕੇ ਭਾਜਪਾ ਵੱਲੋਂ ਦੇਸ਼ ਵਿਚ ਇਹ ਬਿਰਤਾਂਤ ਸਿਰਜਣ ਦੀ ਵੀ ਕੋਸ਼ਿਸ਼ ਕੀਤੀ ਗਈ ਕਿ ਭਾਰਤ ਵਿਸ਼ਵ ਨੇਤਾ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਤਾਂ ਪਿਛਲੇ ਸਾਲ ਇੱਕ ਥਾਂ ਕਿਹਾ ਵੀ ਸੀ ਕਿ ਪ੍ਰਧਾਨ ਮੰਤਰੀ ਮੋਦੀ ਵਿਸ਼ਵ ਮੰਚ 'ਤੇ ਹਾਵੀ ਹਨ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸਚਾਈ ਇਹ ਹੈ ਕਿ ਜੀ-20 ਦੀਆਂ ਮੀਟਿੰਗਾਂ ਭਾਰਤ ਵਰਗੇ ਆਰਥਿਕ ਤੌਰ 'ਤੇ ਪਛੜੇ ਮੁਲਕਾਂ ਵੱਲ ਸਾਮਰਾਜੀ ਲੁੱਟ ਦਾ ਕੁਹਾੜਾ ਤਿੱਖਾ ਕਰਨ ਲਈ ਹਨ। ਇਸ ਦੀਆਂ ਨਵ ਉਦਾਰਵਾਦੀ ਨੀਤੀਆਂ ਕਿਰਤ ਦੇ ਸ਼ੋਸ਼ਣ, ਭਾਰਤ ਵਰਗੇ ਮੁਲਕਾਂ ਤੋਂ ਕੱਚੇ ਮਾਲ ਦੀ ਲੁੱਟ, ਪੂੰਜੀ ਦੇ ਕੇਂਦਰੀਕਰਨ ਵੱਲ ਸੇਧਤ ਹਨ। ਮੋਦੀ ਜੀ-20 ਮੀਟਿੰਗਾਂ ਦੇ ਸਿਰਫ 'ਈਵੈਂਟ ਮੈਨੇਜਰ' ਸਨ ਪਰ ਉਨ੍ਹਾਂ ਆਪਣੀ 'ਕਲਾ' ਰਾਹੀਂ ਦੇਸ਼ ਦੇ ਕਈ ਹਿੱਸਿਆਂ ਵਿਚ ਮੀਟਿੰਗਾਂ ਕਰ ਕੇ ਗੋਦੀ ਮੀਡੀਆ ਰਾਹੀਂ ਇਸ ਨੂੰ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ।

ਦਰਅਸਲ, 1999 'ਚ ਸਾਮਰਾਜੀ ਤੇ ਵਿਸਤਾਰਵਾਦੀ ਤਾਕਤਾਂ ਨੇ ਜੀ-20 ਗਰੁੱਪ ਦੀ ਸਥਾਪਨਾ ਕੀਤੀ ਸੀ। ਸਾਮਰਾਜਵਾਦੀ ਤਾਕਤਾਂ ਵੱਲੋਂ ਪੂੰਜੀਵਾਦੀ ਪ੍ਰਣਾਲੀ ਦੀ ਮਜ਼ਬੂਤੀ ਲਈ ਉਸਾਰੇ ਇਸ ਥੜ੍ਹੇ ਵਿਚ ਅਮਰੀਕਾ, ਇੰਗਲੈਂਡ, ਰੂਸ, ਚੀਨ, ਜਪਾਨ, ਆਸਟਰੇਲੀਆ ਵਰਗੀਆਂ ਸਾਮਰਾਜੀ ਤਾਕਤਾਂ ਹੋਣ ਕਾਰਨ ਇਹਨਾਂ ਮਹਿਜ਼ 20 ਦੇਸ਼ਾਂ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੁਨੀਆ ਦੀ 85 ਫੀਸਦ ਜੀ.ਡੀ.ਪੀ. ਦੇ ਬਰਾਬਰ ਹੈ ਜੋ ਵਿਸ਼ਵ ਵਪਾਰ ਦਾ 75 ਫੀਸਦ ਦੇ ਕਰੀਬ ਬਣਦਾ ਹੈ।

2008 ਤੱਕ ਜੀ-20 ਦੀ ਕੋਈ ਖਾਸ ਚਰਚਾ ਨਹੀਂ ਸੀ ਪਰ 2008 ਵਿਚ ਜਦ ਪੂੰਜੀਵਾਦੀ ਮੁਲਕਾਂ 'ਤੇ ਆਰਥਿਕ ਸੰਕਟ ਦੇ ਬੱਦਲ ਛਾਉਣ ਕਾਰਨ ਅਮਰੀਕਾ ਦੇ ਦੋ ਵੱਡੇ ਬੈਂਕ ਦੀਵਾਲੀਆ ਹੋ ਗਏ ਸਨ ਤਾਂ ਡੂੰਘੇ ਹੋ ਰਹੇ ਸਾਮਰਾਜੀ ਆਰਥਿਕ ਸੰਕਟਾਂ ਦਾ ਸਾਰਾ ਭਾਰ ਭਾਰਤ ਵਰਗੇ ਮੁਲਕਾਂ ਸਿਰ ਲੱਦਣ ਲਈ ਜੀ-20 ਦੀ ਬੈਠਕ ਅਮਰੀਕਾ ਦੇ ਵਾਸ਼ਿੰਗਟਨ ਸ਼ਹਿਰ ਵਿਚ ਕਰ ਕੇ ਇਸ ਨੂੰ ਸਰਗਰਮ ਕੀਤਾ ਗਿਆ। ਉਸ ਸਮੇਂ ਤੈਅ ਕੀਤਾ ਗਿਆ ਕਿ ਵੱਖ-ਵੱਖ ਦੇਸ਼ਾਂ ਦੇ ਵਿੱਤ ਮੰਤਰੀਆਂ ਦੀ ਬਜਾਇ ਮੈਂਬਰ ਦੇਸ਼ਾਂ ਦੇ ਮੁਖੀ ਹੀ ਮੀਟਿੰਗਾਂ ਵਿਚ ਹਿੱਸਾ ਲੈਣਗੇ ਪਰ ਐਤਕੀਂ ਮੋਦੀ ਦੀ ਅਗਵਾਈ ਵਾਲੀ ਮੀਟਿੰਗ ਵਿਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਸ਼ਮੂਲੀਅਤ ਨਾ ਕਰ ਕੇ ਇਸ ਦੀ ਪ੍ਰਸੰਗਿਕਤਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਸਭ ਤੋਂ ਵੱਡੀ ਗੱਲ ਇਹ ਕਿ ਇਸ ਉੱਚ ਪੱਧਰੀ ਮੀਟਿੰਗ ਲਈ ਕੋਈ ਤੈਅ ਏਜੰਡਾ ਨਹੀਂ ਸੀ। ਜੀ-20 ਹਰ ਸਾਲ ਟੀਚੇ ਤੈਅ ਕਰਦਾ ਹੈ ਪਰ ਇਸ ਸੰਸਥਾ ਕੋਲ ਅਜਿਹਾ ਕੋਈ ਵਿਧੀ-ਵਿਧਾਨ ਨਹੀਂ ਜਿਸ ਤਹਿਤ ਇਨ੍ਹਾਂ ਟੀਚਿਆਂ ਨੂੰ ਲਾਗੂ ਨਾ ਕਰਨ 'ਤੇ ਕੁਝ ਕੀਤਾ ਜਾ ਸਕੇ ਜਾਂ ਕਿਸੇ ਮੈਂਬਰ ਦੇਸ਼ ਨੂੰ ਟੋਕਿਆ ਜਾ ਸਕੇ। ਜੀ-20 ਦੀਆਂ ਮੀਟਿੰਗਾਂ ਦਾ ਸਾਰ-ਤੱਤ ਇਹ ਹੈ ਕਿ ਇਹ ਸਾਮਰਾਜੀ



ਮੁਲਕਾਂ ਦੇ ਅੰਦਰੂਨੀ ਵੈਰ-ਵਿਰੋਧਾਂ 'ਤੇ ਮੁਲੰਮਾ ਚਾੜ੍ਹ ਕੇ ਗਰੀਬ ਮੁਲਕਾਂ ਨੂੰ ਲੁੱਟਣ ਦਾ ਅਭਿਆਸ ਹੈ। ਐਤਕੀਂ ਦੀ ਉਦਹਾਰਨ ਦੇਖ ਸਕਦੇ ਹਾਂ- ਰੂਸ-ਯੂਕਰੇਨ ਜੰਗ ਬਾਰੇ ਮੈਂਬਰ ਦੇਸ਼ਾਂ ਦੀ ਸਹਿਮਤੀ ਨਾਲ ਜਾਰੀ ਸਾਂਝੇ ਐਲਾਨਨਾਮੇ ਵਿਚ ਰੂਸ-ਯੂਕਰੇਨ ਜੰਗ 'ਤੇ ਕੋਈ ਠੋਸ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਜੰਗ ਲਈ ਮੁੱਖ ਜ਼ਿੰਮੇਵਾਰ ਕੌਣ ਹੈ ਜਾਂ ਜੰਗ ਰੋਕੀ ਕਿਵੇਂ ਜਾ ਸਕਦੀ ਹੈ, ਇਸ ਨੂੰ ਏਜੰਡੇ 'ਤੇ ਨਹੀਂ ਰੱਖਿਆ ਗਿਆ ਬਲਕਿ ਫੋਕੀਆਂ ਗੱਲਾਂ ਮਾਰ ਕੇ ਗੋਲਮੋਲ ਜਿਹਾ ਐਲਾਨਨਾਮਾ ਜਾਰੀ ਕਰ ਦਿੱਤਾ ਗਿਆ।

ਜੀ-20 ਸਿਖਰ ਸੰਮੇਲਨ ਦੌਰਾਨ ਇਹ ਐਲਾਨ ਕੀਤਾ ਗਿਆ ਹੈ ਕਿ ਭਾਰਤ ਤੋਂ ਅਰਬ ਦੇਸ਼ਾਂ ਰਾਹੀਂ ਯੂਰਪੀ ਦੇਸ਼ਾਂ ਤੱਕ ਸੜਕੀ ਤੇ ਸਮੁੰਦਰੀ ਰਸਤੇ ਆਰਥਿਕ ਗਲਿਆਰਾ ਬਣਾ ਕੇ ਵਪਾਰ ਕੀਤਾ ਜਾਵੇਗਾ। ਅਸਲ ਵਿਚ ਇਹ ਗਲਿਆਰਾ ਵਪਾਰ ਲਈ ਨਹੀਂ ਬਲਕਿ ਭਾਰਤ ਵਰਗੇ ਮੁਲਕਾਂ ਦੀ ਲੁੱਟ ਤਿੱਖੀ ਕਰਨ ਦਾ ਨਵਾਂ ਤਜਵੀਜ਼ਸ਼ੁਦਾ ਰਸਤਾ ਹੋਵੇਗਾ। ਜੇ ਭਾਰਤ ਸੱਚਮੁੱਚ ਦੂਜੇ ਦੇਸ਼ਾਂ ਨਾਲ ਵਪਾਰ ਲਈ ਸੁਹਿਰਦ ਹੁੰਦਾ ਤਾਂ ਐਡੇ ਸਾਮਰਾਜੀ ਪ੍ਰੋਜੈਕਟ ਦੀ ਬਜਾਇ ਭਾਰਤ ਤਾਂ ਆਪਣੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਅਤੇ ਪਾਕਿਸਤਾਨ ਰਾਹੀਂ ਕਈ ਦਰਜਨ ਮੁਲਕਾਂ ਤੱਕ ਬਣੇ-ਬਣਾਏ ਸੜਕੀ ਰਸਤੇ ਰਾਹੀਂ ਵਪਾਰ ਕਰ ਸਕਦਾ ਹੈ। ਅਟਾਰੀ-ਵਾਹਗਾ ਅਤੇ ਹੁਸੈਨੀਵਾਲਾ ਦਾ ਸੜਕੀ ਰਸਤਾ ਖੋਲ੍ਹ ਕੇ ਭਾਰਤ ਬੜੇ ਸੌਖੇ ਢੰਗ ਨਾਲ ਵਪਾਰ ਕਰ ਸਕਦਾ ਹੈ। ਪੰਜਾਬ ਸਮੇਤ ਉੱਤਰੀ ਭਾਰਤ ਅੱਜ ਖੇਤੀ ਸੰਕਟ ਦਾ ਮਧੋਲਿਆ ਨਜ਼ਰ ਆ ਰਿਹਾ ਹੈ ਤੇ ਭਾਰਤ ਪਾਕਿਸਤਾਨ ਰਾਹੀਂ ਵਪਾਰ ਨਾਲ ਇਸ ਖੇਤਰ ਨੂੰ ਪੈਰਾਂ ਸਿਰ ਕਰ ਸਕਦਾ ਹੈ ਪਰ ਮੋਦੀ ਇਸ ਵਪਾਰ ਦੀ ਥਾਂ ਯੂਰਪੀ ਮੁਲਕਾਂ ਨੂੰ ਕੱਚਾ ਮਾਲ ਸੌਂਪਣ ਲਈ ਗਲੀਚੇ ਵਿਛਾਉਂਦੇ ਨਜ਼ਰ ਆ ਰਹੇ ਹਨ।

ਜਲਵਾਯੂ ਤਬਦੀਲੀ ਕਾਰਨ ਪੂਰੇ ਸੰਸਾਰ 'ਤੇ ਸੰਕਟ ਨਜ਼ਰ ਆ ਰਿਹਾ ਹੈ। ਜੀ-20 ਦੀਆਂ ਪਿਛਲੀਆਂ ਮੀਟਿੰਗਾਂ ਵਿਚ ਇਸ ਦੀ ਚਰਚਾ ਵੀ ਹੁੰਦੀ ਰਹੀ ਹੈ ਪਰ ਅਜੇ ਤੱਕ ਕੋਈ ਠੋਸ ਗੱਲ ਨਹੀਂ ਹੋਈ ਹੈ। ਜਲਵਾਯੂ ਤਬਦੀਲੀ ਵਰਗੇ ਮੁੱਦਿਆਂ 'ਤੇ ਪੈਰਿਸ ਸਮਝੌਤੇ ਤੋਂ ਬਾਅਦ ਕੁਝ ਨਹੀਂ ਕੀਤਾ ਗਿਆ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਜੀ-20 ਵਿਚ ਫੈਸਲੇ ਤਾਕਤਵਰ ਮੁਲਕਾਂ ਵੱਲੋਂ ਆਰਥਿਕ ਤੌਰ 'ਤੇ ਪਛੜੇ ਮੁਲਕਾਂ 'ਤੇ ਥੋਪੇ ਜਾਂਦੇ ਹਨ। ਜੋ ਫੈਸਲੇ ਤਾਕਤਵਰ ਮੁਲਕਾਂ ਦੇ ਪੱਖ ਵਿਚ ਨਹੀਂ ਹੁੰਦੇ, ਉਹ ਅਣਗੌਲਿਆਂ ਕਰ ਦਿੱਤੇ ਜਾਂਦੇ ਹਨ।

ਅਸਲ ਵਿਚ, ਦੁਨੀਆ ਭਰ ਵਿਚ ਜੀ-20, ਜੀ-7, ਨਾਟੋ, ਓਪੇਕ, ਯੂ.ਐੱਨ.ਓ., ਆਸਿਆਨ, ਬਰਿਕਸ, ਸਾਰਕ, ਸ਼ੰਘਾਈ ਸਮੇਤ ਜਿੰਨੇ ਵੀ ਸਮੂਹ ਹਨ, ਇਹ ਸਾਰੇ ਸਾਮਰਾਜੀ ਮੁਲਕਾਂ ਦੀਆਂ ਲੋਕ ਵਿਰੋਧੀ ਪਸਾਰਵਾਦੀ ਨੀਤੀਆਂ ਵਿਕਸਤ ਕਰਨ ਲਈ ਉਸਾਰੇ ਗਏ ਹਨ। ਜੇ ਕੋਈ ਯੂ.ਐੱਨ.ਓ. ਜਾਂ ਅਜਿਹੀ ਕਿਸੇ ਸੰਸਥਾਂ ਤੋਂ ਭਲੇ ਦੀ ਆਸ ਰੱਖ ਰਿਹਾ ਹੈ ਤਾਂ ਇਹ ਮੂਰਖਤਾਈ ਤੋਂ ਵੱਧ ਕੁਝ ਨਹੀਂ ਹੈ। ਇਹ ਤੱਥ ਹੈ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਜੰਗਾਂ ਰੋਕਣ ਲਈ ਕਦੇ ਕੋਈ ਤਰੱਦਦ ਨਹੀਂ ਕੀਤਾ, ਵੱਖ-ਵੱਖ ਮੁਲਕਾਂ ਵਿਚ ਘੱਟ ਗਿਣਤੀਆਂ ਦੇ ਘਾਣ ਜਾਂ ਨਸਲੀ ਹਿੰਸਾ 'ਤੇ ਕਦੇ ਕੋਈ ਚੱਜ ਦਾ ਬਿਆਨ ਤੱਕ ਨਹੀਂ ਦਿੱਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਕੋਵਿਡ ਸਮੇਂ ਪੂਰੀ ਦੁਨੀਆ ਨੂੰ ਸੰਕਟ ਵਿਚ ਸੁੱਟ ਕੇ ਪੱਲਾ ਝਾੜ ਲਿਆ ਸੀ।

ਹਕੀਕਤ ਇਹ ਹੈ ਕਿ 'ਈਵੈਂਟ ਮੈਨੇਜਰ' ਨੇ ਸਾਮਜਾਰੀ ਚੌਧਰੀਆਂ ਦੀ ਆਓ-ਭਗਤ ਲਈ ਦੇਸ਼ ਦੇ ਹਜ਼ਾਰਾਂ ਗਰੀਬਾਂ ਨੂੰ ਉਜਾੜਿਆ ਹੈ। ਦਿੱਲੀ ਦੀਆਂ ਮੁੱਖ ਸੜਕਾਂ ਨੇੜਿਓਂ ਝੁੱਗੀ-ਝੌਂਪੜੀਆਂ ਅਤੇ ਕਈ ਰਿਹਾਇਸ਼ਾਂ 'ਤੇ ਬੋਲਡੋਜ਼ਰ ਚਲਾਏ ਗਏ ਹਨ। ਦਹਿ ਹਜ਼ਾਰਾਂ ਰੇਹੜੀ-ਫੜ੍ਹੀ ਵਾਲਿਆਂ ਨੂੰ ਹਟਾ ਕੇ ਉਹਨਾਂ ਦੀ ਥਾਂ ਫੁੱਲ-ਬੂਟੇ ਸਜਾ ਦਿੱਤੇ ਗਏ ਹਨ; ਭਾਵ ਅਖੌਤੀ ਵਿਕਾਸ ਦੇ ਦਿਖਾਵੇ ਲਈ ਗਰੀਬੀ ਹਟਾਉਣ ਦੀ ਥਾਂ ਗਰੀਬਾਂ ਨੂੰ ਹੀ ਹਟਾ ਦਿੱਤਾ ਗਿਆ। ਕਈ ਸ਼ਹਿਰਾਂ ਵਿਚ ਗਰੀਬਾਂ ਦੀਆਂ ਬਸਤੀਆਂ ਨੂੰ ਪਰਦਿਆਂ ਨਾਲ ਢਕ ਦਿੱਤਾ ਗਿਆ ਹੈ।

ਦਿੱਲੀ ਹਵਾਈ ਅੱਡੇ ਅਤੇ ਜੀ-20 ਸਮਾਗਮ ਵਾਲੀ ਥਾਂ ਦੇ ਵਿਚਕਾਰ ਜਿਹੜੀਆਂ ਝੁੱਗੀਆਂ-ਝੌਂਪੜੀਆਂ ਪੈਂਦੀਆਂ ਹਨ, ਉਨ੍ਹਾਂ ਵਿਚੋਂ ਜਿਆਦਾਤਰ ਨੂੰ ਤਾਂ ਹਟਾ ਦਿੱਤਾ ਗਿਆ ਹੈ ਤੇ ਕੁਝ 'ਤੇ ਪਰਦੇ ਪਾ ਦਿੱਤੇ ਗਏ ਹਨ; ਭਾਵ ਸੁੰਦਰੀਕਰਨ ਦੇ ਨਾਂ ਹੇਠ ਅਮਰੀਕਾ, ਇੰਗਲੈਂਡ ਵਰਗੇ ਸਾਮਰਾਜੀ ਮੁਲਕਾਂ ਦੇ ਜਿਨ੍ਹਾਂ ਆਗੂਆਂ ਅਤੇ ਅਫਸਰਾਂ ਤੋਂ ਗਰੀਬਾਂ ਤੇ ਝੁੱਗੀਆਂ ਝੋਪੜੀਆਂ ਨੂੰ ਲੁਕੋਇਆ ਜਾ ਰਿਹਾ ਹੈ, ਇਹਨਾਂ ਦੀ ਗਰੀਬੀ ਦਾ ਵੱਡਾ ਕਾਰਨ ਹੀ ਇਹਨਾਂ ਵੱਲੋਂ ਕੀਤੀ ਲੁੱਟ ਹੈ।

ਜੀ-20 ਦੀ ਮੀਟਿੰਗ ਸਾਮਾਰਜੀ ਲੁੱਟ ਨੂੰ ਉਤਸ਼ਾਹਿਤ ਕਰਨ ਤੋਂ ਸਿਵਾਇ ਕੁੱਝ ਨਹੀਂ ਸੀ। ਪਿਛਲੇ ਹਫ਼ਤੇ ਬਰਤਾਨੀਆ ਦੇ 70 ਸੰਸਦ ਮੈਂਬਰਾਂ ਨੇ ਆਪਣੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਕਿ ਉਹ ਜੀ-20 ਮੀਟਿੰਗ ਦੌਰਾਨ ਆਪਣੇ ਭਾਰਤੀ ਹਮਰੁਤਬਾ ਨਾਲ ਮੁਲਾਕਾਤ ਕਰ ਕੇ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਉਰਫ ਜੱਗੀ ਜੌਹਲ ਦੀ ਤੁਰੰਤ ਰਿਹਾਈ ਦਾ ਮੁੱਦਾ ਉਠਾਇਆ ਜਾਵੇ ਪਰ ਬਰਤਾਨੀਆ ਸਰਕਾਰ ਨੇ ਫ਼ੈਸਲਾ ਕੀਤਾ ਕਿ ਉਹ ਨਾਗਰਿਕ ਜੌਹਲ ਦੀ ਰਿਹਾਈ ਦੀ ਮੰਗ ਨਹੀਂ ਕਰੇਗੀ। ਨਵੰਬਰ 2017 ਤੋਂ ਭਾਰਤੀ ਜੇਲ੍ਹ ਵਿਚ ਬੰਦ ਸਿੱਖ ਕਾਰਕੁਨ ਜੱਗੀ ਜੌਹਲ ਦੀ ਰਿਹਾਈ ਦੀ ਮੰਗ ਨਾ ਕਰਨਾ ਦਰਸਾਉਂਦਾ ਹੈ ਕਿ ਅਜਿਹੇ ਮੰਚਾਂ 'ਤੇ ਮਨੁੱਖਤਾਵਾਦੀ ਪਹੁੰਚ ਅਪਣਾਉਣ ਦਾ ਕੋਈ ਰਿਵਾਜ਼ ਹੀ ਨਹੀਂ ਹੈ; ਹਾਲਾਂਕਿ ਭਾਰਤੀ ਪ੍ਰਧਾਨ ਮੰਤਰੀ ਨੇ ਬਰਤਾਨਵੀ ਪ੍ਰਧਾਨ ਮੰਤਰੀ ਸਮੇਤ 15 ਦੇਸ਼ਾਂ ਨਾਲ ਦੁਵੱਲੀ ਗੱਲਬਾਤ ਕੀਤੀ ਹੈ।

ਜੀ-20 ਦੌਰਾਨ ਬੇਲੋੜੀ ਚਰਚਾ ਦੇਸ਼ ਦੇ ਨਾਮ ਨੂੰ ਲੈ ਕੇ ਛੇੜੀ ਗਈ। ਦੇਸ਼ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਜੀ-20 ਸੰਮੇਲਨ ਮੌਕੇ ਰਾਤ ਦੇ ਖਾਣੇ ਦੇ ਲਈ ਭੇਜੇ ਗਏ ਸੱਦਾ ਪੱਤਰ ਉੱਤੇ 'ਪ੍ਰੈਜ਼ੀਡੈਂਟ ਆਫ ਇੰਡੀਆ' ਦੀ ਥਾਂ 'ਪ੍ਰੈਜ਼ੀਡੈਂਟ ਆਫ ਭਾਰਤ' ਲਿਖਿਆ ਗਿਆ।

ਇਉਂ ਕਿਹਾ ਜਾ ਸਕਦਾ ਹੈ ਕਿ ਜੀ-20 ਸਾਮਰਾਜੀ ਤਾਕਤਾਂ ਵੱਲੋਂ ਪਛੜੇ ਮੁਲਕਾਂ ਦੀ ਲੁੱਟ ਯਕੀਨੀ ਬਣਾਉਣ ਦਾ ਅਜਿਹਾ ਮੰਚ ਹੈ ਜਿੱਥੇ ਪੂੰਜੀਵਾਦੀ ਮੁਲਕਾਂ ਦੇ ਆਪਸੀ ਵੈਰ-ਵਿਰੋਧ ਸੀਮਤ ਕਰ ਕੇ ਆਰਥਿਕ ਤੌਰ 'ਤੇ ਪਛੜੇ ਮੁਲਕਾਂ ਦੀ ਲੁੱਟ ਦੇ ਸਾਂਝੇ ਤਰੀਕੇ ਲੱਭੇ ਜਾਂਦੇ ਹਨ। ਭਾਰਤ ਦੀ ਰਾਜਧਾਨੀ ਵਿਚ ਬੈਠ ਕੇ ਇੱਥੋਂ ਦੀ ਬਹੁ ਗਿਣਤੀ ਵਸੋਂ ਦੇ ਹਿੱਤਾਂ ਦੇ ਖਿਲਾਫ ਫੈਸਲੇ ਹੋਏ ਹਨ।

**ਭਾਰਤ ਵਿਚ ਹੋਏ ਜੀ-20 ਸਿਖਰ ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਵਾਰ ਫਿਰ ਆਪਣਾ ਸਿਆਸੀ ਜਲੌਅ ਦਿਖਾਇਆ ਹੈ। ਇਸ ਨੇ ਦਰਬਾਰੀ ਮੀਡੀਆ ਦੀ ਮਦਦ ਨਾਲ ਅਗਲੇ ਸਾਲ ਹੋ ਰਹੀਆਂ ਚੋਣਾਂ ਤੋਂ ਐਨ ਪਹਿਲਾਂ ਭਾਰਤ ਨੂੰ ਵਿਸ਼ਵ ਗੁਰੂ ਦਰਸਾਉਣ ਲਈ ਪੂਰਾ ਟਿੱਲ ਲਾ ਦਿੱਤਾ। ਮਸ਼ਹੂਰ ਚੈਨਲ ਅਲ-ਜ਼ਜ਼ੀਰਾ ਨੇ ਉਘੀ ਲਿਖਾਰੀ ਅਤੇ ਲੋਕ ਪੱਖੀ ਕਾਰਕੁਨ ਅਰੁੰਧਤੀ ਰਾਏ ਨਾਲ ਇਸ ਮਸਲੇ ਬਾਰੇ ਗੱਲਬਾਤ ਕੀਤੀ ਹੈ। ਇਹ ਗੱਲਬਾਤ ਭਾਵੇਂ ਸਿਖਰ ਸੰਮੇਲਨ ਤੋਂ ਪਹਿਲਾਂ ਦੀ ਹੈ ਪਰ ਇਸ ਵਿਚ ਪ੍ਰਗਟ ਕੀਤੇ ਖਦਸ਼ੇ ਸੱਚ ਹੋ ਕੇ ਸਾਹਮਣੇ ਆਏ ਹਨ। ਇਸ ਗੱਲਬਾਤ ਦਾ ਪੰਜਾਬੀ ਰੂਪ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਤਿਆਰ ਕੀਤਾ ਹੈ।**

# ਬਾਇਡੇਨ, ਮੈਕਰੋਨ ਨੂੰ ਭਾਰਤ ਬਾਰੇ ਸਭ ਪਤੈ: ਅਰੁੰਧਤੀ ਰਾਏ

**ਅਲ ਜਜ਼ੀਰਾ:** ਜੀ-20 ਸੰਮੇਲਨ ਦੀ ਮੇਜ਼ਬਾਨੀ ਕਰ ਰਹੇ ਭਾਰਤ ਵੱਲੋਂ ਘੱਟ-ਗਿਣਤੀਆਂ ਨਾਲ ਕੀਤੇ ਜਾ ਰਹੇ ਸਲੂਕ ਦੇ ਪ੍ਰਸੰਗ 'ਚ ਤੁਹਾਡਾ ਕੀ ਕਹਿਣਾ ਹੈ?

**ਅਰੁੰਧਤੀ ਰਾਏ:** ਮੈਨੂੰ ਨਹੀਂ ਲੱਗਦਾ ਕਿ ਕੋਈ ਇਸ ਗੱਲ ਦੀ ਪ੍ਰਵਾਹ ਕਰਦਾ ਹੈ ਕਿਉਂਕਿ ਇੱਥੇ ਜੀ-20 ਹੋ ਰਿਹੈ, ਹਰ ਕੋਈ ਆਪਣੇ ਲਈ ਮੌਕੇ, ਵਪਾਰਕ ਸੌਦੇ ਜਾਂ ਫ਼ੌਜੀ ਸਾਜ਼ੋ-ਸਮਾਨ ਦੇ ਸੌਦੇ ਜਾਂ ਭੂ-ਰਾਜਨੀਤਕ ਰਣਨੀਤਕ ਸਮਝੌਤੇ ਦੀ ਤਲਾਸ਼ 'ਚ ਹੈ। ਇਸ ਲਈ ਇਹ ਗੱਲ ਨਹੀਂ ਹੈ ਕਿ ਇੱਥੇ ਆਉਣ ਵਾਲੇ ਲੋਕਾਂ ਵਿਚੋਂ ਕਿਸੇ ਨੂੰ, ਰਾਜ ਦੇ ਮੁਖੀਆਂ ਜਾਂ ਕਿਸੇ ਹੋਰ ਨੂੰ ਇਹ ਨਹੀਂ ਪਤਾ ਕਿ ਭਾਰਤ ਵਿਚ ਕੀ ਹੋ ਰਿਹਾ ਹੈ। ਜੋ ਕੁਝ ਭਾਰਤ ਵਿਚ ਹੋ ਰਿਹਾ ਹੈ, ਅਮਰੀਕਾ, ਯੂ.ਕੇ. ਅਤੇ ਫਰਾਂਸ ਵਰਗੇ ਮੁਲਕਾਂ ਦਾ ਮੁੱਖਧਾਰਾ ਮੀਡੀਆ ਉਸ ਦੀ ਬਥੇਰੀ ਆਲੋਚਨਾ ਕਰਦਾ ਰਿਹਾ ਹੈ ਪਰ ਸਰਕਾਰਾਂ ਦਾ ਏਜੰਡਾ ਬਿਲਕੁਲ ਵੱਖਰਾ ਹੈ।

**ਅਲ ਜਜ਼ੀਰਾ:** ਭਾਰਤ ਵਿਚ ਜੋ ਜੀ-20 ਕੀਤਾ ਜਾ ਰਿਹਾ ਹੈ, ਕੀ ਤੁਸੀਂ ਇਸ ਨੂੰ ਉਨ੍ਹਾਂ ਆਗੂਆਂ ਵੱਲੋਂ ਭਾਰਤ ਸਰਕਾਰ ਨੂੰ ਇਸ ਦੇ ਘੱਟ-ਗਿਣਤੀਆਂ ਨਾਲ ਸਲੂਕ ਬਾਰੇ ਕਹਿਣ ਦੇ ਇਕ ਮੌਕੇ ਵਜੋਂ ਦੇਖਦੇ ਹੋ?

**ਅਰੁੰਧਤੀ ਰਾਏ:** ਇੰਝ ਨਹੀਂ ਹੋਵੇਗਾ। ਉਨ੍ਹਾਂ 'ਚੋਂ ਕੋਈ ਵੀ ਇਹ ਨਹੀਂ ਕਰੇਗਾ। ਮੈਨੂੰ ਅਜਿਹੀ ਕੋਈ ਉਮੀਦ ਨਹੀਂ ਪਰ ਮੇਰੀ ਜਾਚੇ ਦਿਲਚਸਪ ਗੱਲ ਇਹ ਹੈ ਕਿ ਜੇ ਤੁਸੀਂ ਦਿੱਲੀ ਵਿਚ ਹੁੰਦੇ, ਜਿਵੇਂ ਮੈਂ ਹੁਣ ਇੱਥੇ ਹਾਂ, ਜੇ ਤੁਸੀਂ ਪ੍ਰਚਾਰ ਨੂੰ ਦੇਖੋ, ਜੇ ਤੁਸੀਂ ਬੈਨਰਾਂ ਨੂੰ ਦੇਖੋ, ਜੇ ਤੁਸੀਂ ਜੀ-20 ਲਈ ਕੀਤੀਆਂ ਜਾ ਰਹੀਆਂ ਉਨ੍ਹਾਂ ਸਾਰੀਆਂ ਤਿਆਰੀਆਂ ਨੂੰ ਦੇਖੋ ਤਾਂ ਤੁਸੀਂ ਇਹ ਸੋਚੋਗੇ ਕਿ ਜੀ-20 ਦੀ ਮੇਜ਼ਬਾਨ ਭਾਰਤ ਸਰਕਾਰ ਨਹੀਂ ਸਗੋਂ ਭਾਜਪਾ ਹੈ। ਹਰ ਬੈਨਰ ਉੱਪਰ ਕਮਲ ਦਾ ਫੁੱਲ ਹੈ ਜੋ ਭਾਜਪਾ ਦਾ ਚਿੰਨ੍ਹ ਹੈ।

ਭਾਰਤ ਵਿਚ ਜੋ ਕੁਝ ਵਾਪਰਿਆ ਹੈ ਅਤੇ ਇਹ ਇੰਨਾ ਖਤਰਨਾਕ, ਇੰਨਾ ਖੁੱਲ੍ਹ-ਮ-ਖੁੱਲ੍ਹਾ ਹੈ ਕਿ ਮੁਲਕ, ਰਾਸ਼ਟਰ, ਸਰਕਾਰ ਅਤੇ ਇਸ ਦੀਆਂ ਸਭ ਸੰਸਥਾਵਾਂ ਨੂੰ ਸੱਤਾਧਾਰੀ ਪਾਰਟੀ, ਇਕ ਸਿਆਸੀ ਪਾਰਟੀ 'ਚ ਮਿਲਾ ਦਿੱਤਾ ਗਿਆ ਹੈ; ਤੇ ਉਹ ਸੱਤਾਧਾਰੀ ਪਾਰਟੀ ਵੀ ਇਕ ਵਿਅਕਤੀ, ਨਰਿੰਦਰ ਮੋਦੀ 'ਚ ਮਿਲਾ ਦਿੱਤੀ ਗਈ ਹੈ। ਦਰਅਸਲ, ਹੁਣ ਸ਼ਾਇਦ ਹੀ ਕੋਈ ਸੱਤਾਧਾਰੀ ਪਾਰਟੀ ਹੈ, ਸਿਰਫ਼ ਇਕ ਹਾਕਮ ਹੈ। ਇਸ ਲਈ ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਜੀ-20 ਦੀ ਮੇਜ਼ਬਾਨੀ ਮੋਦੀ ਕਰ ਰਿਹਾ ਹੋਵੇ। ਅਸੀਂ ਸਾਰੇ ਅੰਦਰ ਡੱਕੇ ਹੋਏ ਹਾਂ। ਅਸੀਂ ਬਾਹਰ ਨਹੀਂ ਨਿਕਲ ਸਕਦੇ। ਸ਼ਹਿਰ ਵਿਚੋਂ ਗ਼ਰੀਬਾਂ ਨੂੰ ਹਟਾ ਦਿੱਤਾ ਗਿਆ ਹੈ। ਝੁੱਗੀਆਂ-ਝੌਂਪੜੀਆਂ ਨੂੰ ਪਰਦੇ ਪਾ ਕੇ ਢਕ ਦਿੱਤਾ ਗਿਆ ਹੈ। ਸੜਕਾਂ 'ਤੇ ਬੈਰੀਕੇਡ ਹਨ, ਆਵਾਜਾਈ ਬੰਦ ਹੈ। ਸ਼ਹਿਰ ਮੌਤ ਵਾਂਗ ਸ਼ਾਂਤ ਹੈ। ਇਹ ਇਉਂ ਹੈ, ਜਿਵੇਂ ਉਸ ਨੂੰ ਸਾਡੇ ਸਾਰਿਆਂ ਤੋਂ, ਇਸ ਗੱਲ ਤੋਂ ਬਹੁਤ ਸ਼ਰਮ ਆ ਰਹੀ ਹੈ ਕਿ ਸ਼ਹਿਰ ਕਿਹੋ ਜਿਹਾ ਹੈ।

**ਅਲ ਜਜ਼ੀਰਾ:** ਤੁਹਾਡੇ ਕਹਿਣ ਤੋਂ ਇੰਞ ਲੱਗਦਾ ਹੈ ਜਿਵੇਂ ਇਹ ਸਮਾਗਮ ਮੋਦੀ ਵੱਲੋਂ ਆਪਣੀ ਮਸ਼ਹੂਰੀ ਲਈ ਕਰਵਾਇਆ ਗਿਆ ਹੈ।

**ਅਰੁੰਧਤੀ ਰਾਏ:** ਨਿਸ਼ਚੇ ਹੀ ਇਹ ਮਸ਼ਹੂਰੀ ਲਈ ਸਮਾਗਮ ਹੈ। ਉਹ ਕਲਾਬਾਜ਼ੀ ਮਾਰਦਾ ਫਿਰੇਗਾ ਅਤੇ ਇਹ ਚੋਣਾਂ ਤੋਂ ਠੀਕ ਪਹਿਲਾਂ ਹੋ ਰਿਹਾ ਹੈ; ਤੇ ਇਸ ਨੂੰ ਉਸ ਦੀ ਚੋਣ ਮੁਹਿੰਮ ਨਾਲ ਜੋੜਿਆ ਜਾਵੇਗਾ। ਇਹ ਸਾਰੇ ਪੱਛਮੀ ਆਗੂ ਜੋ ਲੋਕਤੰਤਰ ਦੀ ਗੱਲਾਂ ਕਰਦੇ ਰਹਿੰਦੇ ਹਨ - ਮੇਰਾ ਮਤਲਬ ਹੈ, ਤੁਸੀਂ ਟਰੰਪ ਵਰਗੇ ਕਿਸੇ ਨੂੰ ਮੁਆਫ਼ ਕਰ ਸਕਦੇ ਹੋ ਕਿਉਂਕਿ ਉਹ ਲੋਕਤੰਤਰ ਵਿਚ ਯਕੀਨ ਨਹੀਂ ਰੱਖਦਾ - ਪਰ ਬਾਇਡੇਨ, ਮੈਕਰੌਨ, ਇਹ ਸਾਰੇ ਲੋਕ ਜੋ ਲੋਕਤੰਤਰ ਦੀਆਂ ਗੱਲਾਂ ਕਰਦੇ ਰਹਿੰਦੇ ਹਨ, ਜਾਣਦੇ ਹਨ ਕਿ ਇੱਥੇ ਕੀ ਹੋ ਰਿਹਾ ਹੈ। ਉਹ ਜਾਣਦੇ ਹਨ ਕਿ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ, ਵਿਰੋਧ ਪ੍ਰਦਰਸ਼ਨ ਕਰਨ ਵਾਲੇ ਮੁਸਲਮਾਨਾਂ ਦੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਢਾਹ ਦਿੱਤਾ ਗਿਆ। ਇਸ ਦਾ ਮਤਲਬ ਹੈ ਕਿ ਸਾਰੀਆਂ ਪਬਲਿਕ ਸੰਸਥਾਵਾਂ- ਅਦਾਲਤਾਂ, ਮੈਜਿਸਟਰੇਟ, ਪ੍ਰੈੱਸ - ਦੀ ਇਸ ਵਿਚ ਮਿਲੀ-ਭੁਗਤ ਹੈ। ਉਹ ਜਾਣਦੇ ਹਨ ਕਿ ਕੁਝ ਕਸਬਿਆਂ ਵਿਚ ਮੁਸਲਮਾਨਾਂ ਦੇ ਘਰਾਂ ਦੇ ਦਰਵਾਜ਼ਿਆਂ ਉੱਪਰ ਐਕਸ ਦੇ ਨਿਸ਼ਾਨ ਲਗਾਏ ਗਏ ਹਨ ਅਤੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਧਮਕਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਮੁਸਲਮਾਨਾਂ ਨੂੰ ਭੀੜੀਆਂ ਮੁਸਲਿਮ ਬਸਤੀਆਂ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ ਹੈ; ਤੇ ਜਿਹੜੇ ਲੋਕ ਦਰਅਸਲ ਮੁਸਲਮਾਨਾਂ ਵਿਰੁੱਧ ਹਜੂਮੀ ਹਮਲਿਆਂ ਦੇ, ਉਨ੍ਹਾਂ ਨੂੰ ਕਤਲ ਕਰਨ ਦੇ ਦੋਸ਼ੀ ਹਨ, ਉਹ ਹੁਣ ਇਨ੍ਹਾਂ ਭੀੜੀਆਂ ਬਸਤੀਆਂ ਵਿਚ ਕਥਿਤ ਧਾਰਮਿਕ ਜਲੂਸਾਂ ਦੀ ਅਗਵਾਈ ਕਰ ਰਹੇ ਹਨ। ਇਹ ਆਗੂ ਜਾਣਦੇ ਹਨ ਕਿ ਚੌਕਸੀ ਗਰੋਹ ਉੱਥੇ ਤਲਵਾਰਾਂ ਲੈ ਕੇ ਦਨ-ਦਨਾਉਂਦੇ ਫਿਰਦੇ ਹਨ, ਉਹ ਮੁਸਲਮਾਨਾਂ ਦੇ ਕਤਲੇਆਮ ਦੀਆਂ, ਮੁਸਲਿਮ ਔਰਤਾਂ ਦੇ ਸਮੂਹਿਕ ਬਲਾਤਕਾਰ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਇਨ੍ਹਾਂ ਆਗੂਆਂ ਨੂੰ ਇਹ ਸਭ ਪਤਾ ਹੈ ਪਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਕੁਝ ਪੱਛਮੀ ਮੁਲਕਾਂ ਦਾ ਰੁਖ ਹਮੇਸ਼ਾ ਇਹੀ ਰਿਹਾ ਹੈ, ਜਿਵੇਂ ਸਾਡੇ ਗੋਰਿਆਂ ਲਈ ਤਾਂ ਲੋਕਤੰਤਰ ਹੋਣਾ ਚਾਹੀਦਾ ਹੈ ਜਦਕਿ ਸਾਡੇ ਗ਼ੈਰ-ਗੋਰੇ ਮਿੱਤਰਾਂ ਲਈ ਤਾਨਾਸ਼ਾਹੀ ਜਾਂ ਇਸ ਤਰ੍ਹਾਂ ਦਾ ਕੁਝ ਵੀ ਚੱਲੇਗਾ। ਇਸ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

**ਅਲ ਜਜ਼ੀਰਾ:** ਮੰਨ ਲਓ, ਤੁਹਾਨੂੰ ਜੀ-20 ਵਿਚ ਭਾਸ਼ਣ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ। ਤੁਸੀਂ ਜੀ-20 ਸੰਮੇਲਨ ਦਾ ਮਹੂਰਤ ਕਰ ਰਹੇ ਹੋ। ਫਿਰ ਤੁਸੀਂ ਕੀ ਕਹੋਗੇ?

**ਅਰੁੰਧਤੀ ਰਾਏ:** ਮੈਂ ਕਹਾਂਗੀ ਕਿ ਇਕ ਅਜਿਹੀ ਪ੍ਰਕਿਰਿਆ ਜਿਸ ਵਿਚ 1.4 ਅਰਬ ਲੋਕਾਂ ਦਾ ਮੁਲਕ ਜੋ ਪਹਿਲਾਂ ਨੁਕਸਾਂ ਵਾਲਾ ਲੋਕਤੰਤਰ ਹੁੰਦਾ ਸੀ ਅਤੇ ਹੁਣ ਇਕ ਤਰ੍ਹਾਂ ਦੀ ਐਸੀ ਸਥਿਤੀ 'ਚ ਫਸ ਰਿਹਾ ਹੈ ਜਿਸ ਲਈ ਮੈਂ ਸਿਰਫ਼ ਫਾਸ਼ੀਵਾਦ ਸ਼ਬਦ ਹੀ ਵਰਤ ਸਕਦੀ ਹਾਂ, ਉਸ ਦਾ ਬਾਕੀ ਦੁਨੀਆ ਉੱਪਰ ਅਸਰ ਨਹੀਂ ਪਵੇਗਾ ਤਾਂ ਤੁਸੀਂ ਬਹੁਤ ਗ਼ਲਤ ਸੋਚਦੇ ਹੋ, ਤੁਹਾਡਾ ਇਹ ਸੋਚਣਾ ਮੂਰਖਤਾ ਵਾਲੀ ਗੱਲ ਹੋਵੇਗੀ। ਮੈਂ ਕਹਾਂਗੀ ਕਿ ਇਸ ਨੂੰ ਕੋਈ ਮਦਦ ਲਈ ਪੁਕਾਰ ਨਾ ਸਮਝੇ। ਇਹ ਤਾਂ ਇਨ੍ਹਾਂ ਆਗੂਆਂ ਨੂੰ ਬਸ ਇੰਨਾ ਕਹਿਣ ਦੀ ਕੋਸ਼ਿਸ਼ ਹੈ ਕਿ ਜ਼ਰਾ "ਆਪਣੇ ਆਲੇ-ਦੁਆਲੇ ਦੇਖ ਲਓ ਕਿ ਤੁਸੀਂ ਕੀ ਹੋ, ਤੁਸੀਂ ਦਰਅਸਲ ਕੀ ਬਣਾਉਣ ਵਿਚ ਮਦਦ ਕਰ ਰਹੇ ਹੋ।" 2002 ਵਿਚ ਮੁਸਲਿਮ ਵਿਰੋਧੀ ਗੁਜਰਾਤ ਕਤਲੇਆਮ ਤੋਂ ਬਾਅਦ ਇਕ ਪਲ ਅਜਿਹਾ ਆਇਆ ਸੀ - ਜਿਸ ਵਿਚ ਯੂ.ਕੇ. ਵਰਗੇ ਮੁਲਕਾਂ ਦੀਆਂ ਖ਼ੁਫ਼ੀਆ ਰਿਪੋਰਟਾਂ ਨੇ ਮੋਦੀ ਨੂੰ ਨਸਲੀ ਸਫ਼ਾਏ ਲਈ ਜ਼ਿੰਮੇਵਾਰ ਠਹਿਰਾਇਆ ਸੀ, ਇਹ ਅਸਲੀਅਤ ਹੈ। ਮੋਦੀ ਉੱਪਰ ਅਮਰੀਕਾ ਜਾਣ 'ਤੇ ਪਾਬੰਦੀ ਲਗਾਈ ਗਈ ਪਰ ਇਹ ਸਭ ਹੁਣ ਭੁਲਾ ਦਿੱਤਾ ਗਿਆ ਹੈ। ਸ਼ਖ਼ਸ ਤਾਂ ਉਹੀ ਹੈ; ਤੇ ਹਰ ਵਾਰ ਜਦੋਂ ਵੀ ਕੋਈ ਉਸ ਨੂੰ ਇਸ ਤਰ੍ਹਾਂ ਦੀ ਆਕਸੀਜਨ ਅਤੇ ਇਸ ਤਰ੍ਹਾਂ ਦੀ ਸਪੇਸ ਮੁਹੱਈਆ ਕਰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਸਿਰਫ਼ ਉਹ ਹੀ ਇਨ੍ਹਾਂ ਸ਼ਕਤੀਸ਼ਾਲੀ ਲੋਕਾਂ ਨੂੰ ਭਾਰਤ ਵਿਚ ਲਿਆ ਸਕਦਾ ਸੀ ਤਾਂ ਇਹ ਸੰਦੇਸ਼ ਸਾਡੇ ਨਵੇਂ ਜੀ-ਹਜ਼ੂਰੀਏ ਚੈਨਲਾਂ ਦੁਆਰਾ ਹਜ਼ਾਰਾਂ ਗੁਣਾ ਵਧਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਇਹ ਇਕ ਤਰ੍ਹਾਂ ਦੀ ਸਮੂਹਿਕ ਕੌਮੀ ਅਸੁਰੱਖਿਆ, ਹੀਣਤਾ ਦੀ ਭਾਵਨਾ ਅਤੇ ਝੂਠੇ ਘਮੰਡ ਨੂੰ ਪੱਠੇ ਪਾਉਣਾ ਬਣ ਜਾਂਦਾ ਹੈ। ਇਹ ਵਧ ਕੇ ਖ਼ਤਰਨਾਕ ਚੀਜ਼ 'ਚ ਬਦਲ ਚੁੱਕਾ ਹੈ ਅਤੇ ਇਨ੍ਹਾਂ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਿਰਫ਼ ਭਾਰਤ ਦੀ ਸਮੱਸਿਆ ਤੱਕ ਸੀਮਤ ਰਹਿਣ ਵਾਲਾ ਨਹੀਂ।



ਲੋਕ ਪੱਖੀ ਮਸਲਿਆਂ 'ਤੇ ਸੱਤਾ ਨਾਲ ਦਸਤਪੰਜਾ ਲੈਣ ਵਾਲੀ ਉਘੀ ਲਿਖਾਰੀ ਤੇ ਕਾਰਕੁਨ ਅਰੁੰਧਤੀ ਰਾਏ।

**ਅਲ ਜਜ਼ੀਰਾ:** ਦੱਖਣੀ ਰਾਜ ਕੇਰਲ ਵਿਚ ਆਪਣੇ ਹਾਲੀਆ ਭਾਸ਼ਣ ਦੌਰਾਨ ਤੁਸੀਂ ਕਿਹਾ ਕਿ ਭਾਰਤ ਨਵੇਂ ਅਧਿਆਏ ਵਿਚ ਦਾਖ਼ਲ ਹੋ ਰਿਹਾ ਹੈ। ਇਸ ਤੋਂ ਤੁਹਾਡਾ ਕੀ ਭਾਵ ਸੀ?

**ਅਰੁੰਧਤੀ ਰਾਏ:** ਮੇਰਾ ਭਾਵ ਇਹ ਸੀ- ਤੁਸੀਂ ਜਾਣਦੇ ਹੋ ਕਿ ਪਿਛਲੇ ਕੁਝ ਸਾਲਾਂ ਵਿਚ ਅਸੀਂ ਭਾਜਪਾ, ਮੋਦੀ, ਆਰ.ਐੱਸ.ਐੱਸ. (ਰਾਸ਼ਟਰੀ ਸਵੈਮਸੇਵਕ ਸੰਘ, ਭਾਜਪਾ ਦੇ ਵਿਚਾਰਧਾਰਕ ਗੁਰੂ) ਦੇ ਉਭਰਨ ਦੀ ਗੱਲ ਕਰਦੇ ਰਹੇ ਹਾਂ। ਆਰ.ਐੱਸ.ਐੱਸ. ਹਿੰਦੂ ਸਰਵਉੱਚਤਾ ਦੀ ਪੂਜਾ ਦੀ ਜਣਨੀ ਹੈ ਅਤੇ ਮੋਦੀ ਇਸ ਦਾ ਜੀਵਨ ਭਰ ਮੈਂਬਰ ਚਲਿਆ ਆ ਰਿਹਾ ਹੈ। ਅਸੀਂ, ਸਾਡੇ ਵਿਚੋਂ ਕਈ ਇਸ ਦੀ ਸਿਆਸੀ ਤੌਰ 'ਤੇ, ਢਾਂਚਾਗਤ ਤੌਰ 'ਤੇ ਆਲੋਚਨਾ ਕਰਦੇ ਰਹੇ ਹਾਂ ਪਰ ਹੁਣ ਅਸੀਂ ਬਿਲਕੁਲ ਵੱਖਰੀ ਸਥਿਤੀ ਵਿਚ ਹਾਂ। ਹਾਲਾਂਕਿ ਸਾਡੇ ਇੱਥੇ ਚੋਣਾਂ ਦੀ ਵਿਵਸਥਾ ਹੈ ਪਰ ਮੈਂ ਹੁਣ ਆਪਣੇ ਮੁਲਕ ਨੂੰ ਲੋਕਤੰਤਰ ਨਹੀਂ ਕਹਾਂਗੀ। ਸਾਡੇ ਕੋਲ ਕਿਉਂਕਿ ਚੋਣਾਂ ਦੀ ਵਿਵਸਥਾ ਹੈ, ਇਸ ਕਰ ਕੇ ਭਰੋਸੇਯੋਗ ਵੋਟਰ ਆਧਾਰ ਬਣਾਉਣ ਖ਼ਾਤਰ ਉਨ੍ਹਾਂ ਲਈ ਹਿੰਦੂ ਸਰਵਉੱਚਤਾ ਦਾ ਇਹ ਸੰਦੇਸ਼ 1.4 ਅਰਬ ਲੋਕਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ। ਲਿਹਾਜ਼ਾ, ਚੋਣਾਂ ਦਾ ਮੌਸਮ ਘੱਟ-ਗਿਣਤੀਆਂ ਲਈ ਬਹੁਤ ਖ਼ਤਰਨਾਕ ਬਣ ਜਾਂਦਾ ਹੈ।

"ਅਸੀਂ ਹੁਣ ਇਕ ਵੱਖਰੇ ਪੜਾਅ 'ਤੇ ਪਹੁੰਚ ਗਏ ਹਾਂ" ਤੋਂ ਮੇਰਾ ਭਾਵ ਇਹ ਹੈ ਕਿ ਹੁਣ ਮਹਿਜ਼ ਸਾਡੇ ਲਈ ਲੀਡਰਸ਼ਿਪ ਡਰਾਉਣੀ ਨਹੀਂ, ਦਰਅਸਲ ਹੁਣ ਤਾਂ ਆਬਾਦੀ ਦੇ ਇਕ ਹਿੱਸੇ ਦੇ ਦਿਮਾਗ ਐਨੇ ਕੱਟੜਪੰਥੀ ਬਣਾ ਦਿੱਤੇ ਹਨ ਜਿਸ ਨਾਲ ਘੱਟ-ਗਿਣਤੀਆਂ ਲਈ ਹੁਣ ਸੜਕਾਂ ਵੀ ਖ਼ਤਰਨਾਕ ਬਣ ਗਈਆਂ ਹਨ। ਹਿੰਸਾ ਹੁਣ ਸਰਕਾਰ ਦੁਆਰਾ ਕਰਵਾਏ ਗਏ ਕਤਲੇਆਮ ਤੱਕ ਸੀਮਤ ਨਹੀਂ। ਹਨਾ ਅਰੈਂਡਟ ਦੇ ਕਹਿਣ ਅਨੁਸਾਰ, ਅਸੀਂ ਆਮ ਹੋ ਚੁੱਕੀ ਬੁਰਾਈ ਦੀ ਘਟਨਾ-ਦਰ-ਘਟਨਾ ਦੇ ਗਵਾਹ ਹਾਂ। ਦੁਨੀਆ ਨੇ ਉੱਤਰੀ ਭਾਰਤ ਵਿਚ ਸਾਧਾਰਨ ਨਿੱਕੇ ਜਿਹੇ ਕਲਾਸਰੂਮ ਦੀ ਵੀਡੀਓ ਦੇਖੀ ਹੈ ਜਿੱਥੇ ਅਧਿਆਪਕਾ, ਸਕੂਲ ਦੀ ਪ੍ਰਿੰਸੀਪਲ, ਸੱਤ ਸਾਲ ਦੇ ਮੁਸਲਿਮ ਬੱਚੇ ਨੂੰ ਖੜ੍ਹਾ ਕਰਦੀ ਹੈ ਅਤੇ ਬਾਕੀ ਸਾਰੇ ਹਿੰਦੂ ਬੱਚਿਆਂ ਤੋਂ ਵਾਰੀ-ਵਾਰੀ ਉਸ ਦੇ ਥੱਪੜ ਮਰਵਾਉਂਦੀ ਹੈ।

ਸਾਡੇ ਇੱਥੇ ਮਨੀਪੁਰ ਵਿਚ ਖ਼ਾਨਾਜੰਗੀ ਚੱਲ ਰਹੀ ਹੈ ਜਿੱਥੇ ਰਾਜ ਸਰਕਾਰ ਸ਼ਰੇਆਮ ਪੱਖਪਾਤੀ ਹੈ, ਕੇਂਦਰ ਦੀ ਇਸ ਵਿਚ ਮਿਲੀ-ਭੁਗਤ ਹੈ, ਸੁਰੱਖਿਆ ਬਲਾਂ ਦੀ ਕਮਾਨ ਵਿਵਸਥਾ ਨਕਾਰਾ ਹੋ ਚੁੱਕੀ ਹੈ। ਇਹ ਉਸੇ ਤਰ੍ਹਾਂ ਦੇ ਹਾਲਾਤ ਦੀ ਸ਼ੁਰੂਆਤ ਹੈ ਜੋ ਬਲਕਾਨ ਮੁਲਕਾਂ 'ਚ ਵਾਪਰਿਆ ਸੀ। ਅਸੀਂ ਇੱਥੇ ਔਰਤਾਂ ਨੂੰ ਨੰਗੀਆਂ ਕਰ ਕੇ ਉਨ੍ਹਾਂ ਦੇ ਜਲੂਸ ਕੱਢਣ ਅਤੇ ਸਮੂਹਿਕ ਬਲਾਤਕਾਰ ਕੀਤੇ ਜਾਣ ਦਾ ਭਿਆਨਕ ਮੰਜ਼ਰ ਦੇਖਿਆ। ਸਾਨੂੰ ਪਤਾ ਲੱਗਾ ਕਿ ਮਨੀਪੁਰ ਪੁਲਿਸ ਨੇ ਹੀ ਉਨ੍ਹਾਂ ਔਰਤਾਂ ਨੂੰ ਭੀੜ ਦੇ ਹਵਾਲੇ ਕੀਤਾ ਸੀ। ਜਿਵੇਂ ਮੈਂ ਪਹਿਲਾਂ ਕਹਿ ਚੁੱਕੀ ਹਾਂ, ਸਾਡੇ ਇੱਥੇ ਮੁਸਲਮਾਨ ਨੌਜਵਾਨਾਂ ਨੂੰ ਕਤਲ ਕਰਨ, ਹਜੂਮੀ ਕਤਲ ਕਰਨ, ਜ਼ਿੰਦਾ ਸਾੜਨ ਦੇ ਦੋਸ਼ੀ ਅਨਸਰ ਹੁਣ ਧਾਰਮਿਕ ਜਲੂਸਾਂ ਦੀ ਅਗਵਾਈ ਕਰ ਰਹੇ ਹਨ। ਸਾਡੇ ਇੱਥੇ ਅਜਿਹੀ ਸਥਿਤੀ ਹੈ ਕਿ ਜਦੋਂ ਪ੍ਰਧਾਨ ਮੰਤਰੀ ਸੁਤੰਤਰਤਾ ਦਿਵਸ ਉੱਪਰ ਔਰਤਾਂ ਦੇ ਹੱਕਾਂ ਬਾਰੇ ਬੋਲ ਰਿਹਾ ਹੁੰਦਾ ਹੈ, ਐਨ ਉਸੇ ਸਮੇਂ ਉਸ ਦੀ ਸਰਕਾਰ ਉਨ੍ਹਾਂ 14 ਵਿਅਕਤੀਆਂ ਦੀ ਸਜ਼ਾ ਮੁਆਫੀ 'ਤੇ ਦਸਤਖ਼ਤ ਕਰ ਰਹੀ ਹੁੰਦੀ ਹੈ ਜਿਨ੍ਹਾਂ ਨੇ ਬਿਲਕੀਸ ਬਾਨੋ ਦਾ ਸਮੂਹਿਕ ਬਲਾਤਕਾਰ ਕੀਤਾ ਸੀ ਅਤੇ ਇੱਕੋ ਪਰਿਵਾਰ ਦੇ 14 ਜੀਆਂ ਨੂੰ ਕਤਲ ਕੀਤਾ ਸੀ। ਉਹ ਹੁਣ ਸਮਾਜ ਦੇ ਸਤਿਕਾਰਯੋਗ ਮੈਂਬਰ ਹਨ। ਇਹ ਉਹ ਸ਼ਖ਼ਸ ਹਨ ਜਿਨ੍ਹਾਂ ਨੂੰ ਸੁਪਰੀਮ ਕੋਰਟ ਨੇ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਇਸ ਲਈ ਸਾਡੇ ਇੱਥੇ ਹੁਣ ਅਜਿਹੀ ਸਥਿਤੀ ਹੈ ਜਿੱਥੇ ਸੰਵਿਧਾਨ ਨੂੰ ਲੱਗਭੱਗ ਪਾਸੇ ਰੱਖ ਦਿੱਤਾ ਗਿਆ ਹੈ। ਜੇ ਉਹ ਅਗਲੇ ਸਾਲ ਚੋਣਾਂ ਜਿੱਤ ਜਾਂਦੇ ਹਨ ਤਾਂ 2024 ਵਿਚ ਇੱਥੇ ਉਹੀ ਹੋਣ ਜਾ ਰਿਹਾ ਹੈ ਜਿਸ ਨੂੰ ਅਸੀਂ "ਹੱਦਬੰਦੀ" ਕਹਿੰਦੇ ਹਾਂ ਜੋ ਇਕ ਕਿਸਮ ਦੀ ਹੇਰਾ-ਫੇਰੀ ਹੈ ਜਿੱਥੇ ਸੀਟਾਂ ਦੀ ਗਿਣਤੀ ਤੇ ਚੋਣ ਹਲਕਿਆਂ ਦਾ ਭੂਗੋਲ ਬਦਲ ਦਿੱਤਾ ਜਾਵੇਗਾ ਅਤੇ ਹਿੰਦੀ ਬੋਲਣ ਵਾਲੀ ਪੱਟੀ ਜਿੱਥੇ ਭਾਜਪਾ ਸਭ ਤੋਂ ਮਜ਼ਬੂਤ ਹੈ, ਨੂੰ ਹੋਰ ਸੀਟਾਂ ਮਿਲ ਜਾਣਗੀਆਂ ਜਿਸ ਨਾਲ ਦਰਅਸਲ ਸ਼ਕਤੀ ਸੰਤੁਲਨ ਹੀ ਬਦਲ ਜਾਵੇਗਾ।

ਸਾਡੇ ਇੱਥੇ ਅਜਿਹੀ ਸਥਿਤੀ ਹੈ ਜਿੱਥੇ ਅਸੀਂ ਇਕ ਰਾਸ਼ਟਰ, ਇਕ ਭਾਸ਼ਾ, ਇਕ ਚੋਣ ਦੀ ਗੱਲ ਕਰ ਰਹੇ ਹਾਂ ਪਰ ਦਰਅਸਲ ਸਾਡੇ ਇੱਥੇ ਸਥਿਤੀ ਇਹ ਹੈ ਜਿੱਥੇ ਤੁਹਾਡੇ ਕੋਲ ਤਾਨਾਸ਼ਾਹ, ਕਾਰਪੋਰੇਸ਼ਨ ਹੈ। ਸਾਡੇ ਕੋਲ ਕਾਰਪੋਰੇਟ ਮੁਖੀ ਹੈ ਜੋ ਗੁਜਰਾਤ ਕਤਲੇਆਮ ਦੇ ਸਮੇਂ ਤੋਂ ਹੀ ਮੋਦੀ ਦਾ ਪੁਰਾਣਾ ਯਾਰ ਚਲਿਆ ਹੈ, ਜਿਸ ਉੱਪਰ ਹੁਣ ਨਾ ਸਿਰਫ਼ ਹਿੰਡਨਬਰਗ ਰਿਸਰਚ ਨਾਂ ਦੀ ਜਾਅਲੀ ਕੰਪਨੀ ਬਣਾਉਣ ਦਾ ਦੋਸ਼ ਲੱਗ ਚੁੱਕਾ ਹੈ ਸਗੋਂ ਜਥੇਬੰਦ ਜੁਰਮ ਦੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਦੇ ਪੂਰੇ ਗੱਠਜੋੜ ਵੱਲੋਂ ਉਸ ਬਾਰੇ ਗੱਲ ਕਰਦਿਆਂ ਇਤਿਹਾਸ ਦਾ ਸਭ ਤੋਂ ਵੱਡਾ ਕਾਰਪੋਰੇਟ ਘੋਟਾਲਾ ਬੰਦ ਕਰ ਦਿੱਤਾ ਗਿਆ ਹੈ ਪਰ ਕੁਝ ਨਹੀਂ ਕੀਤਾ ਜਾਵੇਗਾ। ਇਸ ਲਈ ਅਸੀਂ ਅਜਿਹੀ ਸਥਿਤੀ ਵਿਚ ਹਾਂ ਜਿੱਥੇ ਦੁਨੀਆ ਨੂੰ ਇਹ ਵੀ ਮੁਲਾਂਕਣ ਕਰਨਾ ਪੈਣਾ ਹੈ ਕਿ ਜਦੋਂ ਕੁਝ ਲੋਕਾਂ ਉੱਪਰ ਨਿਯਮ ਲਾਗੂ ਨਹੀਂ ਹੁੰਦੇ ਅਤੇ ਹੋਰ ਲੋਕਾਂ ਉੱਪਰ ਵੱਖਰੇ ਤਰੀਕੇ ਨਾਲ ਲਾਗੂ ਹੁੰਦੇ ਹਨ ਤਾਂ ਕੀ ਵਾਪਰਦਾ ਹੈ। ਤੁਹਾਨੂੰ ਪਤੈ, ਸਾਡੇ ਇੱਥੇ ਕਾਨੂੰਨ ਦਾ ਰਾਜ ਹੈ, ਬਹੁਤ ਵਧੀਆ ਨਿਆਂ-ਸ਼ਾਸਤਰ ਹੈ ਪਰ ਇਹ ਕਿਵੇਂ ਲਾਗੂ ਹੁੰਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਧਰਮ ਕੀ ਹੈ, ਤੁਹਾਡੀ ਜਾਤ ਕੀ ਹੈ, ਤੁਹਾਡਾ ਲਿੰਗ ਕੀ ਹੈ, ਤੁਹਾਡੀ ਜਮਾਤ ਕੀ ਹੈ।

**ਅਲ ਜਜ਼ੀਰਾ:** ਜੇ ਤੁਸੀਂ ਥੋੜ੍ਹੇ ਸੰਖੇਪ 'ਚ ਕਹਿਣਾ ਹੋਵੇ ਤਾਂ ਅੱਜ ਭਾਰਤ ਦੀ ਸਥਿਤੀ ਕੀ ਹੈ?

**ਅਰੁੰਧਤੀ ਰਾਏ:** ਬਹੁਤ ਨਾਜ਼ੁਕ ਹੈ। ਸੰਵਿਧਾਨ ਨੂੰ ਅਸਰਦਾਰ ਤਰੀਕੇ ਨਾਲ ਪਾਸੇ ਕਰ ਦਿੱਤਾ ਗਿਆ ਹੈ। ਭਾਜਪਾ ਹੁਣ ਦੁਨੀਆ ਦੀਆਂ ਸਭ ਤੋਂ ਅਮੀਰ ਸਿਆਸੀ ਪਾਰਟੀਆਂ ਵਿਚੋਂ ਇਕ ਹੈ। ਸਾਰੀ ਚੋਣ ਮਸ਼ੀਨਰੀ ਤਕਰੀਬਨ ਸਮਝੌਤਾ ਕਰ ਚੁੱਕੀ ਹੈ। ਫਿਰ ਵੀ ਬੇਰੁਜ਼ਗਾਰੀ ਕਾਰਨ (ਅਸੀਂ ਦੁਨੀਆ ਦੇ ਸਭ ਤੋਂ ਨਾ-ਬਰਾਬਰ ਸਮਾਜ ਵਿਚ ਰਹਿ ਰਹੇ ਹਾਂ) ਵਿਰੋਧ ਉੱਸਰ ਰਿਹਾ ਹੈ। ਇਹ ਸਰਕਾਰ ਇਸ ਵਿਰੋਧ ਨੂੰ ਕੁਚਲਣ ਦੀ ਕੋਸ਼ਿਸ਼ 'ਚ ਹੈ ਕਿਉਂਕਿ ਇਸ ਦਾ ਵਿਸ਼ਵਾਸ ਨਹੀਂ ਕਿ ਕੋਈ ਵਿਰੋਧੀ ਧਿਰ ਹੋਵੇ। ਅਸੀਂ ਬਹੁਤ ਜ਼ਿਆਦਾ ਅਨਿਸ਼ਚਿਤ ਹਾਲਤ ਵਿਚ ਹਾਂ ਅਤੇ ਸਾਨੂੰ ਉਮੀਦ ਨਹੀਂ ਕਿ ਕੋਈ ਵਿਦੇਸ਼ੀ ਤਾਕਤ ਸਾਡੇ ਨਾਲ ਖੜ੍ਹੇਗੀ। ਮੈਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਵੀ ਇਹ ਉਮੀਦ ਹੋਵੇਗੀ। ਸਾਨੂੰ ਉਮੀਦ ਨਹੀਂ ਹੈ ਕਿ ਕੋਈ ਵਿਦੇਸ਼ੀ ਤਾਕਤ ਇਨ੍ਹਾਂ ਚੀਜ਼ਾਂ ਵੱਲ ਧਿਆਨ ਦੇਵੇਗੀ ਕਿਉਂਕਿ ਉਨ੍ਹਾਂ ਦੀਆਂ ਅੱਖਾਂ ਵਿਚ ਤਾਂ ਡਾਲਰ ਚਮਕ ਰਿਹਾ ਹੈ, ਉਨ੍ਹਾਂ ਦੀਆਂ ਨਜ਼ਰਾਂ ਇਕ ਅਰਬ ਲੋਕਾਂ ਦੀ ਵਿਸ਼ਾਲ ਮੰਡੀ ਉੱਪਰ ਹਨ ਪਰ ਉਹ ਇਹ ਨਾ ਭੁੱਲਣ ਕਿ ਜਦੋਂ ਇਹ ਮੁਲਕ ਅਫਰਾ-ਤਫਰੀ ਅਤੇ ਯੁੱਧ ਵਿਚ ਫਸ ਗਿਆ ਤਾਂ ਉਦੋਂ ਇਹ ਮੰਡੀ ਵੀ ਨਹੀਂ ਰਹਿਣੀ, ਜਿਵੇਂ ਮਨੀਪੁਰ ਵਰਗੇ ਥਾਵਾਂ ਵਿਚ ਇਹ ਪਹਿਲਾਂ ਹੀ ਹੋ ਚੁੱਕਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਕਿ ਜਦੋਂ ਇਹ ਵਿਸ਼ਾਲ ਮੁਲਕ ਅਰਾਜਕਤਾ ਵਿਚ ਫਸ ਗਿਆ ਤਾਂ ਇਹ ਮੰਡੀ ਵੀ ਨਹੀਂ ਰਹੇਗੀ। ਭਾਰਤ ਦੀ ਖ਼ੂਬਸੂਰਤੀ ਤੇ ਸ਼ਾਨ ਨੂੰ ਕੁਝ ਤੁੱਛ ਅਤੇ ਘਿਨਾਉਣੀਆਂ ਤੇ ਮਾਮੂਲੀ ਅਤੇ ਹਿੰਸਕ ਚੀਜ਼ਾਂ ਦੇ ਰੂਪ 'ਚ ਸੁੰਗੇੜਿਆ ਜਾ ਰਿਹਾ ਹੈ; ਤੇ ਜਦੋਂ ਇਸ ਦਾ ਭੜਾਕਾ ਪੈ ਗਿਆ ਤਾਂ ਮੈਨੂੰ ਲੱਗਦਾ ਹੈ ਕਿ ਇਸ ਵਰਗਾ ਭਿਆਨਕ ਹੋਰ ਕੁਝ ਨਹੀਂ ਹੋਣਾ।







ਜੀ-20 ਦੇ ਸਿਖਰ ਸੰਮੇਲਨ ਲਈ ਦਿੱਲੀ ਵਿਚ ਲਾਏ ਭਾਜਪਾ ਦੇ ਚੋਣ ਨਿਸ਼ਾਨ ਕਮਲ ਦੇ ਫੁੱਲ ਵਾਲੇ ਬੋਰਡ ਅਤੇ (ਸੱਜੇ) ਜੀ-20 ਦੇ ਪ੍ਰਚਾਰ ਲਈ ਤਿਆਰ ਕਮਲ ਦੇ ਫੁੱਲ ਵਾਲਾ ਇਕ ਹੋਰ ਇਸ਼ਤਿਹਾਰ।

# ਦਸ ਹਜ਼ਾਰ ਅਫ਼ਗਾਨੀਆਂ ਨਾਲ ਆਢਾ ਲੈਣ ਵਾਲੇ 36ਵੀਂ ਸਿੱਖ ਰਜਮੈਂਟ ਦੇ 21 ਸਿੱਖ ਸੂਰਬੀਰਾਂ ਦੀ ਸ਼ਹਾਦਤ ਨੂੰ ਸਲਾਮ!

12 ਸਤੰਬਰ ਨੂੰ ਸਾਰਾਗੜ੍ਹੀ ਦੇ ਸਾਕੇ ਦੀ ਵਰ੍ਹੇਗੰਢ ਸੀ। ਇਸ ਦਿਨ 36ਵੀਂ ਸਿੱਖ ਰਜਮੈਂਟ ਦੇ 21 ਫ਼ੌਜੀ ਜਵਾਨ ਆਪਣੀ ਡਿਊਟੀ ਨਿਭਾਉਂਦਿਆਂ ਆਪਣੀ ਅਣਖ ਅਤੇ ਦਲੇਰੀ ਦੀ ਮਿਸਾਲ ਕਾਇਮ ਕਰਦਿਆਂ ਆਪਣੀਆਂ

ਦੀਪ ਜਗਦੀਪ ਸਿੰਘ

ਜਾਨਾਂ ਵਾਰ ਗਏ। ਦੁਨੀਆਂ ਦੇ ਜੰਗੀ ਇਤਿਹਾਸ ਵਿਚ ਇਹ ਸਾਕਾ ਸਭ ਤੋਂ ਦਲੇਰੀ ਅਤੇ ਕਦੇ ਨਾ ਹਾਰਨ ਵਾਲੇ ਹੌਸਲੇ ਦੀ ਵਿਲੱਖਣ ਮਿਸਾਲ ਵਜੋਂ ਦਰਜ ਹੈ।

ਇਸ ਦੇ ਪੂਰੇ ਇਤਿਹਾਸ ਬਾਰੇ ਚਾਨਣਾ ਪਾਉਂਦੀ ਕੈਪਟਨ ਅਮਰਿੰਦਰ ਸਿੰਘ ਦੀ ਇਤਿਹਾਸਕ ਕਿਤਾਬ "ਸਾਰਾਗੜ੍ਹੀ ਅਤੇ ਸਮਾਣਾ ਕਿਲ੍ਹਿਆਂ ਦਾ ਮੋਰਚਾ- ਤਿਰਾਹ ਫ਼ੌਜੀ ਮੁਹਿੰਮ ਵਿਚ 36ਵੀਂ ਸਿੱਖ ਰਜਮੈਂਟ ਦੀ ਭੂਮਿਕਾ 1897-98" ਦਾ ਪੰਜਾਬੀ ਅਨੁਵਾਦ ਕਰਨ ਦਾ ਮੌਕਾ ਦਾਸ ਨੂੰ ਮਿਲਿਆ।

ਹਰ ਇਤਿਹਾਸ ਨੂੰ ਹੀ ਕਈ ਪਹਿਲੂਆਂ ਤੋਂ ਵਾਚਿਆ ਜਾ ਸਕਦਾ ਹੈ ਪਰ ਬਹੁਤੇ ਵਿਸ਼ਲੇਸ਼ਕਾਂ ਦੀ ਜੋ ਵੱਡੀ ਸਮੱਸਿਆ ਹੈ, ਉਹ ਇਤਿਹਾਸ ਨੂੰ ਆਪਣੀ ਵਿਚਾਰਧਾਰਕ ਐਨਕ ਨਾਲ ਦੇਖਦੇ ਹਨ। ਇਸ ਤਰ੍ਹਾਂ ਕਰਦਿਆਂ ਉਹ ਉਸ ਇਤਿਹਾਸਕ ਕਾਲ ਦੀਆਂ ਸਥਿਤੀਆਂ ਤੇ ਇਤਿਹਾਸਕ ਪਾਤਰਾਂ ਦੀ ਮਾਨਸਿਕਤਾ ਤੇ ਸਭਿਆਚਾਰਕ ਪਿਛੋਕੜ ਨੂੰ ਨਜ਼ਰ-ਅੰਦਾਜ਼ ਕਰ ਜਾਂਦੇ ਹਨ। ਉਹ ਇਤਿਹਾਸਕ ਘਟਨਾ ਦਾ ਇਕ ਪਾਸਾ ਦੱਸ ਕੇ ਇਕ ਹੋਰ ਪਾਸਾ ਲੁਕਾ ਜਾਂਦੇ ਹਨ, ਇਸ ਗੱਲ ਵਿਚ ਖੱਬੇ-ਪੱਖੀ ਚਿੰਤਕ ਵੀ ਘੱਟ ਨਹੀਂ ਹਨ।

ਅਸਲ ਵਿਚ ਇਹ ਗੱਲ ਇੰਨੀ ਸਿੱਧੀ ਨਹੀਂ ਸੀ ਕਿ ਅੰਗਰੇਜ਼ਾਂ ਨੇ ਪਸ਼ਤੂਨਾਂ ਦੇ ਇਲਾਕੇ ਉੱਤੇ ਕਬਜ਼ਾ ਕੀਤਾ ਹੋਇਆ ਸੀ। ਜਿਨ੍ਹਾਂ ਨੂੰ




ਪੰਜਾਬ ਅਤੇ ਭਾਰਤ ਦੇ ਇਤਿਹਾਸ ਦਾ ਪਤਾ ਹੈ ਉਹ ਜਾਣਦੇ ਹਨ ਕਿ ਅਫ਼ਗਾਨਿਸਤਾਨ ਅਤੇ ਦੱਰਾ ਖ਼ੈਬਰ ਭਾਰਤ ਅਤੇ ਹੋਰ ਏਸ਼ਿਆਈ ਇਲਾਕਿਆਂ ਤੱਕ ਪਹੁੰਚ ਦਾ ਸਭ ਤੋਂ ਵਧੀਆ ਰਸਤਾ ਸੀ, ਜਿਸ ਰਸਤੇ ਰਾਹੀਂ ਧਾੜਵੀ ਪੰਜਾਬ ਅਤੇ ਭਾਰਤ ਉੱਤੇ ਹਮਲਾ ਕਰਦੇ ਰਹਿੰਦੇ ਸਨ।

ਅਸਲ ਵਿਚ ਉਸ ਵੇਲੇ ਰੂਸ ਅਤੇ ਬਰਤਾਨੀਆ ਦੋਵੇਂ ਹੀ ਇਸ ਲਾਂਘੇ ਉੱਤੇ ਕਬਜ਼ਾ ਕਰਨ ਦੀ ਤਾਕ ਵਿਚ ਸਨ ਅਤੇ ਦੋਵੇਂ ਆਪਣੇ ਜਸੂਸਾਂ ਰਾਹੀਂ ਅਫ਼ਗਾਨਿਸਤਾਨ ਵਿਚ ਗੁਪਤ ਕਾਰਵਾਈਆਂ ਕਰ ਰਹੇ ਸਨ। ਉਨ੍ਹਾਂ ਨੇ ਉੱਥੋਂ ਦੇ ਤਖ਼ਤ ਅਤੇ ਸਲਤਨਤ ਵਿਚ ਸਿੱਧੀ ਦਖ਼ਲਅੰਦਾਜ਼ੀ ਸ਼ੁਰੂ ਕਰ ਦਿੱਤੀ ਸੀ।

ਕਿਤੇ ਰੂਸ ਭਾਰੀ ਨਾ ਪੈ ਜਾਵੇ ਇਸ ਡਰ ਅਧੀਨ ਬਰਤਾਨੀਆ ਨੇ ਅਫ਼ਗਾਨਿਸਤਾਨ ਵਿਚ ਕਬਜ਼ੇ ਦੀ ਮੁਹਿੰਮ ਵਿੱਢੀ ਜਿਸ ਨੂੰ ਤਿਰਾਹ ਮੁਹਿੰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਾਰਾਗੜ੍ਹੀ ਦਾ ਸਾਕਾ ਇਸੇ ਮੁਹਿੰਮ ਦਾ ਹਿੱਸਾ ਸੀ। ਰੂਸ ਅਤੇ ਬਰਤਾਨੀਆ ਦੀ ਆਪਸੀ ਜੱਦੋ-ਜਹਿਦ ਆਪਣੇ ਆਪ ਵਿਚ ਇਕ ਪੂਰੀ ਫ਼ੌਜੀ ਸਿਆਸੀ ਰਣਨੀਤਕ ਸਾਜ਼ਿਸ਼ ਸੀ, ਜਿਸ ਨੂੰ ਇਤਿਹਾਸ ਵਿਚ 'ਬਿੱਗ ਗ਼ੇਮ' ਦੇ ਨਾਮ ਨਾਲ ਦਰਜ ਕੀਤਾ ਗਿਆ ਹੈ, ਜਿਸ ਕਰਕੇ ਇਸ ਪੂਰੇ ਇਲਾਕੇ ਵਿਚ ਵੱਡੀ ਪੱਧਰ ਦੀ ਤਬਾਹੀ ਅਤੇ ਬਗ਼ਾਵਤ ਹੋਈ। ਇਸ ਵਾਸਤੇ ਰੂਸ ਅਤੇ ਬਰਤਾਨੀਆ ਬਰਾਬਰ ਦੇ ਜ਼ਿੰਮੇਵਾਰ ਸਨ ਅਤੇ ਦੋਵਾਂ ਦਾ ਮਕਸਦ ਕੇਵਲ ਅਫ਼ਗਾਨਿਸਤਾਨ ਉੱਤੇ ਕਬਜ਼ਾ ਹੀ ਨਹੀਂ, ਇਸ ਉੱਤੇ ਕਬਜ਼ਾ ਕਰ ਕੇ ਉਸ ਤੋਂ ਅੱਗੇ ਦੇ ਸਾਰੇ ਏਸ਼ਿਆਈ ਇਲਾਕਿਆਂ ਉੱਤੇ ਕਬਜ਼ਾ ਕਰਨਾ ਸੀ।

ਇਸ ਸਭ ਦੇ ਬਾਵਜੂਦ ਆਪਣੀ ਮਾਮੂਲੀ ਫ਼ੌਜੀ ਨੌਕਰੀ ਕਰਦਿਆਂ, ਇਨ੍ਹਾਂ ਅਨਪੜ੍ਹ ਸਿੱਖਾਂ ਵੱਲੋਂ ਉਸ ਵੇਲੇ ਛਾਤੀ ਡਾਹ ਕੇ ਲੜਨਾ, ਜਿਸ ਵੇਲੇ ਉਨ੍ਹਾਂ ਕੋਲ ਆਤਮ-ਸਮਰਪਣ ਕਰਨ ਦੀ ਪੂਰੀ ਆਜ਼ਾਦੀ ਅਤੇ ਮੌਕਾ ਸੀ, ਇਹ ਆਪਣੇ ਆਪ ਵਿਚ ਇਤਿਹਾਸਕ ਗੱਲ ਹੈ। ਇਸੇ ਕਰਕੇ ਅੱਜ ਵੀ ਫ਼ੌਜੀ ਕਾਰਵਾਈਆਂ ਦੇ ਇਤਿਹਾਸ ਵਿਚ ਇਸ ਦੀ ਮਿਸਾਲ ਦਿੱਤੀ ਜਾਂਦੀ ਹੈ। ਸ਼ਾਇਦ ਅੰਗਰੇਜ਼ਾਂ ਨੂੰ ਇਤਿਹਾਸ ਦੇ ਮੱਦੇਨਜ਼ਰ ਇਸ ਗੱਲ ਦਾ ਇਲਮ ਸੀ ਕਿ ਪਠਾਣਾਂ ਨੂੰ ਥੰਮਣ ਦਾ ਹੀਆ ਕੇਵਲ ਸਿੱਖਾਂ ਵਿਚ ਹੈ, ਇਸ ਕਰਕੇ 36ਵੀਂ ਸਿੱਖ ਰਜਮੈਂਟ ਨੂੰ ਵਿਸ਼ੇਸ਼ ਤੌਰ ਉੱਤੇ ਸਭ ਤੋਂ ਮੁਸ਼ਕਿਲ ਅਤੇ




**ਕੈਪਟਨ ਅਮਰਿੰਦਰ ਸਿੰਘ ਦੀ ਇਤਿਹਾਸਕ ਕਿਤਾਬ 'ਸਾਰਾਗੜ੍ਹੀ ਅਤੇ ਸਮਾਣਾ ਕਿਲ੍ਹਿਆਂ ਦਾ ਮੋਰਚਾਬੰਦੀ' ਦਾ ਸਰਵਰਕ**

ਜ਼ਿੰਮੇਵਾਰੀ ਵਾਲੇ ਮੋਰਚਿਆਂ 'ਤੇ ਲਾਇਆ ਗਿਆ ਸੀ। ਸੋ, ਇਸ ਬਿੱਗ ਗੇਮ ਦੇ ਮਾਹੌਲ ਵਿਚ 21 ਮਰਜੀਵੜਿਆਂ ਵੱਲੋਂ ਲੜੀ ਗਈ ਮਿਸਾਲੀ ਜੰਗ ਨੂੰ ਰਾਜਨੀਤਿਕ ਪੈਂਤੜੇਬਾਜ਼ੀ ਖ਼ਾਤਰ ਛੁਟਿਆ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਇਤਿਹਾਸਕ ਦਿਨ 'ਤੇ ਉਨ੍ਹਾਂ ਮਰਜੀਵੜੇ ਯੋਧਿਆਂ ਨੂੰ ਸਲਾਮ ਕਰਦਾ ਹਾਂ।

# ਕੱਚੇ ਪੱਕੇ ਰਾਹਾਂ ਦਾ ਪੁਖ਼ਤਾ ਪਾਂਧੀ - ਡਾ. ਗੁਰਬਖਸ਼ ਸਿੰਘ ਭੰਡਾਲ

ਅਸੀਂ ਅਕਸਰ ਕਹਿ ਦਿੰਦੇ ਹਾਂ ਕਿ ਸਮਰੱਥ ਸਿਰਜਣਾ ਨੂੰ ਭੂਮਿਕਾ ਦੀ, ਮੁੱਖਬੰਦ ਜਾਂ ਦੋ ਸ਼ਬਦਾਂ ਦੀ ਮੁਥਾਜੀ ਨਹੀਂ ਹੁੰਦੀ। ਪਰ ਡਾ. ਗੁਰਬਖਸ਼ ਸਿੰਘ ਭੰਡਾਲ, ਸਾਹਿਤ ਸੰਸਾਰ ਦੀ, ਸਮਾਜਿਕ ਖੇਤਰ ਅਤੇ ਗਿਆਨ-ਵਿਗਿਆਨ ਦੁਨੀਆ ਦੀ ਉਹ ਮਾਣਮੱਤੀ ਸ਼ਖ਼ਸੀਅਤ ਹਨ ਜਿਨ੍ਹਾਂ ਬਾਰੇ ਅਤੇ ਜਿਨ੍ਹਾਂ ਦੀਆਂ ਪੋਥੀਆਂ ਬਾਰੇ ਭਿੱਜ ਕੇ ਲਿਖਣ ਨੂੰ ਮਨ ਲੋਚਦਾ ਹੈ। ਇਨ੍ਹਾਂ ਦੀ ਸਿਰਜਣਾ ਅਤੇ ਸ਼ਖ਼ਸੀਅਤ ਦਾ ਕੱਦ ਹੀ ਇੰਨਾ ਬੁਲੰਦ ਹੈ ਕਿ ਇਨ੍ਹਾਂ ਦੇ ਮੁਬਾਰਕ ਹੱਥਾਂ ਨੂੰ ਚੁੰਮਣ ਅਤੇ ਧੂੜ ਅੱਟੇ ਪੈਰਾਂ ਹੇਠ ਸੱਤੇ ਰੰਗ

ਦਰਸ਼ਨ ਬੁੱਟਰ
ਫੋਨ: +1-98728-23119

ਵਿਛਾਉਣ ਨੂੰ ਚਿੱਤ ਕਰਦਾ ਹੈ। ਕਿਤਾਬਾਂ ਦੇ ਰੂਪ ਵਿਚ ਉਨ੍ਹਾਂ ਦਾ ਰਚਨਾ ਸੰਸਾਰ ਵਡੇਰਾ ਹੈ ਅਤੇ ਉਨ੍ਹਾਂ ਦੀ ਰੂਹਾਨੀ ਦਿੱਖ ਧੁਰ ਧੂਹ ਪਾਉਣ ਵਾਲੀ ਹੈ। ਉਹ ਮੇਰਾ ਮਿੱਤਰ ਹੀ ਨਹੀਂ, ਸਭ ਦਾ ਸੱਜਣ ਹੈ। ਭੰਡਾਲ ਜਿਹੇ ਬੰਦੇ ਇਸ ਗਰਜ਼ਾਂ ਮਾਰੀ ਦੁਨੀਆਂ 'ਚੋਂ ਲੱਭਣੇ ਬੜੇ ਔਖੇ ਨੇ। ਅਦਬੀ ਸਲੀਕਾ ਐਵੇਂ ਨਹੀਂ ਆ ਜਾਂਦਾ। ਕਵਿਤਾ ਵਰਗੀ ਵਾਰਤਕ ਅਤੇ ਵਾਰਤਕ ਵਰਗੀ ਕਵਿਤਾ ਵਿਚ ਕੌਤਕ ਰਚ ਦੇਣਾ ਡਾ. ਭੰਡਾਲ ਦੇ ਹਿੱਸੇ ਆਇਆ ਹੈ। ਉਹ ਅਣਗੌਲੇ, ਅਣਦੇਖੇ, ਅਣਗਾਹੇ ਰਾਹਾਂ ਦਾ ਪਾਂਧੀ ਹੈ। ਉਸਨੂੰ ਭਟਕਣ ਅਤੇ ਤਲਾਸ਼ ਵਿਚ ਵਖਰੇਵਾਂ ਕਰਨਾ ਆਉਂਦਾ ਹੈ। ਸੰਤਾਪ ਅਤੇ ਹੋਣੀ ਵਿਚਲਾ ਅੰਤਰ ਸਿਰਜਣਾ ਆਉਂਦਾ ਹੈ। ਪੈਰਾਂ ਕੋਲ ਪਗਡੰਡੀਆਂ ਹਨ ਅਤੇ ਮੱਥੇ ਕੋਲ ਗੰਭੀਰ ਚਿੰਤਨ। ਰਾਹਾਂ 'ਚ ਵਿਛੇ ਕੰਡਿਆਂ 'ਤੇ ਨੰਗੇ ਪੈਰੀਂ ਕਿਸੇ ਕਿਸੇ ਨੂੰ ਹੀ ਤੁਰਨਾ ਆਉਂਦਾ ਹੈ। ਘਸ ਘਸ ਕੇ ਇਹ ਪੁਖ਼ਤਗੀ ਹਾਸਲ ਹੁੰਦੀ ਹੈ। ਬੇਸ਼ਕ ਡਾ. ਭੰਡਾਲ ਅੱਜ-ਕਲ੍ਹ ਇਸ ਗਲੋਬਲੀ ਧਰਤੀ ਦੀਆਂ ਸੁੰਦਰ ਸੜਕਾਂ 'ਤੇ ਘੁੰਮ ਰਿਹਾ ਹੈ ਅਤੇ ਆਪਣੇ ਪਰਾਂ ਨਾਲ ਅੰਬਰ ਦੀ ਨੀਲੀ ਚਾਦਰ ਦਾ ਰੇਸ਼ਾ ਰੇਸ਼ਾ ਉਧੇੜ ਰਿਹਾ ਹੈ। ਪਰ ਉਸ ਨੂੰ ਇਥੋਂ ਤਕ ਪਹੁੰਚਾਉਣ ਵਾਲੇ ਕੱਚੇ ਪਹਿਆਂ, ਕੰਡਿਆਲੇ ਰਾਹਾਂ ਦਾ ਔਖਾ ਪੈਂਡਾ ਮੂੰਹ-ਜ਼ਬਾਨੀ ਯਾਦ ਹੈ। ਬਚਪਨ, ਜਵਾਨੀ, ਅੱਧਖੜ੍ਹ ਅਤੇ ਹੁਣ ਬੁਢਾਪੇ ਦੇ ਇਤਿਹਾਸ ਨੂੰ, ਵਰਤਮਾਨ ਦੇ ਪੰਨਿਆਂ 'ਤੇ ਏਨਾ ਸੁੰਦਰ ਉੱਕਰਿਆ ਹੈ ਕਿ ਉਸ ਦੀ ਕਲਮ ਦੀ ਨੇਕ ਕਮਾਈ ਨੂੰ ਅਨਿਕ ਵਾਰ ਸਜਦਾ ਕਰਨਾ ਬਣਦਾ ਹੈ। ਜੀਵਨ ਸਫ਼ਰ ਅਤੇ ਸ਼ਬਦ ਸਫ਼ਰ ਵਿਚੋਂ ਗੁਜ਼ਰਨ ਦੀ ਜੋ ਉਨ੍ਹਾਂ ਨੇ ਸਿਰਜਣ ਸ਼ਕਤੀ ਵਿਖਾਈ ਹੈ, ਉਸ ਦੇ ਵਾਰੇ ਵਾਰੇ ਜਾਈਏ। ਅਨੋਖੇ ਰਾਹਾਂ ਦੇ ਪੈਂਡਿਆਂ ਨੂੰ ਬੜੀ ਸਹਿਜਤਾ ਨਾਲ, ਅਨੁਭਵੀ ਦ੍ਰਿਸ਼ਟੀ 'ਚ ਸਮੋਇਆ ਹੈ। ਇਹ ਬੜੀ ਪ੍ਰਸ਼ੰਸਾ ਵਾਲੀ ਗੱਲ ਹੈ।

ਡਾ. ਗੁਰਬਖਸ਼ ਭੰਡਾਲ ਨੇ ਪੁਸਤਕ 'ਕੱਚੇ ਪੱਕੇ ਰਾਹ' ਵਿਚ ਆਪਣੀ ਸੁਹੰਢਣੀ ਵਾਰਤਕ ਅਤੇ ਸੁਹਾਗਣ ਕਵਿਤਾ ਨੂੰ ਚਿੰਤਨੀ ਸੁਭਾਅ ਪ੍ਰਦਾਨ ਕਰ ਕੇ ਇਸ ਦੇ ਵਿਧੀ-ਵਿਧਾਨ ਨੂੰ ਵੀ ਚੇਤੰਨ ਰੂਪ ਵਿਚ ਪ੍ਰਕਾਸ਼ਮਾਨ ਕੀਤਾ ਹੈ। ਆਪਣੇ ਜੀਵਨ ਸਫ਼ਰ ਦੇ ਅਹਿਮ ਪਹਿਲੂਆਂ ਨੂੰ ਸਾਡੇ ਸਨਮੁੱਖ ਪੇਸ਼ ਕਰਦਿਆਂ ਉਸ ਨੇ ਸਾਡੇ ਜੀਵਨ ਪੈਂਡਿਆਂ ਨੂੰ ਵੀ ਚੇਤਿਆਂ 'ਚ ਸੱਜਰਾ ਕਰ ਦਿੱਤਾ ਹੈ। ਇਸ ਪੁਸਤਕ ਵਿਚ ਖ਼ੂਨ ਦੇ ਰਿਸ਼ਤੇ, ਸਮਾਜਿਕ ਰਿਸ਼ਤੇ, ਮੁਹੱਬਤੀ ਰਿਸ਼ਤੇ, ਭਾਵੁਕ ਅਤੇ ਚਿੰਤਨੀ ਸ਼ਬਦਾਂ ਰਾਹੀਂ ਆਪਸ ਵਿਚ ਧੁਰ ਅੰਦਰੋਂ ਜੁੜੇ ਹੋਏ ਹਨ। ਇਸ ਪੁਸਤਕ ਵਿਚਲੀ ਵਾਰਤਕ ਹੈ ਜਾਂ ਫਿਰ ਕਵਿਤਾ, ਉਹ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਰਸਦਾਇਕ ਅੰਦਾਜ਼ 'ਚ ਵਿਅਕਤ ਕਰਾਉਂਦਾ ਹੈ। ਗੁੰਦਵੀਂ ਭਾਸ਼ਾ ਸਾਡੀਆਂ ਭਾਵਨਾਵਾਂ ਅਤੇ ਸੰਵੇਦਨਾਵਾਂ ਨੂੰ ਜਗਾ ਰਹੀ ਹੈ। ਸ਼ਬਦ ਚੋਣ ਦੇ ਮਹੱਤਵ ਤੋਂ ਉਹ ਜਾਣੂ ਹੈ। ਦਾਰਸ਼ਨਿਕ ਪਹੁੰਚ-ਦ੍ਰਿਸ਼ਟੀ, ਉਨ੍ਹਾਂ ਦੀਆਂ ਰਚਨਾਵਾਂ ਨੂੰ ਸਮਕਾਲੀ ਸਾਹਿਤ ਵਿਚ ਨਿਵੇਕਲਾ ਸਥਾਨ ਪ੍ਰਦਾਨ ਕਰਦੀ ਹੈ।

ਇਸ ਪੁਸਤਕ ਵਿਚਲੀਆਂ ਰਚਨਾਵਾਂ ਭਾਵੇਂ ਸਿਮਰਤੀਆਂ ਦੀ ਜਰਖ਼ੇਜ਼ ਮਿੱਟੀ 'ਚੋਂ ਉਪਜੀਆਂ ਹਨ, ਪਰ ਇਹ ਵਰਤਮਾਨ ਪਲਾਂ 'ਚੋਂ ਗੁਜ਼ਰਦੀਆਂ ਅਗਲੇਰੇ ਸਫ਼ਰ ਦਾ ਰਾਹ ਦੱਸਦੀਆਂ ਹਨ। ਵਕਤ ਤੋਂ ਵੀ ਅੱਗੇ ਦੀਆਂ ਸੱਚੀਆਂ ਸੁੱਚੀਆਂ ਗੱਲਾਂ ਹੋ ਨਿੱਬੜੀਆਂ ਹਨ। ਇਹ ਕਿਤਾਬ, ਕਵੀ ਦਾ ਸਵੈ ਹੈ। ਰਚਨਾ ਦਾ ਲੇਖਕ ਵਰਗਾ ਲੱਗਣਾ ਕੋਈ ਘੱਟ ਮਹੱਤਵਪੂਰਨ ਨਹੀਂ ਹੁੰਦਾ। ਪਰਤ ਦਰ ਪਰਤ ਇਸ ਵਿਚ ਕਈ ਹੋਰ ਅੰਤਰੀਵ ਸਥਿਤੀਆਂ ਅਤੇ ਮਹੀਨ ਖ਼ੂਬਸੂਰਤੀਆਂ ਹਨ ਜੋ ਪੜ੍ਹਦਿਆਂ, ਪਾਠਕ ਨੂੰ ਆਪ ਮੁਹਾਰੇ ਮਹਿਸੂਸ ਹੁੰਦੀਆਂ ਹਨ। ਤਲਾਸ਼ ਨੂੰ ਦਸਤਕ ਤੱਕ ਲੈ ਆਉਂਦੀਆਂ ਹਨ। ਹਨੇਰੇ ਰਾਹਾਂ




'ਚ ਜੁਗਨੂੰ ਬਿਖੇਰਦੀਆਂ ਹਨ। ਸੰਚਾਰ ਸੰਕਟ ਤੋਂ ਮੁਕਤ ਹਨ, ਅਤੇ ਪਾਠਕਾਂ-ਸਰੋਤਿਆਂ ਲਈ ਸਾਹਿਤ ਵੱਲ ਵਾਪਸੀ ਦਾ ਪੁਲ ਹਨ। ਸਿੱਲ੍ਹੇ ਅੱਖਰਾਂ ਅਤੇ ਭਿੱਜੀਆਂ ਆਵਾਜ਼ਾਂ ਨਾਲ ਮਾਰੀਆਂ ਹਾਕਾਂ, ਰੂਹ ਤੱਕ ਸੁਣਾਈ ਦਿੰਦੀਆਂ ਹਨ। ਇਸ ਪੁਸਤਕ ਵਿਚ ਡਾ. ਭੰਡਾਲ ਨੇ ਸਵੈ ਸ਼ਨਾਖ਼ਤ ਦੇ ਨਾਲ ਨਾਲ, ਮਾਂ, ਪਿਓ, ਬਚਪਨ, ਪਿੰਡ, ਸਕੂਲ, ਕਾਲਜ, ਯੂਨੀਵਰਸਿਟੀ, ਪਰਵਾਸੀ ਜੀਵਨ ਅਤੇ ਮਿੱਤਰ ਮੰਡਲੀਆਂ ਦਾ ਵਹੀ ਖਾਤਾ ਵੀ ਫਰੋਲਿਆ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਅਸੀਂ ਉਦਾਸ ਵੀ ਹੁੰਦੇ ਹਾਂ, ਖ਼ੁਸ਼ ਵੀ ਹੁੰਦੇ ਹਾਂ ਅਤੇ ਸੁੰਨ ਵੀ ਹੋ ਜਾਂਦੇ ਹਾਂ। ਅਜਿਹੀ ਅਵਸਥਾ ਨੂੰ ਕਿਸੇ ਵਿਚਾਰਧਾਰਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਇਹ ਤਾਂ ਸਹਿਜ ਆਮਦ ਹੈ। ਕਾਇਨਾਤੀ ਰਿਸ਼ਤਿਆਂ ਨੂੰ, ਇਨਸਾਨੀ ਬੰਧਨਾਂ ਨੂੰ, ਵਿਚਾਰ ਨਾਲ ਜੋੜ ਕੇ ਰੂਹ ਤੱਕ ਭਿਉਂ ਦਿੰਦੀ ਹੈ। ਇਹ ਅਨੁਭਵ ਦੀ ਕਵਿਤਾ ਹੈ, ਸ਼ਬਦ ਸੰਵੇਦਨਾ ਦੀ ਅਨੋਖੀ ਕਿਰਤ ਹੈ।

ਮੈਂ ਤਾਂ ਇਹੀ ਕਹਾਂਗਾ ਕਿ ਇਹ ਸੁੰਦਰ ਪੋਥੀ ਤੁਹਾਡੇ ਅੰਦਰ ਪਨਪਦੇ ਸੁੰਨ ਸਮਾਧੀ ਵਾਲੇ ਛਿਣਾਂ ਪਲਾਂ ਨੂੰ ਸਮਰਪਿਤ ਹੈ ਅਤੇ ਨਾਲੋ-ਨਾਲ ਬਾਹਰੀ ਉਪਭੋਗੀ ਸਭਿਆਚਾਰ ਦੇ ਖਤਰੇ ਤੋਂ ਵੀ ਸੁਚੇਤ ਕਰਦੀ ਹੈ। ਪੜ੍ਹਦਿਆਂ ਪੜ੍ਹਦਿਆਂ ਸਾਨੂੰ ਆਪਣੇ ਹੀ ਅੰਦਰਲੇ ਅਤੇ ਬਾਹਰੀ ਚੌਕ ਚੌਰਾਹਿਆਂ 'ਚੋਂ ਕਈ ਕੁੱਝ ਗੁਆਚਿਆ ਲੱਭ ਜਾਂਦਾ ਹੈ। ਮਾਣ ਨਾਲ ਕਹਿ ਸਕਦਾ ਹਾਂ ਕਿ ਇਹ ਰਚਨਾ ਮਨੁੱਖੀ ਜੀਵਨ ਸਫ਼ਰ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਤਾਂ ਕਰਦੀ ਹੀ ਹੈ, ਨੰਗੇ ਪੈਰਾਂ ਦੀ ਵਾਟ ਨੂੰ ਸਕੂਨ ਅਤੇ ਮਹਿਕ ਵੀ ਬਖ਼ਸ਼ਦੀ ਹੈ। ਇਹ ਕੰਮ ਡਾ.

## ਪੁਸਤਕ ਚਰਚਾ

ਭੰਡਾਲ ਜਿਹਾ ਦਿੱਬ-ਦ੍ਰਿਸ਼ਟੀ ਵਾਲਾ ਚਿੰਤਕ ਹੀ ਕਰ ਸਕਦਾ ਹੈ। ਉਹ ਆਪਣੇ ਰਾਹਾਂ ਦੇ ਕੰਡਿਆਂ ਨੂੰ ਵੀ ਫੁੱਲਾਂ ਵਾਂਗ ਪੰਨਿਆਂ 'ਤੇ ਬਿਖੇਰ ਰਿਹਾ ਹੈ। ਵਾਰਤਕੀ ਸ਼ਬਦਾਂ ਅਤੇ ਕਾਵਿ-ਬੋਲਾਂ ਵਿਚ ਅਜਿਹਾ ਰਿਦਮ ਅਤੇ ਸ਼ਕਤੀ ਹੈ ਕਿ ਪਾਠਕ ਤਰੰਨੁਮ ਤਰੰਨੁਮ ਹੋ ਜਾਂਦਾ ਹੈ। ਇਹ ਕਿਰਤ ਜੀਵਨ ਸਫ਼ਰ ਦੀ ਉਹ ਘਾਲ ਕਮਾਈ ਹੈ, ਜਿਹੜੀ ਉਨ੍ਹਾਂ ਨੇ ਵਰ੍ਹਿਆਂ ਦੀ ਸਾਧਨਾ ਵਿਚੋਂ ਨਿਚੋੜ ਕੇ ਅਰਕ ਦੇ ਰੂਪ ਵਿਚ ਸਾਨੂੰ ਸਭ ਨੂੰ ਭੇਟ ਕੀਤੀ ਹੈ। ਵਿਲੱਖਣਤਾ ਉਸ ਦੀਆਂ ਰਚਨਾਵਾਂ ਦਾ ਵੱਡਾ ਹਾਸਲ ਹੈ। ਇਹ ਮੁਕਾਮ ਉਸ ਦੀ ਨਿਰੰਤਰ ਕਲਾਮ ਸਾਧਨਾ ਨੂੰ ਨਸੀਬ ਹੋਇਆ ਹੈ। ਇਸ ਪੁਸਤਕ ਦੀ ਸ਼ੁਭ ਆਮਦ ਨਾਲ ਡਾ. ਭੰਡਾਲ ਦੀ ਵਡਿਆਈ ਤਾਂ ਹੋਵੇਗੀ ਹੀ, ਮਾਣ ਨਾਲ ਸਮੁੱਚੇ ਸਾਹਿਤ ਜਗਤ ਦਾ ਸਿਰ ਵੀ ਉਚਾ ਹੋਏਗਾ। ਇਸ ਕਿਰਤ ਦੇ ਬੋਲਾਂ ਅੰਦਰ ਅਰਥਾਂ ਦੀ ਅਜਿਹੀ ਨਾਜ਼ੁਕ ਸਰਗਮ ਹੈ ਜੋ ਸਾਨੂੰ ਦੇਰ ਤੱਕ, ਦੂਰ ਤੱਕ ਸੁਣਾਈ ਦਿੰਦੀ ਰਹੇਗੀ। ਸਾਹਿਤ ਦੇ ਸੁਨਹਿਰੀ ਪੰਨਿਆਂ 'ਤੇ ਆਪਣੀ ਹੋਂਦ ਬਰਕਰਾਰ ਰੱਖੇਗੀ। ਇਹ ਰਚਨਾ ਆਪਣੇ ਪੈਰਾਂ 'ਤੇ ਖਲੋਣ ਅਤੇ ਖੰਭਾਂ ਤੇ ਉਡਣ ਦਾ ਪੂਰਾ ਦਮ ਖ਼ਮ ਰੱਖਦੀ ਹੈ ਅਤੇ ਪਵਿੱਤਰ ਬਾਉਲੀ ਦੇ ਸ਼ੀਤਲ ਜਲ ਵਾਂਗ ਸਾਡੀ ਤੇਹ ਨੂੰ ਤ੍ਰਿਪਤ ਕਰਦੀ ਹੈ।

ਇਸ ਪੁਸਤਕ ਦੀ ਥਾਹ ਪਾਉਣ ਲਈ ਮੇਰੇ ਕੋਲ ਏਨੀ ਸਮਰੱਥਾ ਤਾਂ ਨਹੀਂ। ਮੈਂ ਤਾਂ ਇਕ ਸੁਹਿਰਦ ਪਾਠਕ ਵਾਂਗ ਆਪਣਾ ਪ੍ਰਭਾਵ ਮਹਿਸੂਸ ਕੀਤਾ ਹੈ। ਸ਼ੁਭ ਖ਼ੁਸ਼ਆਮਦੀਦ ਕਹਿਣ ਵਿਚ ਸੁਖਦ ਅਨੁਭਵ ਅਤੇ ਮਾਣ ਮਹਿਸੂਸ ਕਰ ਰਿਹਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਨੂੰ ਆਲੋਚਕ ਵੀ ਥਾਪੜਾ ਦੇਣਗੇ ਅਤੇ ਪ੍ਰਸ਼ੰਸਕ ਵੀ ਸ਼ਾਬਾਸ਼ ਆਖਣਗੇ। ਆਸ ਕਰਦਾ ਹਾਂ ਕਿ ਇਸ ਖ਼ੂਬਸੂਰਤ ਕਿਤਾਬ 'ਕੱਚੇ ਪੱਕੇ ਰਾਹ' ਨੂੰ ਇਸ ਦੇ ਹਾਣੀ ਪਾਠਕ ਜ਼ਰੂਰ ਮਿਲਣਗੇ।

# ਸੰਦੀਪ ਨੰਗਲ ਅੰਬੀਆਂ ਨੂੰ ਸਮਰਪਿਤ ਹੋਵੇਗਾ ਯੂਨੀਅਨ ਸਿਟੀ ਵਰਲਡ ਕਬੱਡੀ ਕੱਪ: ਗਾਖਲ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ 17 ਸਤੰਬਰ, ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਇਆ ਜਾ ਰਿਹਾ ਵਰਲਡ ਕਬੱਡੀ ਕੱਪ ਕਬੱਡੀ ਦੇ ਸ਼ਹੀਦ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ।






ਉਨ੍ਹਾਂ ਕਿਹਾ ਕਿ 16ਵੇਂ ਵਰਲਡ ਕੱਪ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਦਰਸ਼ਕਾਂ ਨੂੰ ਇਸ ਵਿਚ ਸ਼ਾਮਲ ਹੋਣ ਦੇ ਖੁੱਲ੍ਹੇ ਸੱਦੇ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਸਵੇਰੇ 10 ਵਜੇ ਭਾਈ ਇੰਦਰਜੀਤ ਸਿੰਘ ਖਾਲਸਾ ਵਲੋਂ ਕੀਤੀ ਜਾਣ ਵਾਲੀ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸ਼ੁਰੂ ਹੋ ਜਾਵੇਗਾ ਅਤੇ ਸਮੇਂ ਸਿਰ ਹੀ ਸਮਾਪਤ ਹੋਵੇਗਾ। ਇਸ ਮੌਕੇ ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਤੀਰਥ ਸਿੰਘ ਗਾਖਲ ਅਤੇ ਮੱਖਣ ਸਿੰਘ ਧਾਲੀਵਾਲ ਨੇ ਦੱਸਿਆ ਕਿ ਟੂਰਨਾਮੈਂਟ ਦੌਰਾਨ ਰਾਜਾ ਸਵੀਟਸ ਵਲੋਂ ਗੁਰਦੁਆਰਾ ਸਾਹਿਬ ਫਰੀਮਾਂਟ, ਸਟਾਕਟਨ ਅਤੇ ਸੈਨਹੋਜ਼ੇ ਦੇ ਸਹਿਯੋਗ ਨਾਲ ਖੇਡ ਦਰਸ਼ਕਾਂ ਲਈ ਸਾਰਾ ਦਿਨ ਲੰਗਰ ਚਲਾਇਆ ਜਾਵੇਗਾ। ਇਸ ਮੌਕੇ ਸਕਿਉਰਿਟੀ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।

## ਯੂਨੀਅਨ ਸਿਟੀ ਦਾ ਵਰਲਡ ਕਬੱਡੀ ਕੱਪ ਇਤਿਹਾਸਕ ਹੋਵੇਗਾ: ਗਾਖਲ, ਅਟਵਾਲ

**ਕੈਲੀਫੋਰਨੀਆ (ਬਿਊਰੋ):** ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਅਤੇ ਕੈਲੀਫੋਰਨੀਆ ਕਬੱਡੀ ਫੈੱਡਰੇਸ਼ਨ ਯੂ.ਐੱਸ.ਏ. ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ (ਸ਼ਿੰਦਾ ਬਹਿਰਾਮੀਆ) ਨੇ ਦਾਅਵਾ ਕੀਤਾ ਕਿ 17 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ 'ਚ ਕਰਵਾਇਆ ਜਾ ਰਿਹਾ ਇਸ ਵਾਰ ਦਾ ਵਰਲਡ ਕਬੱਡੀ ਕੱਪ ਇਤਿਹਾਸਕ ਹੋਵੇਗਾ। ਦੋਵਾਂ ਕਬੱਡੀ ਪ੍ਰੋਮੋਟਰਾਂ ਨੇ ਦੱਸਿਆ ਕਿ ਦੁਨੀਆ ਭਰ ਦੇ ਸੁਪਰ ਸਟਾਰ ਇਸ ਖੇਡ ਮੇਲੇ 'ਚ ਖੇਡਣ ਲਈ ਪਹੁੰਚ ਚੁੱਕੇ ਹਨ। ਉਨ੍ਹਾਂ ਦੱਸਿਆ





ਅਮੋਲਕ ਸਿੰਘ ਗਾਖਲ, ਸੁਰਿੰਦਰ ਸਿੰਘ ਅਟਵਾਲ

ਕਿ ਕਬੱਡੀ ਮੁਕਾਬਲੇ ਭਾਈ ਇੰਦਰਜੀਤ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਲੋਂ ਸਰਬੱਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਉਪਰੰਤ 10 ਵਜੇ ਸ਼ੁਰੂ ਹੋ ਜਾਣਗੇ ਅਤੇ ਸਮੇਂ ਨਾਲ ਹੀ ਸ਼ਾਮ ਨੂੰ ਸਮਾਪਤ ਹੋਣਗੇ। ਇਸ ਮੌਕੇ ਟੂਰਨਾਮੈਂਟ ਦੇ ਟੈਕਨੀਕਲ ਆਫੀਸ਼ੀਅਲ ਤੀਰਥ ਸਿੰਘ ਗਾਖਲ ਨੇ ਦੱਸਿਆ ਕਿ ਦੁਨੀਆ ਦੇ ਸੁਪਰ ਸਟਾਰ ਖਿਡਾਰੀ ਇਸ ਵੱਡੇ ਖੇਡ ਮੇਲੇ ਵਿਚ ਆਪਣਾ ਸਰਬੋਤਮ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਹਨ ਅਤੇ ਖੇਡ ਮੇਲੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਅਮੋਲਕ ਸਿੰਘ ਗਾਖਲ, ਸੁਰਿੰਦਰ ਸਿੰਘ ਅਟਵਾਲ ਅਤੇ ਤੀਰਥ ਗਾਖਲ ਨੇ ਸਮੂਹ ਖੇਡ ਪ੍ਰੇਮੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਇਹ ਤੁਹਾਡਾ ਸਭ ਦਾ ਆਪਣਾ ਖੇਡ ਮੇਲਾ ਹੈ ਸੋ ਹੁੰਮ ਹੁਮਾ ਕੇ ਪਹੁੰਚੋ ਅਤੇ ਰੌਣਕਾਂ ਨੂੰ ਵਧਾਓ।

# ਸਿਨਸਿਨੈਟੀ ਖੇਡ ਮੇਲੇ ਵਿਚ ਹਿੱਸਾ ਲੈਣ ਵਾਲੇ ਖਿਡਾਰੀ ਯੂਨੀਅਨ ਸਿਟੀ ਵਰਲਡ ਕਬੱਡੀ ਕੱਪ ਵਿਚ ਹਿੱਸਾ ਨਹੀਂ ਲੈ ਸਕਦੇ: ਗਾਖਲ, ਧਾਲੀਵਾਲ

**ਯੂਨੀਅਨ ਸਿਟੀ:** ਯੂਨਾਈਟਡ ਸਪੋਰਟਸ ਕਲੱਬ ਯੂ.ਐੱਸ.ਏ. ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆ ਕਬੱਡੀ ਫੈੱਡਰੇਸ਼ਨ ਯੂ.ਐੱਸ.ਏ. ਦੇ ਸਹਿਯੋਗ ਨਾਲ 17 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ 16ਵਾਂ ਵਰਲਡ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਤੀਰਥ ਸਿੰਘ ਗਾਖਲ ਤੇ ਮੱਖਣ ਸਿੰਘ ਧਾਲੀਵਾਲ ਨੇ ਚਾਰਾਂ ਕਲੱਬਾਂ - ਸੰਦੀਪ ਨੰਗਲ ਅੰਬੀਆਂ ਬੇਅ ਏਰੀਆ, ਨੌਰਥ ਅਮਰੀਕਾ ਚੜ੍ਹਦਾ ਪੰਜਾਬ ਸਪੋਰਟਸ ਕਲੱਬ, ਬਾਬਾ ਸੰਗ ਜੀ ਕਬੱਡੀ ਕਲੱਬ ਅਤੇ ਫਤਹਿ ਸਪੋਰਟਸ ਕਲੱਬ ਸ਼ਹੀਦ ਬਾਬਾ ਦੀਪ ਸਿੰਘ ਦਾ ਟੀਮਾਂ ਬਣਾਉਣ ਤੇ ਇਸ ਖੇਡ ਮੇਲੇ ਵਿਚ ਲੈ ਕੇ ਆਉਣ ਲਈ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਇਹ ਅਪੀਲ ਵੀ ਕੀਤੀ ਹੈ ਕਿ ਜਿਹੜਾ ਖਿਡਾਰੀ ਪਹਿਲਾਂ ਸਿਨਸਿਨੈਟੀ ਖੇਡ ਮੇਲੇ ਵਿਚ ਖੇਡਿਆ ਹੈ, ਉਹ ਇਸ ਮੇਲੇ ਵਿਚ ਨਹੀਂ ਖੇਡ ਸਕਦਾ। ਉਨ੍ਹਾਂ ਨੇ ਸੰਗਤਾਂ ਨੂੰ ਹੁੰਮ ਹੁਮਾ ਕੇ ਖੇਡ ਮੇਲੇ ਵਿਚ ਪੁੱਜਣ ਦੀ ਅਪੀਲ ਕੀਤੀ ਹੈ ਤਾਂ ਕਿ ਨੌਜਵਾਨ ਪੀੜ੍ਹੀ ਨੂੰ ਵੀ ਮਾਂ ਖੇਡ ਕਬੱਡੀ ਬਾਰੇ ਜਾਣੂ ਕਰਵਾਇਆ ਜਾ ਸਕੇ।





ਤੀਰਥ ਸਿੰਘ ਗਾਖਲ, ਮੱਖਣ ਸਿੰਘ ਧਾਲੀਵਾਲ

# ਸੰਘੇੜਾ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਸਰਦਾਰਨੀ ਦਰਸ਼ਨ ਕੌਰ ਸੰਘੇੜਾ ਦੇ ਅਕਾਲ ਚਲਾਣੇ ਨਾਲ ਸੰਘੇੜਾ ਪਰਿਵਾਰ ਨੂੰ ਡੂੰਘਾ ਸਦਮਾ ਲੱਗਿਆ ਹੈ। ਪਰਿਵਾਰ ਅਨੁਸਾਰ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿਚ ਸ਼ਾਂਤੀ ਨਾਲ ਆਖਰੀ ਸਾਹ ਲਏ ਅਤੇ ਗੁਰੂ ਚਰਨਾਂ ਵਿਚ ਜਾ ਵਿਰਾਜੇ। ਵ੍ਹੀਟਨ ਗੁਰਦੁਆਰਾ ਸਾਹਿਬ (2131 Creekside Dr Wheaton, IL 60189 (630-510-9700) ਵਿਖੇ 16 ਸਤੰਬਰ ਨੂੰ ਸਵੇਰੇ 11 ਤੋਂ ਦੁਪਹਿਰ 1 ਵਜੇ ਤੱਕ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਉਹ ਆਪਣੇ ਪਿੱਛੇ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ।

ਉਨ੍ਹਾਂ ਦੇ ਪਰਿਵਾਰ ਵਿਚ ਪੁੱਤਰ ਗੁਰਦਿਆਲ ਸਿੰਘ ਅਤੇ ਨੂੰਹ ਕਮਲ ਕੌਰ ਸੰਘੇੜਾ, ਪੱਪੂ ਸਿੰਘ ਅਤੇ ਪਿੰਕੀ ਕੌਰ ਸੰਘੇੜਾ, ਟੋਨੀ ਸਿੰਘ ਅਤੇ ਮੰਜੂ ਕੌਰ ਸੰਘੇੜਾ, ਪਾਲੀ ਸਿੰਘ ਅਤੇ ਜਸਬੀਰ ਕੌਰ ਸੰਘੇੜਾ ਅਤੇ ਧੀਆਂ ਗੁਰਚਰਨ ਕੌਰ ਅਤੇ ਸੁਰਿੰਦਰ ਸਿੰਘ ਮਾਂਗਟ, ਸੁਰਿੰਦਰ ਕੌਰ ਅਤੇ ਸਵਰਨ ਸਿੰਘ ਸਿੱਧੂ ਅਤੇ ਰਾਣੋ ਕੌਰ ਕੂਨਰ, ਰਾਜਾ ਸਿੰਘ ਅਤੇ ਰਿੰਪੀ ਕੌਰ ਕੂਨਰ ਸ਼ਾਮਲ ਹਨ। ਪਰਿਵਾਰ



ਨਾਲ ਦੁਖ ਸਾਂਝਾ ਕਰਨ ਲਈ ਟੋਨੀ ਸੰਘੇੜਾ ਨਾਲ (630) 728-5490), ਪਾਲੀ (630) 660-7616 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ

22 ਸਤੰਬਰ 2023 (ਸ਼ੁੱਕਰਵਾਰ)

ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ

24 ਸਤੰਬਰ 2023 (ਐਤਵਾਰ)

ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਪੰਥ ਪ੍ਰਸਿਧ ਜਥਿਆਂ ਵਲੋਂ ਗੁਰਬਾਣੀ ਕੀਰਤਨ ਉਪਰੰਤ ਬਾਬਾ ਫਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।

ਸੰਗਤ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702; ਤਰਸੇਮ ਲਾਲ ਪ੍ਰਧਾਨ ਫਰੀਦਕੋਟ, ਫੋਨ: 510-258-9266; ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਜਸਵੀਰ ਸਿੰਘ ਸੰਧੂ, ਫੋਨ: 510-303-8789

# ਪੈਨਸਿਲਵਾਨੀਆ ਦੇ ਪੁਲਿਸ ਅਫਸਰ ਵਿਰੁੱਧ ਹੱਤਿਆ ਦੇ ਦੋਸ਼ ਆਇਦ, ਕੀਤਾ ਆਤਮ ਸਮਰਪਣ

ਪੈਨਸਿਲਵਾਨੀਆ: ਇਥੋਂ ਦੇ ਇਕ ਪੁਲਿਸ ਅਫਸਰ ਜਿਸ ਵੱਲੋਂ ਇਕ ਟਰੈਫਿਕ ਸਟਾਪ 'ਤੇ ਕਾਰ ਸਵਾਰ ਐਡੀਲਰੀਜ਼ਰੀ 'ਤੇ ਚਲਾਈਆਂ ਗੋਲੀਆਂ ਨਾਲ ਉਸਦੀ ਮੌਤ ਹੋ ਗਈ ਸੀ, ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਘਟਨਾ ਸਬੰਧੀ ਬੌਡੀ ਕੈਮਰਾ ਵੀਡੀਓ ਜਾਰੀ ਕਰਨ ਤੋਂ ਬਾਅਦ ਇਹ ਐਲਾਨ ਫਿਲਾਡੈਲਫੀਆ ਦੇ ਡਿਸਟ੍ਰਿਕਟ ਅਟਾਰਨੀ ਨੇ ਕੀਤਾ। ਜਾਰੀ ਵੀਡੀਓ ਅਨੁਸਾਰ ਪੁਲਿਸ ਅਫਸਰ ਮਾਰਕ ਡਾਇਲ ਨੇ ਲਰੀਜ਼ਰੀ ਉਪਰ ਕਾਰ ਦੇ ਡਰਾਈਵਰ ਵਾਲੇ ਪਾਸੇ ਦੀ ਖਿੜਕੀ ਵਿਚੋਂ 6 ਗੋਲੀਆਂ ਚਲਾਈਆਂ। ਇਸ ਉਪਰੰਤ ਲਹੂ ਲੁਹਾਨ ਹੋਏ ਲਰੀਜ਼ਰੀ ਨੂੰ ਕਾਰ ਵਿਚੋਂ ਕੱਢ ਕੇ ਪੁਲਿਸ ਦੀ ਗਸ਼ਤੀ ਗੱਡੀ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਡਿਸਟ੍ਰਿਕਟ ਅਟਾਰਨੀ ਲੈਰੀ ਕਰਾਸਨਰ ਨੇ ਕਿਹਾ ਕਿ ਪਿਛਲੀ ਮਹੀਨੇ ਹੋਈ ਇਸ ਘਟਨਾ ਦੀ ਵੀਡੀਓ ਵੇਖਣ ਤੋਂ ਬਾਅਦ ਲਰੀਜ਼ਰੀ ਦੇ ਪਰਿਵਾਰ ਨੇ ਸਮੁੱਚੀ ਵੀਡੀਓ ਜਾਰੀ ਕਰਨ ਦੀ ਮੰਗ ਕੀਤੀ ਹੈ। ਕਰਾਸਨਰ ਨੇ ਕਿਹਾ ਹੈ ਕਿ ਇਹ ਬੌਡੀ ਕੈਮਰਾ ਵੀਡੀਓ ਨੂੰ ਸੰਭਾਵੀ ਤੌਰ 'ਤੇ ਸ਼ੁਰੂਆਤੀ ਸੁਣਵਾਈ ਤੇ ਮੁਕੱਦਮੇ ਦੀ ਸੁਣਵਾਈ ਦੌਰਾਨ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ।




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results


WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES


* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ


ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes
Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਮਿਨੀਸੋਟਾ ਵਿਚ ਗੈਰ ਕਾਨੂੰਨੀ ਪ੍ਰਵਾਸੀ ਡਰਾਈਵਿੰਗ ਲਾਇਸੰਸ ਬਣਾਉਣ ਲਈ ਦੇ ਸਕਣਗੇ ਦਰਖਾਸਤਾਂ

## ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿਣ ਸਬੰਧੀ ਸਬੂਤ ਦੇਣ ਦੀ ਨਹੀਂ ਪਵੇਗੀ ਲੋੜ

**ਮਿਨੀਸੋਟਾ (ਬਿਊਰੋ)–** ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਬਿਨਾ ਦਸਤਾਵੇਜਾਂ ਦੇ ਰਹਿ ਰਹੇ ਤਕਰੀਬਨ 81000 ਪ੍ਰਵਾਸੀ ਅਗਲੇ ਮਹੀਨੇ ਤੋਂ ਡਰਾਈਵਿੰਗ ਲਾਇਸੰਸ ਬਣਾਉਣ ਲਈ ਦਰਖਾਸਤਾਂ ਦੇ ਸਕਣਗੇ। ਇਹ ਐਲਾਨ ਸਟੇਟ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਕੀਤਾ ਹੈ। ਇਕ ਜਾਰੀ ਪ੍ਰੈਸ ਬਿਆਨ ਵਿਚ ਜਨਤਕ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ 'ਮਿਨੇਸੋਟਾ ਡਰਾਈਵਰ'ਜ਼ ਲਾਇਸੰਸ ਫਾਰ ਆਲ ਪ੍ਰੋਗਰਾਮ' ਦੀ ਸ਼ੁਰੂਆਤ 1 ਅਕਤੂਬਰ ਤੋਂ ਹੋਵੇਗੀ। ਜਾਰੀ ਬਿਆਨ ਵਿਚ 'ਮਿਨੇਸੋਟਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਡਰਾਈਵਰ ਐਂਡ ਵੀਹਿਕਲ ਸਰਵਿਸਜ' ਦੇ ਡਾਇਰੈਕਟਰ ਪੌਂਗ ਸੀਆਂਗ ਨੇ ਕਿਹਾ ਹੈ ਕਿ ਅਸੀਂ ਅਮਰੀਕਾ ਵਿਚ ਬਿਨਾ ਕਾਨੂੰਨੀ ਦਸਤਾਵੇਜਾਂ ਦੇ ਰਹਿ ਰਹੇ ਪ੍ਰਵਾਸੀਆਂ ਸਮੇਤ ਰਾਜ ਦੇ ਹੋਰ ਵਾਸੀਆਂ ਕੋਲੋਂ ਡਰਾਈਵਰ ਲਾਈਸੈਂਸ ਬਣਾਉਣ ਲਈ ਦਰਖਾਸਤਾਂ ਲੈਣੀਆਂ ਸ਼ੁਰੂ ਕਰ ਰਹੇ ਹਾਂ।

ਜਾਰੀ ਬਿਆਨ ਵਿਚ ਕਿਹਾ ਹੈ ਕਿ ਡਰਾਈਵਿੰਗ ਲਾਇਸੰਸ ਲਈ ਦਰਖਾਸਤ ਦੇਣ ਵਾਸਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿਣ ਸਬੰਧੀ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ। ਸਿਆਂਗ ਨੇ ਕਿਹਾ ਹੈ ਕਿ ਉਹ ਸਮਝਦੇ ਹਨ ਕਿ ਕਿਸੇ ਕੋਲ ਡਰਾਈਵਿੰਗ ਲਾਇਸੰਸ ਹੋਣ ਦੀ ਕਿੰਨੀ ਅਹਿਮੀਅਤ ਹੈ। ਡਰਾਈਵਿੰਗ ਲਾਇਸੰਸ ਨਾਲ ਕੋਈ ਵਿਅਕਤੀ ਰੁਜ਼ਗਾਰ 'ਤੇ ਲੱਗ ਸਕਦਾ ਹੈ ਤੇ ਉਹ ਹਰ ਖੇਤਰ ਵਿਚ ਆਜਾਦੀ ਨਾਲ ਵਿਚਰ ਸਕਦਾ ਹੈ। ਜ਼ਿਕਰਯੋਗ ਹੈ ਕਿ ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਇਕ ਬਿੱਲ ਉਪਰ ਇਸ ਸਾਲ ਮਾਰਚ ਵਿਚ ਦਸਤਖਤ ਕਰ ਦਿੱਤੇ ਸਨ, ਜਿਸ ਤਹਿਤ ਸਾਰਿਆਂ ਲਈ ਡਰਾਈਵਿੰਗ ਲਾਇਸੰਸ ਦਾ ਰਾਹ ਖੋਲ ਦਿੱਤਾ ਗਿਆ ਹੈ।




*'ਮਿਨੇਸੋਟਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਡਰਾਈਵਰ ਐਂਡ ਵੀਹਿਕਲ ਸਰਵਿਸਜ਼' ਦੇ ਡਾਇਰੈਕਟਰ ਪੌਂਗ ਸੀਆਂਗ ਡਰਾਈਵਿੰਗ ਲਾਇਸੰਸ ਬਾਰੇ ਜਾਣਕਾਰੀ ਦਿੰਦੇ ਹੋਏ*

# ਪੱਤਰਕਾਰ ਨੀਟਾ ਮਾਛੀਕੇ ਦਾ ਜਨਮ ਦਿਨ ਮਨਾਇਆ

**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ):** ਬੀਤੇ ਦਿਨੀਂ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਆਪਣੇ ਛੋਟੇ ਭਰਾ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਦੇ ਜਨਮ ਦਿਨ ਮੌਕੇ ਪਾਰਟੀਨੁਮਾ ਸਰਪ੍ਰਾਈਜ਼ ਪਰਿਵਾਰਕ ਮਹਿਫ਼ਲ ਆਪਣੇ ਗ੍ਰਹਿ ਵਿਖੇ ਰੱਖੀ, ਜਿਸ ਵਿੱਚ ਉਸ ਦੇ ਕੁਝ ਖ਼ਾਸ ਦੋਸਤਾਂ ਨੂੰ ਹੀ ਬੁਲਾਇਆ ਗਿਆ ਸੀ। ਜਦ ਮਹਿਫ਼ਲ ਵਿਚ ਅਚਾਨਕ ਪੱਤਰਕਾਰ ਨੀਟਾ ਮਾਛੀਕੇ ਨੂੰ ਬੁਲਾਇਆ ਗਿਆ ਤਾਂ ਉਹ ਆਪਣੇ ਭਰਾ ਦਾ ਪਿਆਰ ਅਤੇ ਯਾਰਾਂ ਦੀ ਯਾਰੀ ਦੇਖ ਬਹੁਤ ਭਾਵੁਕ ਅਤੇ ਖੁਸ਼ ਹੋਇਆ। ਉਸ ਸਮੇਂ ਉਨ੍ਹਾਂ ਦੀ ਪਤਨੀ ਹਰਜਿੰਦਰ ਧਾਲੀਵਾਲ 'ਰੈਪੀ' ਵੀ ਨਾਲ ਸੀ। ਉਨ੍ਹਾਂ ਦੇ ਪਿਤਾ ਸ. ਦਲਬਾਰਾ ਸਿੰਘ ਪਹਿਲਾਂ ਹੀ ਉਥੇ ਮੌਜੂਦ ਸਨ। ਫਿਰ ਕੇਕ ਕੱਟਣ ਦੀ ਰਸਮ ਕਰਦੇ ਹੋਏ, ਅਚਨਚੇਤ ਸੱਦੇ 'ਤੇ ਪਹੁੰਚਣ ਲਈ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

ਇਸ ਤੋਂ ਬਾਅਦ ਕੁਝ ਬੁਲਾਰਿਆਂ ਨੇ ਨੀਟਾ ਮਾਛੀਕੇ ਦੀ ਪਰਿਵਾਰਕ ਅਤੇ ਸਮਾਜਿਕ ਸਾਂਝ ਬਾਰੇ ਵਿਚਾਰਾਂ ਦੀ ਸਾਂਝ ਪਾਈ। ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹੀਆਂ ਮਹਿਫਲਾਂ ਤੰਦਰੁਸਤ ਅਤੇ ਖੁਸ਼ਹਾਲ ਜ਼ਿੰਦਗੀ ਲਈ ਬਹੁਤ ਜ਼ਰੂਰੀ ਹਨ। ਬਾਕੀ ਬੁਲਾਰਿਆਂ ਵਿਚ ਗੁਰਬਖਸ਼ੀਸ਼ ਸਿੰਘ ਗਰੇਵਾਲ, ਪੱਤਰਕਾਰ ਕੁਲਵੰਤ ਉੱਭੀ ਧਾਲੀਆਂ, ਰਣਜੀਤ ਗਿੱਲ ਜੱਗਾ ਸੁਧਾਰ ਆਦਿ ਹਾਜ਼ਰ ਸਨ। ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਸਭ ਦਾ ਧੰਨਵਾਦ ਕੀਤਾ।

ਇਸ ਮੌਕੇ ਗਾਇਕ ਧਰਮਵੀਰ ਥਾਂਦੀ ਨੇ ਆਪਣੇ ਗੀਤਾਂ ਰਾਹੀਂ ਰੰਗ ਬੰਨ੍ਹਿਆ। ਹੋਰਨਾਂ ਗਾਇਕਾਂ ਵਿਚ ਬਹਾਦਰ ਸਿੱਧੂ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗੋਗੀ ਸੰਧੂ ਅਤੇ ਉਨ੍ਹਾਂ ਦੀ ਪਤਨੀ, ਕੰਵਰਪਾਲ ਗਿੱਲ, ਅਵਤਾਰ ਗਰੇਵਾਲ, ਗੁੱਲੂ ਬਰਾੜ, ਬਾਈ ਸੁਰਜੀਤ ਆਦਿਕ ਨੇ ਹਾਜ਼ਰੀਨ ਦਾ ਮਨੋਰੰਜਨ ਕੀਤਾ।



ਇਸ ਮਹਿਫ਼ਲ ਵਿਚ ਜੱਸੀ ਸਟੋਨ ਟਰੱਕਿੰਗ, ਬੌਬ ਸਿੱਧੂ, ਪਾਲ ਬਿਲਾਸਪੁਰ, ਮਿੰਟੂ ਉੱਪਲੀ, ਅਮਰਜੀਤ ਦੌਧਰ, ਨੰਬਰਦਾਰ ਜਗਤਾਰ ਸਿੰਘ ਗਿੱਲ, ਡਾ. ਗੁਰਮੀਤ ਦਿਓਲ, ਗੁਰਪ੍ਰੀਤ ਤੂਰ, ਸੁੱਖ ਸਿੱਧੂ, ਸਰਦਾਰਾ ਸਿੰਘ ਗਿੱਲ, ਲਖਵੀਰ ਸਿੰਘ, ਗੁਲਜ਼ਾਰ ਬਰਾੜ ਹਾਜ਼ਰ ਸਨ। ਵਰਿੰਦਰ ਸਿੰਘ ਦੇ ਬਣਾਏ ਸੁਆਦਿਸ਼ਟ ਖਾਣੇ ਦਾ ਪ੍ਰਬੰਧ ਵੀ ਸਭ ਨੂੰ ਚੰਗਾ ਲੱਗਾ। ਸਮੁੱਚੇ ਪ੍ਰਬੰਧਾਂ ਲਈ ਭਰਾ-ਭਰਜਾਈ ਡਾ. ਸਿਮਰਜੀਤ ਸਿੰਘ ਧਾਲੀਵਾਲ, ਕਰਮਜੀਤ ਕੌਰ ਧਾਲੀਵਾਲ ਅਤੇ ਪਰਿਵਾਰ ਵਧਾਈ ਦੇ ਪਾਤਰ ਹਨ।

Worldwide Services, LLC
Ravdeep S. Bhasin
Certified, Registered & Bonded Consultant
➤ IMMIGRATION CONSULTING SERVICES (ਇੰਮੀਗਰੇਸ਼ਨ ਸਲਾਹ ਸੇਵਾਵਾਂ):
Family Immigration/ Green Card Petition; Citizenship; Business/ Visitor Visa; Religious Visa; and Other Immigration Services.
➤ INCOME - TAX FILING SERVICES - Individual & Business (ਇਨਕਮ-ਟੈਕਸ ਫਾਈਲਿੰਗ ਸੇਵਾਵਾਂ).
➤ FINANCIAL ACCOUNTING & MANAGEMENT SERVICES (ਵਿੱਤੀ ਲੇਖਾ ਅਤੇ ਪ੍ਰਬੰਧਨ ਸੇਵਾਵਾਂ).
➤ LEGAL DOCUMENT PREPARATION SERVICES (ਕਾਨੂੰਨੀ ਦਸਤਾਵੇਜ਼ ਤਿਆਰ ਕਰਨ ਦੀਆਂ ਸੇਵਾਵਾਂ):
Divorce, Name Change, Small Claims, & Others.
15437 Stratford Drive, Ste. 1, San Jose, CA 95124
ravdeep@worldwidesvcs.com
Cell: 408-613-3876
Fax: 408-409-2614

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
(ਬੇਅ ਏਰੀਆ-ਕੈਲੀਫ਼ੋਰਨੀਆ)
22ਵੀਂ ਅੰਤਰ ਰਾਸ਼ਟਰੀ ਦੋ ਰੋਜ਼ਾ ਕਾਨਫ਼ਰੰਸ
ਮਿਤੀ: 28-29 ਅਕਤੂਬਰ, 2023
ਸਮਾਂ ਤੇ ਸਥਾਨ ਜਲਦੀ ਨਿਸ਼ਚਤ ਕੀਤਾ ਜਾਵੇਗਾ
ਇਸ ਕਾਨਫ਼ਰੰਸ ਵਿਚ ਇੰਡੀਆ, ਕੈਨੇਡਾ, ਆਸਟਰੇਲੀਆ ਤੋਂ ਇਲਾਵਾ ਅਮਰੀਕਾ ਤੋਂ ਵਿਦਵਾਨ ਅਤੇ ਲੇਖਕ ਸ਼ਾਮਲ ਹੋਣਗੇ।
ਜਾਰੀ ਕਰਤਾ:
ਕੁਲਵਿੰਦਰ (ਪ੍ਰਧਾਨ) 510-367-2090
ਜਗਜੀਤ (ਜਨਰਲ ਸਕੱਤਰ)-510-676-1565

One stop shop for all your taxi needs
The Friendly Group Ltd.
Chelsea Taxi Brokers
*All types of insurance*
** Medallion transfers*
** Accident claims*
** Taxi Stand Facility available*
Ph: 212-947-9833, 212-695-0601
We are here at your service to sell and buy or insure medallions and we are in business to help our Punjabi Community since last 40 years.
*Ask us about Purchase or new buyer and financing.



40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ
ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# ਫੁਲਕਾਰੀ



## ਕਲਾ ਪਰਿਕਰਮਾ

ਧੀ ਜਦੋਂ ਸੋਝੀ ਸੰਭਾਲਣ ਲੱਗਦੀ ਤਾਂ ਮਾਂ ਵੱਲੋਂ ਉਸ ਨੂੰ ਸਿਖਾਂਦਰੂ ਬਣਾਉਣ ਲਈ ਘਰ ਵਿਚ ਹੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਇਉਂ ਰੋਜ਼ਾਨਾ ਜੀਵਨ ਦੇ ਨਾਲ-ਨਾਲ ਉਹ ਆਸਾਨੀ ਨਾਲ ਸਭ ਕੁਝ ਸਿੱਖ ਜਾਂਦੀ ਸੀ। ਪਰਿਵਾਰਾਂ ਵਿਚ ਧੀਆਂ ਦੇ ਔਰਤ ਬਣਨ ਦੇ ਸਮੇਂ ਤੱਕ ਸਮਾਜੀਕਰਨ ਲਈ ਵੱਖ-ਵੱਖ ਪੜਾਅ ਆਉਂਦੇ ਸਨ। ਕਸੀਦਾ ਕੱਢਣਾ ਅਤੇ ਹੋਰ ਕਈ ਤਰ੍ਹਾਂ ਦੇ ਕਲਾਕਾਰੀ ਨਾਲ ਸਬੰਧਿਤ ਕੰਮ ਉਨ੍ਹਾਂ ਨੂੰ ਰੋਜ਼ਾਨਾ ਪਰਿਵਾਰਾਂ ਵਿਚ ਮਿਲ ਜਾਂਦੇ ਸਨ।



ਪਹਿਲਾਂ ਦੇ ਸਮੇਂ ਵਿਚ ਔਰਤ ਦਾ ਘਰ ਦੇ ਕੰਮਾਂ ਵਿਚ ਮਾਹਰ ਹੋਣਾ ਹੀ ਉਸ ਦਾ ਸਮਾਜੀਕਰਨ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਸ਼ੁਰੂਆਤੀ ਦੌਰ ਵਿਚ ਫੁਲਕਾਰੀ ਔਰਤ ਦੇ

**ਸੁਖਪਾਲ ਸਿੰਘ ਗਿੱਲ**
ਫੋਨ: +91-98781-11445

ਸਮਾਜੀਕਰਨ ਦੀ ਬੁਨਿਆਦ ਬਣੀ।

ਫੁਲਕਾਰੀ ਨਾਮ ਤੋਂ ਹੀ ਸਪੱਸ਼ਟ ਹੈ ਕਿ ਫੁੱਲਾਂ ਦੀ ਕਾਰੀਗਰੀ। ਵਿਆਕਰਨ ਦੇ ਤੌਰ 'ਤੇ ਫੁੱਲ+ਕਾਰੀ ਮੰਨਿਆ ਜਾਂਦਾ ਹੈ ਜਿਸ ਦਾ ਭਾਵ ਫੁੱਲਾਂ ਦੇ ਕੰਮ ਦੀ ਕਲਾਕਾਰੀ। ਪੰਜਾਬੀ ਸੱਭਿਆਚਾਰ ਅਤੇ ਜੀਵਨ ਜਾਚ ਨਾਲ ਜਿਸਮ ਰੂਹ ਦਾ ਸੁਮੇਲ ਰੱਖਦੀ ਫੁਲਕਾਰੀ ਦਾ ਆਰੰਭ ਪੰਜਾਬ ਦੀਆਂ ਔਰਤਾਂ ਵਿਚ ਪੰਦਰਵੀਂ ਸਦੀ ਵਿਚ ਸ਼ੁਰੂ ਹੋਣਾ ਮੰਨਿਆ ਜਾਂਦਾ ਹੈ। ਫੁਲਕਾਰੀ ਆਪਣੀ ਬੁੱਕਲ ਵਿਚ ਹੁਨਰ ਦੀ ਪੇਸ਼ਕਾਰੀ ਸਾਂਭੀ ਬੈਠੀ ਹੈ। ਇਸ ਨੂੰ ਲੋਕ ਕਢਾਈ ਦੇ ਤੌਰ 'ਤੇ ਵੀ ਮੰਨਿਆ ਜਾਂਦਾ ਹੈ। ਇਸ ਵਿਚ ਲੋਕਾਂ ਦਾ ਜੀਵਨ ਤੇ ਰਸਮ ਰਿਵਾਜ ਸਿਰਜੇ ਜਾਂਦੇ ਹਨ। ਬਹੁਤੇ ਕਬੀਲਿਆਂ ਵਿਚ ਫੁਲਕਾਰੀ ਪ੍ਰਚੱਲਿਤ ਰਹੀ ਪਰ ਪੰਜਾਬ ਨੇ ਵੱਖਰੀ ਪਛਾਣ ਬਣਾਈ। ਪੰਜਾਬ 'ਚ ਜਿਵੇਂ ਦੁੱਧ ਵੇਚਣ ਨੂੰ ਮਾੜਾ ਮੰਨਿਆ ਜਾਂਦਾ ਸੀ, ਉਸੇ ਤਰ੍ਹਾਂ ਫੁਲਕਾਰੀ ਵੀ ਨਹੀਂ ਵੇਚੀ ਜਾਂਦੀ ਬਲਕਿ ਘਰ ਵਿਚ ਗਹਿਣਾ ਬਣਾ ਕੇ ਸਾਂਭਿਆ ਜਾਂਦਾ ਸੀ। ਅਜੋਕੇ ਸਮੇਂ ਫੁਲਕਾਰੀ ਦੀ ਚਮਕ-ਦਮਕ ਬਦਲਵੇਂ ਰੂਪ ਵਿਚ ਮਿਲਦੀ ਹੈ ਪਰ ਹੱਥੀਂ ਹੁਨਰ ਤੋਂ ਬਿਨਾਂ ਇਹ ਆਪਣਾ ਮੂਲ ਰੂਪ ਪਛਾੜ ਲੈਂਦੀ ਹੈ।

ਫੁਲਕਾਰੀ ਕੱਪੜੇ ਦੇ ਫੁੱਲਾਂ ਦੀ ਕਸੀਦਾਕਾਰੀ ਸੀ ਪਰ ਪੁਰਾਤਨ ਪੰਜਾਬ ਵਿਚ ਫੁਲਕਾਰੀ ਨੇ ਕਈ ਰੂਪ ਬਣਾ ਲਏ ਜਿਸ ਨੇ ਪੰਜਾਬੀ ਸੱਭਿਆਚਾਰ ਨੂੰ ਵੰਨ-ਸਵੰਨੇ ਰੂਪ ਵਿਚ ਪੇਸ਼ ਕੀਤਾ। ਫੁਲਕਾਰੀ ਦੀ ਤਿਲ ਪੱਤਰੀ ਕਿਸਮ ਵਿਆਹ ਦੇ ਸਮੇਂ ਲਾਗ ਵਿਚ ਦਿੱਤੀ ਜਾਂਦੀ ਸੀ। ਚੋਪ ਕਿਸਮ ਦੀ ਫੁਲਕਾਰੀ ਲੜਕੀ ਦੇ ਵਿਆਹ ਸਮੇਂ ਨਾਨੀ ਆਪਣੀ ਦੋਹਤੀ ਨੂੰ ਸੌਗਾਤ ਵਜੋਂ



ਦਿੰਦੀ ਸੀ ਜਿਸ ਦਾ ਆਕਾਰ ਵੱਡਾ ਹੁੰਦਾ ਸੀ। ਸੁੱਭਰ ਕਿਸਮ ਦੀ ਫੁਲਕਾਰੀ ਫੇਰਿਆਂ ਵੇਲੇ ਕੁੜੀ ਉੱਪਰ ਦਿੱਤੀ ਜਾਂਦੀ ਸੀ। ਨੀਲਕ ਕਿਸਮ ਦੀ ਫੁਲਕਾਰੀ ਖੱਦਰ ਉੱਤੇ ਗੂੜ੍ਹੇ ਰੰਗ ਨਾਲ ਕੱਢੀ ਜਾਂਦੀ ਸੀ। ਇਹ ਕੁੜੀ ਦੇ ਦਾਜ ਲਈ ਜ਼ਰੂਰੀ ਹੁੰਦੀ ਸੀ। ਛਮਾਸ ਫੁਲਕਾਰੀ ਸ਼ੀਸ਼ੇ ਦੇ ਗੋਲ ਟੁਕੜਿਆਂ ਨਾਲ ਜੜੀ ਹੁੰਦੀ ਸੀ। ਘੁੰਗਟਬਾਗ ਫੁਲਕਾਰੀ ਸਿਰ ਦੇ ਉਤਲੇ ਹਿੱਸੇ 'ਤੇ ਤਿਕੋਣੀ ਕਢਾਈ ਵਾਲੀ ਹੁੰਦੀ ਸੀ। ਬਾਗ਼ ਬਹੁਤ ਮਿਹਨਤ ਨਾਲ ਤਿਆਰ ਕੀਤੀ ਜਾਣ ਵਾਲੀ ਫੁਲਕਾਰੀ ਸੀ। ਇਸ 'ਤੇ ਵੀ ਤਿਕੋਣੀ ਕਢਾਈ ਹੁੰਦੀ ਸੀ। ਇਸ ਦੀ ਕਢਾਈ ਬਹੁਤ ਸੰਘਣੀ ਹੁੰਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਖਿੱਤਿਆਂ ਵਿਚ ਵੱਖ-ਵੱਖ ਕਿਸਮਾਂ ਦੇ ਨਾਮ ਵੀ ਹਨ ਪਰ ਸਾਰਿਆਂ ਦਾ ਮੁੱਖ ਨਿਸ਼ਾਨਾ ਫੁੱਲਾਂ ਦੀ ਚਿਤਕਾਰੀ ਹੀ ਹੈ।

ਫੁਲਕਾਰੀ ਸ਼ਗਨ ਅਤੇ ਸ਼ੁਭ ਕੰਮ ਦਾ ਪ੍ਰਤੀਕ ਹੁੰਦੀ ਸੀ। ਅੱਜ ਡੋਲੀ ਵਾਲੀ ਕਾਰ ਉੱਤੇ ਵੀ ਫੁਲਕਾਰੀ ਦੇਖੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੇ ਸ਼ਗਨ ਦੇ ਪ੍ਰਤੀਕ ਵਜੋਂ ਮੱਥਾ ਟੇਕਣ ਜਾਣ ਸਮੇਂ ਭੈਣਾਂ ਵੱਲੋਂ ਫੁਲਕਾਰੀ ਸਿਰ ਉੱਤੇ ਤਾਣੀ ਜਾਂਦੀ ਸੀ। ਇਸ ਸਮੇਂ ਦੀ ਵੰਨਗੀ ਹੈ:

ਫੁਲਕਾਰੀ ਮੇਰੀ ਮਾਂ ਨੇ ਕੱਢੀ,
ਵੀਰਾ ਤੇਰੇ 'ਤੇ ਤਾਣੀ
ਚੰਦ ਵਰਗੀ ਭਾਬੋ ਵੀਰਾ,
ਕੱਲ੍ਹ ਨੂੰ ਵਿਆਹ ਕੇ ਲਿਆਉਣੀ

ਗਿੱਧੇ ਨਾਲ ਗੂੜ੍ਹਾ ਸਬੰਧ ਰੱਖਦੀ ਫੁਲਕਾਰੀ ਹੱਥੀਂ ਕਿਰਤ ਦਾ ਸ਼ਿੰਗਾਰ ਮੰਨੀ ਜਾਂਦੀ ਹੈ। ਅੱਜ ਮਸ਼ੀਨੀ ਯੁੱਗ ਵਿਚ ਫੁਲਕਾਰੀ ਦੀ ਉਹ ਗੱਲ ਨਹੀਂ ਰਹੀ। ਫੁਲਕਾਰੀ ਤ੍ਰਿੰਝਣ ਵਾਂਗ ਹੀ ਕੁੜੀਆਂ ਦੇ ਸਮੂਹ ਵਿਚ ਵੀ ਕੱਢੀ ਜਾਂਦੀ ਸੀ। ਉਸ ਸਮੇਂ ਭਾਈਚਾਰਕ ਏਕਤਾ ਵੀ ਹੁੰਦੀ ਸੀ। ਦਾਜ ਦੀ ਤਿਆਰੀ ਵੀ ਫੁਲਕਾਰੀ ਹੀ ਹੁੰਦੀ ਸੀ। ਇਹ ਕੁੜੀਆਂ ਦੇ ਸੁਹੱਪਣ ਨੂੰ ਦੂਣਾ ਵੀ ਕਰਦੀ ਹੈ। ਫੁਲਕਾਰੀ ਦੇ ਵੇਲ, ਬੂਟਿਆਂ ਤੇ ਚਿੱਤਰਾਂ ਤੋਂ ਲੋਕ ਬੋਲੀ ਆਪ ਮੁਹਾਰੇ ਹੀ ਉੱਭਰ ਜਾਂਦੀ ਹੈ:

ਹੁਸਨ ਗੋਰੀ ਦਾ ਚੋ-ਚੋ ਪੈਂਦਾ,
ਜਿਉਂ ਮਾਖਿਓ ਮਖਿਆਰੀ ਦਾ
ਨੈਣ ਗੋਰੀ ਦੇ ਕੱਜਲਾ ਪਾਇਆ,
ਡਾਢਾ ਰੰਗ ਫੁਲਕਾਰੀ ਦਾ

ਫੁਲਕਾਰੀ ਪੀੜ੍ਹੀ ਦਰ ਪੀੜ੍ਹੀ ਚੱਲਦੀ ਹੈ। ਇਹ ਬੇਬੇ ਦੇ ਸੰਦੂਕਾਂ ਦਾ ਸ਼ਿੰਗਾਰ ਅੱਜ ਵੀ ਬਣੀ ਹੋਈ ਹੈ। ਇੱਕ ਪੀੜ੍ਹੀ ਦੂਜੀ ਪੀੜ੍ਹੀ ਲਈ ਸੌਗਾਤ ਵਿਚ ਫੁਲਕਾਰੀ ਛੱਡ ਜਾਂਦੀ ਹੈ। ਅਜੋਕੇ ਸਮੇਂ ਫੁਲਕਾਰੀ ਨੂੰ ਆਪਣੇ ਰੰਗਾਂ-ਢੰਗਾਂ ਨਾਲ ਵਰਤਿਆ ਜਾਂਦਾ ਹੈ। ਕਈ ਪਾਰਖੂ ਅੱਜ ਵੀ ਪੁਰਾਤਨ ਫੁਲਕਾਰੀ ਸਾਂਭੀ ਬੈਠੇ ਹਨ। ਕਈ ਘਰਾਂ ਨੂੰ ਇਸ ਦੀ ਕੀਮਤ ਦਾ ਬਹੁਤਾ ਗਿਆਨ ਵੀ ਨਹੀਂ ਹੈ। ਫੁਲਕਾਰੀ ਦੇ ਤੋਹਫ਼ੇ ਘਰਾਣਿਆਂ ਦੀ ਵੱਖਰੀ ਪਛਾਣ ਕਰਵਾਉਂਦੇ ਹਨ। ਮੁਟਿਆਰਾਂ ਦੇ ਅਰਮਾਨ ਅੱਜ ਵੀ ਇਸ ਫੁਲਕਾਰੀ ਵਿਚ ਦੇਖੇ ਜਾ ਸਕਦੇ ਹਨ। ਔਰਤ ਲਈ ਘਰ, ਮੰਦਰ ਅਤੇ ਫੁਲਕਾਰੀ ਇਸ ਦੀ ਮਾਲਾ ਸਮਝੀ ਜਾਂਦੀ ਸੀ। ਪੰਜਾਬਣ ਦੇ ਸੁਹੱਪਣ ਨੂੰ ਕੱਜਣ ਲਈ ਇਹ ਅੱਜ ਵੀ ਸੋਨੇ 'ਤੇ ਸੁਹਾਗੇ ਦਾ ਰੂਪ ਮੰਨੀ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਫੁਲਕਾਰੀ ਨੂੰ ਆਪਣੀ ਰਚਨਾ ਵਿਚ ਪਰੋਅ ਕੇ ਇਸ ਨੂੰ ਅੱਜ ਵੀ ਤਰੋਤਾਜ਼ਾ ਰੱਖਿਆ ਹੋਇਆ ਹੈ:

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ,
ਅੰਬਰ ਦਾ ਇੱਕ ਆਲਾ
ਸੂਰਜ ਬਾਲ ਦਿਆਂ
ਮਨ ਦੀ ਉੱਚੀ ਮਮਟੀ ਦੀਵਾ ਕੌਣ ਧਰੇ

ਆਜ਼ਾਦੀ ਤੋਂ ਬਾਅਦ ਪੰਜਾਬੀਆਂ ਨਾਲ ਫੁਲਕਾਰੀ ਦਾ ਰੰਗ ਫਿੱਕਾ ਜ਼ਰੂਰ ਪਿਆ ਹੈ। ਇਸ ਦਾ ਕਾਰਨ ਤਕਨੀਕੀ ਤਰੱਕੀ ਸਮਝੀ ਜਾਂਦੀ ਹੈ। ਫੁਲਕਾਰੀ ਅੱਜ ਵੀ ਦਿਖਾਵੇ ਵਾਲੇ ਯੁੱਗ ਵਿਚ ਕਿਤੇ ਵੱਧ ਹਕੀਕੀ ਲੱਗਦੀ ਹੈ ਅਤੇ ਪੰਜਾਬ ਦੀ ਧੀ ਪੰਜਾਬਣ ਹੋਣ ਦਾ ਮਾਣ ਫੁਲਕਾਰੀ ਜ਼ਰੀਏ ਅੱਜ ਵੀ ਦਿੰਦੀ ਹੈ:

ਮੈਂ ਜੱਟੀ ਪੰਜਾਬ ਦੀ,
ਮੇਰੇ ਗਜ਼-ਗਜ਼ ਲੰਮੇ ਕੇਸ
ਮੇਰੇ ਸਿਰ ਫੁਲਕਾਰੀ ਸੋਂਹਦੀ
ਤੇ ਸੂਹਾ-ਸੂਹਾ ਵੇਸ

ਅੱਜ ਇੱਕ ਵੰਨਗੀ ਦੇ ਤੌਰ 'ਤੇ ਫੁਲਕਾਰੀ ਦੇਖੀ ਜਾਂਦੀ ਹੈ ਪਰ ਹਕੀਕਤ ਵਿਚ ਇਹ ਅੱਜ ਦੀ ਪੀੜ੍ਹੀ ਦੀ ਰੂਹ ਦੀ ਆਵਾਜ਼ ਨਹੀਂ ਬਣਦੀ। ਇਸੇ ਲਈ ਅੱਜ ਇਹ ਵੰਨਗੀ ਵੀ ਕੁੜੀਆਂ ਦੇ ਪਾੜੇ ਵਿਚੋਂ ਗੁੰਮ ਗਈ ਲੱਗਦੀ ਹੈ:

ਦਿਆਂ ਲੱਖ ਫੁਲਕਾਰੀਆਂ
ਜਿੱਥੇ ਧੀ ਦਾ ਆਦਰ ਹੋ।




ਫੁਲਕਾਰੀ ਓੜ ਕੇ ਨੱਚ-ਨੱਚ ਫਾਵੀਆਂ ਹੋ ਰਹੀਆਂ ਮੁਟਿਆਰਾਂ ਅਤੇ (ਸੱਜੇ) ਫੁਲਕਾਰੀ ਦਾ ਇਕ ਹੋਰ ਰੰਗ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਸਤੰਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-604



**ਮਜਬੂਰੀ ਨੇ ਖੇਡਣ ਦੀ ਉਮਰੇ, ਪਾਇਆ ਹੈ ਗ.ਲ ਜ਼ੰਜਾ.ਲ,
ਰੱਖ ਕੇ ਸਬਜ਼ੀ ਘਰ ਬੂਹੇ ਅੱਗੇ, ਬਣ ਬੈਠੈ ਸੇਠ ਛੋਟੂ ਲਾਲ।
ਪਰ ਨੀਂਦ ਹੈ ਘੇਰਾ ਪਾ ਲਿਆ, ਭੁੱਲ ਗਿਆ ਹੈ ਵਿਉਪਾਰ,
ਸੁਫ਼ਨੇ ਵਿਚ ਯਾਰਾਂ ਸੰਗ ਖੇਡੇ, ਜੋ ਲੁੱਟ ਲਏ ਸੀ ਵਿਚਕਾਰ।**

## ਕੈਪਸ਼ਨ ਮੁਕਾਬਲਾ-602



ਰੋਜ਼ੀ ਰੋਟੀ ਲਈ ਕੀ ਕਰਨ ਬਿਚਾਰੇ,
ਪਰ ਕਰ ਕਰ ਹਿੰਮਤ ਕਦੇ ਨਾ ਹਾਰੇ।
ਲੱਕੜਾਂ ਕੱਟ ਜੁਗਾੜ ਬਣਾ ਚਿਣੀਆਂ,
ਹਫ਼ ਹਫ਼ ਖਿੱਚੇ ਔਖਾ ਹੋ ਪੈਦਲ ਮਾਰੇ।
*-ਸੇਵਾ ਸਿੰਘ 'ਨੂਰਪੁਰੀ'*

---

ਭੁੱਖਾ ਮਰਦਾ ਕੀ ਨਾ ਕਰਦਾ
ਨਵੀਂ ਨਵੀਂ ਤਰਕੀਬ ਬਣਾਵੇ।
ਕੰਮ ਕਰਨਾ ਵੀ ਬਹੁਤ ਜ਼ਰੂਰੀ
ਮੀਂਹ, ਗਰਮੀ ਵੀ ਖ਼ੂਬ ਸਤਾਵੇ।
ਬੜੇ ਢੰਗ ਨਾਲ ਕਰ ਕੇ ਚਿਣਤੀ
ਸਿਰ ਦੇ ਉੱਪਰ ਛੱਤ ਬਣਾਵੇ।
ਨਾ.ਲ ਜ਼ੋਰ ਦੇ ਮਾਰ ਕੇ ਪੈਡਲ
ਲੰਮੀਆਂ ਵਾਟਾਂ ਗਾਹੀ ਜਾਵੇ।
*-ਜਗਮੀਤ ਸਿੰਘ ਪੰਧੇਰ*
*ਫੋਨ: 98783-37222*

---

ਭੱਲੇ ਓਏ ਸ਼ੇਰਾ ਲੈ ਜਾ ਧੂਹ ਕੇ
ਖਤਰਾ ਹੈ ਅਟੱਲ ਜੇ ਲੱਗੇ ਹੁਜਕਾ
ਚਿਣਾਈ ਲੱਕੜਾਂ ਦੀ ਕੈਰੀਅਰ 'ਤੇ
ਜਬਲ ਜਲੰਗ ਐਸਾ ਪਹਾੜ ਹੀ ਹੈ ਖੜ੍ਹਾ ਕੀਤਾ
ਹਰ ਚੀਜ਼ 'ਚ ਹੈ ਖਤਰਾ ਜੋਖ਼ਮ
ਮਜਬੂਰੀ, ਗੁਰਬਤ ਸਿਖਾ ਦਿੰਦੀ ਹੈ ਹਰ ਹੱਲ
ਪੁੱਜ ਗਿਆ ਮੰਜ਼ਿਲ 'ਤੇ ਪੌਂ ਬਾਰਾਂ।
*-ਦਰਸ਼ਨ ਪਾਲ ਦੋਸਾਂਝ।*

---

ਮਹਿੰਗਾਈ ਵੱਟ ਲੋਕਾਂ ਦੇ ਕੱਢੇ,
ਲੋਕੀਂ ਹੋਏ ਹਾਲੋਂ-ਬੇ-ਹਾਲ।
ਦੋ ਵਕਤ ਦੀ ਜੁੜੇ ਨਾ ਰੋਟੀ,
ਜੀਣਾਂ ਸਭ ਦਾ ਹੋਇਆ ਮੁਹਾਲ।
ਸਾਈਕਲ 'ਤੇ ਲੱਦ ਤੁਰਿਆ ਲੱਕੜਾਂ,
ਜ਼ਿੰਦਗੀ ਆਪਣੀ ਦਾਅ 'ਤੇ ਲਾਈ
ਵੇਖਣ ਵਾਲ਼ੇ ਅਸ਼-ਅਸ਼ ਕਰਦੇ,
ਧੰਨ ਮਜ਼ਦੂਰਾ ਤੇਰੀ ਕਮਾਈ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

**To Advertise with Punjab Times Call:**
**847-359-0746**
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਸੰਵਾਦੀ ਸੁਰ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ

ਸੁਮੇਲ ਸਿੰਘ ਸਿੱਧੂ ਨੇ 'ਪੰਜਾਬ ਟਾਈਮਜ਼' ਵਿਚ ਮਰਹੂਮ ਹਰਚੰਦ ਸਿੰਘ ਲੌਂਗੋਵਾਲ ਨੂੰ 'ਪੰਜਾਬੀ-ਪੰਥ ਦੇ ਹੁਸਨ ਇਖ਼ਲਾਕ ਦਾ ਮੁਜੱਸਮਾ' ਕਹਿ ਕੇ ਸੰਵਾਦੀ ਸੁਰ ਨੂੰ ਉਭਾਰਨ ਵਾਸਤੇ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਅੱਗੇ ਤੋਰਨ ਦੀ ਇਸ ਵੇਲੇ ਬਹੁਤ ਲੋੜ ਹੈ। ਚੁਫ਼ੇਰੇ ਪਸਰੀ ਸਿਆਸੀ ਆਪਾਧਾਪੀ ਵਿਚ ਸੰਵਾਦੀ ਸੁੰਗੜਾਅ ਕਰਕੇ ਪੈਦਾ ਹੋਈ ਹਰ ਤਰ੍ਹਾਂ ਦੀ ਖੜੋਤ ਵਿਚ ਪੰਜਾਬੀ-ਪੰਥ ਨੂੰ ਸਿੱਖ-ਪੰਥ ਅਤੇ ਖਾਲਸਾ-ਪੰਥ ਦੇ ਹਵਾਲੇ ਨਾਲ ਪੰਥਕ-ਸਮੁੱਚ ਨੂੰ ਵਿਚਾਰਨ ਦੀ ਲੋੜ ਹੈ। ਪੱਕੇ ਸਿੱਖ,



**ਬਲਕਾਰ ਸਿੰਘ ਪ੍ਰੋਫੈਸਰ**

ਕੱਟੜ ਸਿੱਖ ਅਤੇ ਲਿਬਰਲ-ਸਿੱਖ ਵਿਚਕਾਰ ਪਾਏ ਜਾ ਰਹੇ ਵਖਰੇਵਿਆਂ ਨਾਲ ਪੈਦਾ ਹੋ ਰਹੀਆਂ ਸਿੱਖ-ਕੋਟੀਆਂ ਦੀ ਗੁਰੂ ਦੇ ਸਿੱਖਾਂ ਨੂੰ ਕਦੇ ਲੋੜ ਨਹੀਂ ਸੀ ਕਿਉਂਕਿ ਸਿੱਖ ਅਤੇ ਗੁਰੂ ਦੇ ਵਿਚਕਾਰ ਕਿਸੇ ਹੋਰ ਦੀ ਲੋੜ ਦੀ ਆਗਿਆ ਹੀ ਨਹੀਂ ਹੈ। ਇਸ ਵਰਤਾਰੇ ਵਿਚ ਸੁਮੇਲ ਨੇ ਅਕਾਦਮਿਕ ਡੀਹਟੀ ਮਾਰਦਿਆਂ ਮਾਰਦਿਆਂ ਵਗਦੇ ਵਹਿਣ ਵਿਚ ਆਪ ਹੀ ਛਾਲ ਮਾਰ ਦਿੱਤੀ ਹੈ। ਧਿਆਨ ਨਾਲ ਪੜ੍ਹਨ ਵਾਲਿਆਂ 'ਤੇ ਪੈ ਗਏ ਛਿੱਟਿਆਂ ਨਾਲ ਇਹ ਸਵਾਲ ਪੈਦਾ ਹੋ ਗਿਆ ਹੈ ਕਿ ਸਿੱਖ-ਸੰਤਾਂ ਨੂੰ ਜਿਵੇਂ ਸਿੱਖ ਸਿਆਸਤ ਨੇ ਮੁੱਖਧਾਰਾ ਵਿਚੋਂ ਡੇਰੇਦਾਰ ਕਹਿ ਕੇ ਬਾਹਰ ਕੀਤਾ ਹੋਇਆ ਹੈ, ਉਸ ਵਿਚ ਸੁਮੇਲ ਨੂੰ ਸੰਤ ਹਰਚੰਦ ਸਿੰਘ ਇਹੋ ਜਿਹਾ ਕਿਉਂ ਲੱਗਿਆ ਹੈ? ਇਹ ਵੀ ਸੋਚਣ ਦੀ ਲੋੜ ਹੈ ਕਿ ਇਹੋ ਜਿਹੇ ਸਵਾਲਾਂ ਨੂੰ ਪਿਛਲੇ ਚਾਰ ਦਹਾਕੇ ਕਿਸ ਨੇ ਰੋਕੀ ਰੱਖਿਆ ਹੈ? ਕਤਲ ਹੋਣ ਵਾਲੇ ਦਿਨ ਤੋਂ ਹੀ ਸੰਤ ਜੀ ਸ਼ਹੀਦ ਸਨ ਅਤੇ ਉਨ੍ਹਾਂ ਨੂੰ ਅਕਾਦਮੀਸ਼ਨ 'ਹਰੀਚੰਦ' ਕਹਿ ਕੇ ਮਾਰਨ ਦੀ ਕੋਸ਼ਿਸ਼ ਕਿਉਂ ਕਰਦੇ ਰਹੇ ਹਨ? ਜਿਨ੍ਹਾਂ ਦੇ ਪੈਰੋਂ ਇਹ ਸ਼ਹੀਦੀ ਹੋਈ ਸੀ, ਉਹੀ ਉਸ ਨੂੰ ਸਿਆਸੀ-ਜੱਫੀ ਵਿਚ ਲੈ ਕੇ ਕਿਉਂ ਮਾਰਦੇ ਰਹੇ ਹਨ? ਇਸ ਪਿਛੋਕੜ ਵਿਚ ਸੁਮੇਲ ਨੇ ਜੋ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਉਹ ਹਰ ਹਾਲਤ ਵਿਚ ਲੋੜੀਂਦੀ ਸੁਰ ਵਾਂਗ ਬੁਲੰਦ ਕੀਤੇ ਜਾਣ ਦੀ ਲੋੜ ਹੈ। ਹੁੰਗਾਰੇ ਦੀ ਅਣਹੋਂਦ ਵਿਚ ਕੋਸ਼ਿਸ਼ਾਂ ਅਤੇ ਸੰਭਾਵਨਾਵਾਂ ਨੂੰ ਦਫ਼ਨ ਹੋ ਜਾਣ ਤੋਂ ਨਹੀਂ ਰੋਕਿਆ ਜਾ ਸਕਦਾ। ਮੇਰੇ ਉਹ ਹਾਣੀ ਸਨ ਅਤੇ ਮੈਂ ਜਾਣਦਾ ਹਾਂ ਕਿ ਜਿਹੜੇ ਵਰਤਾਰੇ ਵਿਚ ਮੌਜੋ ਵਰਗੀ ਸਿੱਖ-ਟਕਸਾਲ ਨੇ ਉਨ੍ਹਾਂ ਦੇ ਗੁਆਚੇ ਹੋਏ ਬਚਪਨ ਨੂੰ ਅਕਾਲੀ ਦਲ ਦਾ ਪ੍ਰਧਾਨ ਹੋ ਜਾਣ ਦੇ ਕਾਬਲ ਬਣਾ ਦਿੱਤਾ ਸੀ, ਉਹ ਸਮਾਜਿਕ ਜ਼ਿੰਮੇਵਾਰੀ ਇਸ ਵੇਲੇ ਟਕਸਾਲੀ ਇਜਾਰੇਦਾਰੀ ਦਾ ਸ਼ਿਕਾਰ ਹੋ ਚੁੱਕੀ ਹੈ। ਸਿੱਖ ਪ੍ਰਸੰਗ ਵਿਚ ਇਸ ਤਰ੍ਹਾਂ ਦੇ ਉਭਾਰਾਂ ਦੇ ਉਸਾਰ ਸਾਹਮਣੇ ਲਿਆਉਣ ਲਈ ਲੋੜੀਂਦੇ ਸੰਵਾਦ ਦੀ ਵੰਗਾਰ ਇਸ ਨਾਲ ਲੇਖ ਨਾਲ ਪੈਦਾ ਹੋ ਗਈ ਹੈ, ਪਰ ਇਸ ਨੂੰ ਤੋਰੀ ਰੱਖਣ ਲਈ ਚੇਤੰਨ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ।

ਸੰਵਾਦੀ ਉਸਾਰੀ (ਕਿਛੁ ਸੁਣੀਐ ਕਿਛੁ ਕਹੀਐ...) ਵਾਲੇ ਰਾਹ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਪੰਜਾਬੀ ਸੱਭਿਆਚਾਰ ਅਤੇ ਸਿੱਖ ਧਰਮ ਨੂੰ ਕਰਿੰਘੜੀ ਪੁਆ ਕੇ ਉਸੇ ਤਰ੍ਹਾਂ ਤੋਰੀ ਰੱਖਣ ਦੀ ਲੋੜ ਹੈ ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ ਰੱਖੀ ਸੀ ਕਿ ਬੰਦੇ ਦਾ ਜਨਮ ਸੱਭਿਆਚਾਰ ਵਿਚ ਹੁੰਦਾ ਹੈ ਅਤੇ ਧਰਮ ਉਸ ਨੂੰ ਧਾਰਨ ਕਰਨਾ ਪੈਂਦਾ ਹੈ। ਇਹੋ ਜਿਹੀ ਭਾਵਨਾ ਦੇ ਪ੍ਰਤੀਨਿਧ ਸਨ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ। ਉਹ ਮੂਲ ਰੂਪ ਵਿਚ ਸਿੱਖ ਸਨ ਅਤੇ ਸਿੱਖੀ ਵਿਚ ਸਾਰੀਆਂ ਸੰਭਾਵਨਾਵਾਂ ਨਿਹਿਤ ਮੰਨਦੇ ਸਨ। ਜਿਨ੍ਹਾਂ ਦੇ ਵਾਸਤੇ ਉਹ ਜਿਉਂ ਰਹੇ ਸਨ, ਜਦੋਂ ਉਨ੍ਹਾਂ ਨੇ ਹੀ ਕੌਮ ਦਾ ਗੱਦਾਰ ਕਹਿ ਕੇ ਗੋਲੀਆਂ ਮਾਰ ਦਿੱਤੀਆ ਤਾਂ ਸੁਮੇਲ ਨੇ ਇਸ ਵਰਤਾਰੇ ਨੂੰ 'ਹਤਿਆਰਿਆਂ ਹੱਥੋਂ ਸ਼ਹੀਦ ਹੋਏ' ਕਿਹਾ ਹੈ। ਜਿਹੜੇ ਅੱਜ ਵੀ ਇਹ ਸਵਾਲ ਪੈਦਾ ਕਰ ਰਹੇ ਹਨ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨਾਲ ਮਿਲਿਆ ਕੀ, ਉਨ੍ਹਾਂ ਨੂੰ ਕੌਣ ਦੱਸੇ ਕਿ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦਰਮਿਆਨ ਹੋਏ ਸਮਝੌਤੇ ਦਾ ਜਿਨ੍ਹਾਂ ਨੇ ਲਾਭ ਲੈਣਾ ਸੀ, ਉਨ੍ਹਾਂ ਦੇ ਪੈਰੋਂ ਹੀ ਸੰਭਾਵਨਾਵਾਂ ਦਫ਼ਨ ਹੋ ਗਈਆਂ ਤਾਂ ਨਤੀਜਿਆਂ ਨੂੰ ਕਿਵੇਂ ਰੋਕਿਆ ਜਾ ਸਕਦਾ ਸੀ। ਸੁਮੇਲ ਮੁਤਾਬਿਕ 'ਸਿੱਖ ਲਹਿਰ ਦੀ ਮਨੁੱਖ-ਮਿੱਤਰ ਵਿਚਾਰਧਾਰਾ' ਦਾ ਰਾਹ ਜਿਸ ਤਰ੍ਹਾਂ ਵਾਰਸ ਕਹਾਉਣ ਵਾਲਿਆਂ ਵੱਲੋਂ ਲਗਾਤਾਰ ਰੋਕਿਆ ਜਾਂਦਾ ਰਿਹਾ ਹੈ, ਉਸ ਤਰ੍ਹਾਂ ਕਿਸੇ ਵੀ ਰੰਗ ਦੇ ਸਿੱਖ-ਵਿਰੋਧੀ ਨੇ ਨਹੀਂ ਰੋਕਿਆ। ਪੰਥ ਦੇ ਨਾਮ 'ਤੇ ਸਿਆਸੀ ਦੁਕਾਨਾਂ ਸਜਾਈ





ਬੈਠਿਆਂ ਨੂੰ ਕੌਣ ਦੱਸੇ ਕਿ ਬਹੁ-ਸੱਭਿਆਚਾਰਕ ਵਰਤਾਰਿਆਂ ਵਿਚ ਸਿੱਖਾਂ ਦੀਆਂ ਪ੍ਰਾਪਤੀਆਂ ਨੂੰ ਉਲਾਰ ਸਿਆਸਤ ਤੋਂ ਬਚਾਉਣ ਦੀ ਲੋੜ ਹੈ। ਇਸ ਬਾਰੇ ਸੰਵਾਦ ਰਚਾ ਕੇ ਹੀ ਸਮਝ ਸਕਾਂਗੇ ਕਿ ਸਿੰਘ ਸਭਾ ਦੇ ਮਹਾਂਰਥੀਆਂ ਵਿਚੋਂ ਸਿਆਸਤ ਵੱਲ ਰੁਚਿਤ ਕਿਉਂ ਨਹੀਂ ਹੋਏ ਸਨ? ਇਹ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਸਿਆਸਤ ਦੇ ਪੈਰੋਂ ਧਰਮ ਦਾ ਸੰਵਰਦਾ ਕੀ ਰਿਹਾ ਹੈ ਅਤੇ ਵਿਗੜਦਾ ਕੀ ਰਿਹਾ ਹੈ? ਗੁਰਮਤਿ ਨੇ ਆਮ ਬੰਦੇ ਲਈ "ਨਰੋਈ, ਸਾਂਝੀ ਕੌਮੀ ਜ਼ਮੀਨ ਤਿਆਰ ਕੀਤੀ ਸੀ", ਉਸ ਨੂੰ ਬੰਜਰ ਬਣਾਉਣ ਦੀ ਰਾਜਨੀਤੀ ਕੌਣ ਕਰਦਾ ਰਿਹਾ ਹੈ?

ਇਹ ਸਮਾਂ ਉਲਾਰ-ਸੱਜੇ ਅਤੇ ਉਲਾਰ-ਖੱਬੇ ਪੱਖੀਆਂ ਵਿਚਕਾਰ ਚੱਲ ਰਹੀ ਠੰਢੀ ਜੰਗ ਦਾ ਹੈ। ਅਜਿਹੇ ਹਾਲਾਤ ਵਿਚੋਂ ਆਮ ਬੰਦੇ ਨੂੰ ਲੋੜੀਂਦੀਆਂ ਜੁਗਤਾਂ ਦਾ ਰਾਹ ਰੋਕਦੀ ਕਿਸੇ ਵੀ ਕਿਸਮ ਦੀ ਸਿਆਸਤ ਕੰਮ ਨਹੀਂ ਆ ਸਕੀ। ਰਾਜਨੀਤਕ ਖਾਜਾ ਹੋ ਜਾਣ ਤੋਂ ਆਮ ਬੰਦੇ ਨੂੰ ਬਚਾਉਣ ਦੀ ਰੀਝ ਦੇ ਪ੍ਰਤੀਨਿਧ ਵਜੋਂ ਵਿਚਰਦਾ ਰਿਹਾ ਸੀ ਸੰਤ ਹਰਚੰਦ ਸਿੰਘ। ਉਹ ਸੰਗਰੂਰ ਵਿਚ ਚੱਲ ਰਹੀਆਂ ਉਨ੍ਹਾਂ ਜਨਤਕ ਲਹਿਰਾਂ ਵਿਚ ਵੀ ਹਿੱਸਾ ਲੈਂਦੇ ਰਹੇ ਜਿਨ੍ਹਾਂ ਦੀ ਸਿਆਸਤ ਨਾਲ ਉਹ ਬਿਲਕੁਲ ਵੀ ਸਹਿਮਤ ਨਹੀਂ ਸਨ। ਉਸ ਭਲੇ ਜ਼ਮਾਨੇ ਵਿਚ ਕਮਿਊਨਿਸਟ ਵੀ ਅੰਮ੍ਰਿਤਧਾਰੀ ਹੁੰਦੇ ਸਨ। ਵਿਰਾਸਤੀ ਸੱਭਿਆਚਾਰ ਨੂੰ ਨਾਲ ਲੈ ਕੇ ਤੁਰਨ ਵਾਲਾ ਇਨਸਾਨੀ ਜਜ਼ਬਾ ਨੈਤਿਕਤਾ ਨਾਲ ਨਿਭਣ ਦੀ

## ਪ੍ਰਤੀਕਰਮ

ਸੁੱਚੀ ਮਾਨਸਿਕਤਾ ਹੁੰਦਾ ਹੈ। ਇਸੇ ਨਾਲ ਆਪਸੀ ਭਾਈਚਾਰਾ ਪੱਕੇ ਪੈਰੀਂ ਹੋਣ ਵਾਲੇ ਰਾਹ ਪਿਆ ਰਹਿੰਦਾ ਹੈ। 'ਸਿਆਸੀ ਇਖਲਾਕ' ਦੀ ਇਸ ਭਾਵਨਾ ਨਾਲ ਨਿਭਣ ਦਾ ਬਿਰਦ ਸੰਤ ਜੀ ਨੇ ਕੇਸਾਂ ਸੁਆਸਾਂ ਸੰਗ ਪਾਲਿਆ। ਇਸੇ ਇਖ਼ਲਾਕੀ ਹੁਸਨ ਨੂੰ ਉਨ੍ਹਾਂ ਦੇ ਸਮਕਾਲੀ ਭੰਡਦੇ ਰਹੇ ਸਨ ਅਤੇ ਇਸੇ ਭਾਵਨਾ ਦਾ ਨਤੀਜਾ ਉਨ੍ਹਾਂ ਦੀ ਸ਼ਹੀਦੀ ਵਿਚ ਨਿਕਲਿਆ ਸੀ। ਇਸ ਸ਼ਹੀਦੀ ਦਾ ਲਾਭ ਉਨ੍ਹਾਂ ਦੇ ਕਰੀਬੀਆਂ ਅਤੇ ਵਿਰੋਧੀਆਂ ਨੂੰ ਲਗਾਤਾਰ ਹੁੰਦਾ ਰਿਹਾ ਹੈ। ਪੰਜਾਬ ਦੀ ਗਰਮ ਅਤੇ ਨਰਮ ਰਾਜਨੀਤੀ ਬਾਰੇ ਸੁਮੇਲ ਵੱਲੋਂ ਉਠਾਏ ਗਏ ਸਵਾਲਾਂ ਬਾਰੇ ਚਰਚਾ ਹੋਵੇਗੀ ਤਾਂ ਸਮਝ ਸਕਾਂਗੇ ਕਿ ਸ਼ਹੀਦੀਆਂ ਦੀ ਸਿਆਸਤ ਦੇ ਪੈਰੋਂ ਮਰਨ ਅਤੇ ਮਾਰਨ ਦੇ ਰਾਹ ਪੰਜਾਬੀ ਕਿਉਂ ਪਿਆ ਹੋਇਆ ਹੈ? ਇਹੋ ਜਿਹੇ ਹਾਲਾਤ ਵਿਚ ਸੁਮੇਲ ਮੁਤਾਬਿਕ ਸੰਤ ਜੀ ਨੇ 'ਆਪਣੀ ਸਮਰਪਣ ਭਾਵਨਾ, ਧੜੇਬੰਦਕ ਭੇੜ ਤੋਂ ਨਿਰਲੇਪ ਰਹਿੰਦਿਆਂ ਅਕਾਲੀ ਦਲ ਵਿਚ ਸਦਭਾਵੀ ਏਕਤਾ' ਕਾਇਮ ਰੱਖੀ ਸੀ। ਇਸੇ 'ਤੇ ਪਹਿਰਾ ਦਿੱਤੇ ਜਾਣ ਲਈ ਸੰਵਾਦ ਰਚਾਉਣ ਦੀ ਲੋੜ ਦਾ ਮੁੱਦਈ ਹੈ ਸੁਮੇਲ ਦਾ ਲੇਖ। ਸੰਤ ਦਾ ਹਰ ਮੈਦਾਨ ਵਿਚ ਸਿੱਖ-ਸਹਿਜ ਉਸ ਨਾਲ ਤੁਰਨ ਵਾਲਿਆਂ ਨੂੰ ਵਿਚਲਿਤ ਕਰਦਾ ਰਹਿੰਦਾ ਸੀ। ਸਿਆਸੀ ਰੋਟੀਆਂ ਸੇਕਣ ਵਾਲੀ ਪ੍ਰਚਲਿਤ ਸਿਆਸਤ ਦੇ ਵਹਿਣ ਵਿਚ ਵਹਿਣ ਤੋਂ ਉਹ ਬਚਦੇ ਰਹੇ ਸਨ। ਇਕ ਸ਼ਰੀਕ ਸਿਆਸਤਦਾਨ ਦਾ ਇਹ ਖਦਸ਼ਾ ਸੱਚ ਹੋ ਗਿਆ ਹੈ ਕਿ ਜੇ ਇਹ ਪ੍ਰਧਾਨ ਬਣ ਗਿਆ ਤਾਂ ਮਗਰੋਂ ਨਹੀਂ ਲਹਿਣਾ। ਕਹਿਣ ਵਾਲੇ ਵੀ ਉਸ ਵਾਂਗ ਚਲੇ ਗਏ ਹਨ, ਪਰ ਜਿਸ ਤਰ੍ਹਾਂ ਸੁਮੇਲ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪੰਜਾਬ ਵਾਸਤੇ ਲੋੜੀਂਦੇ ਪ੍ਰਸੰਗਕ-ਸੰਵਾਦ ਵਾਸਤੇ ਲੋੜਵੰਦਾ ਮੰਨ ਲਿਆ ਹੈ, ਇਸ 'ਤੇ ਪਹਿਰਾ ਦੇਣ ਵਿਚ ਹੀ ਪੰਜਾਬ ਦਾ ਭਲਾ ਹੈ।

# ਕੁਲਵੰਤ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਦਾ ਅਸਲ ਨਾਇਕ

ਮੇਰੀ ਅੱਜ ਵਾਲੀ ਗੱਲ ਦਾ ਸਬੰਧ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਤੱਕ ਸੀਮਤ ਨਹੀਂ। ਇਸ ਵਿਚ ਦੂਜਾ ਸੰਸਾਰ ਯੁੱਧ ਵੀ ਹੈ ਤੇ ਪਾਕਿਸਤਾਨ ਦਾ ਜ਼ਿਲ੍ਹਾ ਸ਼ੇਖੂਪੁਰਾ ਅਤੇ ਚੂਹੜਕਾਣ ਤੇ ਫੂਲਰਵਾਨ ਵੀ। ਇਸ ਗੱਲ ਦੀ ਬਹੁਤੀ ਜਾਣਕਾਰੀ ਡਾ. ਸਰਬਜੀਤ ਸਿੰਘ ਛੀਨਾ ਤੋਂ ਮਿਲੀ ਜਿਹੜਾ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਖੇਤੀ ਅਰਥਚਾਰੇ ਦਾ ਡੀਨ ਰਹਿ ਚੁੱਕਿਆ ਹੈ। ਜੇ ਹੋਰ ਪੁੱਛਦੇ ਹੋ ਤਾਂ ਵਿਰਕ ਦੇ ਜੱਦੀ ਪ੍ਰਸਤੀ ਪਿੰਡ (ਫੂਲਵਾਨ) ਸਰਬਜੀਤ ਛੀਨਾ ਦੇ ਨਾਨਕੇ ਸਨ। ਏਸੇ ਨਾਤੇ ਕੁਲਵੰਤ ਸਿੰਘ ਵਿਰਕ ਵੀ ਸਰਬਜੀਤ ਛੀਨਾ ਦਾ ਮਾਮਾ ਲਗਦਾ ਸੀ।

ਆਪਾਂ ਧਰਤੀ ਹੇਠਲੇ ਬੌਲਦ ਦੀ ਗੱਲ ਕਰ ਰਹੇ ਸਾਂ, ਜਿਹੜਾ ਵਿਰਕ ਦੀ ਕਹਾਣੀ ਦਾ ਪਾਤਰ ਤੇ ਮੇਰੀ ਹਥਲੀ ਗੱਲ ਦਾ ਨਾਇਕ ਹੈ।

ਸਰਬਜੀਤ ਅਨੁਸਾਰ ਉਸਨੂੰ ਉਹ ਵੇਲਾ ਵੀ ਕੱਲ੍ਹ ਵਾਂਗ ਚੇਤੇ ਹੈ ਜਦ ਸੱਤ ਸਾਲਾਂ ਦੇ ਸਰਬਜੀਤ ਦੇ ਨਾਨਕੇ ਘਰ ਉਸ ਫੌਜੀ ਦੇ ਅਕਾਲ ਚਲਾਣੇ ਦੀ ਤਾਰ ਆਈ ਸੀ ਜਿਹੜਾ ਉਸ ਘਰ ਜੰਮਿਆ ਪਲਿਆ ਸੀ ਤੇ ਦੂਜੇ ਸੰਸਾਰ ਯੁੱਧ ਵਿਚ ਸ਼ਹੀਦ ਹੋ ਗਿਆ ਸੀ। ਖਬਰ ਸੁਣਦੇ ਸਾਰ ਘਰ ਦੀਆਂ ਸੁਆਣੀਆਂ ਕੱਪੜੇ ਧੋਣਾ, ਚੱਕੀ ਪੀਹਣਾ ਤੇ ਚੁੱਲ੍ਹਾ ਚੌਂਕਾ ਛੱਡ ਕੇ ਰੋਣ ਪਿੱਟਣ ਲੱਗ ਗਈਆਂ ਸਨ।

ਸ਼ਹੀਦ ਹੋਣ ਵਾਲੇ ਨੌਜਵਾਨ ਦੀ ਵਹੁਟੀ ਸਮੇਤ ਜਿਹੜੀ ਸਾਲ ਕੁ ਪਹਿਲਾਂ ਇਸ ਘਰ ਦੀ ਨੂੰਹ ਬਣ ਕੇ ਆਈ ਸੀ। ਹੋਰ ਪੁਛਦੇ ਹੋ ਤਾਂ ਤੁਰ ਜਾਣ ਵਾਲਾ ਨੌਜਵਾਨ ਬਾਲਕ ਸਰਬਜੀਤ ਦਾ ਸਕਾ ਮਾਮਾ ਸੀ।

ਸਰਬਜੀਤ ਸਿੰਘ ਉਰਫ ਡਾ. ਛੀਨਾ ਨੂੰ ਇਹ ਵੀ ਚੇਤੇ ਹੈ ਕਿ ਜਦੋਂ ਥੋੜ੍ਹੇ ਦਿਨ ਪਿੱਛੋਂ ਉਸਦੇ ਸ਼ਹੀਦ ਮਾਮੇ ਦੇ ਦੋਸਤ ਨੇ ਉਸਦੇ ਨਾਨਕੇ ਘਰ ਮਿਲਣ ਆਉਣਾ ਸੀ ਤਾਂ ਉਸਦੇ ਨਾਨੇ ਨੇ ਸਾਰੇ ਪਰਿਵਾਰ ਨੂੰ ਆਉਣ ਵਾਲੇ ਦੀ ਪੂਰੀ ਖਾਤਰ ਕਰਨ ਲਈ ਕਿਹਾ ਸੀ। ਇਹ ਵੀ ਕਿ ਪ੍ਰਾਹੁਣਾ ਛੁੱਟੀ ਕੱਟਣ ਆਇਆ ਹੈ ਤੇ ਉਸਨੂੰ ਮਾੜੀ ਖਬਰ ਦੇ ਕੇ ਦੁਖੀ ਨਾ ਕੀਤਾ ਜਾਵੇ। ਨਤੀਜੇ ਵਜੋਂ ਘਰ ਦੇ ਵਡੇਰੇ ਨੂੰ ਮਿਲਣ ਤੋਂ ਪਹਿਲਾਂ ਸ਼ਹੀਦ ਹੋਏ ਨੌਜਵਾਨ ਦੇ ਛੋਟੇ ਭਰਾ ਜਸਵੰਤ ਸਿੰਘ ਨੇ ਨਵੇਂ ਪ੍ਰਾਹੁਣੇ ਨੂੰ ਦੇਸੀ ਦਾਰੂ ਵੀ ਪਿਲਾਈ ਸੀ।



ਸਰਬਜੀਤ ਛੀਨਾ ਦੇ ਇਸ ਮਾਮੇ ਦਾ ਨਾਂ ਕਰਮ ਸਿੰਘ ਸੀ ਤੇ ਪਿਤਾ ਦਾ ਨਾਂ ਬੇਲਾ ਸਿੰਘ। ਕੁਲਵੰਤ ਸਿੰਘ ਵਿਰਕ ਆਪਣੀ ਕਹਾਣੀ ਵਿਚ ਬੇਲਾ ਸਿੰਘ ਨੂੰ ਹੀ ਧਰਤੀ ਹੇਠਲਾ ਬੌਲਦ ਲਿਖਦਾ ਹੈ। ਇਹ ਕਹਾਣੀ ਅਸਲੀ ਹੈ ਜੋ ਦੂਜੇ ਸੰਸਾਰ ਯੁੱਧ ਦੇ ਸ਼ਹੀਦਾਂ ਦੀ ਬਾਤ ਪਾਉਂਦੀ ਹੈ।

ਸਰਬਜੀਤ ਛੀਨਾ ਸਰਗੋਧੇ ਦਾ ਜੰਮਪਲ ਹੈ। ਉਸਦੇ ਇਨ੍ਹਾਂ ਦਿਨਾਂ ਵਿਚ ਹਰਨੀਆਂ, ਪ੍ਰੋਸਟੇਟ ਤੇ ਗਾਲਬਲੈਡਰ ਦੇ ਅਪ੍ਰੇਸ਼ਨ ਹੋਏ ਹਨ ਜਿਸ ਪ੍ਰਸੰਗ ਵਿਚ ਉਸਦੇ ਨਾਨਕਿਆਂ ਦਾ ਕੋਈ ਵਿਅਕਤੀ ਉਸਦੀ ਖਬਰ ਸਾਰ ਲੈਣ ਆਇਆ ਤਾਂ ਉਸ ਪਿੰਡ ਦੇ ਵਿਰਕਾਂ ਦੀ ਗੱਲ ਵੀ ਹੋਈ। ਕੁਲਵੰਤ ਸਿੰਘ ਵਿਰਕ ਤੇ ਉਸਦੀ ਕਹਾਣੀ 'ਧਰਤੀ ਹੇਠਲਾ ਬੌਲਦ' ਤੇ ਮੇਰੀ ਵਿਰਕ ਨਾਲ ਮਿੱਤਰਤਾ ਸਮੇਤ।

ਸਰਬਜੀਤ ਨੇ ਇਹ ਗੱਲ ਮੇਰੀ ਆਪਣੀ ਸਿਹਤ ਦਾ ਹਾਲ ਪੁਛਣ ਸਮੇਂ ਸਾਂਝੀ ਕੀਤੀ। ਉਸਨੇ ਇਹ ਵੀ ਦੱਸਿਆ ਕਿ ਉਸਦੀ ਪਾਕਿਸਤਾਨ ਫੇਰੀ ਸਮੇਂ ਉਸਨੂੰ ਚੂਹੜਕਾਣਾ ਵਿਖੇ ਕੋਈ ਮੁਹੱਮਦ ਰਫੀਕ ਨਾਂ ਦਾ ਮੁਸਲਮਾਨ ਅਚਾਨਕ ਹੀ ਮਿਲ ਗਿਆ ਸੀ। ਜਿਹੜਾ ਬੜੇ ਚਾਅ ਨਾਲ ਸਰਬਜੀਤ ਨੂੰ ਫੁਲਰਵਾਨ ਘੁਮਾ ਕੇ ਲਿਆਇਆ।

ਚੇਤੇ ਰਹੇ ਕਿ ਹੁਣ ਚੂਹੜਕਾਣਾ ਕਸਬੇ ਦਾ ਨਾਂ ਫਰੁਖਾਬਾਦ ਹੋ ਚੁੱਕਿਆ ਹੈ।

ਨਹੀਂ ਭੁੱਲਦਾ ਪੰਜਾਬ ਵਿਦੇਸ਼ ਵਸੰਦਿਆਂ ਨੂੰ

ਮੇਰਾ ਸਾਂਢੂ ਦਵਿੰਦਰ ਸਾਹੀ 30-35 ਸਾਲ ਤੋਂ ਅਮਰੀਕਾ ਰਹਿ ਰਿਹਾ ਹੈ। ਉਹ ਪੰਜਾਬ ਦੀ ਧਰਤੀ ਤੇ ਇਸਦੇ ਸਿਰਜਣਾ ਦੀ ਮਹਿਮਾ ਨੂੰ ਨਹੀਂ ਭੁਲਿਆ। ਉਸਦੇ ਹੱਥ ਲਾਹੌਰ ਮੈਡੀਕਲ ਕਾਲਜ ਵਿਚ ਫਿਜ਼ੀਆਲੋਜੀ ਦੇ ਪ੍ਰੋਫੈਸਰ ਡਾ. ਸੀ ਸੀ ਕਾਲਿਬ ਵੱਲੋਂ 1886 ਵਿਚ ਛਪਿਆ ਜਪੁਜੀ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਲੱਗ ਗਿਆ ਹੈ। ਪ੍ਰੋ. ਕਾਲਿਬ ਯੂਰਪੀ ਜਹੂਦੀ ਸੀ। ਉਹ 26 ਅਗਸਤ 1940 ਨੂੰ 79 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਿਆ। ਮੈਂ ਨਹੀਂ ਜਾਣਦਾ ਕਿ ਏਧਰ ਕਿਸੇ ਨੂੰ ਇਸਦੀ ਜਾਣਕਾਰੀ ਹੈ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇੰਸਟੀਚਿਊਟ ਆਫ ਸਟੱਡੀਜ਼, ਚੰਡੀਗੜ੍ਹ, ਚਾਨਣਾ ਪਾ ਸਕਦੀ ਹੋਵੇ ਤਾਂ ਡਾ. ਦਵਿੰਦਰ ਸਾਹੀ ਅਤੇ ਮੈਂ ਧੰਨਵਾਦੀ ਹੋਵਾਂਗੇ।

### ਅਮਾਨਤ ਅਲੀ ਦੇ ਪੁਰਖਿਆਂ ਦਾ ਨੌਸ਼ਹਿਰਾ ਢਾਲਾ

ਮੇਰਾ ਮੂੰਹ ਬੋਲਦਾ ਬੇਟਾ ਅਮਾਨਤ ਅਲੀ ਮੁਸਾਫਿਰ ਲਾਹੌਰ ਨੇੜੇ ਕਾਲਜ ਵਿਚ ਪ੍ਰੋਫੈਸਰ ਹੈ। ਉਸਦੇ ਦਾਦੇ ਪੜਦਾਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨੌਸ਼ਹਿਰਾ ਢਾਲਾ ਦੇ ਜੰਮਪਲ ਸਨ। ਉਹਦਾ ਆਪਣਾ ਜਨਮ 1967 ਵਿਚ ਬਾਬਾ ਜਲ੍ਹਣ ਦਾਸ ਦੀ ਮਾਤ ਭੂਮੀ ਪਿੰਡ ਘਣੀਏ ਕੇ ਹੋਇਆ। 1947 ਤੋਂ ਪਿਛੋਂ ਉਨ੍ਹਾਂ ਨੂੰ ਘਣੀਏ ਕੇ ਪਿੰਡ ਜ਼ਮੀਨ ਅਲਾਟ ਹੋਈ ਸੀ। ਉਸਦੇ ਮਨ ਵਿਚ ਆਪਣੇ ਅੱਬਾ ਮੁਹੰਮਦ ਹੁਸੈਨ ਤੇ ਦਾਦਾ ਜੀ ਦੇ ਮੁਖ ਤੋਂ ਸੁਣੀਆਂ ਨੌਸ਼ਹਿਰੇ ਢਾਲੇ ਦੀਆਂ ਯਾਦਾਂ ਕੱਲ ਵਾਂਗ ਤਾਜ਼ਾ ਹਨ। ਕੁਝ ਟੋਟਕੇ ਅੰਤਿਕਾ ਵਿਚ ਪੇਸ਼ ਹਨ। ਇਹ ਪਿੰਡ ਪਾਕਿਸਤਾਨ ਬਾਰਡਰ 'ਤੇ ਪੈਂਦਾ ਹੈ। ਇਸਦਾ ਬਸੀਮਾ ਬੁਰਜ ਪਿੰਡ ਨਾਲ ਲਗਦਾ ਹੈ ਜਿੱਥੇ ਗੁਰਾ ਵਜੋਂ ਜਾਣਿਆ ਜਾਂਦਾ ਮੇਰਾ ਸਾਲਾ ਵਿਆਹਿਆ ਹੋਇਆ ਸੀ। ਬੁਰਜ ਵਾਲਿਆਂ ਦੇ ਪੁਰਖੇ ਵੀ ਨੌਸ਼ਹਿਰਾ ਢਾਲਾ ਤੋਂ ਆ ਕੇ ਬੁਰਜ ਪਿੰਡ ਵੱਸੇ ਸਨ। ਅੰਤਿਕਾ ਪੜ੍ਹੋ ਤੇ ਮਾਣੋ।

**ਅੰਤਿਕਾ**

—ਅਮਾਨਤ ਅਲੀ ਮੁਸਾਫਰ—

ਬਾਪੂ ਛੱਡਿਆ ਪਿੰਡ ਨੌਸ਼ਹਿਰਾ ਮਾਤਾ ਛੱਡੇ ਚੀਮੇ
ਸੂਰ ਵਿੰਡ ਨੂੰ ਭੂਆ ਛੱਡਿਆ ਮਾਸੀ ਛੱਡੇ ਛੀਨੇ
ਤੀਰ ਜੁਦਾਈਆਂ ਦੇ ਵੱਜ ਗਏ ਵਿਚ ਸੀਨੇ
ਉਹ ਤੀਰ ਜੁਦਾਈਆਂ ਦੇ...।
ਬਾਪੂ ਜੀ ਨੂੰ ਪਿੰਡ ਨੌਸ਼ਹਿਰਾ ਮਰਨ ਤੋੜੀ ਨਾ ਭੁੱਲਿਆ
ਗੱਲਾਂ ਉਹਦੀਆਂ ਸੁਣ ਸੁਣ ਸਾਡੀ ਅੱਖੋਂ ਨੀਰ ਸੀ ਡੁੱਲਿਆ
ਪੁੱਤ ਪੰਜਾਬੀ ਦਾ ਥਾਂ ਥਾਂ ਕਿਵੇਂ ਰੁਲਿਆ
ਪੁੱਤ ਪੰਜਾਬੀ ਦਾ...।
ਦੂਰੋਂ ਵੇਖ ਨੌਸ਼ਹਿਰਾ ਬਾਪੂ ਉਂਗਲ ਦੇ ਨਾਲ ਦੱਸਦਾ
ਪਿੱਛੋਂ ਪੂਰਬ ਵਾਲੇ ਬੰਨੇ ਸਾਡਾ ਘਰ ਸੀ ਵੱਸਦਾ
ਚੰਨਣ, ਬੰਤੇ ਨੂੰ ਉਹ ਕਰ ਕਰ ਯਾਦ ਸੀ ਹੱਸਦਾ
ਚੰਨਣ ਬੀਤੇ ਨੂੰ...।
ਮਰਨ ਵੇਲੇ ਉਹ ਸਾਨੂੰ ਕਹਿੰਦਾ ਨੇੜ੍ਹੇ ਨੇੜ੍ਹੇ ਬਹਿ ਜੋ
ਚੁੱਕੋ ਮੇਰਾ ਮੰਜਾ ਮੈਨੂੰ ਪਿੰਡ ਨੌਸ਼ਹਿਰੇ ਲੈ ਜੋ
ਪੁੱਤਰੋ ਮੇਰੇ ਲਈ ਏਨਾਂ ਦੁੱਖ ਤਾਂ ਸਹਿ ਜੋ
ਪੁੱਤਰੋ ਮੇਰੇ ਲਈ...।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

# ਹੱਡੀਂ ਰਚੀਆਂ ਯਾਦਾਂ

***ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ 25 ਸਾਲ ਤੋਂ ਵੱਧ ਸਮਾਂ ਪੜ੍ਹਾਉਂਦੇ ਰਹੇ ਅਤੇ ਉਥੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਏ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਇਸ ਲੇਖ ਵਿਚ ਉਨ੍ਹਾਂ ਯਾਦਾਂ ਦਾ ਜ਼ਿਕਰ ਕੀਤਾ ਹੈ ਜਿਹੜੀਆਂ ਤਾਉਮਰ ਨਾਲ-ਨਾਲ ਚੱਲਦੀਆਂ ਹਨ, ਕਦੀ ਭੁੱਲਦੀਆਂ ਨਹੀਂ। ਇਨ੍ਹਾਂ ਅੰਦਰ ਜ਼ਿੰਦਗੀ ਦੀਆਂ ਕਰੂਰ ਹਕੀਕਤਾਂ ਦੇ ਝਲਕਾਰੇ ਵੀ ਪੈਂਦੇ ਹਨ ਅਤੇ ਉਹ ਪੱਖ ਵੀ ਸਾਹਮਣੇ ਆਉਂਦੇ ਹਨ ਜਿਨ੍ਹਾਂ ਬਾਰੇ ਆਮ ਤੌਰ 'ਤੇ ਚਰਚਾ ਨਹੀਂ ਹੁੰਦੀ ਅਤੇ ਇਉਂ ਉਹ ਅਕਸਰ ਅਣਛੋਹੇ ਤੇ ਅਣਗੌਲੇ ਰਹਿ ਜਾਂਦੇ ਹਨ।***

ਹਰ ਸ਼ਖਸ ਯਾਦਾਂ ਦਾ ਮੁਜੱਸਮਾ ਹੈ। ਕੁਝ ਭੁੱਲੀਆਂ ਵਿਸਰੀਆਂ ਹਨ ਤੇ ਕੁਝ ਧੁੰਦਲੀਆਂ, ਕੋਸ਼ਿਸ਼ ਕਰਨ ਨਾਲ ਯਾਦ ਆ ਜਾਂਦੀਆਂ ਹਨ। ਕੁਝ ਹੱਡਾਂ ਵਿਚ ਇਸ ਤਰ੍ਹਾਂ ਰਚ ਜਾਂਦੀਆਂ ਹਨ ਕਿ ਭੁਲਾਇਆਂ ਵੀ ਨਹੀਂ ਭੁਲਦੀਆਂ ਅਤੇ ਮਰਦੇ ਦਮ ਤੱਕ ਤੁਹਾਡੇ ਨਾਲ ਰਹਿੰਦੀਆਂ ਹਨ। ਜ਼ਰੂਰੀ ਨਹੀਂ ਕਿ ਇਹ ਹੱਡ ਬੀਤੀਆਂ ਘਟਨਾਵਾਂ ਹੋਣ, ਕਈ ਵਾਰ ਕੋਈ ਸ਼ੇਅਰ, ਕੋਈ ਕਵਿਤਾ, ਕੋਈ ਕਲਪਨਾਤਮਕ ਜਾਂ ਸੱਚੀ-ਮੁੱਚੀ ਦੀ ਤਸਵੀਰ ਅਤੇ ਬਹੁਤ ਵਾਰ ਕਿਸੇ ਸਿਆਣੇ ਪੁਰਸ਼ ਜਾਂ ਬਹੁਤ ਉੱਚੇ ਵਿਦਵਾਨ ਦੀ ਕਹੀ ਗੱਲ ਸਾਡੇ ਹੱਡੀਂ ਰਚੀ ਯਾਦ ਬਣ ਜਾਂਦੀ ਹੈ।



ਮੈਂ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਚੌਥੀ ਜਮਾਤ ਤਕ ਵਿਦਿਆ ਪ੍ਰਾਪਤ ਕੀਤੀ ਹੈ। ਪੰਡਤ ਬੀਹੂ ਰਾਮ ਜੀ ਚਾਰਾਂ ਜਮਾਤਾਂ ਨੂੰ ਇਕੱਲੇ ਹੀ ਪੜ੍ਹਾਉਂਦੇ ਸਨ। ਉਰਦੂ ਵਿਚ ਲਫ਼ਜ਼ ਉਚਾਰਨ ਲਈ ਉਹ

**ਪ੍ਰੋਫੈਸਰ ਬ੍ਰਿਜਿੰਦਰ ਸਿੰਘ ਸਿੱਧੂ**
**ਸੇਵਾ ਮੁਕਤ ਪ੍ਰਿੰਸੀਪਲ**
**ਫੋਨ: 925-683-1982**

ਕਹਿੰਦੇ ਹੁੰਦੇ ਸਨ 'ਖੇ ਪੇਸ਼ ਬਮ ਦੂ ਲਾ ਸਿਨਮਾ ਕੁਸ਼' ਖੁਸ਼। ਇਹ ਉਚਾਰਨ ਇਸੇ ਤਰ੍ਹਾਂ ਹੈ ਜਿਵੇਂ ਸੰਸਾਰ ਨੂੰ ਪੰਜਾਬੀ ਵਿਚ ਇਸ ਤਰ੍ਹਾਂ ਉਚਾਰਿਆ ਜਾਂਦਾ ਹੈ- ਸੱਸੇ ਉੱਤੇ ਟਿੱਪੀ, ਸੱਸੇ ਨੂੰ ਕੰਨਾ, ਰਾਰਾ ਮੁਕਤਾ, ਸੰਸਾਰ। ਉਰਦੂ ਜ਼ੁਬਾਂ ਕੁਝ ਔਖੀ ਹੈ, ਇਸੇ ਕਰਕੇ ਦਾਗ ਸਾਹਿਬ ਨੇ ਕਿਹਾ ਹੈ:

ਨਹੀਂ ਖੇਲ ਐ 'ਦਾਗ' ਯਾਰੋਂ ਸੇ ਕਹਿ ਦੋ
ਕਿ ਆਤੀ ਹੈ ਉਰਦੂ ਜ਼ਬਾਂ ਆਤੇ ਆਤੇ।

ਇਸ ਔਖਿਆਈ ਦੇ ਬਾਵਜੂਦ ਖ਼ੁਸ਼ ਲਫ਼ਜ਼ ਦਾ ਉਚਾਰਨ ਮੇਰੀ ਹੱਡੀਂ ਰਚੀ ਯਾਦ ਹੈ।

ਪੰਜਵੀਂ ਤੋਂ ਦਸਵੀਂ ਜਮਾਤ ਤੱਕ ਸਰਕਾਰੀ ਹਾਈ ਸਕੂਲ ਮੰਡੀ ਫੂਲ ਤੋਂ ਪੜ੍ਹਿਆ ਹਾਂ। ਬਹੁਤ ਲਾਇਕ ਤਾਂ ਨਹੀਂ ਸੀ ਪਰ ਕੁਝ ਚੰਗੇ ਵਿਦਿਆਰਥੀਆਂ ਵਿਚ ਸ਼ੁਮਾਰ ਸੀ। ਕੋਈ ਘਟਨਾ ਦਿਲ ਖਿੱਚਵੀਂ ਨਹੀਂ ਵਾਪਰੀ, ਸਿਵਾਇ ਇਕ ਤੋਂ। ਉਹ ਅੱਜ ਵੀ ਦਿਲ ਵਿਚ ਵਸੀ ਹੋਈ ਹੈ। ਲਗਭਗ ਸਾਰੇ ਹੀ ਅਧਿਆਪਕ ਚੰਗੇ ਸਨ ਸਿਵਾਇ ਇਕ ਤੋਂ। ਉਹ ਅੱਜ ਵੀ ਯਾਦ ਹੈ। ਉਸ ਦਾ ਰੰਗ ਪੁੱਠੇ ਤਵੇ ਵਰਗਾ ਸੀ, ਰਹਿੰਦੀ-ਖੂੰਹਦੀ ਕਸਰ ਮਾਤਾ ਦੇ ਡੂੰਘੇ ਦਾਗਾਂ ਨੇ ਪੂਰੀ ਕਰ ਦਿੱਤੀ ਸੀ। ਸ਼ਾਇਦ ਉਸ ਅੰਦਰ ਚਿਹਰੇ ਦੀ ਹੀਣ ਭਾਵਨਾ ਨੇ ਪਿੰਡਾਂ ਦੇ ਮੁੰਡਿਆਂ ਨੂੰ ਬੁਰੀ ਤਰ੍ਹਾਂ ਕੁੱਟਣ ਲਈ ਉਤਸ਼ਾਹਤ ਕਰ ਦਿੱਤਾ ਸੀ। ਬਦਕਿਸਮਤੀ ਨਾਲ ਇਕ ਦਿਨ ਮੈਂ ਉਸ ਦਾ ਸ਼ਿਕਾਰ ਬਣ ਗਿਆ। ਅਜੀਬ ਇਤਫ਼ਾਕ।

ਪੰਜਵੀਂ ਜਮਾਤ ਵਿਚ ਇਕ ਮਜ਼ਮੂਨ ਉਸ ਨੇ ਘਰ ਤੋਂ ਲਿਖ ਕੇ ਲਿਆਉਣ ਲਈ ਕਿਹਾ। ਦੂਜੇ ਮੁੰਡਿਆਂ ਵਾਂਗ ਮੈਂ ਵੀ ਲਿਖ ਲਿਆਇਆ। ਹੋਰਾਂ ਦੇ ਕਹੇ ਕਹਾਏ ਭੋਲੇਪਨ ਵਿਚ ਮਾਸਟਰ ਜੀ ਦੇ ਸਾਈਨ ਵੀ ਅਖੀਰ ਵਿਚ ਆਪ ਹੀ ਕਰ ਦਿੱਤੇ। ਇਹ ਦੇਖ ਕੇ ਕਾਲੇ ਮਾਸਟਰ ਜੀ ਲਾਲ ਪੀਲੇ ਹੋ ਗਏ।

ਡੰਡਿਆਂ ਨਾਲ ਕੁੱਟਣ ਵਾਲੀ ਸਜ਼ਾ ਦਿਵਾਉਣ ਲਈ ਮੈਨੂੰ ਹੈੱਡਮਾਸਟਰ ਦੇ ਕਮਰੇ ਵਿਚ ਲੈ ਗਏ। ਹੈੱਡਮਾਸਟਰ ਸਾਹਿਬ ਪੰਜਵੀਂ ਦੇ ਮੇਰੇ ਸੈਕਸ਼ਨ ਨੂੰ ਅੰਗਰੇਜ਼ੀ ਪੜ੍ਹਾਉਂਦੇ ਸਨ। ਕੁਝ ਦੇਰ ਪਹਿਲਾਂ ਹੀ ਅੰਗਰੇਜ਼ੀ ਦੇ ਟੈਸਟ ਵਿਚ ਮੈਂ ਸਾਰੇ ਸੈਕਸ਼ਨਾਂ ਵਿਚੋਂ ਫਸਟ ਆਇਆ ਸਾਂ। ਹੈੱਡਮਾਸਟਰ ਸਾਹਿਬ ਮੈਨੂੰ ਦੇਖ ਕੇ ਕਹਿਣ ਲੱਗੇ,"ਚੰਗੇ ਬੱਚੇ, ਇਸ ਤਰ੍ਹਾਂ ਸਾਈਨ ਨਹੀਂ ਕਰੀਦੇ।"... ਤੇ ਕਾਲੇ ਮਾਸਟਰ ਜੀ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਉਹਦਾ ਚਾਅ ਰੋਂਦਾ ਰਹਿ ਗਿਆ। ਮੈਨੂੰ ਬਾਹੋਂ ਫੜ ਕੇ ਕਲਾਸ ਵਿਚ ਲੈ ਆਏ ਅਤੇ ਮੇਰੀ ਪਿੱਠ ਉਪਰ ਮੁੱਕੀਆਂ ਦੀ ਝੜੀ ਲਾ ਦਿੱਤੀ। ਮੈਂ ਰੋਂਦਾ ਰਿਹਾ, ਮੁੰਡੇ ਮੁੱਕੀਆਂ ਗਿਣਦੇ ਰਹੇ। ਨਤੀਜੇ ਵਜੋਂ ਮੇਰੀ ਪਿੱਠ ਉਪਰ ਗਮੋੜੀ ਨੇ ਪੱਕਾ ਅੱਡਾ ਲਾ ਲਿਆ। ਐਤਵਾਰ ਦੇ ਦਿਨ ਕੇਸੀ ਨਹਾਉਣ ਵੇਲੇ ਮਾਤਾ ਗਮੋੜੀ ਦੇਖ ਕੇ ਬਹੁਤ ਉਦਾਸ ਹੋਏ ਪਰ ਪਿਤਾ ਜੀ ਨੂੰ ਆਖਰੀ ਦਮ ਤੱਕ ਕਦੇ ਨਹੀਂ ਦੱਸਿਆ। ਜੇ ਦੱਸ ਦਿੰਦਾ, ਗੱਲ ਵਿਗੜ ਜਾਣੀ ਸੀ।

ਚਾਰ ਕੁ ਸਾਲ ਪਹਿਲਾਂ ਕੈਲੀਫੋਰਨੀਆ ਦੇ ਇਕ ਸਰਜਨ ਨੇ ਉਸ ਗਮੋੜੀ ਤੋਂ ਮੈਨੂੰ ਸੁਰਖਰੂ ਕਰ ਦਿੱਤਾ। ਉਸ ਪਿੱਛੋਂ ਮੈਨੂੰ ਚੰਡੀਗੜ੍ਹ ਜਾਣ ਦਾ ਮੌਕਾ ਮਿਲਿਆ। ਚਾਂਸ ਨਾਲ ਮੇਰਾ ਉਸ ਵੇਲੇ ਦਾ ਹਮ-ਜਮਾਤੀ ਰੋਸ਼ਨ ਲਾਲ ਮੈਨੂੰ ਮਿਲਣ ਆ ਗਿਆ। ਉਸ ਨੇ ਦੱਸਿਆ- ਉਹ ਕਾਲਾ ਕੱਦੂ ਚਲ ਵਸਿਆ। ਮੈਂ ਕਿਹਾ- ਮੇਰੀ ਵੀ ਗਮੋੜੀ ਚੱਲ ਵਸੀ, ਫਿਰ ਵੀ ਯਾਦ ਬਾਕੀ ਹੈ।

ਕੁੱਟ ਦੀ ਇਹ ਘਟਨਾ ਅਠੱਤਰ ਵਰ੍ਹੇ ਪਹਿਲਾਂ ਵਾਪਰੀ ਸੀ, ਅੱਜ ਵੀ ਅਖ਼ਬਾਰਾਂ ਵਿਚ ਕੁਝ ਸਕੂਲਾਂ ਵਿਚ ਇਸ ਤੋਂ ਵੀ ਦਰਦਨਾਕ ਘਟਨਾਵਾਂ ਪੜ੍ਹ ਕੇ ਮਨ ਨੂੰ ਬਹੁਤ ਦੁੱਖ ਹੁੰਦਾ ਹੈ। ਇਕ ਦੋ ਥਾਵਾਂ 'ਤੇ ਤਾਂ ਬੱਚੇ ਅਪਾਹਜ ਵੀ ਹੋ ਗਏ ਸੁਣੇ ਹਨ। ਇਹ ਕਿਹੋ ਜਿਹੇ ਅਧਿਆਪਕ ਹਨ? ਇਨ੍ਹਾਂ ਲਈ ਇਹ ਧੰਦਾ ਪਰਉਪਕਾਰ ਦਾ ਨਹੀਂ, ਅੱਤਿਆਚਾਰ ਦਾ ਹੈ।

ਦਸਵੀਂ ਪਿੱਛੋਂ ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਬੜੀਆਂ ਦਿਲਚਸਪ ਨਿੱਕੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਪਰ ਹੱਡੀਂ ਰਚੀ ਕੋਈ ਯਾਦ ਇਸ ਵੇਲੇ ਧਿਆਨ ਵਿਚ ਨਹੀਂ ਆ ਰਹੀ। 1956 ਵਿਚ ਫਿਜ਼ਿਕਸ ਵਿਚ ਐਮ.ਐਸ.ਸੀ. ਅਲੀਗੜ੍ਹ ਯੂਨੀਵਰਸਿਟੀ ਤੋਂ ਪਾਸ ਕੀਤੀ ਅਤੇ ਬਗੈਰ ਅਰਜ਼ੀ ਦਿੱਤੇ ਹੀ ਐਸ.ਡੀ. ਕਾਲਜ ਬਰਨਾਲਾ ਵਿਚ ਬਤੌਰ ਲੈਕਚਰਾਰ ਸੇਵਾ ਨਿਭਾਉਣੀ ਸ਼ੁਰੂ ਕਰ ਦਿੱਤੀ। ਕਾਲਜ ਨਵਾਂ-ਨਵਾਂ ਹੀ ਖੁੱਲ੍ਹਿਆ ਸੀ। ਕੰਮ ਚਲਾਊ ਪ੍ਰਿੰਸੀਪਲ ਨੇ ਮੈਨੂੰ ਐਫ.ਐਸ.ਸੀ. ਵੇਲੇ ਮਹਿੰਦਰਾ ਕਾਲਜ ਪਟਿਆਲਾਂ ਵਿਚ ਅੰਗਰੇਜ਼ੀ ਪੜ੍ਹਾਈ ਸੀ। ਇਸੇ ਕਰਕੇ ਅਰਜ਼ੀ ਦੇਣ ਦੀ ਲੋੜ ਹੀ ਨਾ ਪਈ।


ਕੁਝ ਦੇਰ ਪਿੱਛੋਂ ਪੈਪਸੂ ਸਰਕਾਰ ਦੇ ਪਬਲਿਕ ਸਰਵਿਸ ਕਮਿਸ਼ਨ ਵਲੋਂ ਸਰਕਾਰੀ ਕਾਲਜਾਂ ਲਈ ਫਿਜ਼ਿਕਸ ਦੀ ਇਕ ਅਸਾਮੀ ਟ੍ਰਿਬਿਊਨ ਵਿਚ ਪ੍ਰਕਾਸ਼ਤ ਹੋਈ। ਮੈਂ ਵੀ ਫਾਰਮ ਮੰਗਵਾ ਕੇ ਅਰਜ਼ੀ ਭੇਜ ਦਿੱਤੀ। ਅਚਾਨਕ ਹੀ ਸਾਡੇ ਦੂਰ ਦੇ ਇਕ ਰਿਸ਼ਤੇਦਾਰ ਨਾਲ ਟਾਕਰਾ ਹੋ ਗਿਆ। ਗੱਲਾਂ-ਗੱਲਾਂ ਵਿਚ ਹੀ ਉਹ ਕਹਿਣ ਲੱਗਾ,"ਕਾਕਾ, ਪਬਲਿਕ ਸਰਵਿਸ ਕਮਿਸ਼ਨ ਦਾ ਮੁਖੀ ਮੇਰਾ ਵਕੀਲ ਰਿਹਾ ਹੈ, ਉਸ ਨਾਲ ਮੇਰੀ ਬਹੁਤ ਨੇੜਤਾ ਹੈ। ਸਵੇਰੇ ਮੇਰੇ ਨਾਲ ਪਟਿਆਲੇ ਚੱਲ, ਮੈਂ ਤੇਰੀ ਡਟ ਕੇ ਸਿਫ਼ਾਰਸ਼ ਕਰਾਂਗਾ।" ਬੜੇ ਚਾਅ ਨਾਲ ਮੈਂ ਅਗਲੇ ਦਿਨ ਉਸ ਨਾਲ ਵੱਡੇ ਸਾਹਿਬ ਦੀ ਕੋਠੀ ਪਹੁੰਚ ਗਿਆ। ਸਾਹਿਬ ਦੇ ਸੇਵਾਦਾਰ ਨੇ ਸਾਨੂੰ ਦਲਾਨ ਵਿਚ ਹੀ ਬੈਠਣ ਲਈ ਕਿਹਾ। ਕੁਝ ਦੇਰ ਪਿਛੋਂ ਵੱਡੇ ਸਾਹਿਬ ਬਾਹਰ ਨਿਕਲੇ ਅਤੇ ਮੈਨੂੰ ਰੁੱਖੇ ਜਿਹੇ ਅੰਦਾਜ਼ ਵਿਚ ਕਹਿਣ ਲੱਗੇ,"ਤੂੰ ਫਾਰਮ ਵਿਚ ਲਿਖਿਆ ਇਹ ਨਹੀਂ ਪੜ੍ਹਿਆ ਕਿ ਇਸ ਤਰ੍ਹਾਂ ਦੀ ਹਰਕਤ ਤੈਨੂੰ ਡਿਸਕੁਆਲੀਫਾਈ ਕਰ ਦੇਵੇਗੀ।" ਮੈਂ ਕਿਹਾ,"ਹਜ਼ੂਰ, ਮੈਂ ਤਾਂ ਪੜ੍ਹਿਆ ਸੀ ਪਰ ਇਹ ਮੇਰਾ ਰਿਸ਼ਤੇਦਾਰ ਬਹੁਤ ਜ਼ੋਰ ਨਾਲ ਮੈਨੂੰ ਲੈ ਆਇਆ।" ਨਿੱਕਾ ਜਿਹਾ ਮੂੰਹ ਲੈ ਕੇ ਮੈਂ ਵਾਪਸ ਆ ਗਿਆ। ਥੋੜ੍ਹੇ ਦਿਨਾਂ ਬਾਅਦ ਮੈਨੂੰ ਚਿੱਠੀ ਆ ਗਈ ਕਿ ਤੁਹਾਨੂੰ ਇੰਟਰਵਿਊ ਵਾਸਤੇ ਵੀ ਬੁਲਾਇਆ ਨਹੀਂ ਜਾ ਸਕਦਾ ਹਾਲਾਂਕਿ ਮੇਰੇ ਚੰਗੇ ਨੰਬਰਾਂ ਅਨੁਸਾਰ ਪਬਲਿਕ ਸਰਵਿਸ ਕਮਿਸ਼ਨ ਦਾ ਮੈਨੂੰ ਇੰਟਰਵਿਊ ਲਈ ਬਲਾਉਣਾ ਕਾਨੂੰਨੀ ਫਰਜ਼ ਸੀ। ਮੈਨੂੰ ਚੁਣਨਾ ਜਾਂ ਨਾ ਚੁਣਨਾ ਕਮਿਸ਼ਨ ਦਾ ਅਧਿਕਾਰ ਸੀ। ਇਹ ਘਟਨਾ ਮੇਰੀ ਦੂਜੀ ਹੱਡੀਂ ਰਚੀ ਯਾਦ ਹੈ!

ਸਿਫਾਰਸ਼ ਹੋਵੇ ਗਹਿ ਗੱਡਵੀਂ, ਫਿਰ ਮੌਜਾਂ ਹੀ ਮੌਜਾਂ। ਮਾਮੂਲੀ ਸਿਫ਼ਾਰਸ਼ ਨਾਲ ਧੱਕੇ ਹੀ ਧੱਕੇ। ਕਈ ਨਿੱਕੀ ਮੋਟੀ ਸਿਫ਼ਾਰਸ਼ ਵਾਲਿਆਂ ਨੂੰ ਕੁਰਬਾਨੀ ਦਾ ਬੱਕਰਾ ਵੀ ਬਣਾਇਆ ਜਾਂਦਾ ਹੈ। ਉਸ ਨੂੰ ਸਜ਼ਾ ਦੇ ਕੇ ਆਪਣੀ ਇਮਾਨਦਾਰੀ ਜ਼ਾਹਿਰ ਕੀਤੀ ਜਾਂਦੀ ਹੈ। ਇਕ ਬਹੁਤ ਹੀ ਨਿੱਗਰ ਸਿਫ਼ਾਰਿਸ਼ ਵਾਲੇ ਬੰਦੇ ਨੂੰ ਐਸਾ ਠੋਕ ਕੇ ਚੁਣਿਆ ਕਿ ਸਰਕਾਰ ਦਾ ਇਕ ਕਾਰਿੰਦਾ ਉਸ ਸ਼ਖਸ ਦਾ ਨਿਯੁਕਤੀ ਪੱਤਰ ਲੈ ਕੇ ਉਸ ਦੇ ਘਰ ਦੇ ਗਿਆ। ਇਹ ਦਸਤੂਰ ਬੜੀ ਸ਼ਿੱਦਤ ਨਾਲ ਕਾਇਮ ਹੈ!

ਨਵੰਬਰ 1956 ਵਿਚ ਪੈਪਸੂ ਪੰਜਾਬ ਵਿਚ ਮਿਲ ਗਿਆ। ਦੋ ਕੁ ਸਾਲ ਪਿੱਛੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਫਿਜ਼ਿਕਸ ਦੇ ਲੈਕਚਰਾਰ ਦੀਆਂ ਕੁਝ ਅਸਾਮੀਆਂ ਟ੍ਰਿਬਿਊਨ ਵਿਚ ਪ੍ਰਕਾਸ਼ਤ ਹੋਈਆਂ। ਮੈਂ ਅਰਜ਼ੀ ਭੇਜ ਦਿੱਤੀ। ਇੰਟਰਵਿਊ ਹੋਈ, ਚੰਗੇ ਭਾਗੀਂ ਬਿਨਾ ਸਿਫ਼ਾਰਸ ਚੁਣਿਆ ਗਿਆ। ਵੈਸੇ ਉਨ੍ਹਾਂ ਦਿਨਾਂ ਵਿਚ ਫਿਜ਼ਿਕਸ ਦੇ ਐਮ.ਐਸ.ਸੀ. ਥੋੜ੍ਹੇ ਹੀ ਸਨ।

ਪੰਜਾਬ ਸਰਕਾਰ ਵਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਚ ਸੇਵਾ ਕਰਨ ਦਾ ਆਰਡਰ ਮਿਲ ਗਿਆ।

ਤਬੀਅਤ ਵਲੋਂ ਮੈਂ ਕੁਝ ਆਲਸੀ ਹਾਂ। ਫਿਰ ਵੀ ਵਿਹਲੇ ਸਮੇਂ ਕੁਝ ਚੰਗੀਆਂ ਅੰਗਰੇਜ਼ੀ ਅਤੇ



ਪੰਜਾਬੀ ਕਿਤਾਬਾਂ ਪੜ੍ਹ ਲੈਂਦਾ ਹਾਂ। ਪੰਜਾਬੀ ਦੇ ਇਕ ਰਸਾਲੇ ਵਿਚ ਇਕ ਕਹਾਣੀ ਪੜ੍ਹੀ ਜਿਸ ਦਾ ਸਾਰ ਅੰਸ਼ ਮੇਰੇ ਹੱਡੀਂ ਰਚੀ ਯਾਦ ਦਾ ਮਹੱਤਵਪੂਰਨ ਅੰਗ ਬਣ ਗਿਆ। ਇਹ ਸਿੱਧੀ ਸਾਦੀ ਕਹਾਣੀ ਸ਼ਾਇਦ ਹਿੰਦੀ ਵਿਚ ਛਪੀ ਕਹਾਣੀ ਦਾ ਅਨੁਵਾਦ ਸੀ। ਇਸ ਦਾ ਸਿਰਲੇਖ 'ਉਤਾਰ' ਸੀ।

ਸਾਧਾਰਨ ਪਰਿਵਾਰ ਵਿਚ ਦੋ ਧੀਆਂ ਹਨ। ਜਦੋਂ ਵੱਡੀ ਦੇ ਕੱਪੜੇ ਤੰਗ ਹੋ ਜਾਂਦੇ, ਉਹ ਛੋਟੀ ਨੂੰ ਦੇ ਦਿੰਦੇ ਹਨ। ਇਸੇ ਤਰ੍ਹਾਂ ਕਫਾਇਤ ਨਾਲ ਬੱਚੀਆਂ ਦਾ ਪਾਲਣ ਪੋਸ਼ਣ ਗੁਜ਼ਰਦਾ ਹੈ। ਮੁਟਿਆਰ ਹੋਏ ਤੋਂ ਵੱਡੀ ਦਾ ਵਿਆਹ ਇਕ ਸ਼ਰੀਫ਼ ਲੜਕੇ ਨਾਲ ਕਰ ਦਿੱਤਾ ਜਾਂਦਾ ਹੈ। ਕੁਦਰਤ ਦਾ ਭਾਣਾ, ਥੋੜ੍ਹੇ ਸਮੇਂ ਪਿਛੋਂ ਹੀ ਵੱਡੀ ਦਾ ਦੇਹਾਂਤ ਹੋ ਜਾਂਦਾ ਹੈ।

ਕੁਝ ਦਿਨਾਂ ਦੇ ਅਫ਼ਸੋਸ ਪਿੱਛੋਂ ਸਾਰੇ ਰਿਸ਼ਤੇਦਾਰਾਂ ਨੇ ਮਸ਼ਵਰਾ ਦਿੱਤਾ ਕਿ ਛੋਟੀ ਦਾ ਰਿਸ਼ਤਾ ਉਸ ਸ਼ਰੀਫ਼ ਜਵਾਈ ਨਾਲ ਕਰ ਦਿੱਤਾ ਜਾਵੇ। ਮਾਂ-ਬਾਪ ਨੂੰ ਵੀ ਇਹ ਗੱਲ ਠੀਕ ਲੱਗੀ ਪਰ ਛੋਟੀ ਧੀ ਬਹੁਤ ਉਦਾਸ ਅਤੇ ਰੋਣ ਹਾਕੀ ਹੋ ਗਈ। ਮਾਂ ਨੇ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੀ, "ਮਾਂ ਮੈਂ ਸਾਰੀ ਉਮਰ ਵੱਡੀ ਭੈਣ ਦਾ ਉਤਾਰ ਹੀ ਪਹਿਨਦੀ ਰਹੀ ਹਾਂ। ਹੁਣ ਅਖੀਰ ਵੇਲੇ ਦਾ ਉਤਾਰ (ਜੀਜਾ ਜੀ ਦਾ ਜਿਸਮ) ਮੈਨੂੰ ਦੇ ਰਹੇ ਹੋ। ਮੈਨੂੰ ਇਹ ਮਨਜ਼ੂਰ ਨਹੀਂ।" ਉਸ ਲੜਕੀ ਦੀ ਮਾਸੂਮੀਅਤ ਨਾਲ ਭਿੱਜੀ ਹੋਈ ਕਲਪਨਿਕ ਤਸਵੀਰ ਮੇਰੀ ਹੱਡੀਂ ਰਚੀ ਯਾਦ ਬਣ ਗਈ ਹੈ। ਮੈਂ ਜਦੋਂ ਵੀ ਕਿਸੇ ਦਹਾਜੂ ਜਾਂ ਤਲਾਕਸ਼ੁਦਾ ਵਿਅਕਤੀਆਂ ਦੇ ਵਿਆਹ ਸ਼ਾਦੀਆਂ ਵਿਚ ਜਾਂਦਾ ਹਾਂ, ਇਹ ਤਸਵੀਰ ਮੇਰੀਆਂ ਅੱਖਾਂ ਅੱਗੇ ਆ ਜਾਂਦੀ ਹੈ। ਪਤੀ ਪਤਨੀ ਵਿਚ ਕਿਸੇ ਦੀ ਵੀ ਮੌਤ ਪਿੱਛੋਂ ਦੂਜਾ ਵਿਆਹ ਕਰਵਾਉਣਾ ਬੁਰਾ ਨਹੀਂ, ਨਾ ਹੀ ਇਸ ਦੀ ਮਨਾਹੀ ਹੈ, ਨਾ ਹੀ ਕੋਈ ਕੋਤਾਹੀ ਹੈ ਅਤੇ ਨਾ ਹੀ ਕਾਨੂੰਨੀ ਤੇ ਇਖਲਾਕੀ ਤੌਰ 'ਤੇ ਬੇਵਫ਼ਾਈ ਹੈ। ਫਿਰ ਵੀ ਹੱਡੀਂ ਰਚੀ ਤਸਵੀਰ ਨੂੰ ਭੁਲਾਉਣਾ ਮੇਰੇ ਲਈ ਬਹੁਤ ਵੱਡੀ ਔਖਿਆਈ ਹੈ। ਜਦੋਂ ਵੀ ਮੈਂ ਸਮਾਗਮਾਂ ਵਿਚ ਕੁਝ ਜੋੜਿਆਂ ਨੂੰ ਦੇਖਦਾ ਹਾਂ, ਸਹਿਜੇ ਹੀ ਉਨ੍ਹਾਂ ਦੇ ਉਤਾਰ ਰਚੇ ਪਹਿਰਾਵੇ ਦੀਆਂ ਨਿਸ਼ਾਨੀਆਂ ਨਜ਼ਰ ਆ ਜਾਂਦੀਆਂ ਹਨ।

ਅਗਲਾ ਬਹੁਤ ਦਿਲਚਸਪ ਅਤੇ ਮਸ਼ਹੂਰ, ਸ਼ੇਕਸਪੀਅਰ ਵੱਲੋਂ ਹੈਮਲਟ ਦੀ ਜ਼ਬਾਨ ਤੋਂ ਕਹਾਇਆ 'ਫਰੇਇਲਟੀ, ਦਾਈ ਨੇਮ ਇਜ਼ ਵਿਮੈਨ' (frailty, thy name is woman) ਅਖਾਣ ਮੇਰੇ ਹੱਡਾਂ ਵਿਚ ਵਿਚ ਰਚ ਗਿਆ ਹੈ।

ਇਸਤਰੀ ਜਾਤੀ ਦਾ ਮੈਂ ਬਚਪਨ ਤੋਂ ਹੀ ਸਲਾਹੂ ਹਾਂ। ਮੇਰੀ ਮਾਤਾ, ਮੇਰੀਆਂ ਦੋ ਵੱਡੀਆਂ ਭੈਣਾਂ, ਮੇਰੀ ਵੱਡੀ ਭਾਬੀ ਅਤੇ ਮੇਰੀ ਪਤਨੀ, ਸਭ ਵਡਿਆਈ ਦੇ ਹੱਕਦਾਰ ਹਨ। ਕਾਲਜ ਵਿਚ ਵੀ ਮੇਰੀਆਂ ਸਹਿ-ਕਰਮੀਆਂ ਵਿਚ ਕਦੀ ਛਲ-ਫਰੇਬ ਨਜ਼ਰ ਨਹੀਂ ਆਏ। ਮੈਂ ਸਭ ਦਾ ਆਦਰ ਕਰਦਾ ਹਾਂ।

ਅਚਨਚੇਤ ਵਰਤੀ ਬਹੁਤ ਸਾਲ ਪਹਿਲਾਂ ਦੀ ਸਾਧਾਰਨ ਜਿਹੀ ਘਟਨਾ ਨੇ ਮੈਨੂੰ ਸ਼ੇਕਸਪੀਅਰ ਦੇ ਕਥਨ ਦਾ ਮੁਰੀਦ ਬਣਾ ਦਿੱਤਾ।

ਮੈਂ ਅਤੇ ਮੇਰੀ ਪਤਨੀ ਮੇਰੇ ਵੱਡੇ ਸਾਢੂ ਦੇ ਘਰ ਮਿਲਣ ਚਲੇ ਗਏ। ਮਾਸੀ ਜੀ (ਸਾਢੂ ਦੇ ਮਾਤਾ) ਭਲੀ ਬੀਬੀ ਸਨ। ਸ਼ਾਮ ਵੇਲੇ ਉਨ੍ਹਾਂ ਨੇ ਸਾਡੇ ਨਾਲ ਬਹੁਤ ਚੰਗੀਆਂ ਗੱਲਾਂ ਕੀਤੀਆਂ। ਮੇਰੇ ਕੋਲੋਂ ਉਹ ਪੈਂਤੀ ਕੁ ਸਾਲ ਵੱਡੇ ਸਨ। ਸਵੇਰੇ ਮੈਂ ਸਹਿਜ ਸੁਭਾਅ ਉਨ੍ਹਾਂ ਦੀ ਸਿਹਤ ਦਾ ਖਿਆਲ ਕਰਦਿਆਂ ਪੁੱਛ ਬੈਠਾ, "ਮਾਸੀ ਜੀ, ਤੁਹਾਡਾ ਕੀ ਹਾਲ ਐ?" ਉਨ੍ਹਾਂ ਦਾ ਜਵਾਬ ਸੁਣ ਕੇ ਮੇਰੇ ਪੈਰਾਂ ਥੱਲਿਓਂ ਜ਼ਮੀਨ ਹਿੱਲ ਗਈ, ਉਹ ਕਹਿੰਦੇ, "ਤੈਨੂੰ ਮੈਂ ਸੋਲਾਂ ਸਾਲ ਦੀ ਲੜਕੀ ਨਜ਼ਰ ਆਉਂਦੀ ਹਾਂ, ਮੇਰਾ ਹਾਲ ਪੁੱਛਦੈਂ।" ਮੈਂ ਹੱਕਾ-ਬੱਕਾ ਰਹਿ ਗਿਆ। ਉਸ ਦਿਨ ਤੋਂ ਅੱਜ ਤੱਕ ਮੇਰੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਕਿਸੇ ਵੀ ਇਸਤਰੀ ਨਾਲ ਗੱਲ ਬਹੁਤ ਸੰਕੋਚ ਨਾਲ ਕਰਦਾ ਹਾਂ। ਹੈਮਲਟ ਡਰਾਮੇ ਵਿਚ ਹੈਮਲਟ ਦੀ ਮਾਂ ਆਪਣੇ ਪਤੀ ਦੇ ਦੇਹਾਂਤ ਪਿੱਛੋਂ ਆਪਣੇ ਦਿਉਰ ਨਾਲ ਵਿਆਹ ਰਚਾ ਲੈਂਦੀ ਹੈ। ਉਸ ਨੇ ਕਾਹਲ ਤਾਂ ਜ਼ਰੂਰ ਕੀਤੀ ਪਰ ਕੋਈ ਬੁਰੀ ਗੱਲ ਨਹੀਂ ਕੀਤੀ, ਫਿਰ ਵੀ ਹੈਮਲਟ ਨੂੰ ਇਹ ਚੰਗਾ ਨਾ ਲੱਗਿਆ ਅਤੇ ਉਸ ਨੇ ਇਹ ਸ਼ਬਦ ਕਹਿ ਦਿੱਤੇ। ਸਾਧਾਰਨ ਪਾਠਕ 'ਫਰੇਇਲਟੀ' ਨੂੰ ਬੇਵਫਾਈ ਦੇ ਨੇੜੇ ਦਾ ਸ਼ਬਦ ਸਮਝਦਾ ਹੈ ਪਰ ਮੇਰੀ ਉਸ ਵੇਲੇ ਦੀ ਨਿਆਣੀ ਸੂਝ ਨੂੰ ਇਸ ਸ਼ਬਦ ਦਾ ਅਰਥ ਕੁਝ ਉਦਾਹਰਨਾਂ ਨਾਲ ਜੁੜਿਆ ਲਗਦਾ ਹੈ।

ਕਾਲਜ ਅਧਿਆਪਕ ਵਜੋਂ ਮੈਂ ਨੋਟ ਕੀਤਾ ਹੈ ਕਿ ਲੜਕੀਆਂ ਕੁਝ ਨੰਬਰਾਂ ਖਾਤਰ ਪ੍ਰੋਫੈਸਰਾਂ ਦੀ ਕਾਫ਼ੀ ਖੁਸ਼ਾਮਦ ਕਰ ਲੈਂਦੀਆਂ ਹਨ। ਥੋੜ੍ਹੀ ਬਹੁਤ ਝੂਠੀ ਤਾਰੀਫ਼ ਵੀ ਕਰ ਦਿੰਦੀਆਂ ਹਨ। ਬਾਅਦ ਵਿਚ ਇਕੱਠੀਆਂ ਹੋ ਕੇ ਅਧਿਆਪਕਾਂ ਦੇ ਕਈ ਭੱਦੇ ਅਤੇ ਪੁੱਠੇ ਸਿੱਧੇ ਨਾਮ ਰੱਖ ਲੈਂਦੀਆਂ ਹਨ। ਇਸ ਫ਼ਿਤਰਤ ਨੂੰ ਕਿਸ ਸ਼ਬਦ ਨਾਲ ਪੁਕਾਰੀਏ?

ਸਕੂਲਾਂ ਵਿਚ ਹਰ ਸਾਲ ਬੱਚਿਆਂ ਨੂੰ ਘੁਮਾਉਣ ਲਈ ਦੂਰ-ਦੁਰਾਡੇ ਵੀ ਲਿਜਾਣਾ ਹੁੰਦਾ ਹੈ। ਇਸਤਰੀ ਅਧਿਆਪਕ ਜਾਣ ਵੇਲੇ ਕਿਸੇ ਮਰਦ ਅਧਿਆਪਕ ਨੂੰ ਵੀ ਨਾਲ ਲੈ ਜਾਂਦੀਆਂ ਹਨ। ਜਾਣ ਵੇਲੇ ਅਤੇ ਸਫ਼ਰ ਵੇਲੇ ਉਹ ਭਲੇ ਮਾਣਸ ਦੀ ਕਾਫ਼ੀ ਪ੍ਰਸ਼ੰਸਾ ਕਰਦੀਆਂ ਹਨ। ਇਹ ਬੀਬੀਆਂ ਵਿਦਿਆਰਥੀਆਂ ਨਾਲੋਂ ਬਹੁਤ ਸੂਝਵਾਨ ਹੁੰਦੀਆਂ ਹਨ। ਫਿਰ ਵੀ ਵਾਪਸ ਆ ਕੇ ਇਹ ਕਹਿਣ ਲੱਗ ਜਾਂਦੀਆਂ ਹਨ ਕਿ ਬਸ ਵਿਚ ਸਾਮਾਨ ਚੜ੍ਹਾਉਣ ਅਤੇ ਉਤਾਰਨ ਲਈ ਬੰਦਾ ਤਾਂ ਲੋੜੀਂਦਾ ਹੀ ਹੈ। ਇਨ੍ਹਾਂ ਸਿਆਣੀਆਂ ਬਿਆਣੀਆਂ ਬੀਬੀਆਂ ਦੇ ਇਸ ਵਰਤਾਰੇ ਦਾ ਕੀ ਨਾਮ ਰੱਖੀਏ?

ਪ੍ਰਸਿੱਧ ਲੇਖਕ ਗੁਰਬਚਨ ਸਿੰਘ ਭੁਲਰ ਨੇ ਪਿੱਛੇ ਜਿਹੇ ਇਸਤਰੀ ਲਿਖਾਰੀਆਂ ਬਾਬਤ ਵਿਸਥਾਰ ਨਾਲ ਲੇਖ ਲਿਖੇ। ਸ਼ਾਇਸਤਗੀ ਦੇ ਦਾਮਨ ਨੂੰ ਮਜ਼ਬੂਤੀ ਨਾਲ ਫੜ ਕੇ ਰੱਖਣਾ ਉਸ ਦਾ ਸੁਭਾਅ ਹੈ। ਫਿਰ ਵੀ ਜਾਣੇ ਅਣਜਾਣੇ ਜਾਂ ਸਹਿਜ ਸੁਭਾਅ ਕੁਝ ਐਸੀਆਂ ਗੱਲਾਂ ਲਿਖ ਜਾਂਦਾ ਹੈ ਜਿਹੜੀਆਂ ਇਸਤਰੀ ਲੇਖਕਾਂ ਦੀ ਅਜੀਬ ਨਜ਼ਾਕਤ ਬਿਆਨ ਕਰਦੀਆਂ ਹਨ; ਜਿਵੇਂ ਕਿਸੇ ਵੱਡੇ ਸਮਾਗਮ ਵਿਚ ਭੁੱਲਰ ਸਾਹਿਬ ਕੋਲ ਜਾਣੀਆਂ ਪਛਾਣੀਆਂ ਬੀਬੀਆਂ ਦਾ ਇਸ ਤਰ੍ਹਾਂ ਗੁਜ਼ਰਨਾ ਕਿ ਸਲਾਮ ਤੱਕ ਵੀ ਕਬੂਲ ਨਾ ਕਰਨਾ। ਕੁਝ ਦਿਨਾਂ ਬਾਅਦ ਟੈਲੀਫੋਨ 'ਤੇ ਕਿਸੇ ਕੰਮ ਲਈ ਇਸ ਤਰ੍ਹਾਂ ਗੱਲ ਕਰਨਾ ਜਿਵੇਂ ਬੜੀ ਦੇਰ ਦੇ ਵਿਛੜੇ ਦੋਸਤ ਗੱਲ ਕਰਨ।

ਅਤਿ ਪਿਆਰੇ ਇਮਰੋਜ਼ ਦੇ ਸਕੂਟਰ ਦੀ ਪਿਛਲੀ ਸੀਟ 'ਤੇ ਬੈਠੀ ਉਸ ਦੀ ਕਮੀਜ਼ ਉਪਰ ਸਾਹਿਰ ਦਾ ਨਾਲ ਲਿਖਣ ਵਾਲੀ ਬੀਬੀ ਨੂੰ ਕੌਣ ਨਹੀਂ ਜਾਣਦਾ! ਇਸ ਵਿਲੱਖਣ ਅੰਦਾਜ਼ ਦੀ ਪਰਿਭਾਸ਼ਾ ਕੀ ਹੋਵੇ? ਸ਼ਾਇਦ ਦਿਲ-ਲਗੀ ਕਹਿਣਾ ਠੀਕ ਹੋਵੇ!

ਅੱਜ ਕੱਲ੍ਹ ਸੈੱਲਫੋਨ ਅਤੇ ਵੱਟਸਐਪ ਦੀ ਸਹੂਲਤ ਨੇ ਸਾਡੇ ਜੀਵਨ 'ਤੇ ਬਹੁਤ ਡੂੰਘਾ ਅਸਰ ਪਾਇਆ ਹੈ। ਬੰਦੇ, ਖਾਸ ਕਰ ਕੇ ਔਰਤਾਂ ਇਸ ਨਾਲ ਹੀ ਚਿੰਬੜੇ ਨਜ਼ਰ ਆਉਂਦੇ ਹਨ। ਬਹੁਤ ਵਾਰ ਫੋਨ 'ਤੇ ਗੱਲ ਕਰਦੀਆਂ ਬੀਬੀਆਂ ਯਕਲਖਤ ਉਦਾਸ ਅਤੇ ਰੋਣ ਹਾਕੀਆਂ ਦਿਸਦੀਆਂ ਹਨ। ਕੋਲ ਬੈਠਾ ਬੰਦਾ ਕਾਰਨ ਪੁੱਛਣ ਲਈ ਬੇਤਾਬ ਹੋ ਜਾਂਦਾ ਹੈ ਪਰ ਅਗਲੇ ਪਲ ਹੀ ਖਿੜ-ਖਿੜ ਕਰਦਾ ਹਾਸਾ ਸੁਣ ਕੇ ਦੰਗ ਰਹਿ ਜਾਂਦਾ ਹੈ।

ਇਸ ਤਰ੍ਹਾਂ ਦੀ ਮਾਨਸਿਕ ਸਥਿਤੀ ਅਤੇ ਪੱਠਿਆਂ (ਮਸਲਜ਼)'ਤੇ ਅਨੋਖਾ ਕੰਟਰੋਲ ਬੀਬੀਆਂ ਦੀ ਹੀ ਕਰਾਮਾਤ ਹੈ। ਇਹ ਅਦਾ ਆਪਣੇ ਆਪ ਵਿਚ ਕਮਾਲ ਹੈ। ਇਸ ਤਰ੍ਹਾਂ ਦੀਆਂ ਬੇਅੰਤ ਉਦਾਹਰਨਾਂ ਲਿਖਣ ਨੂੰ ਦਿਲ ਕਰਦਾ ਹੈ ਪਰ ਸੰਖੇਪ ਰਹਿਣ ਦਾ ਧਿਆਨ ਕਰਦੇ ਹੋਏ ਇਥੇ ਹੀ ਬਸ ਕਰਦਾ ਹਾਂ।

ਨਜ਼ਾਕਤ, ਨਫਾਸਤ, ਦਿਲ-ਲਗੀ, ਥੋੜ੍ਹੀ ਜਿਹੀ ਬੇਵਫਾਈ, ਜਜ਼ਬਾਤ ਅਤੇ ਪੱਠਿਆਂ 'ਤੇ ਕੰਟਰੋਲ, ਨਿੱਕਾ ਜਿਹਾ ਰੋਸਾ ਤੇ ਹਾਸਾ ਅਤੇ ਬਹੁਤ ਕੁਰਬਾਨੀ ਦਾ ਮਾਦਾ ਮਿਲ ਕੇ 'ਫਰੇਇਲਟੀ' ਦਾ ਅਰਥ ਸਮਝ ਆਉਂਦਾ ਹੈ। ਇਹ ਸ਼ਬਦ ਇਨ੍ਹਾਂ ਸਭ ਸ਼ਬਦਾਂ ਦਾ ਮੁਜੱਸਮਾ ਹੈ। ਇਸ ਨੂੰ ਕੇਵਲ ਬੇਵਫ਼ਾਈ ਨਾਲ ਨਹੀਂ ਜੋੜਨਾ ਚਾਹੀਦਾ।... ਸ਼ੇਕਸਪੀਅਰ ਦੀ ਮਰਜ਼ੀ! ਇਸਤਰੀ ਨੂੰ ਕਿਸੇ ਨਾਮ ਨਾਲ ਪੁਕਾਰੇ। ਸਾਡੇ ਸਭ ਲਈ ਔਰਤ ਮਹਾਨ ਹੈ। ਇਸ ਨਾਲ ਹੀ ਜਹਾਨ ਹੈ। ਇਹ ਸਭ ਥਾਵਾਂ ਦੀ ਸ਼ਾਨ ਹੈ। ਮੇਰੇ ਵਰਗੇ ਲੱਖਾਂ ਬੰਦਿਆਂ ਦਾ ਈਮਾਨ ਹੈ। ਔਰਤ ਬੱਚਿਆਂ ਦੀ ਜਿੰਦ ਜਾਨ ਹੈ। ਇਸ ਤੋਂ ਬਗੈਰ ਦੁਨੀਆ ਸੁੰਨ-ਮਸਾਨ ਹੈ। ਮੈਂ ਸੱਚ ਕਹਿੰਦਾ ਹਾਂ, ਔਰਤ ਪੂਜਣ ਸਮਾਨ ਹੈ।

ਅਗਲੀ ਅਭੁੱਲ ਅਤੇ ਹੱਡੀਂ ਰਚੀ ਯਾਦ ਇਕ ਸ਼ੇਅਰ ਦੀ ਹੈ ਜਿਸ ਦੀ ਮਿਸਾਲ ਹਰ ਰੋਜ਼ ਦਿਸ ਜਾਂਦੀ ਹੈ:

ਦੋ ਚਾਰ ਗਾਮ ਰਾਹ ਕੋ ਹਮਵਾਰ ਦੇਖਨਾ
ਫਿਰ ਹਰ ਕਦਮ ਪੇ ਇਕ ਨਈ ਦੀਵਾਰ ਦੇਖਨਾ
ਹਰ ਆਦਮੀ ਮੇਂ ਹੋਤੇ ਹੈਂ ਦਸ ਬੀਸ ਆਦਮੀ
ਜਿਸ ਕੋ ਭੀ ਦੇਖਨਾ ਹੋ ਕਈ ਬਾਰ ਦੇਖਨਾ

ਦੋ ਉਘੀਆਂ ਸ਼ਖਸੀਅਤਾਂ ਦਾ ਹਵਾਲਾ ਉਨ੍ਹਾਂ ਦੇ ਅੰਦਰ ਕਈ ਆਦਮੀ ਛੁਪੇ ਹੋਣ ਦਾ ਭਰਪੂਰ ਨਜ਼ਾਰਾ ਪਾਠਕ ਭਲੀ ਪ੍ਰਕਾਰ ਦੇਖ ਸਕਦੇ ਹਨ।

ਬਲਵੰਤ ਗਾਰਗੀ ਉਘਾ ਲੇਖਕ ਸੀ। ਪੰਜਾਬ ਦੀ ਵੰਡ ਤੋਂ ਪਹਿਲਾਂ ਲਾਹੌਰ ਤੋਂ ਦੋ ਵਿਸ਼ਿਆਂ ਵਿਚ ਐਮ.ਏ. ਪਾਸ ਕਰ ਆਇਆ। ਆਮ ਲੋਕਾਂ ਵਾਂਗ ਕੋਈ ਵੀ ਚੰਗੀ ਨੌਕਰੀ ਲੈ ਸਕਦਾ ਸੀ ਪਰ ਅੰਗਰੇਜ਼ੀ ਦੀ ਬਜਾਇ ਪੰਜਾਬੀ ਵਿਚ ਲਿਖਣਾ ਪਸੰਦ ਕੀਤਾ। ਬਹੁਤ ਘੱਟ ਪਾਠਕ ਜਾਣਦੇ ਹਨ ਕਿ ਉਹ ਗੁਰਮੁਖੀ ਅੱਖਰਾਂ ਵਿਚ ਆਪ ਨਹੀਂ ਸੀ ਲਿਖਦਾ। ਕਿਸੇ ਹੋਰ (ਸ਼ਾਇਦ ਅਮਰੀਕ ਸਿੰਘ) ਤੋਂ ਲਿਖਵਾਉਂਦਾ ਸੀ। ਸ਼ਬਦ ਆਪ ਚੁਣਦਾ ਸੀ। ਹੈ ਨਾ ਕਮਾਲ! ਦਿੱਲੀ ਵਾਲੇ ਮਕਾਨ ਦੇ ਬਿਲਡਰਜ਼ ਤੋਂ ਹੱਜ ਦੇ ਪੈਸੇ ਲਏ ਅਤੇ ਜਾਂਦਾ ਹੋਇਆ ਬਹੁਤ ਸਾਰਾ ਧਨ ਆਪਣੇ ਵਫਾਦਾਰ ਲਾਂਗਰੀ ਨੂੰ ਦੇ ਗਿਆ। ਨਿਰੰਕਾਰੀ ਬਾਬੇ ਦੀ ਤਾਰੀਫ਼ ਵਿਚ ਲਿਖੀ ਇਕ ਕਿਤਾਬ ਦੇ ਪ੍ਰਕਾਸ਼ਕ ਨੇ ਕਿਸੇ ਉਘੇ ਪੰਜਾਬੀ ਦੇ ਲੇਖਕ ਤੋਂ ਚੰਗੇ ਪੈਸੇ ਦੇ ਕੇ ਮੁੱਖ ਬੰਧ ਲਿਖਾਉਣ ਦੀ ਕੋਸ਼ਿਸ਼ ਕੀਤੀ। ਉਹ ਅੰਮ੍ਰਿਤਾ ਪ੍ਰੀਤਮ ਕੋਲ ਚਲਿਆ ਗਿਆ। ਉਸ ਦੀ ਨਾਂਹ-ਨੁੱਕਰ ਪਿੱਛੋਂ ਉਹ ਬਲਵੰਤ ਗਾਰਗੀ ਕੋਲ ਚਲਾ ਗਿਆ। ਚੰਗੇ ਪੈਸੇ ਲੈਣ ਪਿੱਛੋਂ ਗਾਰਗੀ ਜੀ ਮੰਨ ਗਏ। ਹੋਰ ਵੀ ਬਹੁਤ ਕੁਝ ਕਹਿਣ ਲਈ ਹੈ।

ਦੂਜਾ ਹਵਾਲਾ ਮਹਾਰਾਜਾ ਭੂਪਿੰਦਰ ਸਿੰਘ ਦਾ ਹੈ। ਆਮ ਲੋਕਾਂ ਨੂੰ ਉਹ ਬਹੁਤ ਅੱਯਾਸ਼ ਅਤੇ ਰਾਣੀਆਂ ਦਾ ਸ਼ੌਕੀਨ ਹੀ ਲਗਦਾ ਸੀ ਪਰ ਉਸ ਅੰਦਰ ਬੜੇ ਚੰਗੇ ਅਤੇ ਮਹਾਨ ਗੁਣ ਵੀ ਛੁਪੇ ਹੋਏ ਸਨ। ਸ਼ਿਮਲੇ ਵਿਚ ਇਕ ਵਾਰ ਉਸ ਨੇ ਪੰਡਤ ਨਹਿਰੂ ਨੂੰ ਖਾਣੇ 'ਤੇ ਬੁਲਾਇਆ।

**(ਬਾਕੀ ਅਗਲੇ ਸਫੇ 'ਤੇ)**

# ਨਕਸਲਬਾੜੀ ਲਹਿਰ ਦਾ ਅਦੁੱਤੀ ਸ਼ਹੀਦ - ਗੁਲਜ਼ਾਰ ਸਿੰਘ ਭੱਠਲ

ਗੁਲਜ਼ਾਰ ਸਿੰਘ ਭੱਠਲ ਦਾ ਜਨਮ 19 ਜੁਲਾਈ, 1928 ਨੂੰ ਪਿੰਡ ਭੱਠਲ, ਜ਼ਿਲ੍ਹਾ ਸੰਗਰੂਰ (ਹੁਣ ਜ਼ਿਲ੍ਹਾ ਬਰਨਾਲਾ) ਵਿਖੇ ਮਾਤਾ ਸੋਧਾਂ ਕੌਰ ਦੀ ਕੁੱਖੋਂ ਪਿਤਾ ਸ. ਚੰਨਣ ਸਿੰਘ ਦੇ ਘਰ ਹੋਇਆ। ਉਨ੍ਹਾਂ ਦੀਆਂ ਤਿੰਨ ਭੈਣਾਂ ਅਤੇ ਚਾਰ ਭਰਾ ਸਨ। ਦੋ ਭਰਾ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਏ। ਘਰ ਵਿਚ ਅਤਿ ਦੀ ਗਰੀਬੀ ਹੋਣ ਕਰਕੇ ਉਹ ਸਕੂਲ ਦੀ ਪੜ੍ਹਾਈ ਵੀ ਨਾ ਕਰ ਸਕੇ ਅਤੇ ਉਨ੍ਹਾਂ ਨੂੰ ਨਿਆਣੀ ਉਮਰ ਵਿਚ ਹੀ ਘਰ ਦੀ ਕਬੀਲਦਾਰੀ ਨੇ ਘੇਰ ਲਿਆ। ਉਹ ਘਰ ਦੇ ਗੁਜ਼ਾਰੇ ਲਈ ਆਪਣੇ ਪਿਤਾ ਸ. ਚੰਨਣ ਸਿੰਘ ਨਾਲ ਸਖਤ ਮਿਹਨਤ ਕਰਨ ਲੱਗ ਪਏ। ਭੱਠਲ ਨੂੰ ਰਾਜਨੀਤਕ ਅਤੇ ਚੰਗੇ ਸਮਾਜ ਨੂੰ ਸਿਰਜਣ

**ਮਨਜੀਤ ਮਾਨ ਮੰਡੀ ਕਲਾਂ**

ਦੀ ਗੁੜ੍ਹਤੀ ਮਾਤਾ ਜੀ ਤੋਂ ਹੀ ਮਿਲੀ ਕਿਉਂਕਿ ਮਾਤਾ ਜੀ ਦਾ ਜੀਵਨ ਸਹੁਰੇ ਘਰ ਪੈਰ ਪਾਉਣ ਸਮੇਂ ਤੋਂ ਹੀ ਸੰਘਰਸ਼ਮਈ ਰਿਹਾ ਸੀ। ਮਾਤਾ ਸੋਧਾਂ ਕੌਰ ਧਨੌਲਾ ਖੇਤਰ ਦੇ ਪਹਿਲੀ ਔਰਤ ਸਨ, ਜਿਨ੍ਹਾਂ ਨੇ ਜੈਤੋਂ ਦੇ ਮੋਰਚੇ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਜੈਤੋਂ ਦੇ ਮੋਰਚੇ ਉਪਰੰਤ ਸਰਕਾਰੀ ਜਬਰ ਦਾ ਵਿਰੋਧ ਕਰਨ ਦੇ ਫਲਸਰੂਪ ਉਨ੍ਹਾਂ ਨੇ ਸਾਲਾਂਬੱਧੀ ਜੇਲ੍ਹਾਂ ਕੱਟੀਆਂ। ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੇ ਮਾਤਾ ਹਰਨਾਮ ਕੌਰ ਅਤੇ ਗੁਲਜ਼ਾਰ ਸਿੰਘ ਭੱਠਲ ਦੇ ਮਾਤਾ ਜੀ ਨਾਭਾ ਜੇਲ੍ਹ ਵਿਚ ਇੱਕੋ ਕੋਠੜੀ ਵਿਚ ਇਕੱਠੇ ਬੰਦ ਰਹੇ। ਬੀਬੀ ਰਜਿੰਦਰ ਕੌਰ ਭੱਠਲ ਦਾ ਜਨਮ ਜੇਲ੍ਹ ਵਿਚ ਹੀ ਮਾਤਾ ਜੀ ਦੇ ਹੱਥੀਂ ਹੋਇਆ। ਇਸੇ ਕਾਰਨ ਮਾਤਾ ਹਰਨਾਮ ਕੌਰ ਦਾ ਸਮੁੱਚਾ ਪਰਿਵਾਰ ਮਾਤਾ ਸੋਧਾਂ ਕੌਰ ਨੂੰ 'ਵੱਡੀ ਮਾਂ' ਕਿਹਾ ਕਰਦਾ ਸੀ। ਇਸ ਕਾਰਨ ਹੀ ਮਾਤਾ ਜੀ ਦਾ ਝੁਕਾਅ ਕੁੱਲ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਵੱਲ ਹੋਇਆ।

ਹਰਨਾਮ ਸਿੰਘ ਚਮਕ, ਹਰਦਿੱਤ ਸਿੰਘ ਭੱਠਲ, ਪ੍ਰਤਾਪ ਸਿੰਘ ਧਨੌਲਾ, ਜਨਕ ਸਿੰਘ ਭੱਠਲ ਆਦਿ ਵੱਡੇ ਲੀਡਰਾਂ ਦਾ ਘਰ ਆਉਣਾ-ਜਾਣਾ ਹੋ ਗਿਆ। ਇਨ੍ਹਾਂ ਸਾਰਿਆਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਮਾਤਾ ਜੀ ਸਮੇਤ ਸਾਰਾ ਪਰਿਵਾਰ ਹੀ ਕਮਿਊਨਿਸਟ ਵਿਚਾਰਧਾਰਾ ਨੂੰ ਸਮਰਪਿਤ ਹੋ ਗਿਆ। ਇਸ ਵਿਚਾਰਧਾਰਾ 'ਤੇ ਚਲਦਿਆਂ ਸਮੁੱਚਾ ਪਰਿਵਾਰ ਪਾਰਟੀ ਦੇ ਸਾਰੇ ਮੋਰਚਿਆਂ ਵਿਚ ਸ਼ਮੂਲੀਅਤ ਕਰਨ ਲੱਗ ਪਿਆ। ਪਰਿਵਾਰ ਦੀ ਹਕੂਮਤੀ ਜਬਰ ਵਿਰੁੱਧ ਟੱਕਰ ਕਾਰਨ ਸਾਰੇ ਪਰਿਵਾਰ ਨੂੰ ਅਨੇਕਾਂ ਵਾਰ ਜੇਲ੍ਹਾਂ ਵਿਚ ਜਾਣਾ ਪਿਆ। 1959 ਵਿਚ ਖੁਸ਼ਹੈਸੀਅਤ ਟੈਕਸ ਮੋਰਚੇ ਵਿਚ ਪਰਿਵਾਰ ਦੇ ਪੰਜ ਮੈਂਬਰਾਂ ਨੂੰ ਇਕ ਸਾਲ ਦੀ ਜੇਲ੍ਹ ਕੱਟਣੀ ਪਈ। ਗੁਲਜ਼ਾਰ ਸਿੰਘ, ਮਾਤਾ ਸੋਧਾਂ ਕੌਰ, ਗੁਲਜ਼ਾਰ ਭੱਠਲ ਦੀਆਂ ਦੋ ਭੈਣਾਂ ਬੀਬੀ ਗੁਲਾਬ ਕੌਰ ਅਤੇ ਬੀਬੀ ਲਾਭ ਕੌਰ ਤੋਂ ਇਲਾਵਾ ਉਨ੍ਹਾਂ ਦੇ ਬੇਟੇ ਮਹਿੰਦਰ ਸਿੰਘ ਭੱਠਲ (ਤਤਕਾਲੀ ਸੂਬਾ ਪ੍ਰਧਾਨ, ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ, (ਪੰਜਾਬ) ਨੇ ਸਿਰਫ ਦੋ ਸਾਲ ਦੀ ਉਮਰ ਵਿਚ ਸਾਲ ਭਰ ਜੇਲ੍ਹ ਕੱਟੀ। ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਸਮੁੱਚਾ ਪਰਿਵਾਰ ਹਰਦਿੱਤ ਸਿੰਘ ਭੱਠਲ ਦੀ ਅਗਵਾਈ ਹੇਠ ਲਗਾਤਾਰ ਪਾਰਟੀ ਵਿਚ ਕੰਮ ਕਰਦਾ ਰਿਹਾ।

ਅਚਾਨਕ ਪਾਰਟੀ ਵਿਚ ਮੱਤਭੇਦ ਆਉਣ ਕਾਰਨ ਸਾਥੀ ਭੱਠਲ ਪਾਰਟੀ ਤੋਂ ਵੱਖ ਹੋ ਗਿਆ। ਇਸ ਉਪਰੰਤ ਬੰਗਾਲ ਦੇ ਪਿੰਡ ਨਕਸਲਬਾੜੀ ਤੋਂ ਸ਼ੁਰੂ ਹੋਈ ਨਕਸਲੀ ਲਹਿਰ ਨੇ 1969 ਵਿਚ ਪੰਜਾਬ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਕਿਸਾਨਾਂ-ਮਜ਼ਦੂਰਾਂ ਦੀ ਮੁਕਤੀ ਲਈ ਪੰਜਾਬ ਵਿਚੋਂ ਹਜ਼ਾਰਾਂ ਨੌਜਵਾਨ ਇਸ ਲਹਿਰ ਵਿਚ ਕੁੱਦ ਪਏ। ਪਹਿਲਾਂ ਤੋਂ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਏ ਹੋਣ ਕਾਰਨ ਕਾਮਰੇਡ ਹਾਕਮ ਸਿੰਘ ਸਮਾਓਂ ਅਤੇ ਛੋਟਾ ਸਿੰਘ ਸੁਲਤਾਨਪੁਰ ਨੇ ਸਾਥੀ ਪਾਸ ਘਰ ਆ ਕੇ ਉਨ੍ਹਾਂ ਨੂੰ ਨਕਸਲਬਾੜੀ ਲਹਿਰ ਦੇ ਪ੍ਰੋਗਰਾਮ ਤੋਂ ਜਾਣੂ ਕਰਵਾਇਆ। ਸਦੀਆਂ ਤੋਂ ਹੁੰਦੀ ਲੁੱਟ ਨੂੰ ਰੋਕਣ ਲਈ ਸਾਥੀ ਭੱਠਲ ਨੇ ਨਕਸਲਬਾੜੀ ਲਹਿਰ ਦੇ ਪ੍ਰੋਗਰਾਮ ਨਾਲ ਸਹਿਮਤ ਹੁੰਦਿਆਂ ਪਾਰਟੀ ਲਈ ਕੁੱਲਵਕਤੀ ਤੌਰ 'ਤੇ ਕੰਮ ਕਰਨ ਦੀ ਸਹਿਮਤੀ ਦਿੱਤੀ ਅਤੇ ਪਿੰਡਾਂ ਵਿਚ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ।

ਪੰਜਾਬ ਸਟੇਟ ਕਮੇਟੀ ਦੇ ਫੈਸਲੇ ਅਨੁਸਾਰ ਉਨ੍ਹਾਂ ਨੇ ਹੋਰਨਾਂ ਸਾਥੀਆਂ ਨਾਲ ਮਿਲ ਕੇ ਪਿੰਡ ਕਿਲ੍ਹਾ ਹਕੀਮਾਂ (ਸੰਗਰੂਰ) ਦੇ ਸਰਦਾਰ ਬਲਵੰਤ ਸਿੰਘ ਮੈਰਿਆਂ ਵਾਲੇ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਅਤੇ ਖੇਤ ਵਿਚ ਪਾਰਟੀ ਦਾ ਪ੍ਰਚਮ ਝੁਲਾ ਕੇ ਸਰਦਾਰ ਦੀ ਜ਼ਮੀਨ ਗਰੀਬ ਲੋਕਾਂ ਵਿਚ ਵੰਡ ਦਿੱਤੀ। ਭੂਮੀਪਤੀ ਬਲਵੰਤ ਸਿੰਘ, ਜੋ ਖੁਦ ਰਿਟਾਇਰਡ ਆਲਾ ਫੌਜੀ ਅਫ਼ਸਰ ਸੀ, ਨੇ ਪੁਲਿਸ ਅਤੇ ਸਰਕਾਰ ਦੀ ਮੱਦਦ ਨਾਲ ਪਿੰਡਾਂ ਦੇ ਲੋਕਾਂ 'ਤੇ ਬੇਤਹਾਸ਼ਾ ਤਸ਼ੱਦਦ ਕਰਵਾਇਆ। ਪਾਰਟੀ ਨੇ ਫੈਸਲਾ ਕਰ ਲਿਆ ਕਿ ਲੋਕਾਂ 'ਤੇ ਢਾਹੇ ਤਸ਼ੱਦਦ ਦਾ ਬਦਲਾ ਬਲਵੰਤ ਸਿੰਘ ਨੂੰ ਮਾਰ ਕੇ ਲਿਆ ਜਾਵੇ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਗੁਲਜ਼ਾਰ ਸਿੰਘ ਭੱਠਲ ਦੀ ਅਗਵਾਈ ਵਿਚ ਛੋਟਾ ਸਿੰਘ ਸੁਲਤਾਨਪੁਰ, ਗੁਰਦਿਆਲ ਸਿੰਘ ਸ਼ੇਰਪੁਰ ਅਤੇ ਹਾਕਮ ਸਿੰਘ ਸਮਾਓਂ, ਬਾਬੂ ਸਿੰਘ ਅਤੇ ਦਲੀਪ ਸਿੰਘ (ਹੁਣ ਦੋਵੇਂ ਸ਼ਹੀਦ) ਨੇ ਬਲਵੰਤ ਸਿੰਘ ਨੂੰ ਉਸ ਦੇ ਪਟਿਆਲਾ ਸਥਿਤ ਬੰਗਲੇ ਵਿਚ ਗੋਲੀਆਂ ਨਾਲ ਮਾਰ ਮੁਕਾਇਆ। ਬਲਵੰਤ ਸਿੰਘ ਨੂੰ ਮਾਰਨ ਲਈ ਸਾਥੀ ਗੁਲਜ਼ਾਰ ਸਿੰਘ ਹੀ ਉਸ ਦੇ ਬੰਗਲੇ ਦੀ ਕੰਧ ਟੱਪ ਕੇ ਅੰਦਰ ਗਿਆ ਅਤੇ ਬਾਕੀ ਸਾਥੀ ਉਸ ਦੀ ਹਿਫ਼ਾਜ਼ਤ ਲਈ ਗੇਟ 'ਤੇ ਤਾਇਨਾਤ ਸੁਰੱਖਿਆ ਫੋਰਸ 'ਤੇ ਹਮਲਾ ਕਰਨ ਲਈ ਬਾਹਰ ਰੁਕ ਗਏ। ਸਾਥੀ ਗੁਲਜ਼ਾਰ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਜਦੋਂ ਬੰਗਲੇ ਦੇ ਅੰਦਰ ਫਾਇਰ ਹੋ ਗਿਆ ਤਾਂ ਫਿਰ ਗੇਟ 'ਤੇ ਹਮਲਾ ਕਰਨਾ ਹੈ। ਇਹੀ ਕੁੱਝ ਹੋਇਆ। ਸਾਥੀ ਗੁਲਜ਼ਾਰ ਸਿੰਘ ਨੇ ਕੋਠੀ ਤੋਂ ਗੇਟ ਤੱਕ ਅਤੇ ਗੇਟ ਤੋਂ ਵਾਪਸ ਕੋਠੀ ਤੱਕ ਸ਼ਾਮ ਦੀ ਸੈਰ ਲਈ ਗੇੜੇ ਕੱਢਦੇ ਬਲਵੰਤ ਨੂੰ ਗੇੜਾ ਖਵਾ ਦਿੱਤਾ। ਸਾਰੇ ਰਾਤੋ ਰਾਤ ਪੈਦਲ ਚੱਲ ਕੇ ਧਨੌਲਾ ਹਲਕੇ ਵਿਚ ਆਪਣੇ ਟਿਕਾਣੇ 'ਤੇ ਪਹੁੰਚ ਗਏ।

ਇਸ ਘਟਨਾ ਤੋਂ ਬਾਅਦ ਸਰਕਾਰ ਤੁਰੰਤ ਐਕਸ਼ਨ ਵਿਚ ਆਈ ਤੇ ਤਮਾਮ ਸਾਥੀਆਂ ਦੇ ਵਾਰੰਟ ਜਾਰੀ ਕਰ ਦਿੱਤੇ ਗਏ ਅਤੇ ਗੋਲੀ ਮਾਰਨ ਦਾ ਆਰਡਰ ਕਰ ਦਿੱਤਾ ਗਿਆ। ਇਸ ਕਾਰਨ ਚਾਰੇ ਸਾਥੀਆਂ ਨੇ ਰੂਪੋਸ਼ ਹੋ ਕੇ ਪਾਰਟੀ ਦੀਆਂ ਸਰਗਰਮੀਆਂ ਲਗਾਤਾਰ ਜਾਰੀ ਰੱਖੀਆਂ। ਇਸ ਉਪਰੰਤ ਦੁਖਾਂਤ ਇਹ ਵਾਪਰਿਆ ਕਿ ਆਲ ਇੰਡੀਆ ਕਮੇਟੀ ਦੀ ਪੱਛਮੀ ਬੰਗਾਲ ਵਿਚ ਹੋਈ ਮੀਟਿੰਗ ਵਿਚ ਪਾਰਟੀ ਵਿਚ ਫੁੱਟ ਪੈ ਗਈ। ਪੰਜਾਬ ਤੋਂ ਸੈਂਟਰਲ ਕਮੇਟੀ ਦੀ ਮੀਟਿੰਗ ਵਿਚ ਗਿਆ ਵਿਅਕਤੀ ਚਾਰੂ ਮਜੂਮਦਾਰ ਦੀ ਅਗਵਾਈ ਨੂੰ ਛੱਡ ਕੇ ਸੱਤਿਆ ਨਰਾਇਣ ਧੜੇ ਵਿਚ ਸ਼ਾਮਲ ਹੋ ਗਿਆ। ਉਸ ਨੇ ਪੰਜਾਬ ਆ ਕੇ ਜ਼ਿਲ੍ਹਾ ਸੰਗਰੂਰ ਦੇ ਸਾਰੇ ਕਾਮਰੇਡਾਂ ਦੀ ਮੀਟਿੰਗ ਬੁਲਾ ਕੇ ਗਲਤ ਰਿਪੋਰਟ ਪੇਸ਼ ਕੀਤੀ ਕਿ ਪਾਰਟੀ ਦੀ ਕੇਂਦਰੀ ਕਮੇਟੀ ਨੇ ਹਥਿਆਰਬੰਦ ਘੋਲ ਦਾ ਫੈਸਲਾ ਵਾਪਸ ਲੈ ਕੇ ਜਨਤਕ ਜਥੇਬੰਦੀਆਂ ਬਣਾਉਣ ਅਤੇ ਚੋਣ ਪ੍ਰਣਾਲੀ ਵਿਚ ਦੁਬਾਰਾ ਜਾਣ ਦਾ ਫੈਸਲਾ ਕੀਤਾ ਹੈ। ਪੰਜਾਬ ਵਾਲੇ ਕਾਮਰੇਡਾਂ ਨੂੰ ਪਤਾ ਨਹੀਂ ਸੀ ਕਿ ਇਹ ਸਾਥੀ ਸੱਤਿਆ ਨਰਾਇਣ ਨਾਲ ਸਟੈਂਡ ਕਰ ਗਿਆ ਹੈ। ਮੀਟਿੰਗ ਵਿਚ ਹਾਜ਼ਰ ਕਾਮਰੇਡਾਂ ਦੇ ਇਹ ਗੱਲ ਗਲ ਤੋਂ ਹੇਠ ਨਾ ਉਤਰੀ। ਸਾਰਿਆਂ ਨੇ ਕਾਮਰੇਡ ਗੁਲਜ਼ਾਰ ਸਿੰਘ ਭੱਠਲ ਦੀ ਅਗਵਾਈ ਹੇਠ ਇਸ ਗੱਲ ਦਾ ਜਚ ਕੇ ਵਿਰੋਧ ਕੀਤਾ ਤਾਂ ਸੱਤਿਆਨਰਾਇਣੀ ਕਾਮਰੇਡ ਨੇ ਕਿਹਾ ਕਿ ਜਿਹੜੇ ਇਸ ਫੈਸਲੇ ਨਾਲ ਸਹਿਮਤ ਨਹੀਂ ਹਨ ਉਹ ਉਨ੍ਹਾਂ ਪਾਸ ਪਾਰਟੀ ਦੇ ਹਥਿਆਰ ਦੇ ਦੇਣ। ਇਹ ਗੱਲ ਸੁਣ ਕੇ ਖਾੜਕੂ ਤੱਤ ਦੇ ਸਾਥੀ ਗੁਲਜ਼ਾਰ ਸਿੰਘ ਦੀ ਉਸ ਨਾਲ ਤਲਖ-ਕਲਾਮੀ ਹੋ ਗਈ, ਜਿਸ ਕਾਰਨ ਹਥਿਆਰ ਵਾਪਸ ਮੰਗਣ ਵਾਲੇ ਕਾਮਰੇਡ ਨੂੰ ਰਾਤ ਨੂੰ ਹੀ ਮੀਟਿੰਗ ਸਥਾਨ ਛੱਡਣ ਲਈ ਮਜਬੂਰ ਹੋਣਾ ਪਿਆ। ਬਾਕੀ ਸਾਰੇ ਸਾਥੀਆਂ ਨੇ ਫੈਸਲਾ ਕੀਤਾ ਕਿ ਪੱਛਮੀ ਬੰਗਾਲ ਵਿਚ ਬੰਦਾ ਭੇਜ ਕੇ, ਕਾਮਰੇਡ ਚਾਰੂ ਮਜੂਮਦਾਰ ਨੂੰ ਮਿਲ ਕੇ ਅਸਲ ਸਥਿਤੀ ਪਤਾ ਕੀਤੀ ਜਾਵੇ। ਇਸ ਕੰਮ ਲਈ ਮਾਸਟਰ ਸੁਖਦੇਵ ਸਿੰਘ ਹੰਡਿਆਇਆ ਨੂੰ ਕਾਮਰੇਡ ਚਾਰੂ ਮਜੂਮਦਾਰ ਨੂੰ ਮਿਲਣ ਵਾਸਤੇ ਪੱਛਮੀ ਬੰਗਾਲ ਭੇਜਿਆ ਗਿਆ। ਮਾਸਟਰ ਸੁਖਦੇਵ ਸਿੰਘ ਵੱਲੋਂ ਉਨ੍ਹਾਂ ਨੂੰ ਮਿਲ ਕੇ ਬੰਗਾਲ ਤੋਂ ਪੰਜਾਬ ਜਾ ਕੇ ਇਕ ਕਾਮਰੇਡ ਵੱਲੋਂ ਪੇਸ਼ ਕੀਤੀ ਰਿਪੋਰਟ ਬਾਰੇ ਅਤੇ ਉਨ੍ਹਾਂ ਵੱਲੋਂ ਪੰਜਾਬ ਅੰਦਰ ਲਏ ਸਟੈਂਡ ਬਾਰੇ ਦੱਸਿਆ ਤਾਂ ਚਾਰੂ ਮਜੂਮਦਾਰ ਨੇ ਬਹੁਤ ਖੁਸ਼ੀ ਜ਼ਾਹਰ ਕੀਤੀ ਅਤੇ ਸਿਹਤ ਠੀਕ ਹੋਣ ਉਪਰੰਤ ਪੰਜਾਬ ਦਾ ਦੌਰਾ ਕਰਨ ਦਾ ਵਿਸ਼ਵਾ ਦੁਆਇਆ। ਉਨ੍ਹਾਂ ਦੱਸਿਆ ਕਿ ਪੰਜਾਬ ਦਾ ਉਹ ਸਾਥੀ ਹਥਿਆਰਬੰਦ ਇਨਕਲਾਬ ਦਾ ਰਾਹ ਛੱਡ ਕੇ ਸੱਤਿਆ ਨਰਾਇਣ ਸਮੇਤ ਮੈਦਾਨ ਛੱਡ ਗਿਆ ਹੈ। ਉਨ੍ਹਾਂ ਨੇ ਮਾ: ਸੁਖਦੇਵ ਸਿੰਘ ਰਾਹੀਂ ਪੱਤਰ ਭੇਜ ਕੇ ਪੰਜਾਬ ਅੰਦਰ ਸੰਘਰਸ਼ ਕਰ ਰਹੇ ਸਾਰੇ ਸਾਥੀਆਂ ਨੂੰ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਆ। ਪੰਜਾਬ ਅੰਦਰ ਚਾਰੂ ਧਿਰ ਦੇ ਕਾਮਰੇਡਾਂ ਨੇ ਕਾਮਰੇਡ ਚਾਰੂ ਮਜੂਮਦਾਰ ਦੇ ਪੰਜਾਬ ਆਉਣ ਤੱਕ ਰੂਪੋਸ਼ ਹੋ ਕੇ ਕੰਮ ਜਾਰੀ ਰੱਖਣ ਦਾ ਫੈਸਲਾ ਕੀਤਾ।

ਪੁਲੀਸ ਦੀ ਛਾਪੇਮਾਰੀ ਅਤੇ ਟਿਕਾਣੇ ਵਾਲੇ ਹਮਦਰਦਾਂ ਦੀ ਕੁੱਟਮਾਰ ਕਾਰਨ ਗੁਲਜ਼ਾਰ ਸਿੰਘ ਭੱਠਲ, ਪਿੰਡ ਧੌਲਾ ਦੇ ਖੇਤਾਂ ਵਿਚ ਆਪਣੀ ਮਾਸੀ ਦੀ ਧੀ ਕੋਲ ਰਹਿਣ ਲੱਗ ਪਏ। ਸਾਥੀ ਦਾ ਪਿੰਡ ਹਰੀਗੜ੍ਹ ਦੇ ਗਾਮੇ ਤੇਲੀ ਪਾਸ ਟਿਕਾਣਾ ਸੀ, ਜਿਸ ਦੀ ਸੂਹ ਪੁਲੀਸ ਨੂੰ ਮਿਲ ਗਈ। ਗਾਮੇ ਤੇਲੀ ਨੂੰ ਸੀ.ਆਈ.ਡੀ. ਸਟਾਫ ਲੱਡਾ ਕੋਠੀ ਧੱਫ ਸਿਕੰਦਰ ਸਿੰਘ ਦੇ ਕਹਿਣ 'ਤੇ ਚੁੱਕ ਲਿਆਂਦਾ ਗਿਆ। ਉਹ ਪੁਲੀਸ ਦਾ ਤਸ਼ੱਦਦ ਨਾ ਸਹਾਰਦਾ ਹੋਇਆ ਗੁਲਜ਼ਾਰ ਸਿੰਘ ਭੱਠਲ ਨੂੰ ਇਕ ਹਫ਼ਤੇ ਵਿਚ ਫੜਾਉਣ ਲਈ ਰਾਜ਼ੀ ਹੋ ਗਿਆ। ਗਾਮਾ ਤੇਲੀ ਆਪਣਾ ਸਾਈਕਲ ਲੈ ਕੇ ਹਰੀਗੜ੍ਹ ਤੋਂ ਪਿੰਡ ਧੌਲੇ ਪਹੁੰਚ ਗਿਆ ਅਤੇ ਉਥੇ ਰਾਤ ਰਿਹਾ। ਉਸ ਨੇ ਘੜੀ-ਘੜਾਈ ਕਹਾਣੀ ਮੁਤਾਬਕ ਹਰੀਗੜ੍ਹ ਵਿਖੇ ਆਪਣਾ ਕੋਈ ਕੰਮ ਕਰਵਾਉਣ ਲਈ ਗੁਲਜ਼ਾਰ ਸਿੰਘ ਨੂੰ ਨਾਲ ਚੱਲਣ ਲਈ ਕਿਹਾ। ਪਾਰਟੀ ਟਿਕਾਣਾ ਹੋਣ ਕਾਰਨ ਸਾਥੀ ਉਸ ਦੇ ਵਿਸ਼ਵਾਸ ਵਿਚ ਆ ਕੇ ਉਸ ਦੇ ਨਾਲ ਆਉਣ ਲਈ ਤਿਆਰ ਹੋ ਗਿਆ। ਉਹ ਦੋਵੇਂ ਸਾਈਕਲ 'ਤੇ ਸਵਾਰ ਹੋ ਕੇ ਪਿੰਡਾਂ ਵਿਚ ਦੀ ਹੁੰਦੇ ਹੋਏ ਪਿੰਡ ਕਾਲੇਕੇ ਆਪਣੇ ਖਾਸ ਮਿੱਤਰ ਭੋਲੂ ਦੇ ਘਰ ਆ ਗਏ। ਉਥੇ ਉਨ੍ਹਾਂ ਨੇ ਲੰਗਰ ਪਾਣੀ ਛਕਿਆ। ਭੋਲੂ ਨੇ ਗੁਲਜ਼ਾਰ ਸਿੰਘ ਭੱਠਲ ਨੂੰ ਹਰੀਗੜ੍ਹ ਜਾਣ ਤੋਂ ਰੋਕਿਆ ਅਤੇ ਕਿਹਾ ਕਿ ਜੇਕਰ ਜਾਣਾ ਜ਼ਰੂਰੀ ਹੈ ਤਾਂ ਮੇਰੀ ਰਫ਼ਲ ਅਤੇ ਘੋੜੀ ਲੈ ਜਾ। ਸਾਥੀ ਭੱਠਲ ਨੇ ਗਾਮਾ ਤੇਲੀ ਦੇ ਸਾਹਮਣੇ ਹੀ ਕਹਿ ਦਿੱਤਾ ਕਿ ਉਸ ਕੋਲ ਸੱਤ ਕਾਰਤੂਸ ਤੇ ਪਿਸਟਲ ਹੈ। ਗੁਲਜ਼ਾਰ ਸਿੰਘ ਸਾਈਕਲ ਉਥੇ ਛੱਡ ਕੇ ਘੋੜੀ 'ਤੇ ਹਰੀਗੜ੍ਹ ਦੇ ਖੇਤਾਂ ਵਿਚ ਪਹੁੰਚ ਗਏ। ਉਥੋਂ ਉਨ੍ਹਾਂ ਨੇ ਗਾਮੇ ਤੇਲੀ ਨੂੰ ਘੋੜੀ ਵਾਪਸ ਕਰਨ ਅਤੇ ਸਾਈਕਲ ਚੁੱਕਣ ਲਈ ਵਾਪਸ ਕਾਲੇਕੇ ਜਾਣ ਨੂੰ ਕਿਹਾ ਪਰ ਪੁਲੀਸ ਕੈਟ ਬਣਿਆ ਗਾਮਾ ਤੇਲੀ ਕਾਲੇਕੇ ਜਾਣ ਦੀ ਬਜਾਏ ਘੋੜੀ 'ਤੇ ਸੀ.ਆਈ.ਡੀ. ਸਟਾਫ ਲੱਡਾ ਕੋਠੀ (ਸੰਗਰੂਰ) ਚਲਾ ਗਿਆ ਅਤੇ ਡੀ.ਐਸ.ਪੀ. ਸਿਕੰਦਰ ਸਿੰਘ ਨੂੰ ਸਾਰੀ ਰਿਪੋਰਟ ਕਰ ਦਿੱਤੀ ਕਿ ਉਹ ਇਸ ਸਮੇਂ ਪਿੰਡ ਹਰੀਗੜ੍ਹ ਵਿਖੇ ਉਸ ਦੇ ਘਰ ਪਹੁੰਚ ਗਿਆ ਹੈ, ਉਸ ਕੋਲ ਸੱਤ ਕਾਰਤੂਸ ਅਤੇ ਦੇਸੀ ਪਿਸਤੌਲ ਹੈ। ਡੀਐਸਪੀ ਨੇ ਇਸ ਮੁਖ਼ਬਰੀ ਬਾਰੇ ਐਸ.ਐਸ.ਪੀ. ਸੰਗਰੂਰ ਨੂੰ ਸੂਚਨਾ ਦਿੱਤੀ ਅਤੇ ਉਸ ਨੇ ਸਾਰੇ ਜ਼ਿਲ੍ਹੇ ਦਾ ਪੁਲੀਸ ਨੂੰ ਹੁਕਮ ਚਾੜ੍ਹ ਦਿੱਤਾ ਕਿ ਤੁਰੰਤ ਪਿੰਡ ਹਰੀਗੜ੍ਹ ਨੂੰ ਘੇਰ ਲਿਆ ਜਾਵੇ ਤਾਂ ਜੋ ਗੁਲਜ਼ਾਰ ਸਿੰਘ ਭੱਠਲ ਨੂੰ ਫੜਿਆ ਜਾਂ ਮਾਰਿਆ ਜਾ ਸਕੇ। ਭਾਰੀ ਪੁਲੀਸ ਫੋਰਸ ਨੇ ਪਿੰਡ ਹਰੀਗੜ੍ਹ ਨੂੰ ਚਾਰ-ਚੁਫੇਰਿਓਂ ਘੇਰ ਲਿਆ ਅਤੇ ਪਿੰਡ ਨੂੰ ਚਾਰੇ ਪਾਸੇ ਤੋਂ ਘੇਰਾ ਪਏ ਹੋਣ ਦੀ ਅਨਾਊਂਸਮੈਂਟ ਕਰ ਦਿੱਤੀ।

ਗੁਲਜ਼ਾਰ ਸਿੰਘ ਭੱਠਲ ਆਪਣੇ ਬਚਾਅ ਲਈ ਘੇਰੇ 'ਚੋਂ ਨਿਕਲਣ ਖ਼ਾਤਰ ਗਾਮੇ ਦੇ ਕੋਠੇ 'ਤੇ ਚੜ੍ਹਿਆ, ਪਿਛਲੇ ਪਾਸੇ ਉਤਰਨਾ ਚਾਹਿਆ, ਦੇਖਿਆ ਪੁਲੀਸ ਹੀ ਪੁਲੀਸ। ਉਸ ਨੇ ਕੋਠੇ ਤੋਂ ਹੇਠ ਛਾਲ ਮਾਰੀ, ਧਨੌਲਾ ਦੇ ਥਾਣੇਦਾਰ ਨੇ ਉਸ ਨੂੰ ਨਿਕਲਣ ਲਈ ਰਾਹ ਛੱਡ ਦਿੱਤਾ ਅਤੇ ਬੋਲਿਆ, 'ਗੁਲਜ਼ਾਰਿਆ ਪਿੰਡ ਵਿਚੋਂ ਬਾਹਰ ਨਾ ਨਿਕਲੀਂ।' ਸਾਥੀ ਖੇਤਾਂ ਵੱਲ ਭੱਜਿਆ, ਅੱਗੇ ਵੀ ਪੁਲੀਸ ਸੀ। ਉਹ ਨਹਿਰ ਵੱਲ ਗਿਆ, ਉਧਰ ਵੀ ਪੁਲੀਸ ਸੀ। ਆਖਰ ਉਹ ਸਕੂਲ ਵੱਲ ਵਧਿਆ, ਸਕੂਲ ਦੇ ਨੇੜੇ ਗਿਆ, ਉਥੇ ਵੀ ਪੁਲੀਸ ਸੀ। ਐਸ.ਐਸ.ਪੀ. ਨੇ ਅਨਾਊਂਸਮੈਂਟ ਕਰ ਕੇ ਉਸ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਤਾਂ ਸੂਰਬੀਰ ਸਾਥੀ ਗਰਜਿਆ, 'ਮੈਂ ਕੋਈ ਅਪਰਾਧੀ ਨਹੀਂ ਹਾਂ, ਮੈਂ ਆਤਮ ਸਮਰਪਣ ਨਹੀਂ ਕਰਾਂਗਾ ਅਤੇ ਸ਼ਹੀਦੀ ਪਾ ਦੇਵਾਂਗਾ'। ਦੋਵੇਂ ਪਾਸਿਆਂ ਤੋਂ ਗੋਲੀਆਂ ਚੱਲੀਆਂ। ਸਾਥੀ ਨੇ ਛੇ ਫਾਇਰ ਕੀਤੇ।

ਪਿਸਟਲ ਵਿਚ ਆਖਰੀ ਗੋਲੀ ਬਚ ਗਈ। ਏਨੇ ਵਿਚ ਹੀ ਇਕ ਗੋਲੀ ਗੁਲਜ਼ਾਰ ਸਿੰਘ ਦੇ ਪੁੜੇ ਵਿਚ ਲੱਗ ਗਈ। ਉਹ 'ਨਕਸਲਬਾੜੀ ਜ਼ਿੰਦਾਬਾਦ, ਲੁਟੇਰੀਆਂ ਜਮਾਤਾਂ ਮੁਰਦਾਬਾਦ' ਦੇ ਜੋਸ਼ੀਲੇ ਨਾਹਰੇ ਮਾਰਦਾ ਹੇਠਾਂ ਡਿੱਗ ਪਿਆ ਅਤੇ ਉਥੇ ਹੀ ਪਿਆ ਰਿਹਾ, ਕੋਈ ਹਿਲਜੁੱਲ ਨਾ ਕੀਤੀ। ਉਸ ਨੂੰ ਹੋਣੀ ਦਾ ਪਤਾ ਸੀ ਕਿ ਉਸ ਨੇ ਸ਼ਹੀਦ ਹੋਣਾ ਹੈ। ਉਹ ਜੋ ਕੁੱਝ ਕਰਨ ਲਈ ਥਾਏਂ ਅਹਿਲ ਪਿਆ ਸੀ ਉਸ ਗੱਲ ਨੇ ਵੀ ਇਤਿਹਾਸ ਦਾ ਲਾਲ ਵਰਕਾ ਬਣਨਾ ਸੀ। ਪੁਲੀਸ ਨੇ ਉਸ ਦਾ ਨਾਮ ਲੈ ਕੇ ਅਵਾਜ਼ਾਂ ਮਾਰੀਆਂ ਪਰ ਉਹ ਨਾ ਬੋਲਿਆ ਅਤੇ ਨਾ ਹਿੱਲਿਆ। ਪੁਲੀਸ ਨੇ ਉਸ ਨੂੰ ਮਰਿਆ ਸਮਝ ਲਿਆ। ਪੁਲੀਸ ਅੱਗੇ ਵਧੀ ਤਾਂ ਸਾਥੀ ਨੇ ਆਖਰੀ ਗੋਲੀ ਨਾਲ ਇਕ ਪੁਲੀਸ ਵਾਲੇ ਨੂੰ ਢੇਰ ਕਰ ਲਿਆ। ਉਸ ਦਾ ਸੱਤਵਾਂ ਅਤੇ ਆਖਰੀ ਕਾਰਤੂਸ ਚੱਲ ਚੁੱਕਾ ਸੀ। ਪੁਲੀਸ ਨੇ ਨਿੱਹਥੇ ਕਾਮਰੇਡ ਉਪਰ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਾਥੀ ਭੱਠਲ ਪੁਲਿਸ ਦਾ ਮੁਕਾਬਲਾ ਕਰਦਾ ਹੋਇਆ 12 ਮਈ 1970 ਨੂੰ ਸ਼ਾਮ 5 ਵਜੇ ਤੱਕ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਲਈ ਲੜਦਾ/ਜੂਝਦਾ ਹੋਇਆ 42 ਸਾਲ ਦੀ ਉਮਰ ਵਿਚ ਸ਼ਹੀਦ ਹੋ ਗਿਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਹਕੂਮਤ ਨੇ ਸ਼ਹੀਦ ਗੁਲਜ਼ਾਰ ਸਿੰਘ ਭੱਠਲ ਦਾ ਘਰ ਪਹਿਲਾਂ ਅਤੇ ਉਨ੍ਹਾਂ ਦੇ ਜਿਊਂਦੇ-ਜੀਅ 5 ਵਾਰ ਕੁਰਕ ਕੀਤਾ। ਉਨ੍ਹਾਂ ਦੇ ਘਰ ਦੇ ਸਾਮਾਨ ਨੂੰ ਧਨੌਲਾ ਦੇ ਥਾਣੇ ਵਿਚ ਲਿਜਾ ਕੇ ਨਿਲਾਮ ਕੀਤਾ ਜਾਂਦਾ ਰਿਹਾ ਪ੍ਰੰਤੂ ਸਰਕਾਰਾਂ ਦਾ ਜਬਰ ਉਨ੍ਹਾਂ ਦੇ ਸਿਦਕ ਨੂੰ ਡੁਲਾ ਨਾ ਸਕਿਆ।

ਸ਼ਹੀਦ ਸਾਥੀ ਗੁਲਜ਼ਾਰ ਸਿੰਘ ਦੀ ਸ਼ਹੀਦੀ ਦੀ ਖਬਰ ਸੁਣ ਕੇ ਪਿੰਡ ਭੱਠਲ ਵਿਚ ਸੋਗ ਦੀ ਲਹਿਰ ਫੈਲ ਗਈ। ਸ਼ਾਮ ਨੂੰ ਕਰੀਬ 6.30 ਵਜੇ ਪੁਲੀਸ ਨੇ ਮਾਤਾ ਸੋਧਾਂ ਕੌਰ ਨੂੰ ਆਪਣੇ ਪੁੱਤ ਦੀ ਲਾਸ਼ ਦੀ ਪਛਾਣ ਕਰਨ ਲਈ ਬਰਨਾਲੇ ਜਾਣ ਲਈ ਕਿਹਾ। ਤੁਰੰਤ ਸਾਰਾ ਪਿੰਡ ਇਕੱਠਾ ਹੋ ਗਿਆ ਅਤੇ ਸਾਰੇ ਲੋਕ ਸਮੇਤ ਪੰਚਾਇਤ ਬਰਨਾਲਾ ਹਸਪਤਾਲ ਪਹੁੰਚ ਗਏ। ਪ੍ਰਸ਼ਾਸਨ ਨੇ ਸਾਥੀ ਭੱਠਲ ਦੀ ਲਾਸ਼ ਰਾਤ ਕਰੀਬ 10 ਵਜੇ ਦਿੱਤੀ ਅਤੇ ਸਾਰੇ ਪਿੰਡ ਨੇ ਇਕੱਠੇ ਹੋ ਕੇ ਰਾਤ ਨੂੰ 12 ਵਜੇ ਸੰਸਕਾਰ ਕੀਤਾ। ਇਸ ਮੌਕੇ ਕਾਮਰੇਡ ਦਲੀਪ ਸਿੰਘ, ਬਾਬੂ ਸਿੰਘ, ਗੁਰਦਿਆਲ ਸ਼ੀਤਲ, ਛੋਟਾ ਸੁਲਤਾਨਪੁਰ ਆਦਿ ਨੇ ਸਾਥੀ ਦੇ ਸਸਕਾਰ ਮੌਕੇ ਆਪਣੇ ਹਥਿਆਰਾਂ ਨਾਲ ਹਵਾਈ ਫਾਇਰ ਕਰ ਕੇ ਸਲਾਮੀ ਦਿੱਤੀ।

ਸ਼ਹੀਦ ਗੁਲਜ਼ਾਰ ਸਿੰਘ ਭੱਠਲ ਨੂੰ ਇੰਨੇ ਸਾਲਾਂ ਬਾਅਦ ਅੱਜ ਵੀ ਨੇੜਲੇ ਪਿੰਡਾਂ ਵਿਚ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਅੱਜ ਅਣਉਚਿਤ ਅਤੇ ਗੈਰ-ਬਰਾਬਰੀ ਵਾਲੇ ਸਮਾਜਿਕ ਪ੍ਰਬੰਧ ਨੂੰ ਕੁਦਰਤ ਪੱਖੀ ਅਤੇ ਇਨਸਾਨ ਪੱਖੀ ਸਮਾਜਿਕ ਪ੍ਰਬੰਧ ਵਿਚ ਬਦਲਣ ਅਤੇ ਖੇਤੀ ਦੇ ਵਰਤਮਾਨ ਕਾਰਪੋਰੇਟ ਮਾਡਲ ਨੂੰ ਕੁਦਰਤ ਪੱਖੀ ਅਤੇ ਇਨਸਾਨ ਪੱਖੀ ਸਹਿਕਾਰੀ ਖੇਤੀ ਮਾਡਲ ਵਿਚ ਤਬਦੀਲੀ ਕਰਨ ਹਿਤ ਜਨ-ਜਾਗਰਤੀ ਫੈਲਾਉਣ ਲਈ ਨਵੀਂ ਦ੍ਰਿਸ਼ਟੀ ਨਾਲ ਸ਼ਹੀਦ ਗੁਲਜ਼ਾਰ ਸਿੰਘ ਭੱਠਲ ਦਾ ਬੇਟਾ ਮਹਿੰਦਰ ਸਿੰਘ ਭੱਠਲ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਸਮਰਪਿਤ ਹੈ।

ਸ਼ਹੀਦ ਸਾਥੀ ਗੁਲਜ਼ਾਰ ਸਿੰਘ ਨੂੰ ਲੱਖ ਵਾਰ ਪ੍ਰਣਾਮ।

## ਹੱਡੀਂ ਰਚੀਆਂ ਯਾਦਾਂ

*(ਪਿਛਲੇ ਸਫੇ ਦਾ ਬਾਕੀ)*

ਪਾਰਟੀ ਦੌਰਾਨ ਮਹਾਰਾਜੇ ਨੇ ਨਹਿਰੂ ਨੂੰ ਪੁੱਛਿਆ,"ਆਜ਼ਾਦ ਹਿੰਦੁਸਤਾਨ ਵਿਚ ਸਾਡੀਆਂ ਰਿਆਸਤਾਂ ਦਾ ਕੀ ਬਣੂ?" ਜਵਾਬ ਵਿਚ ਨਹਿਰੂ ਕਹਿਣ ਲੱਗੇ,"ਮੇਰੇ ਖੁਆਬੋਂ ਕੇ ਹਿੰਦੁਸਤਾਨ ਮੇਂ ਰਿਆਸਤੇਂ ਵਿਆਸਤੇਂ ਕੀ ਕੋਈ ਜਗ੍ਹਾ ਨਹੀਂ।" ਸਾਰੇ ਮਹਿਮਾਨ ਚੁੱਪ ਹੋ ਗਏ। ਸੰਨਾਟਾ ਛਾ ਗਿਆ। ਇਹ ਗੱਲ ਸਾਡੇ ਕਰੀਬੀ ਰਿਸ਼ਤੇਦਾਰ ਨੇ ਮੈਨੂੰ ਦੱਸੀ। ਉਹ ਇਸ ਘਟਨਾ ਵੇਲੇ ਮਹਿਫਲ ਵਿਚ ਮੌਜੂਦ ਸਨ।

ਅਗਲੇ ਦਿਨ ਇਕ ਅਹਿਲਕਾਰ ਨੇ ਡਰਦੇ-ਡਰਦੇ ਮਹਾਰਾਜੇ ਨੂੰ ਪੁੱਛਿਆ,"ਹਜ਼ੂਰ ਤੁਸੀਂ ਰਿਆਸਤ ਦੇ ਭਵਿਖ ਬਾਬਤ ਐਸੀ ਭੈੜੀ ਗੱਲ ਸੁਣ ਕੇ ਚੁੱਪ ਕਿਉਂ ਰਹੇ?" ਭੁਪਿੰਦਰ ਸਿੰਘ ਕਹਿਣ ਲੱਗੇ,"ਪੰਡਤ ਨਹਿਰੂ ਬਹੁਤ ਦੂਰ-ਅੰਦੇਸ਼ ਅਤੇ ਉੱਚ ਹਸਤੀ ਦੇ ਮਾਲਕ ਹਨ। ਆਜ਼ਾਦ ਹਿੰਦੁਸਤਾਨ ਵਿਚ ਮੈਂ ਸਭ ਤੋਂ ਪਹਿਲਾਂ ਆਪਣੀ ਰਿਆਸਤ ਉਨ੍ਹਾਂ ਦੇ ਹਵਾਲੇ ਕਰ ਦਿਆਂਗਾ।" ਆਜ਼ਾਦੀ ਵੇਲੇ ਉਹ ਤਾਂ ਜੀਵਤ ਨਹੀਂ ਸਨ ਪਰ ਉਨ੍ਹਾਂ ਦੇ ਸਪੁੱਤਰ ਮਹਾਰਾਜਾ ਯਾਦਵਿੰਦਰ ਸਿੰਘ ਨੇ ਪਿਤਾ ਦੀ ਕਹੀ ਗੱਲ ਪੂਰੀ ਕਰ ਦਿੱਤੀ।

ਦੂਜੀ ਮਿਸਾਲ ਵੀ ਕਮਾਲ ਦੀ ਹੈ। ਲੋਕ ਖਾਹ-ਮਖਾਹ ਉਸ ਨੂੰ ਅੰਗਰੇਜ਼ਾਂ ਦੇ ਪਿੱਠੂ ਕਹਿੰਦੇ ਹਨ।

ਗੁਰਦੁਆਰਾ ਸੁਧਾਰ ਲਹਿਰ ਵਿਚ ਕਰਤਾਰ ਸਿੰਘ ਝੱਬਰ ਦਾ ਜਾਣਿਆ ਪਛਾਣਿਆ ਨਾਮ ਹੈ। ਸ਼ਰਨਾਰਥੀ ਬਣੇ ਉਹ ਕਰਨਾਲ ਆ ਵਸੇ ਸਨ। ਉਹ 1964 ਵਿਚ ਸੁਰਗਵਾਸ ਹੋ ਗਏ। ਨਨਕਾਣਾ ਸਾਹਿਬ ਦੇ ਸਾਕੇ ਵੇਲੇ ਅਤੇ ਹੋਰ ਕਈ ਘਟਨਾਵਾਂ ਵੇਲੇ ਉਹ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਡਟ ਜਾਂਦੇ ਸਨ। ਇਸ ਕਰਕੇ ਕਿਸੇ ਆਨੇ-ਬਹਾਨੇ ਉਸ ਨੂੰ ਅੰਗਰੇਜ਼ ਖ਼ਤਮ ਕਰਨਾ ਚਾਹੁੰਦੇ ਸਨ। ਸੋ ਇਕ ਅਜੀਬ ਮੌਕਾ ਮਿਲ ਗਿਆ। ਕਾਲਕਾ ਤੋਂ ਸ਼ਿਮਲੇ ਜਾਣ ਵਾਲੀ ਰੇਲ ਲਾਈਨ ਦੀਆਂ ਕੁਝ ਪਟੜੀਆਂ ਕਿਸੇ ਮਾਯੂਸ ਅਤੇ ਦੁਖੀ ਕਰਮਚਾਰੀ ਨੇ ਉਖਾੜ ਦਿੱਤੀਆਂ ਤਾਂ ਕਿ ਰੇਲ ਵਿਚ ਅੰਗਰੇਜ਼ ਮੁਸਾਫ਼ਿਰ ਹਾਦਸਾ-ਗ੍ਰਸਤ ਹੋ ਜਾਣ। ਪਟੜੀ ਪੁੱਟਣ ਦਾ ਕਾਰਾ ਕਰਤਾਰ ਸਿੰਘ ਦੇ ਖਿਲਾਫ਼ ਲਗਾ ਦਿੱਤਾ ਗਿਆ। ਇਸ ਕੇਸ ਦਾ ਫੈਸਲਾ ਇਕ ਮੁਸਲਿਮ ਮੈਜਿਸਟਰੇਟ ਨੇ ਕਰਨਾ ਸੀ। ਮਹਾਰਾਜਾ ਭੁਪਿੰਦਰ ਸਿੰਘ ਨੂੰ ਪਤਾ ਲੱਗਿਆ ਕਿ ਨਿਰਦੋਸ਼, ਬਹਾਦਰ ਅਤੇ ਸਿਦਕੀ ਬੰਦੇ ਨੂੰ ਫਸਾਇਆ ਜਾ ਰਿਹਾ ਹੈ। ਉਸ ਨੇ ਝੱਟ ਇਕ ਵਫ਼ਾਦਾਰ ਏਲਚੀ ਰਾਹੀਂ ਮੈਜਿਸਟਰੇਟ ਨੂੰ ਲਿਖਤ ਸੁਨੇਹਾ ਭੇਜਿਆ ਕਿ ਤੂੰ ਨਿਰਦੋਸ਼ ਵਿਅਕਤੀ ਨੂੰ ਸਜ਼ਾ ਨਹੀਂ ਦੇਣੀ। ਜੇ ਅੰਗਰੇਜ਼ ਤੈਨੂੰ ਇਸ ਕਾਰਨ ਮੁਅੱਤਲ ਕਰ ਦੇਣ, ਮੇਰੀ ਰਿਆਸਤ ਵਿਚ ਕੋਈ ਵੀ ਉੱਚ ਪਦਵੀ ਤੇਰੇ ਲਈ ਹਾਜ਼ਰ ਹੈ। ਝੱਬਰ ਸਾਹਿਬ ਬਾ-ਇੱਜ਼ਤ ਬਰੀ ਹੋ ਗਏ। ਇਹ ਗੱਲ ਮੇਰੇ ਮਿੱਤਰ ਦੇ ਪਿਤਾ ਨੇ ਸੁਣਾਈ ਸੀ। ਮੈਂ ਰਾਜੇ ਮਹਾਰਾਜਿਆਂ ਦਾ ਸ਼ੈਦਾਈ ਨਹੀਂ।

ਗੱਲ ਤਾਂ ਹਰ ਬੰਦੇ ਵਿਚ ਕਈ ਬੰਦੇ ਵਸੇ ਹੋਣ ਦੀ ਹੈ। ਮੈਂ 1956-58 ਤੱਕ ਐਸ.ਡੀ. ਕਾਲਜ ਬਰਨਾਲਾ ਵਿਚ ਪੜ੍ਹਾਇਆ ਹੈ। ਕਾਲਜ ਦੀ ਕਮੇਟੀ ਦੇ ਮੁਖੀ ਸ੍ਰੀ ਦਰਬਾਰੀ ਲਾਲ ਟੰਡਨ ਜੀ ਸਨ। ਉਹ ਉਥੇ ਵਕੀਲ ਸਨ। ਮੇਰੇ ਉਪਰ ਬੜੇ ਮਿਹਰਬਾਨ ਸਨ। ਉਨ੍ਹਾਂ ਦਿਨਾਂ ਵਿਚ ਇਕ ਵਾਰ ਨੇੜੇ ਦੇ ਪਿੰਡਾਂ ਵਿਚ ਗੜੇ ਪੈਣ ਨਾਲ ਬਹੁਤ ਨੁਕਸਾਨ ਹੋਇਆ। ਕਿਸਾਨਾਂ ਦੀ ਸਹਾਇਤਾ ਲਈ ਬਹੁਤ ਦੇਰ ਕੋਈ ਨਾ ਬਹੁੜਿਆ। ਟੰਡਨ ਸਾਹਿਬ ਮੈਨੂੰ ਕਹਿਣ ਲੱਗੇ,"ਇਸ ਤੋਂ ਤਾਂ ਮਹਾਰਾਜਾ ਭੁਪਿੰਦਰ ਸਿੰਘ ਦਾ ਟਾਈਮ ਹੀ ਚੰਗਾ ਸੀ। ਇਹੋ ਜਿਹੀ ਆਫ਼ਤ ਵੇਲੇ ਝੱਟ ਸਹਾਇਤਾ ਦਾ ਹੁਕਮ ਹੋ ਜਾਂਦਾ ਸੀ।"

ਟੰਡਨ ਸਾਹਿਬ ਦੇ ਪਿਤਾ ਜੀ ਵਿਤ ਮਹਿਕਮੇ ਦੇ ਉੱਚ ਅਧਿਕਾਰੀ ਸਨ।

ਸਾਨੂੰ ਕਦੀ ਵੀ ਕਿਸੇ ਵਿਅਕਤੀ ਬਾਬਤ ਕਿਸੇ ਦੇ ਕਹੇ-ਕਹਾਏ ਜਾਂ ਸੁਣਾਈ ਰਾਏ ਉਪਰ ਅੰਧ-ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਹਰ ਬੰਦੇ ਦੇ ਕਈ ਪਹਿਲੂ ਹੁੰਦੇ ਹਨ।

ਉਰਦੂ ਜ਼ਬਾਨ 'ਤੇ ਮੇਰੀ ਪਕੜ ਮਜ਼ਬੂਤ ਨਹੀਂ। ਸੌਖੇ ਲਫ਼ਜ਼ਾਂ ਵਿਚ ਲਿਖੇ ਹੋਏ ਕੁਝ ਸ਼ੇਅਰ ਮੇਰੀ ਹੱਡੀਂ ਰਚੀ ਯਾਦ ਦਾ ਹਿੱਸਾ ਬਣ ਗਏ ਹਨ। ਉਹ ਮੈਨੂੰ ਇਤਨੇ ਚੰਗੇ ਲਗਦੇ ਹਨ ਕਿ ਮੇਰੀ ਰੋਜ਼ਮੱਰਾ ਜ਼ਿੰਦਗੀ ਦਾ ਸਹਾਰਾ ਹਨ:

ਮਤ ਘਬਰਾ ਬਾਦੇ-ਮੁਖ਼ਾਲਿਫ ਸੇ (ਉਲਟ ਦਸ਼ਾ ਦੀ ਹਵਾ)
ਸ਼ਾਇਦ ਯੇ ਚਲਤੀ ਹੈਂ ਤੁਝੇ ਊਚਾ ਉਠਾਨੇ ਕੇ ਲੀਏ।

ਕੋਈ ਬਾਤ ਨਈ ਨਹੀਂ ਹੋਤੀ ਹੈ ਹਾਲੀ
ਬਨਾ ਦੇਤਾ ਹੈ ਨਈ ਅੰਦਾਜ਼-ਬਿਆਂ ਇਸ਼ਕੋਂ।

ਸੈਫ ਅੰਦਾਜ਼-ਬਿਆਂ ਰੰਗ ਬਦਲ ਦੇਤਾ ਹੈ
ਵਰਨਾ ਦੁਨੀਆ ਮੇਂ ਕੋਈ ਬਾਤ ਨਈ ਬਾਤ ਨਹੀਂ।

ਉਮਰ ਭਰ ਗਾਲਿਬ ਯਹੀ ਭੂਲ ਕਰਤਾ ਰਹਾ
ਧੂਲ ਚੇਹਰੇ ਪੇ ਥੀ ਔਰ ਆਈਨਾ ਸਾਫ਼ ਕਰਤਾ ਰਹਾ

ਯਹ ਸ਼ਬੇ-ਗਮ (ਗਮ ਦੀ ਸ਼ਾਮ)
ਹਰ ਕਿਸੀ ਕੇ ਘਰ ਤੋ ਨਹੀਂ ਆਤੀ
ਯਹ ਬਲਾ ਹਮ ਨੇ ਖੁਦ ਬਲਾਈ ਹੈ।

ਕੁਛ ਤੋ ਮਜਬੂਰੀਆਂ ਰਹੀ ਹੋਂਗੀ
ਯੂੰ ਕੋਈ ਬੇਵਫ਼ਾ ਨਹੀਂ ਹੋਤਾ।

ਮਾਨਾ ਕਿ ਇਸ ਜ਼ਮੀਂ ਕੋ ਨ ਗੁਲਜ਼ਾਰ ਕਰ ਸਕੇ
ਕੁਝ ਖਾਰ ਕਮ ਤੋ ਕਰ ਗਏ ਗੁਜ਼ਰੇ ਜਿਧਰ ਸੇ ਹਮ।

ਅਤੇ ਕੁਝ ਹੋਰ।

ਇਨ੍ਹਾਂ ਦੀ ਪੂਰੀ ਵਿਆਖਿਆ ਪਾਠਕਾਂ ਲਈ ਛੱਡ ਦਿੰਦਾ ਹਾਂ।

ਅੰਤ ਵਿਚ ਇਨ੍ਹਾਂ ਯਾਦਾਂ ਦੀ ਗਠੜੀ ਨੂੰ ਪੂਰੀ ਤਰ੍ਹਾਂ ਖੋਲ੍ਹਣ ਵਿਚ ਥੋੜ੍ਹਾ ਸੰਕੋਚ ਠੀਕ ਰਹੇਗਾ। ਕੁਝ ਭਲੇ ਬੰਦਿਆਂ ਦੇ ਜਾਣੇ ਅਣਜਾਣੇ ਵਿਚ ਕੀਤੇ ਗਲਤ ਕਾਰਨਾਮੇ ਮੈਨੂੰ ਭਲੀਭਾਂਤ ਯਾਦ ਹਨ। ਉਨ੍ਹਾਂ ਦਾ ਜ਼ਿਕਰ ਕਰਨਾ ਉਨ੍ਹਾਂ ਦੀ ਸ਼ੁਹਰਤ ਨੂੰ ਚਕਨਾਚੂਰ ਕਰ ਦੇਵੇਗਾ। ਉਹ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਮੇਰੇ ਨਾਲ ਨਾਰਾਜ਼ ਹੋ ਜਾਣਗੇ।

ਮੇਰੀ ਉਮਰ ਅਤੇ ਵਿਗੜਦੀ ਸਿਹਤ ਅਨੁਸਾਰ ਮੇਰਾ ਅੰਤ ਸਮਾਂ ਨੇੜੇ ਹੀ ਨਜ਼ਰ ਆ ਰਿਹਾ ਹੈ। ਮੈਨੂੰ ਸੁਰਜੀਤ ਪਾਤਰ ਦੇ ਇਹ ਸ਼ਬਦ ਸਦਾ ਚੇਤੇ ਰਹਿੰਦੇ ਹਨ:

ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।

# ਕੀ ਪਹਿਲੇ ਪੰਜ ਪਿਆਰੇ ਹਿੰਦੂ ਸਨ?

**ਸੋਸ਼ਲ ਮੀਡੀਆ ਦੇ ਅਜੋਕੇ ਦੌਰ ਵਿਚ ਮਰਮਰਜ਼ੀਆਂ ਦੀ ਅਜਿਹੀ ਹਵਾ ਵਗੀ ਹੈ ਕਿ ਤੱਥਾਂ ਬਾਰੇ ਕੋਈ ਘੋਖ-ਪੜਤਾਲ ਕੀਤੇ ਬਗੈਰ ਅਜਿਹੀਆਂ ਰਚਨਾਵਾਂ ਵੀ ਵੱਖ-ਵੱਖ ਮੰਚਾਂ ਉਤੇ ਗੇੜੇ ਕੱਢਦੀਆਂ ਰਹਿੰਦੀਆਂ ਹਨ ਜਿਨ੍ਹਾਂ ਦਾ ਹਕੀਕਤ ਨਾਲ ਕੋਈ ਮੇਲ ਨਹੀਂ ਬਣਦਾ। ਅਜਿਹੀ ਇਕ ਰਚਨਾ ਅਤੇ ਆਪ-ਹੁਦਰੇਪਨ ਬਾਰੇ ਚਰਚਾ ਗੁਰਚਰਨਜੀਤ ਸਿੰਘ ਲਾਂਬਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

'ਪਾਂਚ ਹਿੰਦੂ ਹੀ ਪਹਿਲੇ 'ਪੰਜ ਪਿਆਰੇ' ਸਜੇ ਥੇ।' ਤਰਲੋਚਨ ਸਿੰਘ ਦਾ ਲਿਖਿਆ ਲੇਖ ਵੱਡੀ ਗਿਣਤੀ ਵਿਚ ਗਸ਼ਤ ਕਰ ਰਿਹਾ ਹੈ। ਇਸ ਨੇ ਪੰਥਕ ਹਲਕਿਆਂ ਵਿਚ ਹਲਚਲ ਪੈਦਾ ਕੀਤੀ ਹੈ ਪਰ ਧਾਰਮਿਕ ਅਤੇ ਇਤਿਹਾਸਕ ਪੱਖੋਂ ਇਹ ਬੇਬੁਨਿਆਦ ਅਤੇ ਗਲਤ ਹੈ। ਇਹ ਕਿਉਂ ਅਤੇ ਕਿਸ ਮਕਸਦ ਨਾਲ ਲਿਖਿਆ ਜਾਂ ਲਿਖਵਾਇਆ, ਕਿਹਾ ਨਹੀਂ ਜਾ ਸਕਦਾ ਪਰ ਜੇ ਇਸ ਨੂੰ ਅਣਗੌਲਿਆ ਕੀਤਾ ਜਾਂਦਾ ਹੈ ਤਾਂ ਇਹ ਭਵਿੱਖ ਵਿਚ ਕਈ ਭਰਮ-ਭੁਲੇਖੇ ਪੈਦਾ ਕਰ ਸਕਦਾ ਹੈ। ਇਸ ਵਿਚ ਗੁਰ ਅਤੇ ਸਿੱਖ ਇਤਿਹਾਸ ਬਾਰੇ ਕਈ ਮਨਘੜਤ ਗੱਲਾਂ ਕਰ ਕੇ ਨਵਾਂ ਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਗੁਰਚਰਨਜੀਤ ਸਿੰਘ ਲਾਂਬਾ**

ਇਸ ਲਈ ਇਸ ਬਾਰੇ ਵਿਚਾਰ ਜ਼ਰੂਰੀ ਹੈ ਤਾਂ ਕਿ ਸਹੀ ਤੱਥ ਪੇਸ਼ ਕੀਤੇ ਜਾ ਸਕਣ।

ਸਿੱਖ ਪੰਥ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ। ਇਸ ਕ੍ਰਿਸ਼ਮੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਲਮਬੱਧ ਕੀਤਾ:

ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥4॥
ਤਿਨ ਇਹ ਕਲ ਮੋ ਧਰਮ ਚਲਾਯੋ॥ ਸਭ ਸਾਧਨ ਕੋ ਰਾਹੁ ਬਤਾਯੋ॥
ਜੋ ਤਾ ਕੇ ਮਾਰਗ ਮਹਿ ਆਏ॥ ਤੇ ਕਬਹੂੰ ਨਹਿ ਪਾਪ ਸੰਤਾਏ॥5॥

ਉਪਰੰਤ ਨੌਂ ਗੁਰੂ ਸਾਹਿਬਾਨ ਨੇ ਇਸ ਮਹਿਲ ਨੂੰ ਸੁਦ੍ਰਿੜ ਕੀਤਾ। ਫਿਰ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਇਸ ਨੂੰ ਸੰਪੂਰਨ ਕੀਤਾ ਅਤੇ ਇਸ ਤਰ੍ਹਾਂ ਗੁਰੂ ਪੰਥ ਵਿਚ ਤਬਦੀਲ ਕਰ ਦਿੱਤਾ। ਪ੍ਰੋ. ਪੂਰਨ ਸਿੰਘ ਵੀ ਕਹਿ ਉਠਿਆ:

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਹੀ ਸਿੱਖ ਅਤੇ ਸਿੱਖੀ ਪੂਰੀ ਤਰ੍ਹਾਂ ਸੁਦ੍ਰਿੜ ਅਤੇ ਸੰਸਥਾਗਤ ਹੋ ਚੁੱਕੇ ਸਨ। ਹੁਣ ਜੇ ਹਿੰਦੂਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜਿਆ ਸੀ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1699 ਦੀ ਵਿਸਾਖੀ ਤੱਕ ਗੁਰੂ ਕਾਲ ਦੀ ਘਾਲਣਾ ਨਾਲ ਤਿਆਰ ਕੀਤੇ ਸਿੱਖ ਕਿੱਥੇ ਸਨ? ਇਸ ਲੇਖ ਮੁਤਾਬਿਕ ਤਾਂ 1469 ਤੋਂ 1699 ਤਕ ਦੀ ਸਾਰੀ ਘਾਲਣਾ ਹੀ ਲੋਪ ਕਰ ਦਿੱਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਭੇਟ ਕਰਨ ਵਾਲੇ ਮਹਾਨ ਸੂਰਬੀਰ ਪੰਜ ਪਿਆਰੇ ਗੁਰੂ ਕੇ ਅਨਿੰਨ ਸਿੱਖ ਸਨ। ਉਹਨਾਂ ਨੂੰ ਹਿੰਦੂ ਕਹਿਣਾ ਮਹਾਨ ਯੋਧਿਆਂ ਨੂੰ ਸਿੱਖੀ ਤੋਂ ਮਹਿਰੂਮ ਕਰਨਾ ਅਤੇ ਧਾਰਮਿਕ ਅਵੱਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਤਾਂ ਪਹਿਲੇ ਜਾਮੇ ਵਿਚ ਹੀ ਸਿੱਖ ਬਣਨ ਲਈ ਸ਼ਰਤ ਰੱਖ ਦਿੱਤੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥20॥ (ਮ. 1, ਪੰਨਾ 1412)

ਇਸ ਤਰ੍ਹਾਂ ਜਿਹੜੇ ਵੀ ਗੁਰੂ ਜੀ ਦੇ ਮਾਰਗ 'ਤੇ ਆਏ, ਉਹ ਗੁਰੂ ਕੇ ਸਿੱਖ ਸਨ ਅਤੇ ਉਹਨਾਂ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।

ਬਿਲਕੁਲ ਇਸੇ ਤਰਜ਼ 'ਤੇ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਚਨ ਨੂੰ ਨੰਗੀ ਸ੍ਰੀ ਸਾਹਿਬ ਲੈ ਕੇ ਸਿਰ ਦੀ ਮੰਗ ਕੀਤੀ ਸੀ ਕਿ ਜੋ ਵੀ ਇਸ ਪ੍ਰੇਮ ਦੇ ਮਾਰਗ ਤੇ ਤੁਰਨਾ ਚਾਹੁੰਦੇ ਹਨ, ਜੋ ਵੀ ਪਿਆਰੇ ਅਖਵਾਉਣਾ ਚਾਹੁੰਦੇ ਹਨ, ਉਹ ਆਪਣਾ ਸੀਸ ਭੇਟ ਕਰਨ। ਇਸ ਤਰ੍ਹਾਂ ਚਰਨਾਮ੍ਰਿਤ ਤੋਂ ਖੰਡੇ ਦੀ ਪਾਹੁਲ ਦਾ ਸਫਰ ਤੈਅ ਪਾਇਆ ਗਿਆ।

ਇੱਥੇ ਗੁਰੂ ਜੀ ਨੇ ਸਿੱਖ ਸੰਗਤ ਸੱਦਾ ਦਿੱਤਾ ਸੀ ਅਤੇ ਸਿੱਖ ਸੰਗਤਾਂ ਹੀ ਜੁੜੀਆਂ ਸਨ।

ਦੋਹਰਾ: ਭਯੋ ਮੇਲ ਜਬਿ ਅਨੰਪੁਰਿ ਚਹੁਦਿਸਿ ਤੇ ਸਿਖ ਆਇ॥
ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ॥1॥

ਇਸ ਮੁਕਾਮ ਤਕ ਪਹੁੰਚਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਥਾਂ-ਥਾਂ ਧਰਮਸਾਲਾ ਅਤੇ ਸੰਗਤਾਂ ਕਾਇਮ ਕੀਤੀਆਂ; ਜਿਵੇਂ ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ; ਤੇ ਇਹ ਸਿਲਸਿਲਾ ਬਾਅਦ ਵਿਚ ਵੀ ਗੁਰੂ ਕਾਲ ਵਿਚ ਜਾਰੀ ਰਿਹਾ। ਇਹਨਾਂ ਸੰਗਤਾਂ ਨੂੰ ਪੱਕੇ ਤੌਰ 'ਤੇ ਧੁਰੇ ਨਾਲ ਜੋੜਨ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਸਥਾਪਤ ਕੀਤੀਆਂ ਅਤੇ ਮਸੰਦ ਥਾਪੇ।

ਗੁਰੂ ਜੀ ਦੇ ਮਾਰਗ ਨੂੰ ਅਪਣਾਉਣ ਵਾਲੇ ਸਿੱਖ ਅਖਵਾਏ। ਸ਼ਬਦ ਸਿੱਖ ਕਿਸੇ ਵੇਦ, ਪੁਰਾਣ, ਸ਼ਾਸਤਰ ਵਿਚ ਨਹੀਂ ਸੀ ਪਰ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਸਿੱਖ, ਗੁਰਸਿੱਖ, ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਪ੍ਰੰਪਰਾ ਵਿਚ ਇਹ ਲਫ਼ਜ਼ ਪੂਰੀ ਤਰ੍ਹਾਂ ਮਕਬੂਲ ਹੋ ਗਿਆ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ (ਮ. 3, ਪੰਨਾ 920)

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ (ਮ. 3 ਪੰਨਾ 602)

ਨਾਮੁ ਜਪਹੁ ਮੇਰੇ ਗੁਰਸਿਖ ਮੀਤਾ॥ ਨਾਮੁ ਜਪਹੁ ਨਾਮੇ ਸੁਖ ਪਾਵਹੁ (ਮ. 4ਪੰਨਾ367)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ (ਮ. 4 ਪੰਨਾ 306)

ਗੁਰੂ ਨਾਨਕ ਦੇਵ ਜੀ ਵਲੋਂ ਲਾਏ ਸਿੱਖੀ ਦੇ ਬੂਟੇ ਦੀ ਮਹਿਕ ਕਿਤਨੀ ਫੈਲ ਚੁੱਕੀ ਸੀ ਕਿ ਭਾਈ ਮਨੀ ਸਿੰਘ ਜੀ ਦੁਆਰਾ ਰਚਿਤ ਸਿੱਖਾਂ ਦੀ ਭਗਤ ਮਾਲਾ ਵਿਚ ਤਕਰੀਬਨ ਦੋ ਸੌ ਸਿੱਖਾਂ ਦਾ ਜ਼ਿਕਰ ਹੈ ਅਤੇ ਹਰ ਇਕ ਨੂੰ ਭਾਈ ਲਫ਼ਜ਼ ਨਾਲ ਸੰਬੋਧਨ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਰੂ ਹਰਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਮੌਜੂਦ ਹਨ ਜਿਹਨਾਂ ਵਿਚ ਗੁਰੂ ਜੀ ਨੇ ਗੁਰਸਿੱਖਾਂ ਦੇ ਨਾਮ ਅੰਕਤ ਹਨ। ਹੋਰ ਤਾਂ ਹੋਰ, ਗੁਰੂ ਹਰਗੋਬਿੰਦ ਜੀ ਨੇ ਆਪਣੇ ਹੁਕਮਨਾਮੇ ਵਿਚ ਸਿੱਖਾਂ ਬਾਰੇ ਲਿਖਿਆ ਹੈ ਕਿ ਤੁਸੀਂ ਮੇਰਾ ਖਾਲਸਾ ਹੋ। ਖਾਲਸਾ ਉਸ ਜ਼ਮੀਨ ਨੂੰ ਕਿਹਾ ਜਾਂਦਾ ਹੈ ਜੋ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ ਅਤੇ ਜਿਸ 'ਤੇ ਕੋਈ ਮਾਲੀਆ, ਟੈਕਸ ਜਾਂ ਲਗਾਨ ਨਾ ਹੋਵੇ।

ਇਹ ਗੱਲ ਨਿਰਵਿਵਾਦਤ ਰੂਪ ਵਿਚ ਸਹੀ ਹੈ ਕਿ ਸ਼ੁਰੂ-ਸ਼ੁਰੂ ਵਿਚ ਸਿੱਖੀ ਦੀ ਪਨੀਰੀ ਵਿਚ ਵੱਡਾ ਯੋਗਦਾਨ ਦੇਣ ਵਾਲੇ ਹਿੰਦੂ ਹੀ ਸਨ ਪਰ ਉਹ ਸਿੱਖਾਂ ਦੀਆਂ ਕੁਰਬਾਨੀਆਂ, ਆਚਰਨ ਅਤੇ ਦੂਸਰਿਆਂ ਲਈ ਆਪਾਂ ਵਾਰਨ ਦੇ ਜਜ਼ਬੇ ਤੋਂ ਪ੍ਰਭਾਵਤ ਹੋ ਕੇਸਿੰਘ ਸਜੇ ਸਨ। ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਇਕ ਵਾਰ ਸਿੰਘ ਸਜ ਜਾਣ ਤੋਂ ਬਾਅਦ ਸਿੱਖੀ ਦਾ ਤਿਆਗ ਕਰਨ ਵਾਲਾ ਪਤਿਤ ਹੁੰਦਾ ਹੈ, ਸਹਿਜਧਾਰੀ ਜਾਂ ਹਿੰਦੂ ਨਹੀਂ।

ਇਸ ਤੋਂ ਜ਼ਿਆਦਾਮਹੱਤਵਪੂਰਨ ਗੱਲ ਇਹ ਹੈ ਕਿ ਜਿਵੇਂ ਇਸਲਾਮ, ਮਸੀਹੀ ਜਾਂ ਯਹੂਦੀ ਧਰਮਾਂ ਦਾ ਮੁੱਢ ਤੇ ਸ੍ਰੋਤ, ਉਹਨਾਂ ਦੀਆਂ ਧਾਰਮਿਕ ਪੁਸਤਕਾਂ, ਉਹਨਾਂ ਦੇ ਪੈਗੰਬਰ ਵੀ ਸਾਂਝੇ ਹਨ ਪਰ ਉਹਨਾਂ ਦੀ ਅੱਡਰੀ ਹਸਤੀ 'ਤੇ ਕਦੀ ਵਿਵਾਦ ਨਹੀਂ ਹੋਇਆ। ਦੂਸਰੇ ਪਾਸੇ ਸਿੱਖ ਅਤੇ ਹਿੰਦੂ ਧਰਮ ਗ੍ਰੰਥ ਵੱਖ-ਵੱਖ ਹਨ ਪਰ ਗੁਰੂ ਜੀ ਨੇ ਗੁਰਬਾਣੀ ਵਿਚ ਪੁਰਾਤਨ ਮਿਥਿਹਾਸਕ ਪਾਤਰਾਂ ਨੂੰ ਅੰਕਤ ਕੀਤਾ। ਪੌਰਾਣਿਕ ਗਾਥਾਵਾਂ ਦੇ ਹਵਾਲੇ ਦਿੱਤੇ ਪਰ ਸ਼ਰਤ ਸਿਰਫ਼ ਇਕ ਸੀ ਕਿ ਸਭ ਦਾ ਕਰਤਾ ਪੁਰਖ ਅਤੇ ਪੂਜਣ ਯੋਗ ਹਸਤੀ ਜਾਂ ਸਤੁਤੀ ਕੇਵਲ ਇਕ ਦੀ ਹੀ ਹੈ।

ਗੁਰੂ ਕਾਲ ਦੌਰਾਨ ਹੀ ਸਿੱਖ ਪੰਥ ਦੇ ਨਿਆਰੇਪਨ ਨੂੰ ਗੁਰੂ ਸਾਹਿਬਾਨ ਨੇ ਨਿਰਣਾਇਕ ਤੌਰ 'ਤੇ ਪਰਪੱਕ ਕਰ ਦਿੱਤਾ ਸੀ। ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ ਦੀ 'ਸਿੱਖਸ' ਵਿਚ ਅੰਕਤ ਕੀਤਾ ਹੈ:

The following that Nanak had created in his life time, could at best be described as a group dissenting from both Hinduism and Islam. (ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਜੀ ਜਿਹੜੇ ਪੈਰੋਕਾਰ ਬਣਾਏ ਸਨ, ਉਹਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਹ ਲੋਕ ਸਨ ਜਿਹਨਾਂ ਨੇ ਆਪਣੇ ਆਪ ਨੂੰ ਇਸਲਾਮ ਅਤੇ ਹਿੰਦੂ ਮਤ ਤੋਂ ਵੱਖ ਕਰ ਲਿਆ ਸੀ।)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਨਿਸ਼ਾਨਾ ਸਪਸ਼ਟ ਕੀਤਾ:

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥

ਇਸ ਮਹਾਂ ਵਾਕ ਨੂੰ ਗੁਰੂ ਸਾਹਿਬਾਨ ਨੇ ਅਮਲੀ ਰੂਪ ਵਿਚ ਤਨ 'ਤੇ ਹੰਢਾਇਆ। ਬਾਬਰ ਦੇ ਹਮਲੇ ਵੇਲੇ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਔਰਤਾਂ 'ਤੇ ਹੁੰਦੇ ਜ਼ੁਲਮਾਂ ਨੂੰ ਦੇਖ ਕੇ ਹਾਅ ਦਾ ਨਾਅਰਾ ਮਾਰਿਆ:

ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥1॥ (ਮ.1 ਪੰਨਾ 723)

ਇਤਨਾ ਹੀ ਨਹੀਂ, ਗੁਰੂ ਤੇਗ ਬਹਾਦੁਰ ਜੀ ਨੇ ਤਾਂ ਤਿਲਕ ਅਤੇ ਜੰਞੂ ਦੀ ਰਾਖੀ ਦੀ ਖਾਤਰ ਆਪਣੇ ਸੀਸ ਦਾ ਬਲੀਦਾਨ ਦੇ ਦਿੱਤਾ। ਬਾਅਦ ਵਿਚ ਗੁਰੂ ਕੇ ਖਾਲਸੇ ਨੇ ਇਸ ਪਿਰਤ ਨੂੰ ਜਾਨਾਂ ਹੂਲ ਕੇ ਜਾਰੀ ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ:

ਜਾ ਤੇ ਛੂਟ ਗਯੋ ਭ੍ਰਮ ਉਰ ਕਾ, ਤਿਸ ਆਗੈ ਹਿੰਦੂ ਕਿਆ ਤੁਰਕਾ॥

ਇਸ ਤਰ੍ਹਾਂ ਬਿਨਾ ਕਿਸੇ ਭੇਦ-ਭਾਵ ਦੇ ਕੇਵਲ ਇਨਸਾਨੀਅਤ ਦੇ ਨਾਤੇ ਆਪਾ ਵਾਰਨ ਦਾ ਇਤਿਹਾਸ ਰਚਿਆ ਪਰ ਇਸ ਦੇ ਨਾਲ ਹੀ ਆਪਣੀ ਨਿਆਰੀ ਹਸਤੀ ਨੂੰ ਵੀ ਕਾਇਮ ਰੱਖਿਆ। ਗੁਰਵਾਕ ਹੈ:

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥੫॥੩॥ ਭੈਰਉ ਮਹਲਾ ੫॥

ਸੋ ਇਹ ਕਹਿਣਾ ਕਿ ਪਹਿਲੇ ਪੰਜ ਪਿਆਰੇ ਹਿੰਦੂ ਸਨ, ਸਰਾਸਰ ਗਲਤ ਹੈ ਅਤੇ ਕਿਸੇ ਵਿਸ਼ੇਸ਼ ਮਕਸਦ ਨਾਲ ਕਹੀ ਗਈ ਹੈ। ਇਹ ਪੰਥਕ ਪਿੜ ਵਿਚ ਉਤੇਜਨਾ ਪੈਦਾ ਕਰਨ ਸਿੱਖ ਹੋਂਦ 'ਤੇ ਪ੍ਰਹਾਰ ਕਰਨ ਵਾਲਾ ਬਿਆਨ ਹੈ। ਅੰਮ੍ਰਿਤ ਦਾ ਅਧਿਕਾਰੀ ਹਰ ਪ੍ਰਾਣੀ ਮਾਤਰ ਹੈ ਪਰ ਅੰਮ੍ਰਿਤ ਛਕਣ ਲਈ ਕੁਝ ਬੁਨਿਆਦੀ ਸ਼ਰਤਾਂ ਹਨ ਜਿਹਨਾਂ ਵਿਚ ਸਭ ਤੋਂ ਪਹਿਲੀ ਹੈ- ਉਸ ਦਾ ਸਾਬਤ ਸੂਰਤ ਹੋਣਾ। ਇਸ ਲਈ ਗੈਰ-ਸਿੱਖ ਤੋਂ ਸਿੰਘ ਸਜਣ ਵਿਚਕਾਰ ਇਕ ਪੜਾਅ ਸਿੱਖ ਹੋਣ ਦਾ ਹੈ। ਹਿੰਦੂ ਤੋਂ ਸਿੰਘ ਸਜਣ ਲਈ ਕੁਝ ਮਹੀਨੇ ਦਾ ਸਮਾਂ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਗੁਰੂ, ਸਿੱਖ, ਸੰਗਤ, ਗੁਰਬਾਣੀ, ਗੁਰੂ ਗ੍ਰੰਥ ਸਾਹਿਬ, ਕਥਾ-ਕੀਰਤਨ, ਸਿੱਖ ਮਰਯਾਦਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਨਿਸ਼ਾਨ, ਨਗਾਰੇ, ਲੰਗਰ ਆਦਿ ਸਾਰੇ ਸਿਧਾਂਤ, ਪ੍ਰੰਪਰਾਵਾਂ ਪੱਕੇ ਪੈਰੀ ਹੋ ਚੁੱਕੀਆਂ ਸਨ। ਅੰਮ੍ਰਿਤ ਪ੍ਰਾਪਤੀ ਦਾ ਰਾਹ ਟਣ-ਫਟ ਨਹੀਂ ਹੁੰਦਾ। ਇਸ ਲਈ ਦ੍ਰਿੜ ਇਰਾਦੇ, ਤਿਆਰੀ ਅਤੇ ਸਮੇਂ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਅਤੇ ਗੁਰਸਿੱਖੀ ਨੂੰ ਦ੍ਰਿੜ ਹੋ ਚੁੱਕੇ ਪੰਜ ਪਿਆਰਿਆਂ ਤੇ ਹੀ ਅੰਮ੍ਰਿਤ ਦੀ ਇਲਾਹੀ ਦਾਤ ਦੀ ਬਖਸ਼ਿਸ਼ ਹੋਈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਕਲਗੀਧਰ ਪਿਤਾ ਨੇ ਗੁਰ ਸੰਗਤ ਨੂੰ ਖਾਲਸਾ ਬਣਾਇਆ। ਸੋ ਗੁਰੂ ਤੋਂ ਸਿੱਖ ਬਣੇ, ਸਿੱਖ ਤੋਂ ਸੰਗਤਾਂ ਬਣੀਆਂ ਅਤੇ ਸੰਗਤ ਤੋਂ ਖਾਲਸਾ। ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥1॥ (ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ , ਭਾਈ ਗੁਰਦਾਸ ਦੋਇਮ)। ਧਰਮ ਦੇ ਖੇਤਰ ਵਿਚ ਇਕ ਨੁਕਤਾ ਅਹਿਮ ਹੈ ਕਿ ਆਪਣਾ ਛੱਡੋ ਨਾ, ਦੂਜੇ ਦਾ ਛੇੜੋ ਨਾ।

ਮੇਰੇ ਤਾਇਆ ਜੀ ਸੂਬੇਦਾਰ ਮੇਜਰ ਹਰਬੰਸ ਸਿੰਘ ਜੀ ਫੌਜ ਵਿਚ ਸਨ। ਉਹਨਾਂ ਦੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਉਹ ਹਿੰਦੂਆਂ ਨੂੰ ਸਿੱਖ ਬਣਾਉਂਦੇ ਹਨ। ਕਮਾਂਡਰ ਅੰਗਰੇਜ਼ ਸੀ। ਉਸਨੇ ਸ਼ਿਕਾਇਤ ਕਰਤਾ ਨੂੰ ਸਵਾਲ ਕੀਤਾ ਕਿ ਹਿੰਦੂ ਨੂੰ ਸਿੱਖ ਬਣਾਉਣ ਲਈ ਘੱਟੋ-ਘੱਟ ਕਿਤਨਾ ਸਮਾਂ ਚਾਹੀਦਾ ਹੈ? ਜਵਾਬ ਸੀ- ਤਿੰਨ ਮਹੀਨੇ। ਅੰਗਰੇਜ਼ ਨੇ ਪੁੱਛਿਆ ਕਿ ਸਿੱਖ ਨੂੰ ਹਿੰਦੂ ਬਣਾਉਣ ਲਈ ਕਿਤਨਾ ਸਮਾਂ ਚਾਹੀਦਾ ਹੈ? ਜਵਾਬ ਸੀ- ਇਕ ਮਿੰਟ। ਕਮਾਂਡਰ ਨੇ ਕਿਹਾ: ਕੀ ਹਰਬੰਸ ਸਿੰਘ ਕੋਲ ਕੋਈ ਐਸੀ ਥਾਂ ਹੈ ਜਿੱਥੇ ਉਹ ਕਿਸੇ ਬੰਦੇ ਨੂੰ ਤਿੰਨ ਮਹੀਨੇ ਆਪਣੇ ਕਬਜ਼ੇ ਵਿਚ ਰੱਖ ਸਕੇ?

ਇਕ ਅਹਿਮ ਗਵਾਹੀ ਹੈ। ਸੰਮਤ 1756 ਦੀ ਪਾਵਨ ਵਿਸਾਖੀ ਵਾਲੇ ਦਿਨ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ ਤਾਂ ਉਹਨਾਂ ਨੇ ਕਿਸੇ ਵੀ ਆਮ ਸਿਰ ਦੀ ਮੰਗ ਨਹੀਂ ਕੀਤੀ ਬਲਕਿ ਆਵਾਜ਼ ਦਿੱਤੀ ਕਿ ਮੈਨੂੰ ਜ਼ਰੂਰਤ ਆ ਪਈ ਹੈ, ਕੀ ਕੋਈ ਮੇਰਾ ਬਹੁਤ ਪਿਆਰਾ ਸਿੱਖ ਹੈ ਜੋ ਇਸੇ ਵੇਲੇ ਮੈਨੂੰ ਆਪਣਾ ਸੀਸ ਦੇ ਦੇਵੇ। ਇੱਥੇ ਗੁਰੂ ਜੀ ਨੇ ਕਿਸੇ ਸਿੱਖ ਦੇ ਸਿਰ ਦੀ ਮੰਗ ਕੀਤੀ। ਭਾਈ ਸੰਤੋਖ ਸਿੰਘ ਜੀ ਗਵਾਹੀ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਕਿਹਾ:

ਕੋ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ।
ਕਰਹਿ ਕਾਜ ਅਰਪਹਿ ਨਿਜ ਪ੍ਰਾਨਾ।
ਦੇਹ ਅਹੰ ਕਹੁ ਤਜਿ ਕਰਿ ਦੂਰ।
ਧੀਰਜ ਧਰਿ ਦੇ ਸੀਸ ਹਜ਼ੂਰ॥36॥
ਇਕ ਵਾਰ ਫਿਰ ਆਵਾਜ਼ ਆਈ:
ਅਤਿ ਪ੍ਰਿਯ ਸਿਖ ਅਹੈ ਕੋ ਮੇਰਾ?
ਅਪਨੋ ਸੀਸ ਦੇਹਿ ਇਸ ਬੇਰਾ।
ਕਾਰਜ ਪਰਯੋ ਆਨ ਇਸ ਕਾਲਾ।
ਪੂਰਵ ਹਿ ਸਿਰ ਦੇ ਅਬਹਿ ਬਿਸਾਲਾ॥33॥

ਇਸੇ ਤਰ੍ਹਾਂ ਤੀਸਰੀ ਵਾਰ ਵੀ ਗੁਰੂ ਸਾਹਿਬ ਜੀ ਨੇ ਸਿੱਖ ਦੇ ਸਿਰ ਦੀ ਮੰਗ ਕੀਤੀ:

ਧੁਨਿ ਉਚੀ ਪੁਨ ਗੁਰੂ ਉਚਾਰਾ।
ਔਰ ਦੇਇ ਸਿਰ ਕੋ ਸਿਖ ਪਯਾਰਾ।
ਕਾਰਜ ਪਰਯੋ ਆਨ ਕਰਿ ਮੇਰਾ।
ਸਿਰ ਦੀਨੇ ਬਿਨ ਹੋਹਿ ਨ ਹੇਰਾ॥3॥

ਭਾਵ,ਵਾਰ-ਵਾਰ ਸਿੱਖ ਦੇ ਸਿਰ ਦੀ ਮੰਗ ਕੀਤੀ ਸੀ। ਉਪਰੰਤ ਜਿਹੜਾ ਖਾਲਸਾ ਗੁਰੂ ਸਾਹਿਬ ਨੇ ਸਾਜਿਆ ਸੀ, ਉਸਦਾ ਜ਼ਿਕਰ ਭਾਈ ਗੁਰਦਾਸ ਦੋਇਮ ਜੀ ਵਾਰ 41 ਵਿਚ ਕਰਦੇ ਹਨ:

ਨਿਜ ਪੰਥ ਚਲਾਇਓ ਖਾਲਸਾ। ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।... ... ...
ਇਉ ਤੀਸਰ ਮਜਹਬ ਖਾਲਸਾ, ਉਪਜਿਓ ਪਰਧਾਨਾ।
ਜਿਨਿ ਗੁਰ ਗੋਬਿੰਦ ਕੇ ਹੁਕਮ ਸਿਉ, ਗਹ ਖੜਗ ਦਿਖਾਨਾ।

ਇਤਿਹਾਸ ਗਵਾਹ ਹੈ ਕਿ ਬਾਅਦ ਵਿਚ ਘੱਲੂਘਾਰਿਆਂ ਵੇਲੇ ਵੀ ਕੇਸਾਂ ਵਾਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਹੀ ਅੱਸੀ-ਅੱਸੀ ਰੁਪਏ ਪੈਂਦੇ ਸਨ, ਕਿਸੇ ਹੋਰ ਆਮ ਸਿਰ ਦੇ ਨਹੀਂ।

ਉਕਤ ਵਿਵਾਦਤ ਲੇਖ ਵਿਚ ਇਕ ਹੋਰ ਹਾਸੋ ਹੀਣੀ ਗੱਲ ਲਿਖੀ ਗਈ ਹੈ: ਨਾਦਿਰਸ਼ਾਹ ਔਰ ਅਬਦਾਲੀ ਕੇ ਜ਼ੁਲਮੋਂ ਸੇ ਬਚਾਨੇ ਕੇ ਲਿਏ ਸਿਖੋਂ ਕੀ ਸਹਾਇਤਾ ਕੌਨ ਕਰਤਾ ਥਾ?

ਇਹ ਤਾਂ ਸਾਰੇ ਦੇ ਸਾਰੇ ਸਿੱਖ ਇਤਿਹਾਸ ਨੂੰ ਕਲੰਕਤ ਕਰਨ ਵਾਲੀ ਹਰਕਤ ਹੈ। ਨਾਦਰ ਦੇ ਹਮਲਿਆਂ ਬਾਰੇ ਉਸ ਸਮੇਂ ਮਸ਼ਹੂਰ ਲੋਕ ਅਖਾਣ ਸੀ: ਛਈ ਰੰਨ ਗਈ ਬਸਰੇ, ਮੋੜੀਂ-ਮੋੜੀਂ ਭਾਈ ਕਛ ਵਾਲਿਆ। ... ਤੇ ਭਾਗੋ ਜਾ ਰਹੇ ਦੁੱਰਾਨੀ ਕੀ ਸਲਵਾਰ ਜਹਾਂ ਉਲਝਾਨੀ ਥੀ। ਨਾਦਰ ਦਾ ਜ਼ਿਕਰ ਕੀਤਾ ਹੈ ਤਾਂ ਪੰਥ ਪ੍ਰਕਾਸ਼ ਵਿਚ ਉਸਦੇ ਹਵਾਲੇ ਨਾਲ ਲਿਖਿਆ ਹੈ ਕਿ ਉਸਨੇ ਪੁੱਛਿਆ ਕਿ ਸਿੱਖ ਸਭ ਤੋਂ ਵੱਧ ਕਿਹੜੀ ਗੱਲ ਤੇ ਖਫ਼ਾ ਹੁੰਦੇ ਹਨ? ਲਾਹੌਰ ਦੇ ਸੂਬੇਦਾਰ ਨੇ ਕਿਹਾ ਸੀ ਕਿ ਹਿੰਦੂ ਕਹੇ ਤੇ ਖਿਝਤ ਵਧੇਰਾ। ਮੁਗ਼ਲਾਂ, ਦੁੱਰਾਨੀਆਂ, ਰੰਘੜਾ, ਪਠਾਣਾ, ਪਹਾੜੀ ਹਿੰਦੂ ਰਾਜਿਆਂ ਨਾਲ ਹੱਕ ਅਤੇ ਇਨਸਾਫ਼ ਲਈ ਖਾਲਸੇ ਨੇ ਲੋਹਾ ਲਿਆ। ਅਗਰ ਇਹ ਨਾ ਹੁੰਦਾ ਤਾਂ ਭਾਈ ਸੰਤੋਖ ਸਿੰਘ ਜੀ ਇਹ ਨਾ ਲਿਖਦੇ:

ਛਾਇ ਜਾਤੇ ਏਕਤਾ ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਿਤਾਬਿਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗਰੱਕ ਜਾਤੇ ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ।
ਸ੍ਰੀ ਗੁਰੂ ਗੁਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨ ਹੋਤੀ ਜਉ ਪੈ ਕਰੁਨਾ ਨਿਧਾਨ ਕੀ॥27॥

ਪਰ ਇਹ ਕੁਰਬਾਨੀਆਂ ਸਿੱਖਾਂ ਨੇ ਕਿਸੇ 'ਤੇ ਅਹਿਸਾਨ ਲਈ ਨਹੀਂ ਕੀਤੀਆਂ। ਇਹ ਉਹਨਾਂ ਦਾ ਧਾਰਮਿਕ ਫ਼ਰਜ਼ ਅਤੇ ਗੁਰੂ ਸਾਹਿਬ ਦੇ ਅੰਮ੍ਰਿਤ ਦੀ ਹੀ ਬਰਕਤ ਸੀ ਕਿ ਸੋਮਨਾਥ ਦੇ ਮੰਦਰ ਦੇ ਦਰਵਾਜ਼ੇ ਗਜ਼ਨੀ ਤੋਂ ਵਾਪਸ ਲਿਆਂਦੇ ਅਤੇ ਅਬਦਾਲੀ ਦੇ ਚੁੰਗਲ 'ਚੋਂ ਭਾਰਤ ਦੀ ਅਜ਼ਮਤ ਆਜ਼ਾਦ ਕਰਾ ਕੇ ਉਹਨਾਂ ਦੇ ਘਰੀਂ ਸੁਰੱਖਿਅਤ ਪਹੁੰਚਾਇਆ ਗਿਆ। ਧਾਰਮਿਕ ਤੌਰ 'ਤੇ ਵਿਚਾਰਿਆ ਜਾਏ ਤਾਂ ਸਾਰੀ ਮਾਨਵਤਾ ਦਾ ਮਾਲਕ, ਖਾਲਕ, ਸਿਰਜਣਹਾਰ ਕੇਵਲ ਇਕ ਹੀ ਹੈ ਜਿਸਨੂੰ ਕਿਸੇ ਨੇ ਵਸੁਧੇਵ ਕੁਟੰਬਕਮ ਅਤੇ ਕਿਸੇ ਨੇ ਰੱਬੁਲ ਆਲਮੀਨ ਕਹਿ ਦਿੱਤਾ। ਗੁਰਬਾਣੀ ਦਾ ਫਰਮਾਨ ਹੈ:

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥1॥ ਆਸਾ

ਇਸ ਲਈ ਮਸਲਾ ਕੇਵਲ ਲਿਖਣ, ਪੜ੍ਹਨ, ਬੋਲਣ ਅਤੇ ਪ੍ਰਚਾਰਨ ਦਾ ਨਹੀਂ ਬਲਕਿ ਮੰਨਣ ਅਤੇ ਮੰਨ ਕੇ ਅਮਲ ਕਰਨ ਦਾ ਹੈ।

ਇਸ ਲੇਖ ਵਿਚ ਇਕ ਹੋਰ ਸੰਵਿਧਾਨਕ ਨੁਕਤੇ ਧਾਰਾ 25 ਦਾ ਜ਼ਿਕਰ ਕੀਤਾ ਗਿਆ ਹੈ। ਇਹ ਦੁਖਦੀ ਰਗ ਵਾਲੀ ਧਾਰਾ ਸਿੱਖਾਂ ਨੂੰ ਹਿੰਦੂ ਗਰਦਾਨਦੀ ਹੈ ਅਤੇ ਸਿੱਖਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਮੁਨਕਰ ਹੈ। ਸੁਘੜ ਲਿਖਾਰੀ ਨੇ ਸਿੱਖ ਕੌਮ ਦੀ ਇਸ ਅਹਿਮ ਮੰਗ ਨੂੰ ਬਹੁਤ ਹੀ ਨਿਗੂਣਾ ਜਿਹਾ ਦਰਸਾ ਕੇ ਲਿਖਿਆ ਹੈ: ਉਸਮੇਂ ਸਿੱਖ, ਜੈਨੀ ਵਾ ਬੋਧੋਂ ਕੋ ਹਿੰਦੂਓਂ ਸੇ

**(ਬਾਕੀ ਅਗਲੇ ਸਫੇ 'ਤੇ)**

# ਹੌਂਸਲੇ ਦੀ ਸੱਟ ਨਾਲ ਔਕੜਾਂ ਨੂੰ ਲਲਕਾਰ ਕੇ ਤੋੜਨ ਵਾਲੀ 'ਲਾਲ ਅੱਖਾਂ ਵਾਲੀ ਕੁੜੀ'

ਅਜੀਤ ਸਤਨਾਮ ਕੌਰ

ਅੱਜ ਮੈਨੂੰ ਮਹਾਂਰਥੀਆਂ ਦੇ ਕਈ ਕਥਨ ਯਾਦ ਆਉਂਦੇ ਹਨ; ਸਭ ਤੋਂ ਵੱਡੀ ਜਿੱਤ ਉਹ ਹੁੰਦੀ ਹੈ, ਜਿਸ ਲਈ ਲੜਾਈ ਦੀ ਲੋੜ ਨਹੀਂ ਹੁੰਦੀ। ਜੇਤੂ ਯੋਧੇ ਪਹਿਲਾਂ ਜਿੱਤਦੇ ਹਨ ਅਤੇ ਫਿਰ ਜੰਗ ਵਿਚ ਜਾਂਦੇ ਹਨ, ਜਦਕਿ ਹਾਰੇ ਹੋਏ ਯੋਧੇ ਪਹਿਲਾਂ ਯੁੱਧ ਵਿਚ ਜਾਂਦੇ ਹਨ ਅਤੇ ਫਿਰ ਜਿੱਤਣ ਦੀ ਕੋਸ਼ਿਸ਼ ਕਰਦੇ ਹਨ। ਜੇ ਤੁਸੀਂ ਦੁਸ਼ਮਣ ਨੂੰ ਜਾਣਦੇ ਹੋ ਅਤੇ ਆਪਣੇ ਆਪ ਨੂੰ ਜਾਣਦੇ ਹੋ, ਤਾਂ ਤੁਹਾਨੂੰ ਸੌ ਲੜਾਈਆਂ ਦੇ ਨਤੀਜੇ ਤੋਂ ਡਰਨ ਦੀ ਲੋੜ ਨਹੀਂ ਹੈ। ਜਿੱਤ ਦੇ ਸੌ ਪਿਤਾ ਹੁੰਦੇ ਹਨ ਅਤੇ ਹਾਰ ਅਨਾਥ ਹੁੰਦੀ ਹੈ। ਸੌ ਲੜਾਈਆਂ ਵਿਚ ਸੌ ਜਿੱਤਾਂ ਹਾਸਲ ਕਰਨਾ ਹੁਨਰ ਦਾ ਕਮਾਲ ਨਹੀਂ ਹੈ। ਬਿਨਾਂ ਲੜੇ ਦੁਸ਼ਮਣ ਨੂੰ ਕਾਬੂ ਕਰਨਾ ਹੁਨਰ ਦਾ ਕਮਾਲ ਹੈ। ਕੁਦਰਤ ਨੇ ਔਰਤ ਅਤੇ ਮਰਦ ਨੂੰ ਆਪਣੀ ਇੱਛਾ ਸ਼ਕਤੀ ਨਾਲ ਕੋਸ਼ਿਸ਼ ਕਰ ਕੇ ਹਰ ਚੀਜ਼ ਉਪਰ ਜਿੱਤ ਪਾਉਣ ਦੀ ਸਮਰੱਥਾ ਦਿੱਤੀ ਹੈ। ਪਰ ਰਸਤੇ 'ਚ ਆਉਣ ਵਾਲੀਆਂ ਔਕੜਾਂ ਨਾਲ ਦੋ ਹੱਥ ਕਰ ਕੇ ਰਾਹ ਬਣਾਉਣ ਦਾ ਹੌਸਲਾ ਬਹੁਤ ਘੱਟ ਲੋਕਾਂ ਵਿਚ ਦੇਖਣ ਨੂੰ ਮਿਲਦਾ ਹੈ। ਪਹਾੜਾਂ ਜਿਹਾ ਔਖਾ ਪੈਂਡਾ ਅਤੇ ਆਪਣੇ ਮੋਢੇ ਉਪਰ ਆਪਣੀ 'ਕੁਹਾੜੀ' ਰੱਖ ਕੇ ਆਪ ਹੀ ਆਪਣਾ ਰਾਹ ਖੋਦ-ਖੋਦ ਕੇ ਬਣਾਉਂਦੇ ਹੋਏ, ਉਚਾਈ 'ਤੇ ਪਹੁੰਚਣ ਵਾਲਿਆਂ ਦੀ ਸੂਚੀ ਵਿਚ ਇਕ ਨਾਮ ਹੋਰ ਦਰਜ ਹੋ ਗਿਆ ਹੈ - ਨਵਨੀਤ ਕੌਰ (34), ਜਿਸ ਨੂੰ ਡਾਕਟਰਾਂ ਨੇ 'ਬੈੱਡ-ਰਿਡਨ' ਦਾ 'ਖ਼ਿਤਾਬ' ਦੇ ਕੇ ਬਾਕੀ ਦੀ ਜ਼ਿੰਦਗੀ ਦੂਸਰਿਆਂ ਦੇ ਆਸਰੇ ਜਿਉਣ ਦਾ ਫੈਸਲਾ ਦੇ ਦਿੱਤਾ ਸੀ ਪਰ ਨਵਨੀਤ ਕੌਰ ਨੇ ਆਪਣੇ ਸੁਪਨਿਆਂ ਨੂੰ ਆਪ ਖੰਭ ਲਾ ਕੇ ਐਸੀ ਉਡਾਰੀ ਭਰੀ ਕਿ ਉਸ ਦੀ ਉਡਾਨ ਸਭ ਨੇ ਵੇਖੀ ਅਤੇ ਉਸਦੇ ਹੌਂਸਲੇ ਦੀ ਦਾਦ ਵੀ ਦਿੱਤੀ।

ਨਵਨੀਤ ਕੌਰ ਨੇ ਿੲਭ ਫਰੋ ਦਾ ਖਿਤਾਬ ਜਿੱਤ ਕੇ ਆਪਣੇ ਦੇਸ਼ ਅਤੇ ਕੌਮ ਦਾ ਮਾਣ ਵਧਾਇਆ ਹੈ। ਨਵਨੀਤ ਕੌਰ 'ਇੰਟਰਨੈਸ਼ਨਲ ਫ਼ੈਡਰੇਸ਼ਨ ਆਫ ਬਾਡੀ ਬਿਲਡਿੰਗ' ਦੀ 'ਫਿਟਨੈੱਸ ਕੈਟਾਗਰੀ' ਵਿਚ ਪੂਰੇ ਭਾਰਤ ਵਿਚੋਂ ਤੀਸਰਾ ਖ਼ਿਤਾਬ ਹਾਸਲ ਕਰਨ ਵਾਲੀ ਕੁੜੀ ਬਣ ਗਈ ਹੈ। ਭਾਰਤ ਵਿਚ ਸਿਰਫ਼ 29 ਲੋਕਾਂ ਕੋਲ ਇਹ ਖਿਤਾਬ ਹੈ, ਜਿਸ ਵਿਚ ਸਿਰਫ਼ ਤਿੰਨ ਕੁੜੀਆਂ ਹਨ। ਨਵਨੀਤ ਕੌਰ ਦਾ ਇਸ ਉਚਾਈ ਤੱਕ ਪਹੁੰਚਣ ਦਾ ਸਫ਼ਰ ਕਿਵੇਂ ਸ਼ੁਰੂ ਹੋਇਆ, ਇਸ 'ਤੇ ਝਾਤ ਮਾਰਦੇ ਹਾਂ। ਨਵਨੀਤ ਕੌਰ ਵਧੀਆ ਪਰਿਵਾਰ ਵਿਚ ਤਿੰਨ ਭੈਣ-ਭਰਾਵਾਂ 'ਚੋਂ ਦੂਸਰੇ ਨੰਬਰ ਦੀ ਸੰਤਾਨ ਹੈ। ਸਮੇਂ ਦਾ ਗੇੜ ਸੀ ਕਿ ਪਰਿਵਾਰ 'ਤੇ ਮੁਸੀਬਤਾਂ ਦਾ ਪਹਾੜ ਆ ਡਿੱਗਿਆ ਤੇ ਘਰ ਦੀ ਹਾਲਤ ਨੇ ਸਭ ਨੂੰ ਪ੍ਰਭਾਵਿਤ ਕੀਤਾ। ਉਦੋਂ ਨਵਨੀਤ ਅਜੇ ਹਾਈ ਸਕੂਲ ਵਿਚ ਪੜ੍ਹ ਰਹੀ ਸੀ ਤੇ ਉਸ ਨੇ ਆਪਣੇ ਖਰਚੇ ਆਪ ਚੁੱਕਣ ਦਾ ਫੈਸਲਾ ਲਿਆ। ਗਰਮੀਆਂ ਦੀਆਂ ਛੁੱਟੀਆਂ ਵਿਚ ਉਸ ਨੇ ਛੋਟੇ ਬੱਚਿਆਂ ਨੂੰ 'ਡਾਂਸ' ਸਿਖਾਉਣਾ ਸ਼ੁਰੂ ਕੀਤਾ। ਹੌਲੀ-ਹੌਲੀ ਪ੍ਰਸਿੱਧੀ ਵਧੀ ਅਤੇ ਵੱਡੀ ਉਮਰ ਦੀਆਂ ਲੜਕੀਆਂ ਵੀ ਡਾਂਸ ਕਲਾਸ ਵਿਚ ਆਉਣ ਲੱਗ ਪਈਆਂ। ਨਵਨੀਤ ਨੇ ਇਕ ਸੰਸਥਾ ਦਾ ਇੰਤਜ਼ਾਮ ਕਰ ਕੇ ਆਪਣੇ ਇਕ ਸਹਿਯੋਗੀ ਨਾਲ ਰਲ ਕੇ ਕੰਮ ਸ਼ੁਰੂ ਕਰ ਲਿਆ। ਡਿਗਰੀ ਕਾਲਜ ਦੀ ਪੜ੍ਹਾਈ ਕਰਦੇ ਹੋਏ, ਆਪ ਵੀ ਨ੍ਰਿਤ ਦੀਆਂ ਕਈ ਵਿਧਾਵਾਂ ਸਿੱਖੀਆਂ।

ਹੌਲੀ-ਹੌਲੀ 'ਕੋਰੀਓਗਰਾਫੀ' ਦਾ ਕੰਮ ਵੀ ਬਹੁਤ ਚੰਗਾ ਚੱਲ ਪਿਆ। ਦਿਨ-ਰਾਤ ਦੀ ਅਣਥੱਕ ਮਿਹਨਤ ਨਾਲ ਨਵਨੀਤ ਕੌਰ 'ਈਵੈਂਟ-ਮੈਨੇਜਰ' ਬਣ ਗਈ। ਬਹੁਤ ਸਾਰੇ ਪ੍ਰੋਗਰਾਮਾਂ ਵਾਸਤੇ ਈਵੈਂਟ ਮੈਨੇਜਮੈਂਟ ਅਤੇ ਕੋਰੀਓਗਰਾਫੀ ਕਰਦੇ ਹੋਏ ਕਈ ਸਟੇਟਾਂ ਵਿਚ ਅਤੇ ਵਿਦੇਸ਼ ਜਾਣ ਦਾ ਮੌਕਾ ਮਿਲਿਆ।

ਪਰ ਨਵਨੀਤ ਦੀ ਕਿਸਮਤ ਉਸਨੂੰ ਕਿਤੇ ਹੋਰ ਲੈ ਜਾਣ ਦੀ ਤਿਆਰੀ ਕਰ ਰਹੀ ਸੀ। ਉਹ ਆਪਣੇ ਆਪ ਨੂੰ ਚੁਣੌਤੀ ਦੇ, ਆਪਣੀ ਕਾਬਲੀਅਤ ਨੂੰ ਵਧਾਉਣਾ ਚਾਹ ਰਹੀ ਸੀ ਪਰ ਘਰੋਂ ਪੂਰਾ ਸਹਿਯੋਗ ਨਾ ਮਿਲਣ ਕਾਰਨ ਆਪਣੀਆਂ ਪ੍ਰੇਸ਼ਾਨੀਆਂ ਨੂੰ ਮਨ ਹੀ ਮਨ ਹੰਢਾਉਣ ਕਰਕੇ ਉਸਨੂੰ 'ਥਾਇਰਾਇਡ' ਦੀ ਬਿਮਾਰੀ ਨੇ ਆ ਘੇਰਿਆ, ਜਿਸ ਕਾਰਨ ਉਸ ਦਾ ਵਜ਼ਨ ਬਹੁਤ ਤੇਜ਼ੀ ਨਾਲ ਵਧਣ ਲੱਗ ਪਿਆ। ਸਰੀਰ ਡਿੱਗਿਆ ਡਿੱਗਿਆ ਜਿਹਾ ਰਹਿੰਦਾ ਅਤੇ ਹਰ ਵੇਲੇ ਥਕਾਵਟ ਮਹਿਸੂਸ ਹੁੰਦੀ ਰਹਿੰਦੀ। ਭਾਂਤ-ਭਾਂਤ ਦੀਆਂ ਦਵਾਈਆਂ ਕਮਰੇ ਦਾ ਹਿੱਸਾ ਬਣਨ ਲੱਗ ਪਈਆਂ। ਆਪਣੇ ਇਕ ਸਹਿਯੋਗੀ ਵਿਸ਼ਾਲ ਗੁਪਤਾ ਦੀ ਸਲਾਹ 'ਤੇ ਉਸ ਨੇ 'ਜਿਮ' ਜੁਆਇਨ ਕਰ ਲਿਆ।

ਆਪਣੀ ਜ਼ਿੰਦਗੀ ਵਿਚ ਨਵਨੀਤ ਕੌਰ ਨੇ ਪਹਿਲੀ ਵਾਰ 'ਜਿਮ' ਦਾ ਮੂੰਹ ਵੇਖਿਆ ਸੀ। ਵਿਸ਼ਾਲ ਨੇ ਉਸ ਨੂੰ ਲੋੜੀਂਦੀਆਂ ਕਸਰਤਾਂ ਕਰਵਾਉਣੀਆਂ ਸ਼ੁਰੂ ਕੀਤੀਆਂ। ਜ਼ਿਆਦਾ 'ਵਰਕ-ਆਊਟ' ਨਾਲ ਨਵਨੀਤ ਦੇ ਪਿੱਠ ਦੇ ਹੇਠਲੇ ਹਿੱਸੇ ਵਿਚ ਗੰਭੀਰ ਦਰਦ ਸ਼ੁਰੂ ਹੋ ਗਿਆ ਅਤੇ 'ਐੱਲ ਬਾਈ ਐੱਲਸਿਕਸ' ਕਮਰ ਦੀ ਪੀੜ ਸ਼ੁਰੂ ਹੋ ਗਈ। ਜਿਸ ਵਿਚ ਤੁਰਨਾ ਅਤੇ ਬੈਠਣਾ ਮੁਸ਼ਕਿਲ ਹੋਣ ਲੱਗ ਪਿਆ। ਡਾਕਟਰ ਕੋਲ ਗਈ ਤਾਂ ਉਸ ਨੇ 'ਬੈੱਡ-ਰਿਡਨ' ਦਾ ਐਲਾਨ ਕਰ ਦਿੱਤਾ ਅਤੇ ਜਿਮ ਨਾ ਜਾਣ ਦੀ ਸਲਾਹ ਦਿੱਤੀ। ਨਵਨੀਤ ਨੂੰ ਜ਼ਿੰਦਗੀ ਦਾ ਇਹ ਰੂਪ ਸਵੀਕਾਰ ਨਹੀਂ ਸੀ, ਉਸਨੇ ਕਾਫੀ 'ਰਿਸਰਚ' ਕੀਤੀ ਅਤੇ ਆਪਣੇ ਹੌਂਸਲੇ ਨੂੰ ਟੁੱਟਣ ਨਾ ਦਿੱਤਾ। ਉਸਨੇ 'ਜਿਮ' ਫਿਰ ਤੋਂ ਜਾਰੀ ਰੱਖ, ਆਪਣੇ ਸਰੀਰ ਦੀ ਕਮਜ਼ੋਰੀ 'ਤੇ ਜਿੱਤ ਪਾਉਣ ਦਾ ਮਨ ਬਣਾ ਲਿਆ।

2016 ਵਿਚ ਦਿੱਲੀ ਵਿਚ ਇਕ 'ਬਾਡੀ-ਬਿਲਡਿੰਗ' ਦੇ ਮੁਕਾਬਲਾ ਸੀ, ਜਿਸ ਵਿਚ ਵਿਸ਼ਾਲ ਗੁਪਤਾ ਨੇ ਵੀ ਭਾਗ ਲਿਆ ਤੇ ਨਵਨੀਤ ਨੂੰ ਵੀ ਉਥੇ ਜਾਣ ਦਾ ਮੌਕਾ ਮਿਲਿਆ। ਉਥੇ ਉਸਨੇ ਦੇਖਿਆ ਕਿ 'ਟੂ-ਪੀਸ' ਵਿਚ ਕੁੜੀਆਂ, ਜਿਨ੍ਹਾਂ ਦੇ 'ਏਪਸ' ਬਣੀਆਂ ਹੋਈਆਂ 'ਬੌਡੀਜ਼' ਹਨ, ਸਟੇਜ ਉਪਰ ਆਪਣੇ ਪ੍ਰਦਰਸ਼ਨ ਲਈ ਖੜ੍ਹੀਆਂ ਸਨ। ਕੁੜੀਆਂ ਨੂੰ ਆਤਮ-ਵਿਸ਼ਵਾਸ ਨਾਲ ਭਰਿਆ ਵੇਖਿਆ ਤਾਂ ਨਵਨੀਤ ਦਾ ਮਨ ਇਸ ਦ੍ਰਿਸ਼ ਨੇ ਮੋਹ ਲਿਆ। ਉਸ ਨੇ ਵਿਸ਼ਾਲ ਗੁਪਤਾ ਨੂੰ ਆਪਣੇ ਮਨ ਦੀ ਗੱਲ ਦੱਸੀ ਅਤੇ ਕਿਹਾ ਕਿ ਉਹ ਵੀ ਇਸ ਵਿਚ ਹਿੱਸਾ ਲੈਣਾ ਚਾਹੁੰਦੀ ਹੈ। ਵਿਸ਼ਾਲ ਗੁਪਤਾ ਨੇ ਉਤਸ਼ਾਹ ਵਧਾਉਂਦਿਆਂ ਕਿਹਾ ਕਿ ਅਗਲੇ ਮੁਕਾਬਲੇ ਦੀ ਤਿਆਰੀ ਸ਼ੁਰੂ ਕਰ ਦੇ। ...ਫੇਰ ਕੀ ਸੀ? ਖੰਭਾਂ ਨੇ ਉਡਾਣ ਭਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। 2017 ਦੇ ਮੁਕਾਬਲੇ ਦੀ ਪੂਰੀ ਤਿਆਰੀ ਲਈ, ਕਈ ਘੰਟਿਆਂ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ।

ਅਜੇ ਨਵਨੀਤ ਕੌਰ ਦਾ ਸਫ਼ਰ ਇੰਨਾ ਵੀ ਆਸਾਨ ਨਹੀਂ ਸੀ। ਸਤੰਬਰ 2017 ਵਿਚ ਉਨ੍ਹਾਂ ਦੇ ਪਿਤਾ ਦਾ ਦਿਲ ਦੇ ਦੌਰੇ ਨਾਲ ਦੇਹਾਂਤ ਹੋ ਗਿਆ। ਨਵਨੀਤ ਦੀ ਮਾਂ ਇਕ ਘਰੇਲੂ ਔਰਤ ਹੈ। ਛੋਟੇ ਭਰਾ ਅਤੇ ਨਵਨੀਤ ਕੌਰ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਨ? 'ਵਿੱਤੀ ਸੰਕਟ' ਬਾਰੇ ਪਿਤਾ ਜੀ ਵੱਲੋਂ ਕਿਸੇ ਨਾਲ ਵੀ ਕੋਈ ਸਾਂਝ ਨਹੀਂ ਸੀ ਪਾਈ ਗਈ। ਦੁਖੀ ਮਾਹੌਲ ਅਤੇ ਲੋਕਾਂ ਦੀ 'ਕਾਨਾਫੂਸੀ' ਵਿਚ ਹੋ ਰਹੀਆਂ ਨਕਾਰਾਤਮਕ ਗੱਲਾਂ ਨੇ ਹੌਂਸਲਾ ਤੋੜਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਆਪਣੇ ਅੰਦਰ ਦੁੱਖ ਅਤੇ ਗੁੱਸੇ ਨੂੰ ਵਲ੍ਹਾ ਮਾਰ ਕੇ ਨਵਨੀਤ ਕੌਰ 'ਜਿਮ' ਜਾਰੀ ਰੱਖਣ ਦਾ ਫ਼ੈਸਲਾ ਕੀਤਾ।

ਦਸੰਬਰ 2017 ਵਿਚ ਉਹ ਮੁੰਬਈ ਵਿਚ 'ਬਾਡੀ-ਬਿਲਡਿੰਗ' ਦੇ ਮੁਕਾਬਲੇ ਵਿਚ ਜਾ ਖੜ੍ਹੀ ਹੋਈ। ਜਿੱਥੇ ਉਸ ਨੇ ਚੌਥੇ ਨੰਬਰ 'ਤੇ ਮੁਕਾਬਲਾ ਜਿੱਤਿਆ, ਉਥੇ ਹੀ ਦੂਸਰਾ ਮੁਕਾਬਲਾ 'ਪਾਵਰ-ਲਿਫਟਿੰਗ' ਦਾ ਸੀ। ਉਸਨੂੰ ਉਦੋਂ ਤੱਕ ਇਹ ਨਹੀਂ ਸੀ ਪਤਾ ਕਿ ਇਸ ਮੁਕਾਬਲੇ ਵਿਚ ਤਿੰਨ 'ਰਾਊਂਡ' ਹੁੰਦੇ ਨੇ। ਏਸੇ ਮੁਕਾਬਲੇ ਨੂੰ ਤੀਸਰੇ ਰਾਊਂਡ ਵਿਚ ਨਵਨੀਤ ਨੇ 'ਸਿਲਵਰ ਮੈਡਲ' ਲੈ ਕੇ ਜਿੱਤਿਆ। ਆਪਣੇ ਵਜ਼ਨ ਤੋਂ ਜ਼ਿਆਦਾ ਭਾਰ ਚੁੱਕਿਆ, ਤਾਂ ਪਹਿਲੀ ਵਾਰ ਉਸ ਨੂੰ ਲੱਗਿਆ ਕਿ ਉਹ 'ਪਾਵਰ-ਲਿਫਟਰ' ਬਣ ਸਕਦੀ ਹੈ।

ਘਰ ਵਿਚ ਪਿਤਾ ਦੀ ਮੌਤ ਦਾ ਮਾਹੌਲ ਅਜੇ ਵੀ ਤਾਜ਼ਾ ਸੀ ਅਤੇ ਇਸ ਤਰ੍ਹਾਂ ਦੇ ਮੁਕਾਬਲੇ ਵਿਚ 'ਟੂ-ਪੀਸ' ਡਰੈੱਸ ਹੋਣ ਕਾਰਨ ਨਵਨੀਤ ਨੇ ਆਪਣੇ ਘਰ ਇਸ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ। ਪਤਾ ਨਹੀਂ ਕਿੱਥੋਂ ਭਰਾ ਨੂੰ ਪਤਾ ਲੱਗ ਗਿਆ ਅਤੇ ਉਸਨੇ ਮਾਂ ਨੂੰ ਸ਼ਿਕਾਇਤ ਲਾਉਣ ਦੀ ਧਮਕੀ ਦਿੱਤੀ। ਇੱਕ ਵਾਰ ਫੇਰ ਹੌਂਸਲਾ ਤਾਸ਼ ਦੇ ਪੱਤਿਆਂ ਵਾਂਗ ਢਹਿ ਗਿਆ ਅਤੇ ਉਹ ਘਰ ਬੈਠ ਗਈ। ਜਿਨ੍ਹਾਂ ਲੋਕਾਂ ਨੇ ਨਵਨੀਤ ਦੀ ਕਾਬਲੀਅਤ ਨੂੰ ਵੇਖਿਆ ਸੀ, ਉਨ੍ਹਾਂ ਨੇ ਹੌਂਸਲਾ ਵਧਾਇਆ ਤਾਂ ਉਸ ਨੂੰ ਲੱਗਿਆ ਕਿ ਜੇਕਰ ਉਹ ਆਪਣੀ ਕਾਬਲੀਅਤ ਨੂੰ ਸਾਬਤ ਕਰ ਸਕੀ ਤਾਂ ਮਾਂ ਨੂੰ ਵੀ ਮਾਣ ਮਹਿਸੂਸ ਕਰਵਾ ਸਕਦੀ ਹੈ। ਆਪਣੀਆਂ ਔਕੜਾਂ ਨੂੰ ਜ਼ਿਦ ਬਣਾ ਕੇ ਮੁੜ ਉਸ ਨੇ ਕੁਝ ਕਰ ਗੁਜ਼ਰਨ ਦਾ ਮਨ ਬਣਾ ਲਿਆ।

ਫੇਰ ਨਵਨੀਤ ਨੇ ਦਿਨ-ਰਾਤ ਮਿਹਨਤ ਕੀਤੀ, ਅਤੇ ਆਪਣੇ ਕਠੋਰ 'ਤਪ' ਦੇ ਬਲਬੂਤੇ ਇਕ ਤੋਂ ਬਾਅਦ ਇਕ, ਲਗਾਤਾਰ ਸਾਰੇ ਮੁਕਾਬਲੇ ਜਿੱਤੇ ਅਤੇ ਦਸੰਬਰ 2017 ਤੋਂ ਲੈ ਕੇ 2018 ਮਾਰਚ ਤੱਕ 'ਨੈਸ਼ਨਲ ਪਾਵਰ ਲਿਫਟਰ' ਬਣ, ਆਪਣੀ ਕਾਮਯਾਬੀ ਦਾ ਝੰਡਾ ਝੁਲਾ ਦਿੱਤਾ। ਕਾਮਯਾਬੀ ਦੀਆਂ ਪੁਲਾਂਘਾਂ ਭਰਦੀ ਨਵਨੀਤ ਕੌਰ ਆਪਣੇ ਸਫਰ 'ਤੇ ਲਗਾਤਾਰ ਅੱਗੇ ਵਧ ਰਹੀ ਸੀ, ਪਰੰਤੂ ਨਾਲ ਹੀ ਚੁਣੌਤੀਆਂ ਵੀ ਤਿਆਰ ਸਨ।




2018 ਵਿਚ ਦਿੱਲੀ ਸਰਕਾਰ ਨੇ ਗ਼ੈਰ-ਵਪਾਰਕ ਸੰਪਤੀਆਂ ਨੂੰ ਸੀਲ ਕਰਨ ਦਾ ਕਾਨੂੰਨ ਜਾਰੀ ਕੀਤਾ। ਚੱਲਦਾ ਕੰਮ ਠੱਪ ਹੋ ਗਿਆ। ਇੰਸਟੀਚਿਊਟ ਉਪਰ ਲੱਗਿਆ ਪੈਸਾ ਮਿੱਟੀ ਹੋ ਗਿਆ। ਕਿਸੇ ਨੇ ਵੀ ਰਕਮ ਨਹੀਂ ਮੋੜੀ। ਆਮਦਨ ਲਈ ਨਵੀਂ ਜੱਦੋ-ਜਹਿਦ ਸ਼ੁਰੂ ਹੋ ਗਈ।

ਜਮਸ਼ੇਦਪੁਰ ਵਿਚ 'ਪਾਵਰ-ਲਿਫਟਿੰਗ' ਦਾ ਮੁਕਾਬਲਾ ਸੀ। ਪੂਰੀ ਤਿਆਰੀ ਹੋ ਚੁੱਕੀ ਸੀ। ਪਰ ਐਨ੍ਹ ਮੌਕੇ 'ਤੇ ਨਵਨੀਤ ਦੀਆਂ ਅੱਖਾਂ ਨੂੰ 'ਕੰਜੈਕਟਿਵ-ਵਾਇਰਸ' ਹੋ ਗਿਆ। ਦੋਵੇਂ ਅੱਖਾਂ ਸੁਰਖ ਲਾਲ ਅਤੇ ਚਿਪਕੀਆਂ ਹੋਈਆਂ, ਜਿਨ੍ਹਾਂ ਨੂੰ ਖੋਲ੍ਹਣ ਵਿਚ ਤਕਲੀਫ਼ ਹੋ ਰਹੀ ਸੀ। ਪਰ ਉਸ ਨੇ ਆਪਣੀ ਜ਼ਿਦ ਨੂੰ ਸਿਖਰ 'ਤੇ ਰੱਖਿਆ ਅਤੇ ਮੁਕਾਬਲੇ ਵਿਚ ਹਿੱਸਾ ਲਿਆ। ਸਾਰੇ ਮੁਕਾਬਲੇ ਨੂੰ ਬੰਦ ਅੱਖਾਂ ਨਾਲ ਲੜਿਆ। ਬੱਸ ਜਦੋਂ ਉਸਦੀ ਵਾਰੀ ਆਉਂਦੀ ਸੀ, ਉਦੋਂ ਹੀ ਵਿਸ਼ਾਲ ਗੁਪਤਾ ਦੀ ਮਦਦ ਨਾਲ ਆਪਣੀ 'ਲਿਫਟ' ਕਰਨ ਲਈ ਸਟੇਜ ਉਪਰ ਜਾ ਕੇ ਆਪਣੀਆਂ ਅੱਖਾਂ ਖੋਲ੍ਹਦੀ ਸੀ। ਇਸ ਮੁਕਾਬਲੇ ਵਿਚ ਉਸ ਦਾ ਨਾਮ 'ਲਾਲ ਅੱਖਾਂ ਵਾਲੀ ਕੁੜੀ' ਪੈ ਗਿਆ। ਸਰੀਰਕ ਔਕੜਾਂ ਨੂੰ ਚੁਣੌਤੀ ਦੇ ਕੇ ਨਵਨੀਤ ਕੌਰ ਇਸ ਮੁਕਾਬਲੇ ਨੂੰ 'ਗੋਲਡ ਮੈਡਲ' ਲੈ ਕੇ ਜਿੱਤੀ।

2018 ਵਿਚ ਮੁੰਬਈ ਦੇ ਇਕ ਮੁਕਾਬਲੇ ਦੌਰਾਨ ਨਵਨੀਤ ਕੌਰ ਨੂੰ ਇਕ 'ਵੂਮੈਨ ਗਰੁੱਪ' ਮਿਲਿਆ, ਜਿਸ ਵਿਚ ਲੜਕੀਆਂ ਦੇ ਜਿੱਤਣ ਦੀ ਤਾਦਾਤ ਬਹੁਤ ਜ਼ਿਆਦਾ ਸੀ, ਉਸ ਨੇ ਉਹ ਗਰੁੱਪ ਜੁਆਇਨ ਕਰ ਲਿਆ। ਉਤਸ਼ਾਹ ਇੰਨਾ ਜ਼ਿਆਦਾ ਵਧ ਗਿਆ ਕਿ 2018 ਅਤੇ 2019 ਦੇ ਸਾਰੇ ਮੁਕਾਬਲਿਆਂ ਨੂੰ ਲਗਾਤਾਰ ਜਿੱਤ ਕੇ ਉਸ ਨੇ ਆਪਣੀ ਜਿੱਤ ਦਾ ਸੰਖਨਾਦ ਵਜਾ ਦਿੱਤਾ। ਇਸ ਤੋਂ ਬਾਅਦ ਜਨਵਰੀ 2019 ਵਿਚ ਨਵਨੀਤ ਕੌਰ ਨੇ 'ਫਿੱਟ-ਫ਼ੈਕਟਰ' ਟਾਈਟਲ ਉਤੇ ਆਪਣੀ ਮੋਹਰ ਲਗਾ ਦਿੱਤੀ। ਪਰ ਅਜੇ ਵੀ ਆਪਣੇ ਪਿਤਾ ਨੂੰ ਆਪਣੀ ਕਾਮਯਾਬੀ ਨਾ ਵਿਖਾ ਸਕਣ ਦਾ ਦੁੱਖ ਕਿਤੇ ਗਹਿਰੇ ਅੰਦਰ ਦੱਬਿਆ ਹੋਇਆ ਸੀ। 'ਫਿੱਟ-ਫ਼ੈਕਟਰ' ਜਿੱਤਣ ਤੋਂ ਬਾਅਦ ਉਥੇ ਹੀ ਬੈਠ ਕੇ ਪਿਤਾ ਜੀ ਨੂੰ ਯਾਦ ਕਰ ਕੇ ਭੁੱਬਾਂ ਮਾਰ-ਮਾਰ ਰੋਈ। ਇਸੇ ਜਿੱਤ ਵਿਚ ਹੀ ਉਸ ਨੂੰ ਇੰਗਲੈਂਡ ਜਾਣ ਦਾ ਸੱਦਾ ਮਿਲਿਆ, ਇੱਥੇ ਵੀ ਕਿਸਮਤ ਨੇ ਔਕੜ ਪਾ ਦਿੱਤੀ ਅਤੇ ਪਰਿਵਾਰ ਦੇ ਕਿਸੇ ਮੁੱਦੇ ਕਾਰਨ ਇਹ ਮੌਕਾ ਖੁੰਝ ਗਿਆ...ਫੇਰ ਇੱਕ ਵਾਰ ਨਵਨੀਤ ਕੌਰ ਨੂੰ ਨਿਰਾਸ਼ਾ ਨੇ ਆਪਣੀ ਬੁੱਕਲ ਵਿਚ ਭਰ ਲਿਆ, ਉਸਨੇ ਬਹੁਤ ਮਲਾਲ ਕੀਤਾ ਕਿ ਬੱਸ ਸਫ਼ਰ ਖ਼ਤਮ ਹੋ ਗਿਆ, ਹੁਣ ਕੁਝ ਮੁੜ ਹਾਸਲ ਨਹੀਂ ਹੋਣਾ।

...ਕਹਿੰਦੇ ਨੇ ਕਿ ਪੁੰਗਰਣ ਵਾਲੇ ਬੀਜ ਨੂੰ ਸੂਰਜ ਦੀ ਰੌਸ਼ਨੀ ਕਿਤੋਂ ਨਾ ਕਿਤੋਂ ਜ਼ਰੂਰ ਮਿਲ ਜਾਂਦੀ ਹੈ। ਨਵਨੀਤ ਕੌਰ ਨੂੰ ਰੱਜਤ ਸਰ ਨੇ 'ਫਿੱਟਨੈੱਸ' ਨਾਮ ਦੀ ਇੱਕ 'ਸੰਸਾਰ ਪੱਧਰ' ਦੀ ਕੈਟਾਗਰੀ ਨੂੰ ਜੁਆਇਨ ਕਰਨ ਦੀ ਸਲਾਹ ਦਿੱਤੀ। ਨਵਨੀਤ ਕੌਰ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਇਸ ਵਿਚ 'ਟੂ-ਪੀਸ' ਜਾਂ ਛੋਟੇ ਕੱਪੜੇ ਨਹੀਂ ਸੀ ਪਾਉਣੇ ਪੈਣੇ ਅਤੇ ਇਸ ਬਾਰੇ ਪਰਿਵਾਰ ਵਿਚ ਵੀ ਖੁੱਲ੍ਹ ਕੇ ਦੱਸ ਸਕਦੀ ਸੀ। ਨਵਨੀਤ ਕੌਰ ਨੇ ਸਿਰੇ ਦੀ ਮਿਹਨਤ ਕਰ ਕੇ ਇਸ ਮੁਕਾਬਲੇ ਨੂੰ 'ਸਿਲਵਰ ਮੈਡਲ' ਨਾਲ ਜਿੱਤਿਆ। ...ਆਪਣੇ ਸੁਪਨਿਆਂ ਨੂੰ ਸੱਚ ਕਰਨ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਪਰੰਤੂ ਇੱਕ ਰੋੜਾ ਕੁਦਰਤ ਨੇ ਵੀ ਨਵਨੀਤ ਕੌਰ ਦੇ ਰਾਹ ਵਿਚ ਆਣ ਸੁੱਟਿਆ। ਕਰੋਨਾਵਾਇਰਸ ਫੈਲ ਗਿਆ, ਉਸਦੇ ਦੋ ਸਾਲ ਘਰ ਦੀ ਚਾਰ ਦੀਵਾਰੀ ਨੂੰ ਤੱਕਦਿਆਂ ਹੀ ਲੰਘ ਗਏ। ਇੱਕ ਜਾਨੂੰਨ ਜਿਹਾ ਦਿਮਾਗ ਵਿਚ ਹੁੱਝਾਂ ਮਾਰਦਾ ਰਿਹਾ, ਜਿਸ ਨੂੰ 2021 ਵਿਚ 'ਗੋਲਡ ਮੈਡਲ' ਜਿੱਤ ਕੇ ਉਸ ਨੇ ਸ਼ਾਂਤ ਕੀਤਾ। ਪ੍ਰੰਤੂ 'ਪ੍ਰੋ-ਕਾਰਡ' ਫੇਰ ਵੀ ਨਾ ਬਣ ਸਕੀ।

...ਸੰਘਰਸ਼ ਦੇ ਆਸ਼ਕਾਂ ਦੀ ਕਦੇ ਹਾਰ ਨਹੀਂ ਹੁੰਦੀ। ਆਖਰਕਾਰ 2022 ਵਿਚ ਆਪਣੀਆਂ ਸਾਰੀਆਂ ਔਕੜਾਂ ਨੂੰ ਅੰਗੂਠਾ ਵਿਖਾਉਂਦੇ ਹੋਏ 'ਫਿਟਨੈੱਸ ਮੁਕਾਬਲਾ' ਖੇਡਿਆ ਅਤੇ 'ਪ੍ਰੋ-ਕਾਰਡ' ਦਾ ਮੁਕਟ ਆਪਣੇ ਸਿਰ 'ਤੇ ਸਜਾਇਆ। ਨਵਨੀਤ ਕੌਰ ਨੇ ਪਹਿਲੀ ਵਾਰ ਆਪਣੀ ਮਾਂ ਨੂੰ ਖੁੱਲ੍ਹ ਕੇ ਸਭ ਕੁਝ ਦੱਸਿਆ। ਅੱਜ ਉਸਦੀ ਮਾਂ ਨਵਨੀਤ ਕੌਰ ਦੀ ਸਭ ਤੋਂ ਵੱਡੀ ਸਮਰਥਕ ਅਤੇ ਸਹਿਯੋਗੀ ਹੈ। ਪਰਿਵਾਰ ਅਤੇ ਸਮਾਜ ਵਿਚ ਆਪਣੀ ਬੇਟੀ ਬਾਰੇ ਦੱਸਦਿਆਂ ਨਹੀਂ ਥੱਕਦੀ। ਮਾਂ ਉਦੋਂ ਬਹੁਤ 'ਮਾਣ' ਨਾਲ ਭਰ ਜਾਂਦੀ ਹੈ, ਜਦੋਂ ਲੋਕ ਕਹਿੰਦੇ ਨੇ, "ਨਵਨੀਤ ਦੀ ਮਾਂ ਹੈ!" ਕਈ ਵਾਰ ਮਾਂ ਮਹਿਸੂਸ ਵੀ ਕਰਦੀ ਹੈ ਕਿ ਪਰਿਵਾਰ ਨੇ ਉਸਦੀ ਕਾਬਲੀਅਤ ਨੂੰ ਪਰਖਣ ਵਿਚ ਦੇਰ ਕਰ ਦਿੱਤੀ ਹੈ।

...ਚਾਰ ਸਾਲ ਦੇ ਅਣਥੱਕ ਸੰਘਰਸ਼ ਕਰਕੇ ਨਵਨੀਤ ਕੌਰ ਨੇ ਕੁੱਲ ਅੱਠ ਗੋਲਡ ਮੈਡਲ ਅਤੇ ਬਹੁਤ ਸਾਰੇ ਸਿਲਵਰ, ਅਤੇ ਬਾਕੀ ਹੋਰ ਕਈ ਇਨਾਮ ਜਿੱਤੇ ਹਨ, ਇਸਦੇ ਨਾਲ ਹੀ 'ਪ੍ਰੋ-ਕਾਰਡ ਉਲੰਪੀਆ' ਅਤੇ 'ਮਿਆਮੀ-ਪ੍ਰੋ' (ਯੂ.ਐੱਸ.) ਖਿਤਾਬ ਪਾ ਕੇ ਇਕ ਮੁਕੰਮਲ ਸਥਾਨ ਹਾਸਲ ਕੀਤਾ ਹੈ। ...ਅੱਜ ਨਵਨੀਤ ਕੌਰ ਟਰੇਨਰ ਅਤੇ 'ਡਾਇਟ-ਐਕਸਪਰਟ' ਹੈ। 'ਫਿੱਟਨੈੱਸ' ਅਤੇ ਕੋਰਿਓਗਰਾਫੀ ਦੀਆਂ ਕਲਾਸਾਂ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ 'ਤੇ 'ਆਨ ਲਾਈਨ' ਅਤੇ 'ਆਫ ਲਾਈਨ' ਲੈ ਰਹੀ ਹੈ। ਇਹ ਕਲਾਸਾਂ ਦੇਸ਼ ਅਤੇ ਵਿਦੇਸ਼ਾਂ ਵਿਚ ਚੱਲ ਰਹੀਆਂ ਹਨ। ਇਸਦੇ ਨਾਲ-ਨਾਲ ਨਵਨੀਤ ਕੌਰ ਅੰਤਰਰਾਸ਼ਟਰੀ ਪੱਧਰ 'ਤੇ ਖੇਡਣ ਦੀ ਤਿਆਰੀ ਵਿਚ ਜ਼ੋਰਾਂ-ਸ਼ੋਰਾਂ ਨਾਲ ਜੁਟੀ ਹੋਈ ਹੈ। ਆਪਣੇ ਜਨੂੰਨ ਦਾ ਲੋਹਾ ਮਨਵਾਉਣ ਵਾਲੀ ਇਸ ਮਹਾਨ ਬੇਟੀ ਨੂੰ ਸਾਡੀਆਂ ਸ਼ੁਭਕਾਮਨਾਵਾਂ। ਆਪਣੇ ਵਜੂਦ ਨਾਲ ਦੇਸ਼, ਕੌਮ ਅਤੇ ਪਰਿਵਾਰ ਨੂੰ ਮਾਣ ਦੇਣ ਵਾਲੀ ਨਵਨੀਤ ਕੌਰ ਨੇ ਇਤਿਹਾਸ ਵਿਚ ਆਪਣਾ ਨਾਮ ਦਰਜ ਕਰਵਾ ਕੇ ਆਉਣ ਵਾਲੀ ਪੀੜ੍ਹੀ ਨੂੰ ਬੁਲੰਦ ਹੌਸਲੇ ਦੀ ਮਿਸਾਲ ਦਿੱਤੀ ਹੈ।

## *ਕੀ ਪਹਿਲੇ ਪੰਜ ਪਿਆਰੇ ਹਿੰਦੂ ਸਨ?*

(ਪਿਛਲੇ ਸਫੇ ਦਾ ਬਾਕੀ)

ਜੋੜ ਦਿਯਾ ਗਯਾ। ਵਿਧਾਨਕਾਰ ਡਾ. ਅੰਬੇਦਕਰ ਥੇ। ਇਸ ਧਾਰਾ ਕੇ ਕਾਰਨ ਹਮ ਯੇ ਅਰਥ ਨਹੀਂ ਨਿਕਾਲ ਸਕਤੇ ਕਿ ਸੰਵਿਧਾਨ ਵਾਲੇ ਸਿਖੋਂ ਕੇ ਵਿਰੁੱਧ ਥੇ? ਉਨਕਾ ਕੋਈ ਇਰਾਦਾ ਹਮਾਰੇ ਵਿਪਰੀਤ ਨਹੀਂ ਥਾ। ਸੰਵਿਧਾਨ ਮੇਂ ਸ਼ੋਧ ਕਰਨੇ ਵਾਲੀ ਕਮੇਟੀ ਨੇ ਇਸ ਮਦ ਕੋ ਬਦਲਨੇ ਕੀ ਸਿਫਾਰਿਸ਼ ਕਰ ਦੀ ਹੈ।

ਪੰਚਾਂ ਦਾ ਕਿਹਾ ਸਿਰ ਮੱਥੇ। ਪਰਨਾਲਾ ਉੱਥੇ ਦਾ ਉੱਥੇ।

ਇਹ ਠੀਕ ਹੈ ਕਿ ਦੋ ਦਹਾਕੇ ਪਹਿਲਾਂ ਅਟਲ ਬਿਹਾਰੀ ਵਾਜਪਾਈ ਜੀ ਦੇ ਪ੍ਰਧਾਨ ਮੰਤਰੀ ਕਾਰਜ ਕਾਲ ਵਿਚ ਸਰਕਾਰ ਵਲੋਂ ਨਿਯੁਕਤ ਵੈਂਕਟਾਚਲੀਆ ਕਮੀਸ਼ਨ ਨੇ ਧਾਰਾ 25 ਵਿਚ ਸੋਧ ਦੀ ਸਿਫਾਰਿਸ਼ ਕੀਤੀ ਸੀ ਪਰ ਸਵਾਲ ਹੈ ਕਿ ਇਸ ਨਿਗੂਣੀ ਜਿਹੀ ਮੰਗ ਨੂੰ ਲਾਗੂ ਕਰਨ ਲਈ ਸਰਕਾਰ ਨੂੰ ਕਿਤਨੇ ਦਹਾਕੇ ਹੋਰ ਚਾਹੀਦੇ ਹਨ? ਕਾਰਨ ਸਪਸ਼ਟ ਹੈ ਕਿ ਸਿੱਖਾਂ ਨੂੰ ਧਾਰਮਿਕ ਤੌਰ 'ਤੇ ਆਜ਼ਾਦ ਨਹੀਂ ਹੋਣ ਦੇਣਾ।

ਇਸ ਲੇਖ ਵਿਚ ਦਾਅਵਾ ਕੀਤਾ ਗਿਆ ਹੈ: ਮੈਨੇ (ਤਰਲੋਚਨ ਸਿੰਘ) ਲਿਖਤੀ ਰੂਪ ਮੇਂ ਆਰ.ਐਸ.ਐਸ. ਸੇ ਬਯਾਨ ਲਿਯਾ ਥਾ ਕਿ ਸਿੱਖ ਏਕ ਅਲਗ ਧਰਮ ਹੈ ਤਥਾ ਵਹ ਉਸੇ ਮਾਨਤੇ ਹੈਂ। ਕਈ ਮੁਸਲਮਾਨ ਹਮੇਂ ਅਪਨਾ ਭਾਈ ਕਹਿਤੇ ਹੈਂ ਤੋਂ ਕਯਾ ਹਮ ਉਨਹੇਂ ਐਸਾ ਕਹਿਨੇ ਸੇ ਮਨਾ ਕਰ ਦੇਂ?

ਇਹ ਜ਼ਬਾਨੀ-ਕਲਾਮੀ ਤਾਂ ਠੀਕ ਹੈ ਪਰ ਕੀ ਆਰ.ਐਸ.ਐਸ. ਦੀ ਐਸੀ ਕੋਈ ਲਿਖਤ ਹੈ? ਜੇ ਹੈ ਤਾਂ ਉਸਨੂੰ ਸਾਂਝੀ ਕਰਨ ਵਿਚ ਦਿੱਕਤ ਕੀ ਹੈ? ਬਾਵਜੂਦ ਇਸਦੇ ਸਵਾਲ ਇਹ ਹੈ ਕਿ ਕੀ ਇਸ ਲੇਖ ਦੇ ਲਿਖਾਰੀ ਨੂੰ ਸਾਵਰਕਰ ਅਤੇ ਹੋਰ ਹਮ-ਖਿਆਲ ਲਿਖਾਰੀਆਂ ਦੀਆਂ ਲਿਖਤਾਂ ਨਜ਼ਰ ਨਹੀਂ ਆਉਂਦੀਆਂ ਜਿਹਨਾਂ ਵਿਚ ਸਿੱਖਾਂ ਨੂੰ ਸਪਸ਼ਟ ਤੌਰ 'ਤੇ ਹਿੰਦੂ ਲਿਖਿਆ ਜਾਂਦਾ ਹੈ।

ਦੂਸਰੀ ਗੱਲ ਜੇ ਮੁਸਲਮਾਨ, ਹਿੰਦੂ, ਜੈਨੀ, ਬੋਧੀ, ਈਸਾਈ ਜਾਂ ਕੋਈ ਹੋਰ ਵੀ ਸਿੱਖਾਂ ਨੂੰ ਆਪਣਾ ਭਰਾ ਕਹਿੰਦੇ ਹਨ ਤਾਂ ਸਿੱਖਾਂ ਨੂੰ ਉਸ 'ਤੇ ਇਤਰਾਜ਼ ਕਿਉਂ ਹੋਏਗਾ? ਗੁਰੂ ਸਾਹਿਬਾਨ ਵਲੋਂ ਬਖਸ਼ੀ ਸਿੱਖਾਂ ਦੀ ਆਜ਼ਾਦ ਧਾਰਮਿਕ ਹਸਤੀ ਹੈ ਪਰ ਜੇ ਮੁਸਲਮਾਨ ਵੀ ਸਿੱਖਾਂ ਨੂੰ ਮੁਸਲਮਾਨ ਕਹਿਣਗੇ ਤਾਂ ਨਿਸਚਤ ਤੌਰ 'ਤੇ ਇਸ 'ਤੇ ਇਤਰਾਜ਼ ਹੋਏਗਾ। ਸਿੱਖ ਲਈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਪਸ਼ਟ ਹੁਕਮ ਹੈ:

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰਉ ਇਨ ਕੀ ਪ੍ਰਤੀਤ॥

ਅੰਤ ਵਿਚ ਪ੍ਰਿੰਸੀਪਲ ਗੰਗਾ ਸਿੰਘ ਜੀ ਦਾ ਕਥਨ ਬਹੁਤ ਮਾਕੂਲ ਹੈ ਕਿ ਹਿੰਦੂ ਅਤੇ ਸਿੱਖ ਗਾਂ ਅਤੇ ਮੱਝ ਦੀ ਨਿਆਈਂ ਕਿੱਲੇ ਨਾਲ ਬੱਧੀਆਂ ਹੋਈਆਂ ਇਕੋ ਖੁਰਲੀ ਵਿਚੋਂ ਪੱਠੇ ਖਾਈ ਜਾਣ। ਜੇ ਇਹ ਇਸ ਬਹਿਸ ਵਿਚ ਪੈ ਜਾਣ ਕਿ ਮੱਝ ਗਾਂ ਕਿਉਂ ਨਹੀਂ ਅਤੇ ਗਾਂ ਕਿਉਂ ਗਾਂ ਹੈ ਤਾਂ ਸ਼ਾਇਦ ਖੁਰਲੀ ਹੀ ਨਾ ਸਾਹਮਣਿਓਂ ਚੁੱਕੀ ਜਾਏ!

## ਤੁਸੀਂ ਪੜ੍ਹ ਚੁੱਕੇ ਹੋ...


*ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਫਿਰ ਗੁਰਸੀਰ ਦਾ ਭਰਾ ਬਲਵੀਰ ਵੀ ਕੈਨੇਡਾ ਪੁੱਜ ਜਾਂਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...*

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**



*ਕੈਨੇਡਾ ਦੇ ਖੂਬਸੂਰਤ ਸ਼ਹਿਰ ਟੋਰਾਂਟੋ ਦਾ ਦਿਲਕਸ਼ ਨਜ਼ਾਰਾ।*




## ਕਾਂਡ ਅੱਠ

ਕਰਨਵੀਰ

ਅਗਲਾ ਐਤਵਾਰ ਕਰਨਵੀਰ ਲਈ ਮਸਾਂ ਬਹੁੜਿਆ ਸੀ। ਐਤਵਾਰ ਸਵੇਰ ਨੂੰ ਉਹ ਬੱਚਿਆਂ ਦੇ ਰੌਲੇ ਨਾਲ ਨਹੀਂ ਸੀ ਜਾਗਿਆ, ਉਸ ਦੀ ਆਪ ਹੀ ਅਲਾਰਮ ਦੇ ਬੋਲਣ ਤੋਂ ਪਹਿਲਾਂ ਅੱਖ ਖੁੱਲ੍ਹ ਗਈ। ਉਹ ਵਾਸ਼ਰੂਮ ਵਿਚ ਗਿਆ ਅਤੇ ਤਿਆਰ ਹੋਣ ਲੱਗਾ। ਸ਼ੀਸ਼ੇ ਮੂਹਰੇ ਖੜ੍ਹਾ ਕੇਸਾਂ ਨੂੰ ਸੰਵਾਰਦਾ ਉਹ ਗੁਣ-ਗਣਾਉਣ ਲੱਗਾ। ਕਿਸੇ ਕੁੜੀ ਨਾਲ ਅਸਲ ਵਿਚ ਉਹ ਪਹਿਲੀ ਵਾਰ ਬਾਹਰ ਘੁੰਮਣ ਚੱਲਿਆ ਸੀ। ਬਣ-ਠਣ ਕੇ ਉਹ ਗਿਆਰਾਂ ਵਜੇ ਘਰੋਂ ਤੁਰ ਪਿਆ।



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਸੈਂਡਲਵੁੱਡ ਲੂਪ ਤੋਂ ਸ਼ਾਪਰਜ਼ ਵਰਡ ਤਕ ਜਾਣ ਲਈ ਉਸ ਨੇ 502 ਨੰਬਰ ਬੱਸ ਫੜ ਲਈ। ਉੱਥੇ ਹੀ ਉਸ ਨੂੰ ਜੀਤੀ ਨੇ ਮਿਲਣਾ ਸੀ। ਬੱਸ ਵਿਚ ਬੈਠ ਕੇ ਉਸ ਅੰਦਰ ਮੁੜ ਅਹਿਸਾਸ ਜਾਗਿਆ ਕਿ ਉਹ ਪਹਿਲੀ ਵਾਰ ਕਿਸੇ ਕੁੜੀ ਨਾਲ ਡੇਟ 'ਤੇ ਚੱਲਿਆ ਸੀ। ਉਹ ਸਵਾਦ-ਸਵਾਦ ਹੋ ਗਿਆ। ਸਾਰਾ ਹਫ਼ਤਾ ਹੀ ਉਹ ਇਸ ਖਿਆਲ ਨਾਲ ਨਸ਼ਿਆਉਂਦਾ ਰਿਹਾ ਸੀ। ਉਸ ਨੇ ਗੂਗਲ ਤੋਂ ਕਈ ਵਾਰ ਇਹ ਪ੍ਰਸ਼ਨ ਪੁੱਛਿਆ ਸੀ ਕਿ ਪਹਿਲੀ ਡੇਟ ਵੇਲੇ ਮੁੰਡੇ ਨੂੰ ਕੀ ਕਰਨਾ ਚਾਹੀਦਾ ਹੈ ਤੇ ਕਿਸ ਗੱਲੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਬੱਸ 'ਚ ਬੈਠਿਆਂ ਉਸ ਅੰਦਰ ਮੁੜ ਉਹੀ ਸੀਨ ਚੱਲ ਪਿਆ ਜਿਸ ਦੀ ਉਹ ਰਾਤ ਨੂੰ ਸੌਣ ਤੋਂ ਪਹਿਲਾਂ ਕਲਪਨਾ ਕਰਦਾ ਰਿਹਾ ਸੀ। ਫਿਲਮਾਂ ਵਿਚ ਦੇਖੇ ਅਨੁਸਾਰ, ਸੀ ਐਨ ਟਾਵਰ ਦੇ ਸਿਖਰ 'ਤੇ ਪਹੁੰਚ ਕੇ ਉਹ ਜੀਤੀ ਦੇ ਹੱਥ ਵਿਚ ਹੱਥ ਪਾ ਕੇ ਤੁਰਦਾ ਰੁਕ ਜਾਵੇਗਾ ਤੇ ਉਸ ਦੇ ਮੂਹਰੇ ਝੁਕ ਕੇ ਪੁੱਛੇਗਾ, 'ਮੇਰੇ ਨਾਲ-ਨਾਲ ਤੁਰੇਂਗੀ ਸਾਰੀ ਉਮਰ?'

ਸੁਪਨਿਆਂ 'ਚ ਗਵਾਚੇ ਕਰਨਵੀਰ ਨੂੰ ਪਤਾ ਹੀ ਨਾ ਲੱਗਾ ਕਿ ਬੱਸ ਕਦੋਂ ਸ਼ਾਪਰਜ਼ ਵਰਡ ਪਹੁੰਚ ਗਈ ਸੀ। ਬੱਸ ਵਿਚੋਂ ਉੱਤਰ ਕੇ ਕਰਨਵੀਰ ਗੇਟਵੇਅ ਟਰਮੀਨਲ ਵੱਲ ਚੱਲ ਪਿਆ ਜਿੱਥੋਂ ਜੀਤੀ ਨੇ ਬੱਸ ਵਿਚੋਂ ਉਤਰਨਾ ਸੀ। ਜੀਤੀ ਦੀ ਬੱਸ ਜਲਦੀ ਹੀ ਆ ਗਈ। ਬੱਸ ਵਿਚੋਂ ਉਤਰਦੀ ਜੀਤੀ ਨੂੰ ਦੇਖ ਉਸ ਨੂੰ ਆਪਣੇ ਦਿਲ ਦੀ ਧੜਕਣ ਵਧਦੀ ਲੱਗੀ ਜਿਵੇਂ ਉਹ ਉਸ ਨੂੰ ਪਹਿਲੀ ਵਾਰ ਮਿਲ ਰਿਹਾ ਹੋਵੇ। ਚਿੱਟੀ ਪੈਂਟ, ਹਲਕਾ ਗੁਲਾਬੀ ਸਵੈਟਰ ਤੇ ਉੱਪਰ ਲਾਲ ਪਰਕਾ। ਸਵੈਟਰ ਦੇ ਰੰਗ ਵਰਗੀ ਹੀ ਲਿਪਸਟਿਕ, ਮੋਢਿਆਂ 'ਤੇ ਪਲਮਦੇ ਸਿਆਹ ਵਾਲ। ਕਰਨਵੀਰ ਦਾ ਜੀਅ ਕੀਤਾ ਕਿ ਉਹ ਉਸ ਨੂੰ ਜੱਫੀ ਪਾ ਕੇ ਮਿਲੇ ਪਰ ਉਹ ਜਕ ਗਿਆ। ਜੀਤੀ ਨੇ ਉਂਗਲਾਂ ਨਚਾ ਕੇ 'ਹਾਏ' ਕਿਹਾ। ਕਰਨਵੀਰ ਮੁਸਕਰਾ ਪਿਆ। ਯੂਨੀਅਨ ਸਟੇਸ਼ਨ ਲਈ 31 ਨੰਬਰ ਬੱਸ ਫੜਨ ਲਈ ਜੀਤੀ ਨਾਲ ਤੁਰਦੇ ਕਰਨਵੀਰ ਦੀਆਂ ਉਂਗਲਾਂ ਵਿਚ ਜਲੂਣ ਹੋਣ ਲੱਗੀ। ਉਸ ਦਾ ਜੀਅ ਕਰਨ ਲੱਗਾ ਕਿ ਉਹ ਜੀਤੀ ਦਾ ਹੱਥ ਫੜ ਕੇ ਤੁਰੇ। ਉਸ ਦਾ ਜੀਅ ਇਹ ਵੀ ਕਰਦਾ ਸੀ ਕਿ ਕਹੇ, 'ਤੂੰ ਬਹੁਤ ਹੀ ਸੋਹਣੀ ਲੱਗ ਰਹੀ ਏਂ।' ਉਹ ਸੋਚਦਾ ਹੀ ਰਹਿ ਗਿਆ ਕਿ ਜੀਤੀ ਬੋਲੀ, "ਆਈ ਲਾਈਕ ਯੂਅਰ ਕਲਰ ਕੰਬੀਨੇਸ਼ਨ।" ਕਰਨਵੀਰ ਨੇ ਹਲਕੇ ਨੀਲੇ ਰੰਗ ਦੀ ਜੀਨ ਨਾਲ ਸਫੈਦ ਕਮੀਜ਼ ਤੇ ਉੱਪਰ ਉਨਾਬੀ ਰੰਗ ਦਾ ਬਲੇਜ਼ਰ ਪਹਿਨਿਆ ਹੋਇਆ ਸੀ। ਜਵਾਬ 'ਚ ਉਸ ਦੇ ਮੂੰਹੋਂ ਮਸਾਂ ਹੀ ਨਿਕਲਿਆ, "ਤੂੰ ਬਹੁਤ ਜਚਦੀ ਏਂ।"

"ਅੱਛਾ? ਚੰਗਾ ਹੋ ਗਿਆ ਕਿ ਸਨੋਅ ਨਹੀਂ ਪੈਂਦੀ ਅੱਜ। ਧੁੱਪ ਕਿੰਨੀ ਸੋਹਣੀ ਲਗਦੀ ਐ।"

'ਬਿਲਕੁਲ ਤੇਰੇ ਵਰਗੀ', ਕਰਨਵੀਰ ਕਹਿਣਾ ਚਾਹੁੰਦਾ ਸੀ ਪਰ ਉਸ ਦੇ ਮੂੰਹੋਂ ਸਿਰਫ "ਹਾਂ" ਹੀ ਨਿਕਲਿਆ। ਜੀਤੀ ਨੇ ਉਸ ਵੱਲ ਦੇਖਿਆ ਤੇ ਬੋਲੀ, "ਤੈਨੂੰ ਨਹੀਂ ਚੰਗੀ ਲਗਦੀ ਧੁੱਪ?"

"ਲਗਦੀ ਏ ਸਗੋਂ ਬਹੁਤ ਚੰਗੀ ਲਗਦੀ ਏ। ਅੱਜ ਤਾਂ...", ਆਖਦਾ ਆਖਦਾ ਉਹ ਰੁਕ ਗਿਆ। ਜੀਤੀ ਮੁਸਕਰਾ ਪਈ। ਉਨ੍ਹਾਂ ਦੀ ਬੱਸ ਆ ਗਈ। ਕਰਨਵੀਰ ਨੇ ਜੀਤੀ ਨੂੰ ਪਹਿਲਾਂ ਬੱਸ ਵਿਚ ਚੜ੍ਹਨ ਦਿੱਤਾ ਤੇ ਫਿਰ ਬੱਸ ਅੰਦਰ ਜੀਤੀ ਦੀ ਸੀਟ 'ਤੇ ਬੈਠਣ ਤੋਂ ਬਾਅਦ ਬੈਠਾ। ਬੱਸ ਤੁਰ ਪਈ। ਕਰਨਵੀਰ ਨੂੰ ਸਮਝ ਨਹੀਂ ਸੀ ਲਗ ਰਹੀ ਕਿ ਕੀ ਗੱਲ ਸ਼ੁਰੂ ਕਰੇ। ਜੀਤੀ ਹੀ ਬੋਲੀ, "ਫੋਨ 'ਤੇ ਤਾਂ ਕਿੰਨੀਆਂ ਗੱਲਾਂ ਕਰਦਾ ਹੁੰਨੈਂ। ਹੁਣ ਕਿਉਂ ਚੁੱਪ ਐਂ?"

ਕਰਨਵੀਰ ਨੇ ਇਸ ਦਾ ਕੋਈ ਜਵਾਬ ਨਾ ਦਿੱਤਾ। ਉਹ ਸਿਰਫ ਮੁਸਕਰਾ ਪਿਆ। ਕਰਨਵੀਰ ਨੂੰ ਇਹ ਯਕੀਨ ਹੋ ਗਿਆ ਸੀ ਕਿ ਜੀਤੀ ਨੂੰ ਉਸ ਦੀ ਮੁਸਕਰਾਹਟ ਚੰਗੀ ਲਗਦੀ ਸੀ। ਉਹ ਕਰਨਵੀਰ ਦੀ ਮੁਸਕਰਾਹਟ ਨੂੰ ਟਿਕਟਿਕੀ ਲਾ ਕੇ ਨਿਹਾਰ ਰਹੀ ਸੀ। ਉਸ ਦਾ ਜੀਅ ਕੀਤਾ ਕਿ ਜੀਤੀ ਉਸ ਨੂੰ ਇਸ ਤਰ੍ਹਾਂ ਹੀ ਦੇਖਦੀ ਰਹੇ ਤੇ ਉਹ ਜੀਤੀ ਨੂੰ। ਇਹ ਗੱਲ ਉਸ ਦੇ ਬੁੱਲ੍ਹਾਂ 'ਤੇ ਨਾ ਆਈ। ਇਸ ਦੀ ਥਾਂ ਉਨ੍ਹਾਂ ਵਿਚੋਂ ਨਿਕਲਿਆ, "ਜੀਤੀ, ਤੇਰੀਆਂ ਹੌਬੀਜ਼ ਕੀ ਨੇ?"

"ਸਵੇਰੇ ਕਾਲਜ, ਫੇਰ ਕੰਮ 'ਤੇ ਸਬਵੇਅ ਰੈਸਟੋਰੈਂਟ। ਅੱਧੀ ਰਾਤੋਂ ਘਰ ਵਾਪਸੀ। ਕਿੱਥੇ ਟਾਈਮ ਮਿਲਦੈ।"

"ਪਹਿਲਾਂ ਕੀ ਸੀ; ਜਾਂ ਜੇ ਹੁਣ ਟਾਈਮ ਮਿਲੇ ਤਾਂ ਕੀ ਕਰਨਾ ਚਾਹੇਂਗੀ?"

"ਘੁੰਮਣਾ-ਫਿਰਨਾ, ਪੜ੍ਹਨਾ।" ਕੁਝ ਪਲਾਂ ਬਾਅਦ ਉਹ ਫਿਰ ਬੋਲੀ, "ਬੇਕਿੰਗ ਕਰਨੀ ਵੀ ਪਸੰਦ ਆ ਮੈਨੂੰ।"

"ਅੱਛਾ? ਮੈਨੂੰ ਵੀ ਬੇਕਿੰਗ ਬਹੁਤ ਪਸੰਦ ਏ। ਮੈਂ ਸਪੇਨ 'ਚ ਬੇਕਰੀ 'ਚ ਕੰਮ ਕਰਦਾ ਰਿਹਾ ਵਾਂ।"

"ਤੇਰੀਆਂ ਕੀ ਨੇ, ਕਰਨ?"

"ਮੈਨੂੰ ਤਾਂ ਖੇਡਣਾ ਹੀ ਪਸੰਦ ਸੀ।"

"ਕੀ ਖੇਲਦਾ ਸੀ?"

"ਕ੍ਰਿਕਟ। ਅੱਛਾ ਤੇਰਾ ਘਰ 'ਚ ਸਭ ਤੋਂ ਜ਼ਿਆਦਾ ਕਿਸ ਨਾਲ ਪਿਆਰ ਏ?"

"ਡੈਡੀ ਨਾਲ। ਉਹ ਮੇਰੇ 'ਤੇ ਪੂਰਾ ਟਰੱਸਟ ਕਰਦੇ ਆ। ਤੇ ਤੇਰਾ?"

ਕਰਨਵੀਰ ਨੇ ਸੋਚਿਆ ਕਿ ਕੁੜੀ ਸਮਝਦਾਰ ਹੈ। ਸਾਰੀ ਗੱਲ ਧਿਆਨ ਨਾਲ ਸੁਣਦੀ ਹੈ। ਫਿਰ ਆਪਣੇ 'ਤੇ ਹੀ ਫੋਕਸ ਨਹੀਂ ਰਹਿੰਦੀ, ਅੱਗੋਂ ਸਵਾਲ ਕਰ ਕਰ ਕੇ ਦਿਲਚਸਪੀ ਦਿਖਾਉਂਦੀ ਹੈ। ਇਹ ਗੁਰ ਕਰਨਵੀਰ ਨੂੰ ਗੂਗਲ ਨੇ ਦੱਸੇ ਸਨ। ਉਸ ਨੇ ਜਵਾਬ ਦਿੱਤਾ, "ਮੇਰੇ ਡੈਡੀ ਤਾਂ ਨਹੀਂ ਹਨ। ਮੈਂ ਦਸ-ਬਾਰਾਂ ਸਾਲ ਦਾ ਈ ਸੀ ਜਦੋਂ ਉਨ੍ਹਾਂ ਦੀ ਡੈੱਥ ਹੋ ਗਈ ਸੀ।" ਇਹ ਆਖ ਕੇ ਕਰਨਵੀਰ ਚੁੱਪ ਹੋ ਗਿਆ। ਗੂਗਲ ਨੇ ਦੱਸਿਆ ਸੀ ਕਿ ਆਪਣੇ ਦੁੱਖ ਨਹੀਂ ਰੋਣੇ।

ਜੀਤੀ ਨੇ ਪੁੱਛਿਆ, "ਕੀ ਹੋ ਗਿਆ ਸੀ?"

"ਐਕਸੀਡੈਂਟ। ਅੱਛਾ ਤੁਹਾਡੇ ਘਰ ਵਿਚ ਹੋਰ ਕੌਣ ਕੌਣ ਨੇ?"

"ਮੰਮੀ-ਡੈਡੀ, ਛੋਟੀ ਭੈਣ ਤੇ ਦਾਦੀ। ਤੇ ਤੁਹਾਡੇ?"

"ਮਾਂ, ਛੋਟਾ ਭਰਾ ਤੇ ਵੱਡੀ ਭੈਣ।" ਆਖ ਕੇ ਕਰਨਵੀਰ ਫਿਰ ਚੁੱਪ ਹੋ ਗਿਆ। ਉਸ ਨੇ ਸੋਚਿਆ ਕਿ ਭੈਣ ਦੇ ਤਲਾਕ ਬਾਰੇ ਹੁਣ ਦੱਸੇ ਜਾਂ ਕਦੇ ਬਾਅਦ ਵਿਚ। ਉਸ ਨੇ ਇਹ ਗੱਲ ਕਦੇ ਫੇਰ 'ਤੇ ਛੱਡ ਦਿੱਤੀ ਅਤੇ ਚੁੱਪ ਹੋ ਗਿਆ। ਗੂਗਲ ਨੇ ਉਸ ਨੂੰ ਹੁੱਝ ਮਾਰੀ, 'ਬੀ ਕਰੀਏਟਿਵ।' ਕਰਨਵੀਰ ਨੇ ਪੁੱਛਿਆ, "ਮੰਮੀ-ਡੈਡੀ ਹੋਰਾਂ ਦੀ ਯਾਦ ਆਉਂਦੀ ਹੋਣੀ ਏ?"

ਜੀਤੀ ਨੇ ਹਾਂ 'ਚ ਸਿਰ ਹਿਲਾਇਆ ਤੇ ਕਰਨਵੀਰ ਵੱਲ ਦੇਖਿਆ। ਉਹ ਉਸ ਵੱਲ ਹੀ ਦੇਖ ਰਿਹਾ ਸੀ। ਅੱਖਾਂ ਮਿਲਦਿਆਂ ਹੀ ਉਹ ਮੁਸਕਰਾ ਪਿਆ। ਜੀਤੀ ਵੀ ਮੁਸਕਰਾ ਪਈ। ਆਪਣੇ ਵੱਲ ਦੇਖਦੀ ਜੀਤੀ ਦੀਆਂ ਅੱਖਾਂ ਵਿਚ ਉਸ ਨੂੰ ਚਮਕ ਦਿਸੀ। ਕਰਨਵੀਰ ਦਾ ਜੀਅ ਕੀਤਾ ਕਿ ਉਹ ਜੀਤੀ ਨੂੰ ਆਪਣੇ ਨਾਲ ਘੁੱਟ ਲਵੇ। ਜੀਤੀ ਨੇ ਆਪਣੀ ਨਿਗ੍ਹਾ ਉਸ ਤੋਂ ਹਟਾ ਕੇ ਆਪਣੇ ਹੱਥਾਂ ਵੱਲ ਕਰ ਲਈ। ਕਰਨਵੀਰ ਦੀਆਂ ਅੱਖਾਂ ਵੀ ਮਗਰ ਤੁਰ ਪਈਆਂ। ਉਸ ਦਾ ਜੀਅ ਕੀਤਾ ਕਿ ਜੀਤੀ ਦਾ ਹੱਥ ਆਪਣੇ ਹੱਥ ਵਿਚ ਲੈ ਲਵੇ। ਉਹ ਆਪਣਾ ਹੱਥ ਅੱਗੇ ਵਧਾਉਣ ਹੀ ਲੱਗਾ ਸੀ ਕਿ ਗੂਗਲ ਨੇ ਉਸ ਨੂੰ ਵਰਜ ਦਿੱਤਾ, 'ਬਿਨਾ ਮਤਲਬ ਛੋਹਣਾ ਨਹੀਂ।' ਕਰਨਵੀਰ ਦੇ ਮਨ ਨੇ ਜ਼ਿੱਦ ਕੀਤੀ ਪਰ ਗੂਗਲ ਨੇ ਅੱਗੋਂ ਵਲ ਲਿਆ, 'ਮੰਨ ਜਾ'। ਕਰਨਵੀਰ ਨੇ ਉਸ ਦੀ ਮੰਨ ਲਈ ਅਤੇ ਆਪਣਾ ਧਿਆਨ ਜੀਤੀ ਦੇ ਹੱਥਾਂ ਤੋਂ ਪਾਸੇ ਕਰ ਲਿਆ ਤੇ ਮੁੜ ਗੂਗਲ ਤੋਂ ਯਾਦ ਕੀਤੇ ਹੋਏ ਪ੍ਰਸ਼ਨ ਪੁੱਛਦਾ ਰਿਹਾ ਤੇ ਆਪਣੇ ਮਨ ਅੰਦਰਲੇ ਸਵਾਲਾਂ ਨੂੰ ਦਬਾਉਂਦਾ ਰਿਹਾ। ਉਹ ਕਾਹਲੀ ਵਿਚ ਕੋਈ ਅਜਿਹਾ ਸਵਾਲ ਕਰ ਕੇ ਜੀਤੀ ਨੂੰ ਗੰਵਾਉਣਾ ਨਹੀਂ ਸੀ ਚਾਹੁੰਦਾ।

ਯੂਨੀਅਨ ਸਟੇਸ਼ਨ 'ਤੇ ਬੱਸ 'ਚੋਂ ਉੱਤਰ ਕੇ ਉਹ ਪੈਦਲ ਹੀ ਸੀ ਐਨ ਟਾਵਰ ਵੱਲ ਚੱਲ ਪਏ। ਜੀਤੀ ਦੇ ਨਾਲ ਤੁਰਦਿਆਂ, ਉਸ ਦਾ ਹੱਥ ਫੜਨ ਲਈ ਕਰਨਵੀਰ ਦਾ ਫਿਰ ਦਿਲ ਕੀਤਾ ਪਰ ਉਸ ਨੇ ਫਿਰ ਆਪਣੇ ਆਪ ਨੂੰ ਰੋਕ ਲਿਆ। ਪੰਦਰਾਂ ਮਿੰਟਾਂ 'ਚ ਉਹ ਸੀ ਐਨ ਟਾਵਰ ਪਹੁੰਚ ਗਏ। ਕਰਨਵੀਰ ਅੱਗੇ ਹੋ ਕੇ ਟਿਕਟ ਲੈਣ ਲੱਗਾ ਬੋਲਿਆ, "ਮੈਂ ਲੈਨਾ ਵਾਂ ਟਿਕਟ।"

"ਨਾ, ਆਪਣੀ-ਆਪਣੀ ਲਵਾਂਗੇ।" ਜੀਤੀ ਦੀ ਫੈਸਲਾਕੁਨ ਆਵਾਜ਼ ਸੁਣ ਕੇ ਕਰਨਵੀਰ ਨੇ ਉਸ ਵੱਲ ਦੇਖ ਕੇ ਕਿਹਾ, "ਲੈ ਵੱਖ ਹੋਣ ਵਾਲੀਆਂ ਗੱਲਾਂ ਕਿਉਂ ਕਰਦੀ ਏਂ?"

"ਜੇ ਇਕੱਠੇ ਹੋ ਗਏ, ਫੇਰ ਨਹੀਂ ਕਰਦੀ। ਓਨਾ ਚਿਰ ਆਪੋ-ਆਪਣਾ।" ਆਖ ਕੇ ਜੀਤੀ ਅਗਾਂਹ ਹੋ ਗਈ। ਉਸ ਨੇ ਆਪਣੇ ਵਾਸਤੇ 'ਲੁੱਕ ਆਊਟ ਲੈਵਲ' ਤਕ ਦੀ ਟਿਕਟ ਲੈ ਲਈ। ਕਰਨਵੀਰ ਨੇ ਆਪਣੇ ਲਈ ਖਰੀਦ ਲਈ। ਟਿਕਟ ਖਿੜਕੀ ਤੋਂ ਪਾਸੇ ਹੋ ਕੇ ਜੀਤੀ ਨੇ ਪੁੱਛਿਆ, "ਤੇਰਾ ਇਰਾਦਾ ਕਿਤੇ 'ਸਕਾਈਪਾਡ ਲੈਵਲ' ਤਕ ਜਾਣ ਦਾ ਤਾਂ ਨਹੀਂ ਸੀ? ਮੈਂ ਪਿਛਲੀ ਵਾਰ ਗਈ ਸੀ। ਕੋਈ ਫਾਇਦਾ ਨੀ ਵੀਹ ਡਾਲਰ ਐਕਸਟਰਾ ਖਰਚਣ ਦੇ। ਸੇਮ ਈ ਵਿਊ ਐ। ਏਨਾ ਈ ਵੱਧ ਆ ਕਿ ਤੇਤੀ ਸਟੋਰੀ ਹੋਰ ਉੱਚਾ ਐ।"

"ਮੈਂ ਤਾਂ ਤੇਰੇ ਨਾਲ ਵਾਂ।" ਆਖਦਾ ਕਰਨਵੀਰ ਮੁਸਕਰਾ ਪਿਆ ਅਤੇ ਫਿਰ ਅਠਾਰਾਂ ਸੌ ਪੰਦਰਾਂ ਫੁੱਟ ਉੱਚੇ ਟਾਵਰ ਦੇ ਸਿੱਖਰ ਤਕ ਦੇਖਣ ਲਈ ਆਪਣੇ ਮੂੰਹ ਨੂੰ ਨੱਬੇ ਡਿਗਰੀ ਤੱਕ ਲਿਜਾਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਦੇ ਪੈਰ ਉੱਖੜਨ ਲੱਗੇ ਤਾਂ ਝੱਟ ਜੀਤੀ ਬੋਲੀ, "ਡਿੱਗ ਨਾ ਪਈਂ।" ਕਰਨਵੀਰ ਨੇ ਧੌਣ ਸਿੱਧੀ ਕਰ ਲਈ ਅਤੇ ਆਪਣੀ ਗਿੱਚੀ ਨੂੰ ਮਲਣ ਲੱਗਾ। ਜੀਤੀ ਉਸ ਨੂੰ ਐਲੀਵੇਟਰ ਵੱਲ ਲੈ ਗਈ ਜਿਸ ਰਾਹੀਂ ਉਨ੍ਹਾਂ ਨੇ ਅਠਵੰਜਾ ਸਕਿੰਟਾਂ ਵਿਚ ਇਕ ਹਜ਼ਾਰ ਇਕ ਸੌ ਛੱਤੀ ਫੁੱਟ ਦੀ ਉਚਾਈ 'ਤੇ ਪਹੁੰਚ ਜਾਣਾ ਸੀ। ਉਪਰ ਜਾਂਦਿਆਂ ਐਲੀਵੇਟਰ ਦੀਆਂ ਪਾਰਦਰਸ਼ੀ ਕੰਧਾਂ ਰਾਹੀਂ ਬਾਹਰ ਦਾ ਨਜ਼ਾਰਾ ਦਿਸਦਾ ਸੀ। "ਥੱਲੇ ਵੱਲ ਨਾ ਦੇਖੀਂ ਕਰਨ, ਡਰ ਲੱਗੂਗਾ।" ਆਖਦੀ ਜੀਤੀ ਕਰਨਵੀਰ ਦੇ ਨਾਲ ਲੱਗ ਕੇ ਖੜ੍ਹ ਗਈ। ਜੀਤੀ ਦੀ ਬਾਂਹ ਕਰਨਵੀਰ ਦੀ ਬਾਂਹ ਨਾਲ ਘਸਰਦੀ ਸੀ। ਕਰਨਵੀਰ ਨੂੰ ਇਹ ਖਹਿ ਆਨੰਦਤ ਕਰਨ ਲੱਗੀ। ਉਸ ਨੂੰ ਟਰਾਂਟੋ ਸ਼ਹਿਰ ਖੂਬਸੂਰਤ ਲੱਗਾ; ਤੇ 'ਲੁੱਕ ਆਊਟ ਲੈਵਲ' 'ਤੇ ਪਹੁੰਚ ਕੇ ਇਕ ਥਾਂ ਬਣੇ ਸ਼ੀਸ਼ੇ ਦੇ ਫਰਸ਼ ਰਾਹੀਂ ਇਕ ਸੌ ਤੇਰਾਂ ਮੰਜ਼ਿਲਾਂ ਆਪਣੇ ਪੈਰਾਂ ਹੇਠ ਦੇਖਦੀ ਜੀਤੀ ਨੇ ਡਰ ਕੇ ਕਰਨਵੀਰ ਦੀ ਬਾਂਹ ਫੜ ਲਈ। "ਕਰਨ, ਚੱਲ ਪਾਸੇ ਹੋ ਇਸ ਥਾਂ ਤੋਂ।" ਉਹ ਚੀਕੀ। ਕਰਨਵੀਰ ਦਾ ਜੀਅ ਨਹੀਂ ਸੀ ਕਰਦਾ ਕਿ ਜੀਤੀ ਉਸ ਦੀ ਬਾਂਹ ਛੱਡੇ। ਉਹ ਖੜ੍ਹਾ ਰਿਹਾ ਤੇ ਬੋਲਿਆ, "ਆਹ ਦੇਖ ਬੱਚੇ ਕਿਵੇਂ ਇਸ 'ਤੇ ਟੱਪੀ ਜਾਂਦੇ ਨੇ, ਤੂੰ ਐਵੇਂ ਹੀ ਡਰੀ ਜਾਨੀ ਏਂ।" ਬਾਹਰੋਂ ਤਾਂ ਉਹ ਜੀਤੀ ਨੂੰ ਨਾ ਡਰਨ ਲਈ ਹੌਸਲਾ ਦੇ ਰਿਹਾ ਸੀ ਪਰ ਅੰਦਰ ਉਸ ਦਾ ਆਖਦਾ ਸੀ ਕਿ ਜੀਤੀ ਹੋਰ ਡਰੇ। ਤੇ ਫਿਰ ਉਸ ਦੇ ਐਨ ਪਾਸ ਉਹੀ ਸੀਨ ਸਾਕਾਰ ਹੋ ਗਿਆ ਜਿਸ ਦੀ ਉਸ ਨੇ ਬੱਸ 'ਚ ਬੈਠਿਆਂ ਕਲਪਨਾ ਕੀਤੀ ਸੀ। ਕੋਈ ਹਾਣੀ ਆਪਣੇ ਗੋਡੇ ਨੂੰ ਸ਼ੀਸ਼ੇ ਦੀ ਫਰਸ਼ 'ਤੇ ਟਿਕਾਈ ਆਪਣੀ ਹਾਨਣ ਦਾ ਹੱਥ ਮੰਗ ਰਿਹਾ ਸੀ। ਕਰਨਵੀਰ ਇਕ ਟਕ ਉਨ੍ਹਾਂ ਵੱਲ ਦੇਖਣ ਲੱਗਾ। ਉਸ ਦੇ ਜੀਅ 'ਚ ਆਈ ਕਿ ਉਹ ਵੀ ਆਪਣੀ ਰੀਝ ਪੂਰੀ ਕਰ ਲਵੇ। ਇਸ ਤੋਂ ਪਹਿਲਾਂ ਕਿ ਉਹ ਦੁਚਿੱਤੀ 'ਚੋਂ ਨਿਕਲੇ, ਜੀਤੀ ਨੇ ਉਸ ਦੀ ਬਾਂਹ ਖਿੱਚ ਕੇ ਉਸ ਨੂੰ ਸ਼ੀਸ਼ੇ ਦੀ ਫਰਸ਼ ਤੋਂ ਪਾਸੇ ਕਰ ਲਿਆ। ਫਿਰ ਉਹ ਹੌਲੀ-ਹੌਲੀ ਤੁਰਦੇ ਅਸਮਾਨ ਵੱਲੋਂ ਸ਼ਹਿਰ ਵੱਲ ਦੇਖਦੇ, ਜੀਤੀ ਦੇ ਕਾਲਜ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕਰਦੇ ਤੁਰ ਪਏ। ਫਿਰ ਖੜ੍ਹ ਗਏ। ਇਸ ਥਾਂ ਤੋਂ ਦਿਸਦੇ ਨਜ਼ਾਰੇ ਨੇ ਉਨ੍ਹਾਂ ਨੂੰ ਕੀਲ ਲਿਆ। ਅੰਬਰ ਦੇ ਹੇਠ ਜਿਸ ਥਾਂ ਇਹ ਗਗਨ ਚੁੰਬੀ ਟਾਵਰ ਖੜ੍ਹਾ ਸੀ, ਉੱਥੇ ਅਸਮਾਨ ਸਾਫ਼ ਸੀ। ਨੇੜੇ-ਤੇੜੇ ਕੋਈ ਬਦਲੋਟੀ ਵੀ ਨਹੀਂ ਸੀ। ਹੇਠ ਲੇਕ ਓਂਟੇਰੀਓ ਦਾ ਪਾਣੀ ਸੂਰਜ ਦੀਆਂ ਕਿਰਨਾਂ ਨਾਲ ਲਿਸ਼ਕੋਰੇ ਮਾਰਦਾ ਸੀ। ਦੂਰ ਦੁਮੇਲ ਵਿਚ ਜਿੱਥੇ ਝੀਲ ਅਤੇ ਅਸਮਾਨ ਵਿਚਕਾਰ ਕੋਈ ਵਿੱਥ ਨਹੀਂ ਸੀ ਦਿਸਦੀ, ਉੱਥੋਂ ਦਾ ਰੰਗ ਬਦਲਖੋਰਾ ਦਿਸਦਾ ਸੀ। ਸ਼ਾਇਦ ਇਹ ਇਸਪਾਤੀ ਨਗਰ, ਹੈਮਿਲਟਨ ਦੀਆਂ ਚਿਮਨੀਆਂ 'ਚੋਂ ਉੱਠਦੇ ਧੂੰਏਂ ਕਾਰਨ ਸੀ। ਉਹ ਬਾਹਰ ਵੱਲ ਦੇਖਦੇ ਰਹੇ।

"ਕਿੰਨਾ ਸੋਹਣਾ ਲਗਦੈ, ਹਨਾਂ?" ਜੀਤੀ ਨੇ ਬਾਹਰ ਵੱਲ ਦੇਖਦਿਆਂ ਕਿਹਾ।

ਕਰਨਵੀਰ ਦੇ ਚਿੱਤ 'ਚ ਆਈ ਕਿ ਕਹੇ-ਬਾਹਰ ਨਾਲੋਂ ਵੀ ਕਿਤੇ ਵੱਧ ਮੇਰਾ ਸਾਥ ਸੋਹਣਾ ਹੈ ਪਰ ਉਸ ਨੇ ਇਹ ਨਾ ਕਿਹਾ ਅਤੇ ਬੋਲਿਆ, "ਹਾਂ, ਬਹੁਤ।" ਉਹ ਫਿਰ ਚੁੱਪ ਕਰ ਗਏ। ਗੂਗਲ ਨੇ ਫਿਰ ਕਰਨਵੀਰ ਦੀ ਉਂਗਲ ਫੜ ਲਈ। ਬੋਲਿਆ, 'ਚੁੱਪ ਦਾ ਪੱਥਰ ਨਹੀਂ ਟਿਕਣ ਦੇਣਾ ਵਿਚਾਲੇ।' ਕਰਨਵੀਰ ਅਚਾਨਕ ਬੋਲਿਆ, "ਜੀਤੀ।"

"ਹੂੰ।" ਜੀਤੀ ਨੇ ਬਾਹਰ ਵੱਲ ਦੇਖਦੀ ਨੇ ਹੀ ਕਿਹਾ। ਕਰਨਵੀਰ ਨੂੰ ਉਸ ਦੀ ਆਵਾਜ਼ ਕਿਤੋਂ ਬਹੁਤ ਦੂਰੋਂ ਆਈ ਲੱਗੀ। ਕਰਨਵੀਰ ਦੇ ਦਿਮਾਗ ਵਿਚ ਹੁਣੇ-ਹੁਣੇ ਸ਼ੀਸ਼ੇ ਦੇ ਫਰਸ਼ 'ਤੇ ਦੇਖਿਆ ਸੀਨ ਆ ਗਿਆ। ਉਸ ਨੇ ਸੋਚਿਆ ਕਿ ਇਸ ਤੋਂ ਵਧੀਆ ਮੌਕਾ ਕੀ ਹੋਵੇਗਾ ਆਪਣੇ ਦਿਲ ਦੀ ਗੱਲ ਕਹਿਣ ਲਈ ਪਰ ਝੱਟ ਗੂਗਲ ਨੇ ਟੋਕ ਦਿੱਤਾ, 'ਪਹਿਲੀ ਡੇਟ 'ਤੇ ਵਿਆਹ ਦੀ ਗੱਲ ਨਹੀਂ ਕਰਨੀ' ਪਰ ਜੀਤੀ ਦੇ ਹੁੰਗਾਰੇ ਤੋਂ ਬਾਅਦ ਕੁਝ ਤਾਂ ਬੋਲਣਾ ਸੀ। ਉਸ ਦੇ ਦਿਮਾਗ ਵਿਚ ਕੋਈ ਹੋਰ ਗੱਲ ਨਾ ਆਈ ਤੇ ਉਸ ਨੇ ਛੇਤੀ 'ਚ ਗੂਗਲ ਤੋਂ ਸਿੱਖਿਆ ਸਵਾਲ ਹੀ ਦਾਗ ਦਿੱਤਾ, "ਕਿਹੜੀ ਗੱਲ ਤੈਨੂੰ ਸਭ ਤੋਂ ਜ਼ਿਆਦਾ ਤੰਗ ਕਰਦੀ ਏ?" ਜੀਤੀ ਨੇ ਉਸ ਵੱਲ ਦੇਖਿਆ ਤੇ ਖਿੜ-ਖਿੜਾ ਕੇ ਹੱਸ ਪਈ। ਉਹ ਭੁਚੱਕਾ ਉਸ ਵੱਲ ਦੇਖਣ ਲੱਗਾ। ਹੱਸਦੀ ਜੀਤੀ ਉਸ ਨੂੰ ਹੋਰ ਵੀ ਸੋਹਣੀ ਲੱਗੀ। ਉਹ ਬੋਲੀ, "ਤੂੰ ਸਾਰੇ ਸਵਾਲ ਗੂਗਲ ਤੋਂ ਪੜ੍ਹ ਕੇ ਆਇਐਂ?"

"ਤੈਨੂੰ ਕਿਵੇਂ ਪਤਾ ਏ? ਤੂੰ ਵੀ ਪੜ੍ਹਿਆ ਸੀ?"

"ਤੈਨੂੰ ਐਨਾ ਫਾਰਮਲ ਹੋਣ ਦੀ ਲੋੜ ਨਹੀਂ। ਬੀ ਯੂਅਰ ਸੈਲਫ਼।"

ਉਹ ਝੇਪ ਗਿਆ। ਜੀਤੀ ਬੋਲੀ, "ਓਧਰ ਨਿਆਗਰਾ ਫਾਲਜ਼ ਐ। ਆਪਾਂ ਕਿਸੇ ਦਿਨ ਓਥੇ ਵੀ ਚੱਲਾਂਗੇ। ਕਈ ਵਾਰ ਕਹਿੰਦੇ ਇੱਥੋਂ ਵੀ ਦਿਸ ਪੈਂਦਾ। ਟੈਲੀਸਕੋਪ ਰਾਹੀਂ ਟਰਾਈ ਕਰੀਏ?"

ਕਰਨਵੀਰ ਨੇ ਦੂਰਬੀਨ ਵਿਚ ਸਿੱਕਾ ਪਾ ਦਿੱਤਾ ਤੇ ਕਿਹਾ, "ਤੂੰ ਦੇਖ ਪਹਿਲਾਂ।"

ਜੀਤੀ ਕੁਝ ਦੇਰ ਦੂਰਬੀਨ ਰਾਹੀਂ ਦੇਖਦੀ ਰਹੀ, ਫਿਰ ਬੋਲੀ, "ਹੁਣ ਤੂੰ ਦੇਖ।" ਦੂਰਬੀਨ ਬੰਦ ਹੋਣ ਦੇ ਸਕਿੰਟ ਘਟ ਰਹੇ ਸਨ। ਕਰਨਵੀਰ ਨੇ ਇਕ ਸਿੱਕਾ ਹੋਰ ਪਾ ਦਿੱਤਾ ਤੇ ਬੋਲਿਆ, "ਤੂੰ

*(ਬਾਕੀ ਅਗਲੇ ਸਫੇ 'ਤੇ)*

# ਸਵਰਗ ਦੀ ਸੈਰ



*ਸ੍ਰੀਨਗਰ ਦੀ ਡੱਲ ਝੀਲ ਦੀ ਝਲਕ।*

**ਹਰਜਿੰਦਰ ਪਾਲ ਸਿੰਘ ਸਮਰਾਲਾ**
ਫੋਨ: +91-98141-99337

ਸਾਲ 2023 ਦਾ ਜੂਨ ਮਹੀਨਾ ਸੀ। ਅੰਤਾਂ ਦੀ ਗਰਮੀ ਕਰ ਕੇ ਪੰਜਾਬ ਦੇ ਨਿਵਾਸੀਆਂ ਦਾ ਜੀਣਾ ਦੁੱਭਰ ਹੋ ਰਿਹਾ ਸੀ। ਗਰਮੀ ਦੀਆਂ ਛੁੱਟੀਆਂ ਕਾਰਨ ਸਕੂਲ, ਕਾਲਜ ਅਤੇ ਹੋਰ ਵਿੱਦਿਅਕ ਅਦਾਰੇ ਬੰਦ ਸਨ। ਇਸੇ ਕਰ ਕੇ ਵੱਖ ਵੱਖ ਖੇਤਰਾਂ ਦੇ ਦੁਕਾਨਦਾਰ ਵੀ ਆਪਣੇ ਪੱਧਰ 'ਤੇ ਛੁੱਟੀਆਂ ਕਰ ਕੇ ਗਰਮੀ ਤੋਂ ਰਾਹਤ ਲੈਣ ਲਈ ਪਹਾੜਾਂ ਵੱਲ ਵਹੀਰਾਂ ਘੱਤ ਰਹੇ ਸਨ। ਕੈਮਿਸਟ ਐਸੋਸੀਏਸ਼ਨ ਨੇ ਆਪਸੀ ਸਹਿਮਤੀ ਨਾਲ ਦੋ ਦਿਨ ਦੁਕਾਨਾਂ ਬੰਦ ਰੱਖਣ ਦਾ ਫ਼ੈਸਲਾ ਕੀਤਾ। ਮੇਰਾ ਮੈਡੀਕਲ ਸਟੋਰ ਹੋਣ ਕਾਰਨ ਮੈਂ ਵੀ ਆਪਣੀ ਪਤਨੀ ਊਸ਼ਾ ਰਾਣੀ ਅਤੇ ਪੁੱਤਰ ਨਾਲ ਕਾਰ ਰਾਹੀਂ ਕਸ਼ਮੀਰ ਜਾਣ ਦਾ ਪ੍ਰੋਗਰਾਮ ਬਣਾਇਆ।

ਅਸੀਂ ਸਵੇਰੇ ਪੰਜ ਵਜੇ ਸਮਰਾਲਾ ਤੋਂ ਕਸ਼ਮੀਰ ਦੇਖਣ ਚੱਲ ਪਏ। ਰਸਤੇ ਵਿਚ ਛੋਟੇ ਵੱਡੇ ਸ਼ਹਿਰ ਮਾਛੀਵਾੜਾ, ਰਾਹੋਂ, ਨਵਾਂਸ਼ਹਿਰ, ਗੜ੍ਹਸ਼ੰਕਰ, ਸੈਲਾ ਖੁਰਦ, ਮਾਹਿਲਪੁਰ, ਚੱਬੇਵਾਲ, ਹੁਸ਼ਿਆਰਪੁਰ, ਹਰਿਆਣਾ, ਗੜ੍ਹਦੀਵਾਲ, ਦਸੂਹਾ ਆਏ। ਦਸੂਹੇ ਨਾਸ਼ਤਾ ਕਰਨ ਲਈ ਰੁਕੇ; ਸਮਰਾਲਾ ਤੋਂ ਇੱਥੇ ਤੱਕ ਕਰੀਬ ਤਿੰਨ ਘੰਟੇ ਤੋਂ ਉਪਰ ਦਾ ਸਮਾਂ ਲੱਗ ਚੁੱਕਾ ਸੀ। ਥੋੜ੍ਹਾ ਵਿਰਾਮ ਦੇਣ ਤੋਂ ਬਾਅਦ ਫਿਰ ਹੋਰ ਸ਼ਹਿਰ ਮੁਕੇਰੀਆਂ, ਭੰਗਾਲਾ ਤੋਂ ਹੁੰਦੇ ਹੋਏ ਪਠਾਨਕੋਟ ਪਹੁੰਚੇ। ਸਮਰਾਲਾ ਤੋਂ ਪਠਾਨਕੋਟ 186 ਕਿਲੋਮੀਟਰ ਦੂਰ ਹੈ। ਆਪਣੇ ਵਾਹਨ ਰਾਹੀਂ ਚਾਰ ਘੰਟੇ ਦਾ ਸਫ਼ਰ ਹੈ। ਮੁਕੇਰੀਆਂ ਤੋਂ ਪਠਾਨਕੋਟ ਦਰਮਿਆਨ ਇਕ ਟੋਲ ਪਲਾਜ਼ੇ 'ਤੇ ਟੈਕਸ ਦੇਣਾ ਪਿਆ ਜਦੋਂਕਿ ਦੋ ਟੋਲ ਫਰੀ ਹੋ ਚੁੱਕੇ ਸਨ। ਪਠਾਨਕੋਟ ਤੋਂ ਜੰਮੂ ਤੱਕ ਸੁਜਾਨਪੁਰ, ਕਠੂਆ, ਸਾਂਬਾ, ਵਿਜੈਪੁਰ, ਬਾਰੀ ਬ੍ਰਾਹਮਣਾ ਆਦਿ ਸ਼ਹਿਰ ਆਏ।

ਪਠਾਨਕੋਟ ਤੋਂ ਜੰਮੂ ਪਾਸੇ ਲਖਨਪੁਰ ਬੈਰੀਅਰ ਤੋਂ ਬਾਅਦ ਪੰਜਾਬ ਅਤੇ ਪੂਰੇ ਦੇਸ਼ ਦੀ ਮੋਬਾਈਲ ਫੋਨ ਸੇਵਾ ਬੰਦ ਹੋ ਜਾਂਦੀ ਹੈ। ਕੋਈ ਵੀ ਬੰਦਾ ਨਾ ਫੋਨ ਕਰ ਸਕਦਾ ਹੈ ਤੇ ਨਾ ਹੀ ਸੁਣ ਸਕਦਾ ਹੈ; ਜੰਮੂ ਅਤੇ ਕਸ਼ਮੀਰ ਦਾ ਮੋਬਾਈਲ ਸਿੰਮ ਲੈ ਕੇ ਹੀ ਸਰਵਿਸ ਮਿਲਦੀ ਹੈ। ਅਸੀਂ ਵੀ ਇੱਕ ਮੋਬਾਈਲ ਵਿਚ ਬਾਰੀ ਬ੍ਰਾਹਮਣਾ ਸ਼ਹਿਰ ਤੋਂ ਸਿੰਮ ਲੈ ਕੇ ਮੋਬਾਈਲ ਚਾਲੂ ਕੀਤਾ। ਜੰਮੂ ਲੰਘ ਕੇ ਊਧਮਪੁਰ ਨੇੜੇ ਸਰਕਾਰ ਵੱਲੋਂ ਕਸ਼ਮੀਰ ਜਾਣ ਵਾਲੀ ਸੜਕ 'ਤੇ ਚਾਰ ਸੁਰੰਗਾਂ ਹਨ ਜਿਸ ਨਾਲ ਟ੍ਰੈਫਿਕ ਕੰਟਰੋਲ ਕਰਨ ਵਿਚ ਮਦਦ ਮਿਲਦੀ ਹੈ। ਰਸਤੇ ਵਿਚ ਟਰੱਕਾਂ ਦੀ ਦੁਨੀਆ ਦੇਖਣ ਨੂੰ ਮਿਲੀ ਜੋ ਸ੍ਰੀਨਗਰ ਵੱਲ ਜਾਣ ਲਈ ਕਤਾਰਾਂ ਵਿਚ ਖੜ੍ਹੇ ਉਡੀਕ ਕਰ ਰਹੇ ਸਨ। ਪੁਲਿਸ ਨੇ ਟ੍ਰੈਫਿਕ ਦੀ ਸਮੱਸਿਆ ਕਾਰਨ ਸਾਡੇ ਵਾਹਨ ਨੂੰ ਵੀ ਮੁੱਖ ਸੜਕ ਤੋਂ ਪਟਨੀਟਾਪ ਪਹਾੜ ਵੱਲ ਮੋੜ ਦਿੱਤਾ। ਪਹਾੜਾਂ 'ਤੇ ਸੈਲਾਨੀਆਂ ਦੀ ਭੀੜ ਹੋਣ ਕਾਰਨ ਸਾਨੂੰ ਹੋਟਲ ਦਾ ਕਮਰਾ ਲੈਣ ਵਿਚ ਬਹੁਤ ਦਿੱਕਤ ਆਈ। ਹੋਟਲ ਮਾਲਕਾਂ ਨੇ ਸੈਲਾਨੀਆਂ ਦੀ ਗਿਣਤੀ ਨੂੰ ਦੇਖਦਿਆਂ ਕਿਰਾਏ ਕਾਫ਼ੀ ਵਧਾ ਦਿੱਤੇ ਸਨ ਜਿਸ ਕਰ ਕੇ ਸਾਨੂੰ ਪਟਨੀਟਾਪ ਤੋਂ 10 ਕਿਲੋਮੀਟਰ ਪਿੱਛੇ ਪ੍ਰੇਮ ਗੈਸਟ ਹਾਊਸ ਕੁੱਡ ਵਿਚ ਕਮਰਾ ਲੈਣਾ ਪਿਆ।

ਦੂਸਰੇ ਦਿਨ ਸਵੇਰੇ ਪ੍ਰੇਮ ਗੈਸਟ ਹਾਊਸ ਤੋਂ ਪਟਨੀਟਾਪ, ਬਟੋਟ ਰਾਹੀਂ ਹੁੰਦੇ ਹੋਏ ਸਵੇਰ 9 ਵਜੇ ਰਾਮਬਨ ਪਹੁੰਚੇ। ਇਸ ਸੜਕ ਉੱਤੇ ਸੈਂਕੜੇ ਪੈਟਰੋਲੀਅਮ ਟਰੱਕਾਂ ਦੀ ਭਰਮਾਰ ਸੀ ਜੋ ਟ੍ਰੈਫਿਕ ਪੁਲਿਸ ਨੇ ਰੋਕੇ ਹੋਏ ਸਨ। ਸਾਰੀ ਟ੍ਰੈਫਿਕ ਬੱਸ ਸਟੈਂਡ ਰਾਹੀਂ ਸ਼ਹਿਰ ਵਿਚਦੀ ਲੰਘ ਰਹੀ ਸੀ ਜਿਸ ਕਰ ਕੇ ਕਾਫ਼ੀ ਸਮਾਂ ਸਾਨੂੰ ਰਾਮਬਨ ਰੁਕਣਾ ਪਿਆ। ਉਥੇ ਇੱਕ ਪਾਸੇ ਪਹਾੜ ਸਨ, ਦੂਸਰੇ ਪਾਸੇ ਚਨਾਬ ਦਰਿਆ ਬੜੀ ਤੇਜ਼ ਰਫ਼ਤਾਰ ਵਗ ਰਿਹਾ ਸੀ। ਸਾਡਾ ਵਾਹਨ ਬਹੁਤ ਧੀਮੀ ਗਤੀ ਨਾਲ ਚੱਲ ਰਿਹਾ ਸੀ।

ਅਗਲੇ ਸ਼ਹਿਰ ਬਨਿਹਾਲ ਅਤੇ ਕਾਜੀਕੁੰਡ ਆਉਂਦੇ ਹਨ। ਇੱਥੇ ਪਹੁੰਚਣ ਤੱਕ ਅਸੀ ਕੋਈ ਦਸ ਸੁਰੰਗਾਂ ਵਿਚੋਂ ਲੰਘ ਚੁੱਕੇ ਸਾਂ। ਕਈ ਸੁਰੰਗਾਂ ਤਾਂ ਕਈ ਕਿਲੋਮੀਟਰ ਲੰਮੀਆਂ ਸਨ। ਪ੍ਰਸ਼ਾਸਨ ਨੇ ਸੁਰੰਗਾਂ ਵਿਚ ਲਾਈਟਾਂ ਅਤੇ ਗੱਡੀਆਂ ਦੀ ਰਫ਼ਤਾਰ ਨਿਯਮਾਂ ਮੁਤਾਬਿਕ ਰੱਖਣ ਲਈ ਸੈਂਸਰ ਦਾ ਪ੍ਰਬੰਧ ਕੀਤਾ ਹੋਇਆ ਹੈ ਤਾਂ ਜੋ ਕੋਈ ਵੀ ਵਾਹਨ ਵੱਧ ਰਫ਼ਤਾਰ ਨਾਲ ਨਾ ਚੱਲ ਸਕੇ। ਕਾਜੀਕੁੰਡ ਸ਼ਹਿਰ ਤੋਂ ਅਨੰਤਨਾਗ ਜ਼ਿਲ੍ਹਾ ਹੈੱਡਕੁਆਰਟਰ 23 ਕਿਲੋਮੀਟਰ ਦੂਰ ਸਥਿਤ ਹੈ। ਕਾਜੀਕੁੰਡ ਤੋਂ ਸ੍ਰੀਨਗਰ ਤੱਕ ਕਸ਼ਮੀਰ ਵਾਦੀ ਵੱਲੋਂ ਸੈਲਾਨੀਆਂ ਦਾ ਸਵਾਗਤ ਕੀਤਾ ਗਿਆ ਹੈ ਜਿਥੇ ਕੌਮੀ ਸ਼ਾਹਰਾਹ ਰਾਹੀਂ ਸ੍ਰੀਨਗਰ ਤੇਜ਼ ਰਫ਼ਤਾਰ ਨਾਲ ਪਹੁੰਚਿਆ ਜਾ ਸਕਦਾ ਹੈ ਅਤੇ ਸੜਕ ਦੇ ਆਲੇ-ਦੁਆਲੇ ਕਸ਼ਮੀਰ ਵਾਦੀ ਵਿਚ ਕੇਸਰ ਦੀ ਖੇਤੀ ਨੂੰ ਦੇਖਿਆ ਜਾ ਸਕਦਾ ਹੈ।

ਸ੍ਰੀਨਗਰ ਪਹੁੰਚ ਕੇ ਹੋਟਲ ਦੇ ਕਮਰੇ ਦਾ ਪ੍ਰਬੰਧ ਕੀਤਾ। ਚੌਵੀ ਘੰਟਿਆਂ ਲਈ ਕਮਰਿਆਂ ਦਾ ਕਰਾਇਆ ਕਾਫ਼ੀ ਜ਼ਿਆਦਾ ਸੀ। ਡੱਲ ਝੀਲ ਨੇੜੇ ਹੀ ਕਮਰਾ ਮਿਲ ਗਿਆ। ਝੀਲ ਤੋਂ ਅਸੀਂ ਆਟੋ ਰਿਕਸ਼ਾ ਰਾਹੀਂ ਉੱਚੀ ਚੋਟੀ 'ਤੇ ਸਥਿਤ ਸ਼ੰਕਰਾਚਾਰੀਆ ਮੰਦਿਰ ਦੇਖਣ ਗਏ ਜਿੱਥੇ ਆਪਣੇ ਵਾਹਨ ਜਾਂ ਆਟੋ ਰਿਕਸ਼ਾ ਰਾਹੀਂ ਜਾਇਆ ਜਾ ਸਕਦਾ ਹੈ। ਇੱਥੇ ਬੀ.ਐਸ.ਐਫ. ਦਾ ਕੰਟਰੋਲ ਹੋਣ ਕਰ ਕੇ ਤਲਾਸ਼ੀ ਕਰਵਾ ਕੇ ਹੀ ਮੰਦਰ ਵਿਚ ਜਾਇਆ ਜਾ ਸਕਦਾ ਹੈ। ਇਸ ਮੰਦਿਰ ਦੀਆਂ ਕੁੱਲ 240 ਪੌੜੀਆਂ ਹਨ। ਇਸ ਚੋਟੀ ਤੋਂ ਡੱਲ ਝੀਲ ਅਤੇ ਸ੍ਰੀਨਗਰ ਸ਼ਹਿਰ ਦੂਰ ਤੱਕ ਦੇਖਿਆ ਜਾ ਸਕਦਾ ਹੈ। ਸ਼ੰਕਰਾਚਾਰੀਆ ਮੰਦਿਰ ਪਹੁੰਚਣ ਲਈ ਇੱਕ ਘੰਟੇ ਦਾ ਸਮਾਂ ਲੱਗਦਾ ਹੈ। ਸ਼ਾਮ ਨੂੰ ਅਸੀਂ ਡੱਲ ਝੀਲ ਦੇ ਨਜ਼ਦੀਕ ਬਣਿਆ ਬੋਟੈਨੀਕਲ ਗਾਰਡਨ ਦੇਖਿਆ। ਇੱਥੇ ਕਾਫ਼ੀ ਰੌਣਕ ਹੁੰਦੀ ਹੈ। ਪ੍ਰਸ਼ਾਸਨ ਨੇ ਇਸ ਨੂੰ ਦੇਖਣ ਲਈ ਟਿਕਟ ਰੱਖੀ ਹੈ।

ਇਸ ਤੋਂ ਬਾਅਦ ਅਸੀਂ ਸ਼ਾਲੀਮਾਰ ਬਾਗ਼ ਅਤੇ ਮੁਗ਼ਲ ਗਾਰਡਨ ਦੇਖਣ ਲਈ ਚੱਲ ਪਏ ਪਰ ਸਮਾਂ 6 ਵਜੇ ਤੋਂ ਉਪਰ ਹੋਣ ਕਾਰਨ ਇਹ ਬੰਦ ਹੋ ਗਏ ਸਨ। ਸ੍ਰੀਨਗਰ ਵਿਚ ਹੋਰ ਦੇਖਣਯੋਗ ਸਥਾਨ ਚਸ਼ਮੇਸ਼ਾਹੀ, ਟਿਊਲਿਪ ਗਾਰਡਨ ਆਦਿ ਹਨ ਜਿਨ੍ਹਾਂ ਨੂੰ ਅਸੀਂ ਨਾ ਦੇਖ ਸਕੇ। ਮੀਂਹ ਪੈਣ ਕਾਰਨ ਡੱਲ ਝੀਲ ਵਾਲੀ ਸੜਕ ਰਾਹੀਂ ਕਮਰੇ ਤੱਕ ਜਾਣ ਲਈ ਡੇਢ ਘੰਟੇ ਤੋਂ ਵੱਧ ਸਮਾਂ ਲੱਗ ਗਿਆ। ਮੀਂਹ ਕਾਰਨ ਪੰਜਾਬੀ ਢਾਬੇ 'ਤੇ ਕਾਫ਼ੀ ਭੀੜ ਸੀ। ਅਸੀਂ ਵੀ ਉਸੇ ਢਾਬੇ 'ਤੇ ਖਾਣਾ ਖਾ ਕੇ ਕਮਰੇ ਲਈ ਚਲੇ ਗਏ।



*ਚੰਦਨਵਾੜੀ ਦਾ ਬਰਫ ਵਾਲਾ ਪੁਲ।*

ਅਗਲੇ ਦਿਨ ਸੁਵਖਤੇ ਉੱਠ ਕੇ ਅਸੀਂ ਡੱਲ ਝੀਲ ਸ਼ਿਕਾਰੇ ਦੀ ਸੈਰ ਦਾ ਆਨੰਦ ਲੈਣ ਲਈ ਚੱਲ ਪਏ। ਕਿਸ਼ਤੀ ਚਾਲਕ ਗੁਲਾਬ ਮੁਹੰਮਦ ਬਹੁਤ ਹੀ ਸੁੰਦਰ ਲਹਿਜੇ ਵਿਚ ਡੱਲ ਝੀਲ ਬਾਰੇ ਦੱਸ ਰਿਹਾ ਸੀ। ਝੀਲ ਵਿਚ ਹੀ ਕਿਸ਼ਤੀ ਰਾਹੀਂ ਆਇਆ ਗਰਮ ਕਸ਼ਮੀਰੀ ਕਾਹਵਾ ਪੀਤਾ, ਇੱਕ ਹੋਰ ਕਿਸ਼ਤੀ ਤੋਂ ਯਾਦਗਾਰੀ ਸਮਾਨ ਖਰੀਦਿਆ ਅਤੇ ਝੀਲ ਦੇ ਅੰਦਰ ਬਣੀ ਮਾਰਕੀਟ ਦੇਖੀ ਜਿੱਥੇ ਆਮ ਵਰਤੋਂ ਦਾ ਸਮਾਨ ਮਿਲ ਜਾਂਦਾ ਹੈ ਜੋ ਅਤਿ ਸੁੰਦਰ ਹੁੰਦਾ ਹੈ। ਇਸ ਦੌਰਾਨ ਪਾਣੀ ਵਿਚ ਹੋਈ ਖੇਤੀ ਅਤੇ ਫੁੱਲ ਵੀ ਦੇਖੇ। ਇੱਕ ਘੰਟੇ ਦੇ ਝੀਲ ਸਫ਼ਰ ਤੋਂ ਬਾਅਦ ਪਰਤ ਆਏ।

ਫਿਰ ਅਗਲੇ ਸਥਾਨ ਹਰੀ ਪਰਬਤ ਕਿਲ੍ਹੇ ਵੱਲ ਚੱਲ ਪਏ। ਰਸਤੇ ਵਿਚ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਿਤ ਗੁਰਦੁਆਰਾ ਦੇਖਿਆ। ਗੁਰਦੁਆਰੇ ਦੀ ਸੁੰਦਰ ਇਮਾਰਤ ਹੈ। ਇੱਥੇ ਰਿਹਾਇਸ਼ੀ ਸਰਾਵਾਂ ਵੀ ਹਨ ਅਤੇ ਲੰਗਰ ਦਾ ਪ੍ਰਬੰਧ ਵੀ ਹੈ। ਗੁਰਦੁਆਰੇ ਦੇ ਦਰਸ਼ਨਾਂ ਤੋਂ ਬਾਅਦ ਅਸੀਂ ਨੇੜੇ ਸਥਿਤ ਹਰੀ ਪਰਬਤ ਕਿਲ੍ਹਾ ਦੇਖਣ ਚਲੇ ਗਏ। ਇਹ ਕਿਲ੍ਹਾ ਉੱਚੀ ਚੋਟੀ 'ਤੇ ਸਥਿਤ ਹੈ ਜੋ ਅੱਜ ਕੱਲ੍ਹ ਬੀ.ਐਸ.ਐਫ. ਦੇ ਕੰਟਰੋਲ ਹੇਠ ਹੈ। ਪ੍ਰਾਈਵੇਟ ਵਾਹਨ, ਕਾਰਾਂ ਆਦਿ ਪਹਾੜ ਦੇ ਉਪਰ ਤੱਕ ਜਾ ਸਕਦੇ ਹਨ। ਇਸ ਤੋਂ ਅੱਗੇ ਕਾਫ਼ੀ ਉਚਾਈ ਹੋਣ ਕਾਰਨ ਪੈਦਲ ਜਾਣਾ ਪੈਂਦਾ ਹੈ। ਹਰੀ ਪਰਬਤ ਕਿਲ੍ਹੇ ਤੋਂ ਪੂਰਾ ਸ੍ਰੀਨਗਰ ਸ਼ਹਿਰ ਦਿਸਦਾ ਹੈ। ਕਿਲ੍ਹੇ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ, ਨੇੜੇ ਹੀ ਮੰਦਿਰ ਅਤੇ ਮਸਜਿਦ ਵੀ ਹਨ। ਕਿਲ੍ਹੇ ਵਿਚ ਸੁਰੱਖਿਆ ਦਾ ਪੂਰਾ ਪ੍ਰਬੰਧ ਹੈ।

ਸ੍ਰੀਨਗਰ ਤੋਂ ਪਹਿਲਗਾਮ 54 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਅਨੰਤਨਾਗ ਰਾਹੀਂ ਪਹਿਲਗਾਮ ਜਾਇਆ ਜਾਂਦਾ ਹੈ। ਕੁਦਰਤੀ ਦ੍ਰਿਸ਼ਾਂ ਦਾ ਆਨੰਦ ਮਾਣਨ ਲਈ ਪਹਿਲਗਾਮ ਦੇਖਣਯੋਗ ਹੈ। ਇੱਥੇ ਅਖਰੋਟਾਂ ਦੇ ਦਰੱਖਤ ਦੇਖਣ ਨੂੰ ਮਿਲਦੇ ਹਨ ਜੋ ਇਨ੍ਹਾਂ ਮਹੀਨਿਆਂ ਵਿਚ ਭਰੇ ਪਏ ਹੁੰਦੇ ਹਨ। ਰਸਤੇ ਵਿਚ ਸੇਬ ਦੇ ਬਾਗ਼ ਵੀ ਆਏ। ਪਹਿਲਗਾਮ ਤੋਂ ਅੱਗੇ ਬੇਤਾਬ ਵੈਲੀ ਅਤੇ ਚੰਦਨਵਾੜੀ ਦੇ ਕੁਦਰਤੀ ਨਜ਼ਾਰੇ ਦੇਖੇ ਜਾ ਸਕਦੇ ਹਨ। ਪਹਿਲਗਾਮ ਵਿਚ ਕੁਦਰਤੀ ਬਰਫ਼ੀਲੇ ਪਾਣੀ ਦੇ ਚਸ਼ਮੇ ਚੱਲਦੇ ਹਨ। ਸੈਲਾਨੀ ਠੰਢੇ ਪਾਣੀ ਦੇ ਚਸ਼ਮਿਆਂ ਵਿਚ ਬੈਠ ਕੇ ਗਰਮੀ ਤੋਂ ਰਾਹਤ ਮਹਿਸੂਸ ਕਰਦੇ ਹਨ। ਇਨ੍ਹਾਂ ਚਸ਼ਮਿਆਂ ਵਿਚ ਇੱਕ ਮਿੰਟ ਲਈ ਪੈਰ ਪਾ ਕੇ ਰੱਖਣਾ ਮੁਸ਼ਕਿਲ ਹੁੰਦਾ ਹੈ। ਪਹਿਲਗਾਮ ਦੀਆਂ ਉੱਚੀਆਂ ਚੋਟੀਆਂ 'ਤੇ ਬਰਫ਼ੀਲੇ ਪਹਾੜਾਂ ਦਾ ਆਨੰਦ ਲਿਆ ਜਾ ਸਕਦਾ ਹੈ।

ਜੁਲਾਈ ਅਗਸਤ ਵਿਚ ਸ੍ਰੀ ਅਮਰਨਾਥ ਯਾਤਰਾ ਹੋਣ ਕਾਰਨ ਪਹਿਲਗਾਮ ਤੋਂ ਧਾਰਮਿਕ ਯਾਤਰਾ ਦੀ ਰਵਾਨਗੀ ਚੈੱਕ ਪੋਸਟ ਰਾਹੀਂ ਹੋਣ ਕਾਰਨ ਇਸ ਖੇਤਰ ਵਿਚ ਕਾਫ਼ੀ ਭੀੜ ਹੁੰਦੀ ਹੈ। ਇਸ ਕਰ ਕੇ ਪਹਿਲਗਾਮ ਦੇ ਸੈਲਾਨੀਆਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਇਸ ਲਈ ਇਨ੍ਹਾਂ ਦੋ ਮਹੀਨਿਆਂ ਨੂੰ ਛੱਡ ਕੇ ਬਾਕੀ ਸਾਲ ਵਿਚ ਬਰਫ਼ੀਲੇ ਪਹਾੜਾਂ ਅਤੇ ਚਸ਼ਮਿਆਂ ਦਾ ਆਨੰਦ ਲਿਆ ਜਾ ਸਕਦਾ ਹੈ।

ਸ੍ਰੀਨਗਰ ਤੋਂ ਗੁਲਮਰਗ 47 ਕਿਲੋਮੀਟਰ ਅਤੇ ਸੋਨਮਰਗ ਲੇਹ ਹਾਈਵੇਅ 'ਤੇ 75 ਕਿਲੋਮੀਟਰ ਦਾ ਸਫ਼ਰ ਹੈ। ਇੱਥੇ ਅਪਰੈਲ ਤੋਂ ਨਵੰਬਰ ਮਹੀਨੇ ਤੱਕ ਸੜਕ ਰਾਹੀਂ ਜਾਇਆ ਜਾ ਸਕਦਾ ਹੈ। ਬਾਕੀ ਮਹੀਨਿਆਂ ਦੌਰਾਨ ਬਰਫ਼ ਹੋਣ ਕਾਰਨ ਸੜਕ ਆਵਾਜਾਈ ਲਈ ਬੰਦ ਹੋ ਜਾਂਦੀ ਹੈ। ਕਸ਼ਮੀਰ ਦੇ ਸ੍ਰੀਨਗਰ ਤੱਕ ਦਾ ਸਫ਼ਰ ਜ਼ਿਆਦਾ ਟ੍ਰੈਫਿਕ ਹੋਣ ਕਾਰਨ ਕਠਿਨ ਜ਼ਰੂਰ ਹੈ ਅਤੇ ਕਈ ਥਾਵਾਂ 'ਤੇ ਰੋਡ ਜਾਮ ਕਾਰਨ ਰੁਕਣਾ ਵੀ ਪੈਂਦਾ ਹੈ ਪਰ ਕਸ਼ਮੀਰ ਦੀ ਕੁਦਰਤੀ ਸੁੰਦਰਤਾ ਦੇਖਣ ਦੇ ਚਾਹਵਾਨ ਵਿਅਕਤੀ ਆਪਣੇ ਵਾਹਨ ਰਾਹੀਂ ਕਸ਼ਮੀਰ ਦਾ ਟੂਰ ਕਰ ਸਕਦੇ ਹਨ।

# ਹਨੇਰੇ ਰਾਹ

*(ਪਿਛਲੇ ਸਫੇ ਦੀ ਬਾਕੀ)*

ਦੇਖੀ ਚੱਲ।" ਉਸ ਨੇ ਚਿੱਤ 'ਚ ਹੀ ਕਿਹਾ, 'ਮੈਂ ਤਾਂ ਤੈਨੂੰ ਦੇਖਣਾ ਚਾਹੁੰਨਾ ਵਾਂ।' ਫਿਰ ਆਖਿਆ, "ਤੇਰੀ ਫੋਟੋ ਖਿੱਚ ਦਿਆਂ?"

"ਸ਼ਿਓਰ।" ਦੂਰਬੀਨ ਰਾਹੀਂ ਦੇਖਦੀ ਜੀਤੀ ਨੇ ਜਵਾਬ ਦਿੱਤਾ। ਕਰਨਵੀਰ ਜੀਤੀ ਅਤੇ ਬਾਹਰ ਦਿਸਦੇ ਨਜ਼ਾਰੇ ਨੂੰ ਇਕੱਠਿਆਂ ਕੈਮਰੇ ਵਿਚ ਸੰਭਾਲਣਾ ਚਾਹੁੰਦਾ ਸੀ ਪਰ ਬਾਹਰ ਜ਼ਿਆਦਾ ਰੋਸ਼ਨੀ ਸੀ ਤੇ ਜੀਤੀ ਦੇ ਚਿਹਰੇ 'ਤੇ ਹਨੇਰਾ ਪੈ ਰਿਹਾ ਸੀ। ਕਰਨਵੀਰ ਨੇ ਫੋਟੋਆਂ ਖਿੱਚਣ ਵਾਲੀ ਝੜੀ ਲਗਾ ਦਿੱਤੀ ਪਰ ਜਿੰਨੀ ਸੋਹਣੀ ਜੀਤੀ ਉਸ ਨੂੰ ਲਗਦੀ ਸੀ, ਓਨੀ ਸੋਹਣੀ ਫ਼ੋਟੋ ਨਹੀਂ ਆ ਰਹੀ ਸੀ। ਕਰਨਵੀਰ ਨੇ ਖਿੱਚੀ ਫੋਟੋ ਦੇਖਣੀ ਹੀ ਛੱਡ ਦਿੱਤੀ ਤੇ ਲਗਾਤਾਰ ਨਵੀਆਂ ਖਿੱਚਦਾ ਰਿਹਾ। ਕੁਝ ਦੇਰ ਬਾਅਦ ਜੀਤੀ ਬੋਲੀ, "ਲਿਆ ਹੁਣ ਤੇਰੀ ਖਿੱਚ ਦਿਆਂ।" ਕਰਨਵੀਰ ਦੇ ਚਿੱਤ 'ਚ ਆਈ, 'ਮੇਰੀ 'ਕੱਲੇ ਦੀ ਕੀ ਖਿੱਚਣੀ ਏ? ਜੇ ਖਿਚਵਾਉਣੀ ਏ ਤਾਂ ਆਪਣੇ ਨਾਲ ਖਿੱਚਵਾ' ਪਰ ਉਸ ਨੇ ਇਹ ਕਿਹਾ ਨਹੀਂ। ਇੰਨੀ ਦੇਰ ਵਿਚ ਜੀਤੀ ਨੇ ਆਪਣਾ ਫੋਨ ਸਿੱਧਾ ਕੀਤਾ ਤੇ ਫੋਟੋ ਖਿੱਚ ਰਹੇ ਕਰਨਵੀਰ ਨੂੰ ਬੋਲੀ, "ਸਮਾਈਲ।"

ਕਰਨਵੀਰ ਨੂੰ ਪਤਾ ਸੀ ਕਿ ਉਸ ਦੀ ਮੁਸਕਰਾਹਟ ਕਿਸ ਕੋਨ ਤੋਂ ਜ਼ਿਆਦਾ ਸੋਹਣੀ ਲਗਦੀ ਹੈ। ਉਹੀ ਪਾਸਾ ਜੀਤੀ ਵੱਲ ਕਰ ਕੇ ਉਹ ਮੁਸਕਰਾ ਪਿਆ। ਜੀਤੀ ਨੇ ਲਗਾਤਾਰ ਤਿੰਨ-ਚਾਰ ਫੋਟੋ ਖਿੱਚੀਆਂ ਤੇ ਉਨ੍ਹਾਂ ਵੱਲ ਦੇਖਦੀ ਬੋਲੀ, "ਤੇਰੀ ਜਿਹੜੀ ਫੋਟੋ ਮੈਨੂੰ ਚਾਹੀਦੀ ਸੀ, ਉਹ ਮਿਲ ਗਈ।"

"ਲਿਆ ਦਿਖਾ।" ਆਖਦਾ ਕਰਨਵੀਰ ਉਸ ਦੇ ਪਿੱਛੇ ਖੜ੍ਹ ਗਿਆ। ਜੀਤੀ ਨੇ ਫੋਨ ਪੁੱਠਾ ਕਰ ਕੇ ਕਿਹਾ, "ਇਹ ਮੇਰੀ ਐ।"

ਇਹ ਸੁਣ ਕੇ ਕਰਨਵੀਰ ਦੇ ਅੰਦਰ ਤਰੰਗ ਉੱਠੀ। ਉਸ ਅੰਦਰ ਫਿਰ ਖਾਹਿਸ਼ ਜਾਗੀ ਕਿ ਉਹ ਜੀਤੀ ਦੇ ਨਾਲ 'ਸਿਲਫੀ' ਖਿੱਚੇ। ਫਿਰ ਉਸ ਨੂੰ ਆਪ ਹੀ ਇਹ ਠੀਕ ਨਾ ਲੱਗਾ। ਉਸ ਨੇ ਕਿਹਾ, "ਚੰਗਾ ਜੇ ਨਹੀਂ ਦਿਖਾਉਣੀ ਤਾਂ ਨਾ ਦਿਖਾ। ਮੈਂ ਵੀ ਤੇਰੀ ਕੋਈ ਫੋਟੋ ਤੈਨੂੰ ਫਾਰਵਰਡ ਨਹੀਂ ਕਰਨੀ।"

"ਦੈਟਸ ਨਾਟ ਫੇਅਰ।"

ਮੁਸਕਰਾ ਕੇ ਉਹ ਫਿਰ ਫੋਟੋ ਖਿੱਚਣ ਲੱਗਾ। ਜੀਤੀ ਨੇ ਘੂਰੀ ਵੱਟ ਕੇ ਕਿਹਾ, "ਜੇ ਨਹੀਂ ਮੈਨੂੰ ਭੇਜਣੀਆਂ ਤਾਂ ਮੇਰੀ ਫੋਟੋ ਨਾ ਖਿੱਚ।"

ਕਰਨਵੀਰ ਨੂੰ ਉਸ ਦੀ ਇਹ ਅਦਾ ਹੋਰ ਵੀ ਖ਼ੂਬਸੂਰਤ ਲੱਗੀ; ਤੇ ਜਲਦੀ ਨਾਲ ਫੋਟੋ ਖਿੱਚ ਦਿੱਤੀ। ਫਿਰ ਫੋਟੋ ਨੂੰ ਦੇਖ ਕੇ ਉਸ ਨੇ ਆਖਿਆ, "ਇਹ ਸੀ ਫੋਟੋ ਜਿਹੜੀ ਮੈਨੂੰ ਚਾਹੀਦੀ ਸੀ।"

"ਲਿਆ ਦਿਖਾ।"

"ਨਾ, ਇਹ ਤਾਂ ਸਿਰਫ ਮੇਰੇ ਲਈ ਏ।" ਆਖ ਕੇ ਕਰਨਵੀਰ ਨੇ ਫੋਨ ਜੇਬ ਵਿਚ ਪਾ ਲਿਆ।

ਵਾਪਸੀ 'ਤੇ ਬੱਸ ਵਿਚ ਬੈਠਿਆਂ ਕਰਨਵੀਰ ਦੇ ਮਨ ਵਿਚ ਉਹੀ ਫੋਟੋ ਦੇਖਣ ਦੀ ਇੱਛਾ ਜਾਗੀ। ਉਹ ਖਿੱਚੀਆਂ ਫੋਟੋ ਫਰੋਲਣ ਲੱਗਾ। ਜੀਤੀ ਉਨ੍ਹਾਂ ਵੱਲ ਦੇਖਣ ਲੱਗੀ ਤਾਂ ਕਰਨਵੀਰ ਨੇ ਫੋਨ ਦੂਜੇ ਪਾਸੇ ਕਰ ਲਿਆ। ਜੀਤੀ ਬੋਲੀ, "ਰੀਮੈਂਬਰ? ਗੂਗਲ ਕਹਿੰਦੈ ਕਿ ਪਹਿਲੀ ਡੇਟ 'ਤੇ ਫੋਨ ਨਹੀਂ ਖੋਲ੍ਹਣਾ।" ਇਹ ਆਖ ਕੇ ਉਹ ਹੱਸ ਪਈ। ਕਰਨਵੀਰ ਨੇ ਮੁਸਕਰਾ ਕੇ ਫੋਨ ਬੰਦ ਕਰ ਦਿੱਤਾ। ਕੁਝ ਪਲ ਚੁੱਪ ਰਿਹਾ। ਫਿਰ ਉਸ ਨੇ ਕਿਹਾ, "ਜੀਤੀ, ਮੈਂ ਇਕ ਗੱਲ ਕਰਨੀ ਏ।"

"ਹਾਂ, ਕਰ।"

"ਮੈਂ ਤੇਰੇ ਤੋਂ ਉਮਰ 'ਚ ਚਾਰ-ਪੰਜ ਸਾਲ ਵੱਡਾ ਵਾਂ।"

"ਫੇਰ ਕੀ ਐ।"

"ਆਪਣੇ ਮਾਪਿਆਂ ਨੂੰ ਪੁੱਛ ਲੈ। ਉਨ੍ਹਾਂ ਨੂੰ ਆਖ ਕਿ ਇੰਡੀਆ ਮੇਰਾ ਘਰ-ਪਰਿਵਾਰ ਦੇਖ ਆਉਣ।"

"ਵਿਆਹ ਮੈਂ ਕਰਵਾਉਣੈ, ਮੇਰੇ ਮਾਂ-ਬਾਪ ਨੇ ਨਹੀਂ।"

"ਫਿਰ ਵੀ। ਮੇਰੇ ਘਰਦੇ ਕੋਈ ਅਮੀਰ ਨਹੀਂ। ਛੋਟਾ ਜਿਹਾ ਸਾਡਾ ਘਰ ਏ ਇੰਡੀਆ। ਮਸਾਂ ਹੀ ਗੁਜ਼ਾਰਾ ਚੱਲਦਾ ਏ। ਕੱਲ੍ਹ ਨੂੰ ਆਪਣੀ ਗੱਲ ਅੱਗੇ ਵਧ ਗਈ ਤੇ ਤੇਰੇ ਘਰਦਿਆਂ ਨੂੰ ਕੋਈ ਇਤਰਾਜ਼ ਹੋਇਆ ਫੇਰ?"

"ਮੈਂ ਆਪਣੇ ਘਰਦਿਆਂ ਨਾਲ ਇਹ ਗੱਲ ਪਹਿਲਾਂ ਹੀ ਕਲੀਅਰ ਕੀਤੀ ਹੋਈ ਐ ਕਿ ਉਸ ਨਾਲ ਹੀ ਵਿਆਹ ਕਰਵਾਉਣੈ, ਜਿਹੜਾ ਮੈਨੂੰ ਪਸੰਦ ਆਊ।"

"ਠੀਕ ਏ ਫੇਰ ਤਾਂ।"

"ਤੇਰੀ ਕੀ ਪਲੈਨਿੰਗ ਐ?" ਜੀਤੀ ਨੇ ਕਰਨਵੀਰ ਵੱਲ ਦੇਖਦੀ ਨੇ ਪੁੱਛਿਆ।

"ਪਹਿਲੀ ਪਲੈਨਿੰਗ ਤਾਂ ਇੱਥੇ ਪੱਕਾ ਹੋਣ ਦੀ ਏ। ਬਾਕੀ ਬਾਰੇ ਕੁਝ ਨਹੀਂ ਸੋਚਿਆ।"

"ਪੱਕਾ ਤਾਂ ਹੋ ਈ ਜਾਣੈ ਹੁੰਦੈ। ਟਾਈਮ ਦਾ ਈ ਐ ਜਾਂ ਖਰਚ ਦਾ, ਕਿਸੇ ਦਾ ਵੱਧ ਲੱਗ ਜਾਂਦੈ, ਕਿਸੇ ਦਾ ਘੱਟ।"

"ਜੀਤੀ, ਤੈਨੂੰ ਵੀ ਪੱਕੇ ਹੋਣ ਲਈ ਐੱਲ ਐੱਮ ਆਈ ਏ ਖਰੀਦਣੀ ਪਵੇਗੀ?"

"ਨਹੀਂ, ਮੇਰੇ ਪੁਆਇੰਟ ਬਣ ਜਾਣੇ ਆ। ਜਿਹੜੇ ਸਟੂਡੈਂਟਾਂ ਦੀ ਪੜ੍ਹਾਈ ਪੂਰੀ ਨਹੀਂ ਹੁੰਦੀ ਜਾਂ ਕੋਈ ਅੜਚਣ ਆ ਜਾਂਦੀ ਐ, ਉਹਨਾਂ ਨੂੰ ਈ ਲੈਣੀ ਪੈਂਦੀ ਐ।"

"ਫੇਰ ਤਾਂ ਠੀਕ ਏ।"

"ਮੈਂ ਤੇਰੀ ਟਰੱਕ ਚਲਾਉਣ ਬਾਰੇ ਪਲੈਨਿੰਗ ਪੁੱਛਦੀ ਸੀ। ਤੂੰ ਇਸੇ ਪ੍ਰੋਫੈਸ਼ਨ 'ਚ ਹੀ ਰਹੇਂਗਾ ਕਿ ਪੱਕਾ ਹੋ ਕੇ ਕੋਈ ਹੋਰ ਕੰਮ ਕਰਨ ਦਾ ਇਰਾਦੈ?"

"ਮੇਰਾ ਵਕੀਲ ਕਹਿੰਦਾ ਏ ਕਿ ਟਰੱਕ ਚਲਾਉਣ ਨਾਲ ਨਾਲੇ ਕਮਾਈ ਜ਼ਿਆਦਾ ਹੋ ਜਾਂਦੀ ਏ, ਨਾਲੇ ਛੇਤੀ ਪੱਕਾ ਹੋ ਜਾਈਦਾ ਏ। ਮੇਰਾ ਅਸਲੀ ਗੋਲ ਤਾਂ ਆਵਦੀ ਬੇਕਰੀ ਖੋਲ੍ਹਣ ਦਾ ਏ, ਜਦੋਂ ਕੁਝ ਡਾਲਰ ਸੇਵ ਹੋ ਗਏ।"

"ਸਪੇਨ 'ਚ ਇਹੀ ਕੰਮ ਕਰਦਾ ਸੀ ਨਾ ਤੂੰ?"

"ਹਾਂ, ਪਹਿਲਾਂ ਸਾਲ-ਡੇਢ ਸਾਲ ਰੈਸਟੋਰੈਂਟ 'ਚ, ਫੇਰ ਬੇਕਰੀ 'ਚ। ਮੈਂ ਜਾਣਦਾ ਵਾਂ ਸਾਰਾ ਕੰਮ।"

"ਕਈ ਵਾਰੀ ਮੇਰੇ ਮਨ 'ਚ ਡਰ ਜਿਹਾ ਉੱਠਦਾ ਕਿ ਕਿਤੇ ਟਰੱਕ ਚਲਾਉਣ ਆਲੇ ਕੰਮ 'ਚ ਸਟੱਕ ਹੀ ਨਾ ਹੋ ਜਾਵੇਂ।" ਆਖ ਕੇ ਜੀਤੀ ਨੇ ਕਰਨਵੀਰ ਵੱਲ ਦੇਖਿਆ। ਫਿਰ ਬੋਲੀ, "ਮੈਂ ਇਉਂ ਨੀ ਕਹਿੰਦੀ ਕਿ ਇਹ ਕੰਮ ਮਾੜਾ ਆ ਪਰ ਟਰੱਕਾਂ ਵਾਲਿਆਂ ਨੂੰ ਕਿੰਨੇ-ਕਿੰਨੇ ਦਿਨ ਘਰੋਂ ਬਾਹਰ ਰਹਿਣਾ ਪੈਂਦਾ।"

"ਪੀ ਆਰ ਹੋਣ ਲਈ ਕਰਨਾ ਤਾਂ ਪੈਣਾ ਈ ਆ ਪਹਿਲਾਂ ਪਹਿਲਾਂ। ਸੱਚ ਜੀਤੀ, ਤੈਨੂੰ ਉਸ ਦੀ ਜੌਬ ਮਿਲ ਜਾਵੇਗੀ ਜਿਹੜਾ ਤੂੰ ਕੋਰਸ ਕਰਦੀ ਏਂ?"

"ਲਗਦਾ ਨਹੀਂ। ਹਰ ਦੂਜਾ ਸਟੂਡੈਂਟ ਬਿਜ਼ਨਸ ਐਡਮਨਿਸਟਰੇਸ਼ਨ ਦਾ ਕੋਰਸ ਕਰੀ ਜਾਂਦੈ। ਇਹ ਤਾਂ ਪੀ ਆਰ ਹੋਣ ਲਈ ਹੀ ਕਰਦੀ ਆਂ। ਚੰਗੀ ਜੌਬ ਲੈਣ ਲਈ ਕੋਈ ਹੋਰ ਕੋਰਸ ਕਰਨਾ ਪਊ। ਪੀ ਆਰ ਹੋ ਕੇ ਕਰੂੰਗੀ, ਉਦੋਂ ਫੀਸ ਵੀ ਘੱਟ ਦੇਣੀ ਪਵੇਗੀ। ਹੁਣ ਤਾਂ ਤਿੱਗਣੀ ਫੀਸ ਆ।"

"ਇੰਡੀਆ 'ਚ ਬੈਠਿਆਂ ਨੂੰ ਪਤਾ ਨਹੀਂ ਹੁੰਦਾ ਨਾ ਕਿ ਕਿਹੜਾ ਕੋਰਸ ਬਾਅਦ 'ਚ ਕੰਮ ਆਵੇਗਾ। ਉਦੋਂ ਤਾਂ ਪੀ ਆਰ ਹੋਣਾ ਈ ਨਿਸ਼ਾਨਾ ਹੁੰਦਾ ਏ। ਜਦੋਂ ਪੱਕੇ ਹੋ ਗਏ, ਮੈਂ ਕੰਮ ਕਰੀ ਜਾਊਂ, ਤੂੰ ਕੋਈ ਕੋਰਸ ਕਰ ਲਵੀਂ।" ਇਹ ਆਖ ਕੇ ਕਰਨਵੀਰ ਨੇ ਜੀਤੀ ਦੇ ਚਿਹਰੇ 'ਤੇ ਨਿਗ੍ਹਾ ਟਿਕਾ ਲਈ। ਜੀਤੀ ਨੇ ਉਸ ਵੱਲ ਦੇਖਿਆ ਤੇ ਬੋਲੀ, "ਆਪਣੇ ਕੋਲ ਬਹੁਤ ਟਾਈਮ ਐ। ਇਕ-ਦੂਜੇ ਨੂੰ ਹੋਰ ਜਾਣ ਲਈਏ ਪਹਿਲਾਂ।"

'ਟਰੱਕ ਦਾ ਲਾਈਸੰਸ ਲੈਣਾ ਹੀ ਪਵੇਗਾ।' ਕਰਨਵੀਰ ਨੇ ਸੋਚਿਆ ਪਰ ਇਹ ਕਿਹਾ ਨਾ।


(ਚੱਲਦਾ)

# ਮਣੀਆ

ਕਹਾਣੀ

ਰਾਤ ਅੱਧੀ ਤੋਂ ਉਪਰ ਬੀਤ ਚੁੱਕੀ ਹੈ। ਮੇਰਾ ਮਨ ਅਸ਼ਾਂਤ ਹੈ। ਮੈਂ ਆਪਣੇ ਕਮਰੇ 'ਚ ਬੂਹੇ ਬਾਰੀਆਂ ਬੰਦ ਕਰ ਕੇ ਪਿਆ ਹਾਂ। ਮੈਂ ਬਿਸਤਰੇ 'ਤੇ ਪਿਆ ਉੱਸਲਵਟੇ ਲੈ ਰਿਹਾ ਹਾਂ। ਕਦੇ ਸਿੱਧਾ ਪੈਂਦਾ ਹਾਂ। ਕਦੇ ਵੱਖੀਂ ਪਰਨੇ। ਕਿਤੇ ਮੇਰਾ ਸਿਰ ਪੈਂਦ ਵੱਲ ਚਲਿਆ ਜਾਂਦਾ ਹੈ। ਕਦੇ ਸਰਾਹਣੇ ਵੱਲ।

ਪਿਛਲੇ ਦਿਨ ਦੀ ਅਖ਼ਬਾਰ ਦੀ ਖ਼ਬਰ ਮੈਨੂੰ ਕਿੰਨਾ ਬੇਜ਼ਾਰ ਕਰ ਗਈ ਹੈ। ਅੱਜ ਦੀ ਖ਼ਬਰ ਨੇ ਕਿੱਥੋਂ ਕਮਬਖਤ ਮਣੀਆ ਮੇਰੇ ਮਨ ਦੀ ਸਕਰੀਨ 'ਤੇ ਲਿਆ ਦਿੱਤਾ ਹੈ। ਇਹ ਕਮਬਖਤ ਕਿੱਥੋਂ ਯਾਦ ਆ ਗਿਆ ਹੈ, ਪੰਦਰਾਂ-ਵੀਹ ਸਾਲ ਬਾਅਦ। ਲਗਦਾ ਸਮੇਂ ਦੀ ਚੱਕਰੀ ਪੁੱਠੀ ਘੁੰਮ ਗਈ ਹੋਵੇ। ਖੂਹ ਦੀ ਲੱਠ ਪਿੱਛੇ ਮੁੜ ਰਹੀ ਹੋਵੇ। ਖਾਲੀ ਟਿੰਡਾਂ, ਖਾਲੀ ਪਾੜਛਾ। ਖੜਕਾ। ਬੇਚੈਨੀ।



ਕਰਮ ਸਿੰਘ ਮਾਨ
ਫੋਨ: 559 261-5024

ਮਣੀਆ ਪੱਚੀ ਸਾਲ ਪਹਿਲਾਂ ਮਈ ਦੇ ਦੂਜੇ ਹਫ਼ਤੇ ਮਿਲਿਆ ਸੀ। ਤੱਤੀ ਲੂਅ ਪਿੰਡਾ ਸਾੜਦੀ ਸੀ। ਸਾਰੀ ਧਰਤੀ ਸੁੱਕ ਕੇ ਖੰਘਰ ਬਣੀ ਪਈ ਸੀ। ਉਦੋਂ ਬੱਦਲਵਾਈ ਦਾ ਨੇੜ-ਤੇੜ ਨਹੀਂ ਸੀ। ਝੋਨੇ ਦੀ ਪਨੀਰੀ ਬੀਜੀ ਨੂੰ ਵੀਹ ਦਿਨ ਹੋ ਚੱਲੇ ਸਨ। ਸੁੱਕੀ ਜ਼ਮੀਨ ਭਿਉਂ ਕੇ ਵਾਹੀ ਯੋਗ ਬਣਾਉਣੀ ਸੀ। ਕੱਸੀ ਦਾ ਪਾਣੀ ਮਿਲਿਆ ਸੀ। ਵਿਚੇ ਈ ਮੋਟਰ ਦਾ ਪਾਣੀ ਛੱਡ ਲਿਆ। ਇਹ ਸੋਚ ਕੇ ਇਕੱਠਾ ਪਾਣੀ ਦੂਗਣੀ-ਤਿਗਣੀ ਮਾਰ ਕਰਦਾ ਹੈ।

ਪਿਆਸੀ ਧਰਤੀ ਪਾਣੀ ਪੀਈ ਜਾਂਦੀ। ਇੰਜ ਲਗਦਾ ਸੀ ਧਰਤੀ ਜਨਮਾਂਤਰਾਂ ਦੀ ਪਿਆਸੀ ਹੋਵੇ। ਫਿਰ ਵੀ ਇਕੱਠਾ ਹੋਇਆ ਪਾਣੀ ਖਾਲ਼ ਦੀਆਂ ਵੱਟਾਂ ਤੋਂ ਦੀ ਉਛਲਦਾ, ਚੂਹਿਆਂ ਦੀ ਖੱਡਾਂ ਵਿਚ ਦੀ ਰਿਸਦਾ, ਗਿੱਲੇ ਨੱਕਿਆਂ ਨੂੰ ਖੋਰਦਾ, ਸਾਰੇ ਖੇਤ ਵਿਚ ਖਿੰਡਦਾ ਜਾ ਰਿਹਾ ਸੀ। ਮੇਰਾ ਸੀਰੀ ਬਚਨਾ, ਉਸਦਾ ਭਰਾ ਤੇਜਾ ਅਤੇ ਬਚਨੇ ਦਾ ਮੁੰਡਾ ਸੂਰਤੂ -ਤਿੰਨੇ ਹੰਭੇ ਖੜ੍ਹੇ ਸਨ। ਉਹ ਧਰਤੀ 'ਚੋਂ ਮਿੱਟੀ ਪੁੱਟਣ ਲਈ ਟੱਕ ਮਾਰਦੇ, ਕਹੀ ਧਰਤੀ ਵਿਚ ਖੁੱਭਣ ਦੀ ਬਜਾਇ ਉੱਪਰ ਦੀ ਬੁੜਕਦੀ ਕੰਗਰੋੜ 'ਤੇ ਵੱਜਣ ਨੂੰ ਪੈਂਦੀ। ਚੇਪੇ ਨਾਲ ਪਾਈਆ ਮਿੱਟੀ ਚੁੱਕ ਕੇ ਅੱਥਰਾ ਪਾਣੀ ਕਦੋਂ ਕੰਟਰੋਲ ਵਿਚ ਆਉਂਦਾ ਸੀ?

"ਟਾਹਲੀ ਥੱਲੇ ਖੜ੍ਹੇ ਤੋਂ ਨੀ ਸਰਨਾ। ਗੱਜਣ ਕਿਆਂ ਤੋਂ ਬੰਦਾ ਮੰਗ ਲਿਆ। ਗੱਜਣ ਕਿਆਂ ਤੋਂ ਬੰਦਾ ਮੰਗ ਲਿਆ। ਪਾਣੀ ਖਿੰਡਦਾ ਜਾਂਦਾ। ਨਹੀਂ ਤਾਂ ਪਾਣੀ ਖਰਾਬ ਹੋਜੂ।" ਬਚਨੇ ਨੇ ਕਿਹਾ। ਮੈਂ ਗੁਆਂਢੀ ਗੱਜਣ ਕਿਆਂ ਤੋਂ ਸੀਰੀ ਮੰਗਣ ਚਲਿਆ ਗਿਆ। ਗੱਜਣ ਦਾ ਸੀਰੀ ਤਾਂ ਬੀਮਾਰ ਸੀ। ਉਸਨੇ ਮੇਰੇ ਨਾਲ ਆਪਣਾ ਸੀਰੀ ਭੇਜ ਦਿੱਤਾ। "ਇਹ ਕੀ ਕਰੂ? ਬਚਨੇ ਹੋਰਾਂ ਤੋਂ ਤਾਂ ਪਾਣੀ ਕਾਬੂ ਵਿਚ ਨਹੀਂ ਆਉਂਦਾ।" ਮੈਂ ਸੋਚਦਾ ਆਇਆ।

ਮੇਰੇ ਨਾਲ ਮਣੀਏ ਨੂੰ ਆਉਂਦਾ ਵੇਖ ਕੇ ਬਚਨਾ ਦੂਰੋਂ ਈ ਬੁੜਕਿਆ, "ਹੱਕ ਲਿਆਇਆ ਗਿੱਠ ਮੁਠੀਆ। ਤਿੰਨ ਮੁਠੀ ਜਾਤ।" ਬਚਨਾ ਮਣੀਏ ਨੂੰ ਵੇਖ ਕੇ ਇਉਂ ਝਾਕਿਆ ਜਿਵੇਂ ਉਹ ਉਸਨੂੰ ਚੱਬ ਜਾਣਾ ਹੋਵੇ।

ਕੱਦ ਦਾ ਮਧਰਾ ਮਣੀਆ। ਜਿੰਨਾ ਲੰਬਾ ਉਨਾ ਚੌੜਾ। ਗੋਲ-ਮਟੋਲ। ਫੁੱਟਬਾਲ ਵਰਗਾ। ਚਪਟਾ ਨੱਕ। ਮੂੰਹ 'ਤੇ ਮਾਤਾ ਦੇ ਦਾਗ। ਟੱਕ ਮਾਰਦਾ। ਕਹੀ ਪੀਨ ਤੱਕ ਖੋਭ ਦਿੰਦਾ। ਇਕ ਦੋ ਚੇਪਿਆਂ ਵਿਚ ਹੀ ਖੁਰੇ ਨੱਕੇ ਬੰਦ ਕਰ ਦਿੰਦਾ। ਉਛਲਦੇ ਖਾਲ 'ਤੇ ਮਿੱਟੀ ਪਾਈ ਜਾਂਦਾ। ਚੂਹਿਆਂ ਦੀਆਂ ਖੁੱਡਾਂ ਲੱਭ ਕੇ ਬੰਦ ਕਰ ਦਿੰਦਾ। ਛੇਤੀ ਹੀ ਬੇਲਗਾਮਿਆ ਪਾਣੀ ਲਗਾਮਿਆ ਗਿਆ।

ਬਚਨਾ ਤੇ ਮਣੀਆ ਦੋਵੇਂ ਕੜਕਦੀ ਧੁੱਪ ਨੰਗੇ ਪਿੰਡੇ ਝਲਦੇ ਰਹੇ। ਸਾਰਾ ਕੰਮ ਜ਼ੋਰ ਦਾ। ਮੁੜ੍ਹਕੇ ਨਾਲ ਨੁੱਚੜਦੇ ਚਾਹ-ਪਾਣੀ ਬਦਲ ਬਦਲ ਕੇ ਪੀਂਦੇ। ਮੋਟਰ ਤੇ ਕੱਸੀ ਦਾ ਇਕੱਠਾ ਹੋਇਆ ਪਾਣੀ ਘੰਟੇ ਵਿਚ ਇੱਕ ਹੈਕਟੇਅਰ ਭਰਦਾ ਪੰਜਾਂ ਘੰਟਿਆਂ ਬਾਰਾਂ ਏਕੜ ਵਿਚ ਫਿਰ ਗਿਆ ਸੀ।

ਮੇਰਾ ਜੀਅ ਕੀਤਾ ਮਣੀਏ ਨੂੰ ਪੰਜ-ਦਸ ਰੁਪਏ ਇਨਾਮ ਵਜੋਂ ਦੇਵਾਂ। ਪਰ ਉਹ ਤਾਂ ਗੱਜਣ ਸਿੰਘ ਦਾ ਭਈਆ ਸੀ। ਉਸ ਦੀ ਨਾਰਾਜ਼ਗੀ ਕਿਵੇਂ ਮੁੱਲ ਲੈਂਦਾ। ਉਸਨੇ ਕਹਿਣਾ ਸੀ ਚੰਗਾ ਬੰਦਾ। ਭਈਏ ਵਿਗਾੜਨ ਲੱਗਿਆ?" ਫਿਰ ਬਚਨੇ ਹੋਰੀਂ ਵੀ ਤਾਂ ਭਈਏ ਹੋਰਾਂ 'ਤੇ ਦੰਦ ਪੀਂਹਦੇ ਸਨ। ਉਸਨੂੰ ਫੋਕੀ ਸ਼ਾਬਾਸ਼ ਦੇ ਸਕਿਆ। ਉਹ ਬਹੁਤ ਖੁਸ਼ ਹੋਇਆ। ਉਵੇਂ ਹੀ ਜਿਵੇਂ ਕਲਾਕਾਰ ਆਪਣੀ ਪ੍ਰਸ਼ੰਸਾ ਸੁਣ ਕੇ ਖੁਸ਼ ਹੁੰਦਾ ਹੈ। ਉਵੇਂ ਜਿਵੇਂ ਕਲਾਕਾਰ, ਕਵੀ, ਗੀਤਕਾਰ ਤੇ ਸੰਗੀਤਕਾਰ ਆਪਣੀ ਰਚਨਾ 'ਤੇ ਦਾਦ ਮਿਲਣ 'ਤੇ ਹੁੰਦਾ ਹੈ।

ਮੈਨੂੰ ਮਣੀਆ ਚੰਗਾ ਲੱਗਿਆ। ਮੈਂ ਮਣੀਏ ਦੇ ਚੰਮ ਤੋਂ ਕੀ ਲੈਣਾ ਸੀ? ਮੈਨੂੰ ਤਾਂ ਉਸਦਾ ਕੰਮ ਚੰਗਾ ਲੱਗਿਆ। ਮੁੱਲ ਵੀ ਸਸਤਾ। ਕੰਮ ਵੀ ਵਧੀਆ। ਦੇਸੀ ਲੇਬਰ ਨਾਲ ਤਾਂ ਪੀੜ੍ਹੀਆਂ ਦੀ ਸਾਂਝ। ਕੋਈ ਬਾਬਾ, ਕੋਈ ਚਾਚਾ, ਕੋਈ ਤਾਇਆ ਆਦਿ। ਉਹ ਵੀ ਹਰ ਇਕ ਦੇ ਪੋਤੜਿਆਂ ਦੇ ਜਾਣੂੰ। ਪਰ ਭਈਏ ਤਾਂ ਹੋਏ ਭਈਏ। ਇਨ੍ਹਾਂ ਦਾ ਨਾਉਂ ਵੀ ਕਿਹੜਾ ਲੈਂਦਾ। ਨਾਲੇ ਨਾਉਂ ਤਾਂ ਉਨਹਾਂ ਦਾ ਹੁੰਦਾ ਜਿਨ੍ਹਾਂ ਦੀ ਕੋਈ ਵੱਖਰੀ ਪਹਿਚਾਣ ਹੋਵੇ। ਬੱਸ' ਉਹ ਭਈਆ' ਕਹਿ ਕੇ ਹੀ ਸਰ ਜਾਂਦਾ। ਕਈ ਤਾਂ 'ਉਇ ਭਈਆ' ਦੇ ਨਾਲ ਕੋਈ ਗਾਲ਼ ਵਰਗਾ ਵਿਸ਼ਲੇਸ਼ਣ ਲਾ ਦਿੰਦੇ।

ਜਦ ਵੀ ਮੈਨੂੰ ਲੋੜ ਪੈਂਦੀ, ਮੈਂ ਮਣੀਏ ਨੂੰ ਦਿਹਾੜੀ 'ਤੇ ਲੈ ਆਉਂਦਾ। ਉਹ ਤੇ ਨੌਂ ਹੋਰ ਭਈਏ ਗੱਜਣ ਦੀ ਮੋਟਰ 'ਤੇ ਕੰਧ ਨਾਲ ਪਾਏ ਛਤੜੇ ਵਿਚ ਰਹਿੰਦੇ ਸਨ। ਇਨ੍ਹਾਂ ਦਾ ਨੰਬਰਦਾਰ ਸੀ ਸਲੀਮ -ਲੰਬਾ, ਚੌੜਾ, ਕੋਚਰੀ, ਤਿੱਖੀਆਂ ਅੱਖਾਂ ਵਾਲਾ। ਉਹ ਇਨ੍ਹਾਂ ਲਈ ਕੰਮ ਲਭਦਾ। ਉਹ ਆਪ ਕੰਮ ਨਹੀਂ ਸੀ ਕਰਦਾ। ਉਸਦਾ ਕੰਮ ਸੀ ਕੰਮ ਲੱਭ ਕੇ ਉਸਦੀ ਉਜਰਤ ਵਸੂਲ ਕਰਨੀ। ਉਹ ਖਰਚਾ ਕੱਟ ਕੇ ਜੋ ਪੈਸੇ ਬਚਦੇ ਦਸ ਹਿੱਸਿਆਂ ਵਿਚ ਵੰਡ ਲੈਂਦੇ। ਮਣੀਏ ਨੂੰ ਜਿੰਨੇ ਪੈਸੇ ਬਚਦੇ ਉਹ ਮੈਨੂੰ ਫੜਾ ਜਾਂਦਾ। ਜਦ ਪੰਜ-ਸੱਤ ਸੌ ਇਕੱਠਾ ਹੁੰਦਾ ਉਹ ਆਪਣੇ ਪਿੰਡ ਭੇਜ ਦਿੰਦਾ। ਇਕ ਸਾਲ ਵਿਚ ਉਹ ਬਹੁਤ ਨੇੜੇ ਆ ਗਿਆ।

ਅਗਲੇ ਸਾਲ ਮਣੀਆ ਮੇਰੇ ਨਾਲ ਸਾਲ ਭਰ ਲਈ ਰਲ ਗਿਆ। ਮਣੀਏ ਦੇ ਨਾ ਰੰਨ ਨਾ ਕੰਨ। ਦਿਨ ਰਾਤ ਦੀ ਡਿਊਟੀ। ਬਿਜਲੀ ਦਿਨੇ ਤਾਂ ਲੰਙੇ ਡੰਗ ਆਉਂਦੀ। ਰਾਤ ਨੂੰ ਵੀ ਅੱਖ ਮਟੱਕਾ ਮਾਰਦੀ ਰਹਿੰਦੀ। ਉਹ ਰਾਤ ਕਈ ਵਾਰ ਉੱਠ ਕੇ ਮੋਟਰ ਛੱਡਦਾ। ਦਿਨੇ ਹਿੱਕ ਡਾਹ ਕੇ ਕੰਮ ਕਰਦਾ। ਬਚਨਾ ਤਾਂ ਉਦੋਂ ਹੀ ਰਾਤ ਨੂੰ ਜਾਂਦਾ ਸੀ ਜਦੋਂ ਕੱਸੀ ਦੀ ਵਾਰੀ ਆਉਂਦੀ ਜਾਂ ਕੋਈ ਹੋਰ ਜ਼ਰੂਰੀ ਕੰਮ ਹੁੰਦਾ। ਮਣੀਏ ਦੀ ਖੇਤ ਦੀ ਅਪਣੱਤ ਉਸ ਦੀ ਮਾਲਕ ਤੋਂ ਵੀ ਵੱਧ। ਮਜ਼ਾਲ ਏ ਕੋਈ ਖੇਤ ਵਿਚ ਦੀ ਲੰਘ ਜਾਵੇ। ਸਾਗ-ਸੱਪੇ ਦੀ ਚੀਰਨੀ ਤੋੜਨ ਵਾਲਿਆਂ ਨੂੰ ਵੀ ਲਲਕਾਰ ਦਿੰਦਾ।

ਭਾਦੋਂ ਦਾ ਮਹੀਨਾ ਸੀ। ਪੂਰੀ ਹੁੰਮਸ। ਕੜਕਦੀ ਧੁੱਪ। ਇਸ ਧੁੱਪ 'ਤੇ ਸਾਹ ਘੁੱਟਣ ਦੇ ਮਾਰੇ ਕਿੰਨੇ ਲੋਕ ਸਾਧ ਬਣ ਜਾਂਦੇ। ਉਸ ਸਾਲ ਝੋਨੇ ਨੂੰ ਹਿਸਪਾ ਹਰੇ ਪੱਤੇ ਤਣੇ ਤੱਕ ਖਾਈ ਜਾਂਦਾ। ਝੋਨਾ ਸੁੱਕ ਸੁੱਕ ਦੱਗੀਆਂ ਪਈ ਜਾਂਦੀਆਂ। ਹੌਲ਼ੀ ਹੌਲ਼ੀ ਸਾਰੀ ਫਸਲ ਸੁੱਕ ਜਾਂਦੀ। ਸਮੇਂ ਸਿਰ ਕੀੜੇ ਮਾਰ ਦਵਾਈਆਂ ਛਿੜਕ ਕੇ ਥੋੜ੍ਹਾ ਬਹੁਤਾ ਕੰਟਰੋਲ ਹੁੰਦਾ। ਬਹੁਤਿਆਂ ਨੂੰ ਦਵਾਈ ਚੜ੍ਹ ਜਾਂਦੀ। ਕਈ ਮਰ ਜਾਂਦੇ। ਕਈ ਉਮਰ ਭਰ ਲਈ ਰੋਗੀ ਹੋ ਜਾਂਦੇ।

'ਮਣੀਏ, ਦਵਾਈ ਮਹਿੰਗੀ ਆ। ਉੱਤੋਂ ਗਰਮੀ ਤੇ ਹੁੰਮਸ ਆ। ਹਵਾ ਦਾ ਰੁਖ਼ ਵੇਖ ਕੇ ਸਪਰੇਅ ਕਰੀਂ। ਦਸ ਵਜੇ ਤੋਂ ਪਹਿਲਾਂ-ਪਹਿਲਾਂ। ਇਕ ਏਕੜ ਤੋਂ ਵੱਧ ਸਪਰੇਅ ਨਹੀਂ ਕਰਨੀ। ਫਿਰ ਸਾਰਾ ਦਿਨ ਨਹਾ ਧੋ ਕੇ ਅਰਾਮ ਕਰਨਾ। ਪਸ਼ੂਆਂ ਲਈ ਪੱਠੇ ਵੀ ਦਿਨ ਛੁਪਣ ਤੋਂ ਦੋ ਘੰਟੇ ਪਹਿਲਾਂ ਹੀ ਵੱਢਣੇ ਆ।' ਮੈਂ ਮਣੀਏ ਨੂੰ ਹਦਾਇਤ ਕੀਤੀ।

ਮੈਂ ਮਣੀਏ ਨੂੰ ਇਸ ਲਈ ਨਹੀਂ ਕਿਹਾ ਮਣੀਆ ਮੈਨੂੰ ਕੰਮ ਤੋਂ ਵੱਧ ਪਿਆਰਾ ਸੀ। ਅਸਲ 'ਚ ਮੈਨੂੰ ਕੰਮ ਦਾ ਈ ਫਿਕਰ ਸੀ। ਜੇ ਉਹ ਬੀਮਾਰ ਹੋ ਗਿਆ, ਗੱਡੀ ਕਿਵੇਂ ਰੁੜ੍ਹੂਗੀ? ਪਾਣੀ ਕੌਣ ਲਾਊ? ਪੱਠੇ ਕੌਣ ਵੱਢੂ? ਕੌਣ ਕੁਤਰੂ? ਰਾਤ ਨੂੰ ਮੋਟਰ ਕੌਣ ਛੱਡੂ? ਬਚਨਾ ਤਾਂ ਤੇਈਏ ਤਾਪ ਦਾ (ਮਲ਼ੇਰੀਏ) ਦਾ ਝੰਬਿਆ ਅਜੇ ਉੱਠਿਆ ਨਹੀਂ ਸੀ।

"ਲੈ ਤੇਰੀ ਕੀ ਜਾਂਦੀ, ਮੇਰਾ ਚੋਨਾ ਮਰਜੂ" ਉਸਦਾ ਉੱਤਰ ਸੁਣ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਮਣੀਏ ਨੂੰ ਆਪਣੇ ਨਾਲੋਂ ਫਸਲ ਪਿਆਰੀ ਸੀ। ਉਹ ਫਸਲ ਦਾ ਆਸ਼ਕ ਸੀ। ਫਸਲ ਉਸਦੀ ਮਸ਼ੂਕ। ਉਹ ਦੋਵੇਂ ਇਕ ਦੂਜੇ ਦੇ ਸਾਹਾਂ ਦੇ ਦੀਵਾਨੇ। ਮਣੀਏ ਦਾ ਖ਼ੂਨ ਪਸੀਨਾ ਤਾਂ ਹੀ ਸੀ ਜਿਹੜਾ ਫ਼ਸਲ ਦੀ ਰਗ-ਰਗ ਵਿਚ ਦੌੜਦਾ ਸੀ। ਮੈਂ ਤਾਂ ਘੰਟਾ ਕੁ ਖੇਤ ਜਾਨਾਂ। ਟਾਹਲੀ ਥੱਲੇ ਬੈਠ ਕੇ ਆਹ ਕਰਨਾ, ਆਹ ਨੀਂ ਕਰਨਾ। ਹਦਾਇਤਾਂ ਨਾਲ ਲੱਦ ਦਿੰਨਾਂ। ਆਪ ਡੱਕਾ ਤੋੜ ਕੇ ਦੂਹਰਾ ਨਹੀਂ ਕਰਨਾ। ਅਸਲੀ ਮਾਲਕ ਮੈਂ ਹਾਂ ਮਣੀਆ। ਮੇਰੀ ਖ਼ੁਦਗਰਜ਼ੀ ਮੇਰੀ ਸੋਚ ਤੇ ਜ਼ਮੀਰ ਦਾ ਮੂੰਹ ਚਿੜ੍ਹਾਉਂਦੀ।

ਬਚਨਾ ਮੇਰਾ ਸੀਰੀ ਸੀ। ਉਸਨੂੰ ਸੱਤਵਾਂ ਹਿੱਸਾ ਮਿਲਦਾ ਸੀ। ਉਸਨੂੰ ਮਣੀਏ ਨਾਲੋਂ ਸੱਤ ਗੁਣਾ ਵੱਧ ਪੈਸੇ ਮਿਲਦੇ ਸਨ। ਮਣੀਏ ਨੂੰ ਸਾਲ ਭਰ ਦੇ ਉੱਕਾ-ਪੁੱਕਾ ਤਿੰਨ ਹਜ਼ਾਰ ਮਿਲਦੇ ਸਨ। ਉੱਤੋਂ ਮਣੀਏ ਉੱਪਰ ਬਚਨੇ ਦੀ ਸਰਦਾਰੀ। ਸੌਖਾ ਕੰਮ ਆਪ ਕਰਦਾ ਰਾਤ ਦੀ ਮੋਟਰ ਛੱਡਣ ਦੀ ਡਿਊਟੀ ਵੀ ਮਣੀਏ ਦੀ। "ਭਈਏ ਨਿਰਦਈ ਹੁੰਦੇ ਆ। ਲੁਟੇਰੇ। ਬੰਦਾ ਮਾਰਨ ਲੱਗੇ ਦਰੇਗ ਨਹੀਂ ਕਰਦੇ।" ਇਹ ਇਕੱਲਾ ਬਚਨਾ ਹੀ ਨ੍ਹੀਂ ਸੀ ਕਹਿੰਦਾ। ਬਚਨੇ ਵਰਗੇ ਹੋਰ ਵੀ ਕਹਿੰਦੇ।

ਪਹਿਲਾਂ ਬਚਨਾ ਮਣੀਏ ਨੂੰ ਉਸਦਾ ਨਾਉਂ ਲੈ ਕੇ ਨਹੀਂ ਬੁਲਾਉਂਦਾ ਸੀ। 'ਉਇ ਭਈਏ' ਈ ਦਸਦਾ। ਪਰ ਖੇਤੀ ਦਾ ਕੰਮ ਕਿਹੜਾ ਇਕੱਲੇ ਇਕਹਿਰੇ ਦਾ। ਇਕ ਜਿੰਦਰਾ ਦਬਦਾ ਦੂਜਾ ਖਿੱਚਦਾ। ਇਕ ਭਰੀ ਬੰਨ੍ਹ ਕੇ ਚੁਕਾਉਂਦਾ। ਇਕ ਰੁਗ ਲਾਉਂਦਾ, ਦੂਜਾ ਮਸ਼ੀਨ ਚਲਾਉਂਦਾ। ਇਕ ਟ੍ਰੈਕਟਰ ਚਲਾਉਂਦਾ। ਦੂਜਾ ਸੁਹਾਗੇ 'ਤੇ ਚੜ੍ਹਦਾ। ਸਾਰੇ ਕੰਮ ਤਾਲ-ਮੇਲ ਦੇ। ਦੁੱਖ-ਸੁੱਖ ਸਾਂਝਾ। ਹੌਲੀ-ਹੌਲੀ ਬਚਨਾ ਉਸਨੂੰ ਮਣੀਆ ਕਹਿਣ ਲੱਗ ਪਿਆ।



ਉਸ ਦਿਨ ਤੋਂ ਤਾਂ ਬਹੁਤ ਈ ਫਰਕ ਪੈ ਗਿਆ ਸੀ ਜਿਸ ਦਿਨ ਬਚਨੇ ਦੇ ਮੁੰਡੇ ਸੁਰਤੂ ਨੂੰ ਉਸਦੀ ਨੂੰਹ ਦੇ ਭਰਾ ਤੇ ਉਸਦੇ ਹੋਰ ਰਿਸ਼ਤੇਦਾਰ ਖੇਤ ਕੁੱਟਣ ਆ ਪਏ। ਬਚਨੇ ਦੇ ਮੁੰਡੇ ਨੇ ਆਪਣੀ ਘਰ ਵਾਲੀ ਕੁੱਟ ਕੇ ਘਰੋਂ ਕੱਢ ਦਿੱਤੀ ਸੀ। ਕਈ ਵਾਰ ਸਮਝੌਤੇ ਬਾਰੇ ਗੱਲ ਚਾਲੂ ਹੋਈ ਪਰ ਕਿਸੇ ਤਣ-ਪੱਤਣ ਨਾ ਲੱਗੀ ਸੀ।

ਇਕ ਦਿਨ ਬਚਨਾ, ਬਚਨੇ ਦਾ ਮੁੰਡਾ ਸੁਰਤੂ ਦਿਨ ਛੁਪਦੇ ਨਾਲ ਕੱਸੀ ਦਾ ਪਾਣੀ ਲਾ ਰਹੇ ਸਨ।

"ਮਣੀਆ ਮਾਰਤੇ ਓਇ' ਬਚਨੇ ਨੇ ਮਣੀਏ ਨੂੰ ਹਾਕ ਮਾਰੀ।

"ਖੜ੍ਹ ਜਾ ਤੇਰੀ ਪੈਨ ਦੀ।" ਮਣੀਏ ਨੇ ਉੱਚੀ ਲਲਕਾਰਾ ਮਾਰਿਆ। ਉਹ ਕਹੀ ਲੈ ਕੇ ਅੱਗੇ ਵਧਿਆ। ਉਸਨੇ ਕਹੀ ਨਾਲ ਇਕ ਦਾ ਗੰਡਾਸਾ ਵੱਢ ਦਿੱਤਾ। ਇਹ ਰੌਲਾ ਸੁਣ ਕੇ ਗੱਜਣ ਦੀ ਮੋਟਰ 'ਤੇ ਬੈਠੇ ਸਾਰੇ ਭਈਏ ਲਲਕਾਰੇ ਮਾਰਦੇ ਇੱਧਰ ਨੂੰ ਭੱਜ ਪਏ। ਉਨ੍ਹਾਂ ਦੇ ਲਲਕਾਰਿਆਂ ਨਾਲ ਅਸਮਾਨ ਗੂੰਜ ਉੱਠਿਆ। ਹਮਲਾਵਰ ਜਿਧਰ ਨੂੰ ਮੂੰਹ ਆਇਆ, ਭੱਜ ਗਏ।

ਇਸ ਦਿਨ ਤੋਂ ਪਿੱਛੋਂ ਬਚਨਾ ਉਸਨੂੰ 'ਸਾਡਾ ਮਣੀਆ' ਕਹਿਣ ਲੱਗ ਪਿਆ ਸੀ। ਹੁਣ ਕਈ ਵਾਰ ਮਣੀਆ ਬਚਨੇ ਦੇ ਘਰ ਜਾ ਆਉਂਦਾ। ਖੇਤ ਜੇ ਬਚਨੇ ਦੀ ਰੋਟੀ ਪਹਿਲਾਂ ਆ ਜਾਂਦੀ ਦੋਵੇਂ ਵੰਡ ਕੇ ਖਾ ਲੈਂਦੇ। ਜੇ ਮਣੀਏ ਦੀ ਰੋਟੀ ਤੇ ਚਾਹ ਪਾਣੀ ਪਹਿਲਾਂ ਆ ਜਾਂਦਾ ਤਾਂ ਉਹ ਇਕੱਠੇ ਵੰਡ ਕੇ ਪੀ ਲੈਂਦੇ।

ਕਈ ਵਾਰ ਪੰਡਤ ਠੇਲਾ ਰਾਮ ਮੋਟਰ 'ਤੇ ਸਵੇਰ ਵੇਲੇ ਨਹਾਉਣ ਆ ਜਾਂਦਾ। "ਤਾਇਆ ਇਸ ਵਿਚ ਸਾਡਾ ਮਣੀਆ ਤੇ ਮੈਂ ਇਕੱਠੇ ਨ੍ਹਾਤੇ ਹਾਂ। ਚਲ੍ਹਾ ਸਾਫ ਕਰ ਦੇਈਏ ਜੇ ਤੈਂ ਨਹਾਉਣਾ?"

'ਲੱਦ ਗਏ ਉਹ ਦਿਨ, ਬਚਨਿਆ। ਪੱਤਰੀ ਦੇ ਨਾਲ ਗਿਆ ਸਭ ਕੁਝ। ਤਾਜੇ ਪਾਣੀ ਨਾਲ ਇਸ਼ਨਾਨ ਕਰਾ ਦਿਆ ਕਰ, ਇਹੀ ਵਾਧੂ ਹੈ।'

ਸ਼ਾਮ ਦੇ ਸੱਤ ਵੱਜੇ ਸਨ। ਡੁੱਬਦਾ ਸੂਰਜ ਧਰਤੀ ਦੇ ਹੋਠਾਂ ਦੀ ਚੁੰਮਣ ਭਰ ਕੇ ਇਸ ਨੂੰ ਅਲਵਿਦਾ ਕਹਿ ਕੇ ਵਿਦਾ ਹੋ ਰਿਹਾ ਸੀ। ਮੈਂ ਮੋਟਰ 'ਤੇ ਸੀ। ਸ਼ਾਮ ਵੇਲੇ ਫਸਲ ਦੁੱਗਣੀ ਸੁਹਣੀ ਲਗਦੀ ਸੀ। ਝੋਨਾ ਫਸਿਆ ਖੜ੍ਹਾ ਸੀ। ਮੱਠੀ ਹਵਾ ਦੇ ਰੁਮਕਣ ਨਾਲ ਨਚਾਰ ਵਾਂਗੂੰ ਝੂੰਮਦਾ ਝੋਨਾ ਕਿਸੇ ਗਰਭਵਤੀ ਹੋਣ ਦਾ ਅਹਿਸਾਸ ਦੇ ਰਿਹਾ ਸੀ। ਇਹ ਸਾਰਾ ਕੁਝ ਵੇਖ ਕੇ ਸਰੂਰ ਚੜ੍ਹ ਗਿਆ।

'ਹਵਾ ਵੇਖ ਕੇ ਪਾਣੀ ਲਾਇਆ ਕਰੋ। ਮਾੜੀ ਜਿਹੀ ਹਵਾ ਤੇਜ਼ ਵਗਣ ਨਾਲ ਫਸਲ ਡਿੱਗ ਕੇ ਕੂੜਾ ਬਣਜੂ। ਦਿਨੇ ਹਵਾ ਚੱਲਣ ਦਾ ਡਰ ਰਹਿੰਦਾ ਹੈ। ਹੁਣ ਹਵਾ ਬੰਦ ਹੈ। ਦੋ ਘੰਟੇ ਹੋਰ ਪਾਣੀ ਪੈ ਲੈਣ ਦਿਓ। ਬਚਨਿਆ, ਤੂੰ ਗੱਡਾ ਜੋੜ, ਪਸ਼ੂਆਂ ਨੂੰ ਪੱਠੇ ਪਾ ਕੇ ਮਣੀਏ ਦੀ ਰੋਟੀ ਫੜਾ ਜੀਂ।' ਬਚਨਾ ਗੱਡਾ ਜੋੜ ਕੇ ਚਲਿਆ ਗਿਆ।

"ਮਣੀਆ, ਲਿਆ ਬਈ ਪਾਣੀ?"

ਮਣੀਆ ਪਾਣੀ ਦਾ ਕੱਪ ਭਰ ਕੇ ਰੱਖ ਗਿਆ। ਤਿੰਨ-ਚਾਰ ਆਂਡੇ ਭੁੰਨ ਲਿਆਇਆ। ਰੂੜੀ ਮਾਰਕਾ ਚੱਕ ਲਿਆਇਆ। ਦੋ ਪੈੱਗ ਮੈਂ ਲਾਏ। ਦੋ ਨਾਂਹ ਨੁੱਕਰ ਕਰਦੇ ਮਣੀਏ ਨੂੰ ਲੁਆ ਦਿੱਤੇ।

ਮਣੀਆ ਛੇਤੀ ਹੀ ਹਵਾ ਪਿਆਜੀ ਹੋ ਗਿਆ। ਉਸਦਾ ਮਾਤਾ ਦਾ ਖਾਧਾ ਚਿਹਰਾ ਛੇਤੀ ਹੀ ਗੰਭੀਰ ਹੋ ਗਿਆ। ਉਸ ਦੇ ਬੁੱਲ੍ਹ ਫਰਕੇ। ਮੈਨੂੰ ਲੱਗਿਆ ਜਿਵੇਂ ਕੋਈ ਯਾਦ ਉਸਨੂੰ ਤੜਪਾ ਗਈ ਸੀ। ਕੋਈ ਯਾਦ, ਕੋਈ ਤੜਫ, ਕੋਈ ਅਧੂਰੀ ਰੀਝ ਉਸਨੂੰ ਬੇਚੈਨ ਕਰ ਗਈ ਸੀ। ਕੋਈ ਗੱਲ ਉਸਦੇ ਮਨ ਦਾ ਨਜ਼ਾਮ ਭੰਨ ਕੇ ਬਾਹਰ ਆਉਣ ਲਈ ਬਹਿਬਲ ਹੋ ਰਹੀ ਸੀ।

"ਮਣੀਏ, ਤੂੰ ਵਿਆਹਿਆਂ?" ਮੈਂ ਪੁੱਛਿਆ।

ਉਹ ਚੁੱਪ ਰਿਹਾ। ਮੈਨੂੰ ਇੰਜ ਲੱਗਿਆ ਜਿਵੇਂ ਉਹ ਮੇਰੀ ਗੱਲ ਸਮਝਿਆ ਨਹੀਂ ਸੀ।

"ਤੇਰੀ ਸ਼ਾਦੀ ਹੁਈ ਆ?"

"ਹੂੰ।" ਉਸਨੇ ਧੀਮੀ ਆਵਾਜ਼ ਵਿਚ ਕਿਹਾ।

"ਕਿਤਨਾ ਸਮਾਂ ਹੂਆ"।

"ਦੋ ਬਰਸ਼।" ਉਸਨੇ ਡੂੰਘਾ ਸਾਹ ਲਿਆ।

ਉਸਦੇ ਬੋਲਣ ਤੋਂ ਪਤਾ ਲੱਗਿਆ ਉਸਨੂੰ ਚਾਰ ਸ਼ਬਦ ਹਿੰਦੀ ਦੇ ਬੋਲਣੇ ਆਉਂਦੇ ਹਨ। ਸ਼ਾਇਦ ਉਹ ਸਕੂਲ ਪੜ੍ਹਨ ਗਿਆ ਹੋਵੇ। ਸ਼ਾਇਦ ਉਹ ਹਿੰਦੀ ਦੇ ਗਾਣੇ ਸੁਣ ਕੇ ਸਿੱਖ ਗਿਆ ਹੋਵੇ।

"ਮਣੀਆ, ਕੋਈ ਬੱਚਾ ਬੱਚੀ?"

"ਬੱਚਾ ਕੈਸੇ ਹੋਤੀ? ਸ਼ਾਂਤੀ ਸਾਲੀ ਅਪਣੀ ਮਾਂ ਕੇ ਪਾਸ" ਮਣੀਆ ਬੋਲਿਆ।

ਰਾਤ ਦਾ ਪਸਰ ਰਿਹਾ ਹਨੇਰਾ ਹੋਰ ਵੀ ਗੂੜ੍ਹਾ ਹੋ ਗਿਆ ਸੀ।

"ਰੂਠ ਗਈ ਤੇਰੇ ਨਾਲ?"

"ਨਹੀਂ ਸਰਦਾਰ ਜੀ। ਜਬ ਪੀਸਾ ਦੇਗਾ ਤਬੀ ਸਾਲਾ ਆਏਗੀ।"

"ਕੈਸਾ ਪੀਸਾ। ਕਿਤਨਾ ਪੀਸਾ?"

"ਤੀਸ ਸੌ ਸ਼ਾਦੀ ਕਾ। ਔਰ ਖਰਚੀ ਕਾ ਦੇਨਾ?"

ਮਣੀਏ ਨੇ ਮੈਨੂੰ ਦੱਸਿਆ ਕਿ ਉਸਨੇ ਤਿੰਨ ਹਜ਼ਾਰ ਸ਼ਾਦੀ ਦਾ ਅਤੇ ਪੰਜਾਹ ਰੁਪਏ ਮਹੀਨੇ ਖਰਚ ਦਾ ਉਸਨੂੰ ਆਪਣੇ ਸਹੁਰਿਆਂ ਨੂੰ ਦੇਣਾ ਪੈਣਾ ਸੀ। ਜਿੰਨਾ ਚਿਰ ਨੌਂ ਮਣ ਤੇਲ ਨਾ ਹੁੰਦਾ ਰਾਧਾ ਕਿਵੇਂ ਨੱਚਦੀ। ਤਿੰਨ ਹਜ਼ਾਰ ਨਕਦ ਲੈ ਕੇ ਸ਼ਾਂਤੀ ਦੇ ਪਿਓ ਨੇ ਉਸਨੂੰ ਮਣੀਏ ਨਾਲ ਭੇਜਣਾ ਸੀ। ਜਿਹੜੇ ਥੋੜ੍ਹੇ-ਬਹੁਤੇ ਪੈਸੇ ਉਹ ਭੇਜਦਾ ਰਿਹਾ ਸੀ ਉਸ ਨਾਲ ਉਸਦੇ ਬੁੱਢੇ ਬਾਪ ਤੇ ਬੀਮਾਰ ਮਾ ਦਾ ਮਸਾਂ ਹੀ ਡੰਗ ਟਪਦਾ ਸੀ।

ਮਣੀਏ ਦੀਆਂ ਅੱਖਾਂ ਵਿਚ ਹੰਝੂ ਸਨ। ਹੁਣ ਉਸਨੂੰ ਸ਼ਾਂਤੀ ਦੀ ਯਾਦ ਤੜਪਾ ਰਹੀ ਸੀ। ਉਸਨੂੰ ਬੁੱਢੇ ਮਾਂ-ਬਾਪ ਤੇ ਭੈਣ ਭਰਾ ਯਾਦ ਆ ਰਹੇ ਸਨ। ਹੁਣ ਉਹ ਹੁਬਕ ਹੁਬਕ ਰੋ ਰਿਹਾ ਸੀ। ਦੂਜੇ ਪਾਸੇ ਉਸਦਾ ਯਾਰ ਇੰਜਣ ਹੁਬਕ ਹੁਬਕ ਪਾਣੀ ਕੱਢਦਾ ਸੀ ਜਿਸ ਨੂੰ ਉਹ ਮੋਟਰ ਦੀ ਲਾਈਟ ਜਾਣ ਸਮੇਂ ਛੱਡ ਆਇਆ ਸੀ। ਪਤਾ ਨਹੀਂ ਇੰਜਣ ਆਪਣੇ ਯਾਰ ਮਣੀਏ ਦੇ ਗ਼ਮ ਵਿਚ ਸ਼ਰੀਕ ਹੋ ਰਿਹਾ ਸੀ।

ਉਹ ਰੋਈ ਗਿਆ। ਉਸਦੇ ਹੰਝੂਆਂ ਦਾ ਕੜ ਪਾਟ ਗਿਆ ਸੀ। ਹੰਝੂ ਉਸਦੇ ਚਿਹਰੇ ਦੇ ਮਾਤਾ ਦੇ ਦਾਗ ਵਿਚ ਪਈਆਂ ਨਾਲੀਆਂ ਵਿਚ ਦੀ ਬੇਮੁਹਾਰਾ ਵਗੀ ਗਏ। ਉਹ ਰੋਂਦਾ ਰੋਂਦਾ ਨਿੱਕੇ ਬਾਲ ਵਾਂਗ ਡੁਸਕਣ ਲੱਗ ਪਿਆ।

"ਘਰ ਯਾਦ ਆਤਾ। ਪੀਂਡ ਯਾਦ ਆਤਾ। ਸ਼ਾਂਤੀ ਬਹੁਤ ਯਾਦ ਆਤੀ।" ਮੈਂ ਬਹੁਤ ਪਿਆਰ ਨਾਲ ਪੁੱਛਿਆ।

ਉਹ ਦੁਬਾਰਾ ਪੱਕੇ ਫੋੜੇ ਵਾਂਗੂੰ ਫਿੱਸ ਪਿਆ। ਹੌਲ਼ੀ ਹੌਲ਼ੀ ਉਸਦੀ ਅਵਾਜ਼ ਭਾਰੀ ਹੁੰਦੀ ਗਈ। ਉਹ ਸੰਭਲਿਆ। ਉੱਚੀ ਉੱਚੀ ਗਾਉਣ ਲੱਗ ਪਿਆ। ਉਸਦੇ ਬੋਲ ਹਨੇਰੇ ਦੀ ਹਿੱਕ ਨੂੰ ਚੀਰਦੇ ਸਾਰੀ ਫ਼ਿਜ਼ਾ ਵਿਚ ਮਿੱਠਾ ਦਰਦ ਘੋਲ ਰਹੇ ਸਨ। ਉਹ ਕਿੰਨਾ ਹੀ ਭਿੱਜ ਕੇ ਗਾਉਂਦਾ ਸੀ। ਜਿਵੇਂ ਸਾਰਾ ਬਿਰਹਾ ਉਸਦੇ ਬੋਲਾਂ 'ਚ ਉੱਤਰ ਆਇਆ ਹੋਵੇ। ਜਿਵੇਂ ਉਸਦੇ ਮਨ 'ਚ ਬਿਰਹਾ ਦੇ ਮਾਰੂਥਲ ਦੀ ਤੱਤੀ ਰੇਤ ਭੁਜਦੀ ਹੋਵੇ।

ਇਸ ਤੋਂ ਦੋ ਮਹੀਨੇ ਪਿੱਛੋਂ ਮਣੀਏ ਦਾ ਭਣੋਈਆ ਮੁਣਸ਼ੀ ਉਸਨੂੰ ਮਿਲਣ ਆਇਆ ਸੀ। ਮਣੀਏ ਨੇ ਮੈਥੋਂ ਤੀਹ ਰੁਪਏ ਮੰਗੇ। ਉਹ ਸ਼ਰਾਬ ਦੀ ਬੋਤਲ ਲੈਣੀ ਚਾਹੁੰਦਾ ਸੀ। ਪਤਾ ਨਹੀਂ ਮੇਰੇ ਮਨ ਵਿਚ ਇਹ ਕਿਉਂ ਆਈ, ਚਲੋ ਮਣੀਏ ਦਾ ਰਿਸ਼ਤੇਦਾਰ ਆਇਆ, ਉਸਦੀ ਇੱਜ਼ਤ ਕਰਨੀ ਬਣਦੀ ਹੈ। ਸ਼ਾਇਦ ਇਹ ਦੱਸਣ ਲਈ ਬਈ ਮਣੀਏ ਦੀ ਆਪਣੇ ਸਰਦਾਰ ਨਾਲ ਕਿੰਨੀ ਬਣਦੀ ਹੈ। ਸ਼ਾਇਦ ਇਸ ਕਰਕੇ ਮਣੀਏ ਦਾ ਸਰਦਾਰ ਬਹੁਤ ਹੀ ਚੰਗਾ ਹੈ। ਮੈਂ ਤੀਹ ਰੁਪਈਏ ਦੇਣ ਦੀ ਬਜਾਇ ਉਸਨੂੰ ਸ਼ਰਾਬ ਦੀ ਬੋਤਲ ਲਿਆ ਦਿੱਤੀ। ਮੇਰੀ ਪਤਨੀ ਨੇ ਵੀ ਵਿਸ਼ੇਸ਼ ਉਚੇਚ ਕੀਤੀ—ਖੀਰ, ਕੜਾਹ, ਦਾਲ-ਸਬਜ਼ੀ, ਚੌਲ ਤੇ ਚੰਗੀ ਰੋਟੀ ਬਣਾਈ। ਪਤਾ ਨਹੀਂ ਮੁਣਸ਼ੀ ਛੇਤੀ ਸ਼ਰਾਬੀ ਹੋ ਗਿਆ ਜਾਂ ਸ਼ਰਾਬੀ ਹੋਣ ਦਾ ਨਾਟਕ ਕਰਨ ਲੱਗਿਆ। ਪਹਿਲਾਂ ਉਹ ਹੱਸ ਹੱਸ ਗੱਲਾਂ ਕਰਦੇ ਰਹੇ। ਫਿਰ ਮੁਣਸ਼ੀ, ਮਣੀਏ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਮਣੀਆ ਉਸਨੂੰ ਪਲੋਸਦਾ ਅਤੇ ਮਿੰਨਤਾਂ ਕਰਦਾ ਰਿਹਾ। ਰੋਟੀ ਕਿਸਨੇ ਖਾਣੀ ਸੀ? ਮਣੀਆ ਉਸਨੂੰ ਨਾਲ ਲੈ ਕੇ ਮੋਟਰ ਲਈ ਚੱਲ ਪਿਆ।

ਪੱਤੀ ਦੀ ਸੱਥ ਵਿਚ ਦੋ ਤਖਤਪੋਸ਼ ਡਹੇ ਰਹਿੰਦੇ ਸਨ। ਦਿਨ ਵੇਲੇ ਉਸ 'ਤੇ ਤਾਇਆ ਭਾਨ ਸਿੰਘ ਤੇ ਹੋਰ ਬਜ਼ੁਰਗ ਬੈਠੇ ਰਹਿੰਦੇ ਸਨ। ਵੱਡੀ ਰਾਤ ਤੱਕ ਮੁੰਡੇ ਬੈਠੇ ਰਹਿੰਦੇ ਸਨ। ਕੰਮ ਕਾਜ ਤੋਂ ਵਿਹਲੇ ਹੋ ਕੇ ਮੁੰਡੇ-ਖੁੰਡੇ ਤੇ ਚੋਬਰ ਰਾਤ ਨੂੰ ਆ ਬਹਿੰਦੇ। ਇਸ ਵੇਲੇ ਤੱਕ ਪੀਤੂ ਤੇ ਜੀਤਾ ਅਜੇ ਵੀ ਬੈਠੇ ਸਨ।

ਮਣੀਆ ਤੇ ਮੁਣਸ਼ੀ ਝੂਲਦੇ ਜਾ ਰਹੇ ਸਨ। ਉਨ੍ਹਾਂ ਦੇ ਪਿੱਛੇ ਕੁਝ ਫਾਸਲੇ 'ਤੇ ਮੈਂ ਜਾ ਰਿਹਾ ਸਾਂ।

"ਸਾਲੇ ਭਈਏ ਕਿਵੇਂ ਝੂਲਦੇ ਜਾਂਦੇ ਨੇ।" ਪੀਤੂ ਤੇ ਜੀਤਾ ਸੁਭਾਵਕ ਹੀ ਇਕੱਠੇ ਬੋਲੇ। ਇਹ ਸੁਣ ਕੇ ਬਹਿਕਿਆ ਮੁਣਸ਼ੀ ਹੋਰ ਵੀ ਬਹਿਕ ਗਿਆ। ਉਹ ਲੱਤਾਂ ਗੱਡ ਕੇ ਖੜ੍ਹ ਗਿਆ। ਉਸਨੇ ਲਲਕਾਰਾ ਮਾਰਿਆ। ਜਿਵੇਂ ਇਹ ਲਲਕਾਰਾ ਮਾਰ ਕੇ ਆਪਣੇ ਮਨ ਦੀ ਭੜਾਸ ਕੱਢ ਰਿਹਾ ਹੋਵੇ। ਜਿਵੇਂ ਇਹ ਲਲਕਾਰਾ ਮਾਰ ਕੇ ਸਾਰੇ ਪਿੰਡ ਨੂੰ ਲਲਕਾਰ ਰਿਹਾ ਹੋਵੇ।

"ਠਹਿਰ ਜਾ, ਲਾਹੁੰਦੇ ਆਂ ਤੇਰੀ ਸ਼ਰਾਬ।" ਪੀਤੂ ਅਤੇ ਜੀਤਾ ਉੱਠ ਕੇ ਉਸਨੂੰ ਕੁੱਟਣ ਈ ਲੱਗੇ ਸਨ ਪਰ ਉਹ ਮੈਨੂੰ ਵੇਖ ਕੇ ਭਰੇ-ਭਰਾਏ ਚੁੱਪ ਹੋ ਗਏ। "ਚਾਚਾ, ਤੇਰੇ ਮੂੰਹ ਨੂੰ ਨਹੀਂ ਤਾਂ ਇਹ ਜ਼ਾਤ?" ਮਣੀਏ ਨੇ ਮੁਣਸ਼ੀ ਦੇ ਮੂੰਹ 'ਤੇ ਹੱਥ ਰੱਖ ਕੇ ਢਲਕ ਬੋਚ ਲਈ। ਉਹ ਮੁਣਸ਼ੀ ਦੇ ਘਸੁੰਨ 'ਤੇ ਘਸੁੰਨ ਮਾਰ ਰਿਹਾ ਸੀ। ਮੁਣਸ਼ੀ ਅਬਾ ਤਬਾ ਬੋਲਦਾ ਗਾਲ਼੍ਹ 'ਤੇ ਗਾਲ਼੍ਹ ਕੱਢੀ ਜਾ ਰਿਹਾ ਸੀ। ਪੀਤੂ ਦਾ ਗੁੱਸਾ ਅਜੇ ਠੰਢਾ ਨਹੀਂ ਸੀ ਹੋਇਆ।

"ਚਾਚਾ, ਬਸ ਤੇਰੇ ਮੂੰਹ ਨੂੰ ਚੁੱਪ ਕਰ ਗਏ" ਗੱਲ ਇਸ ਤੋਂ ਵੀ ਵੱਧ ਸੀ ਪਰ ਜੇ ਭਈਏ ਆਉਣੋਂ ਹਟ ਗਏ ਤਾਂ ਗੱਡੀ ਕਿਵੇਂ ਰੁੜੂ? ਮੁਣਸ਼ੀ ਭਈਆ ਬੋਲੀ ਵਿਚ ਗਾਲ੍ਹਾਂ ਕੱਢਦਾ ਨਾਲ ਦੇ ਪਿੰਡ ਦੇ ਰਾਹ ਪੈ ਗਿਆ ਜਿੱਥੇ ਉਹ ਠਹਿਰਿਆ ਸੀ।

"ਮੁਣਸ਼ੀ ਕੀ ਬੋਲਦਾ ਸੀ? ਕੀ ਬਕਦਾ ਸੀ?" ਮੈਂ ਮਣੀਏ ਤੋਂ ਪੁੱਛਿਆ।

ਮੇਰੇ ਵਾਰ ਵਾਰ ਪੁੱਛਣ 'ਤੇ ਮਣੀਏ ਨੇ ਦੱਸਿਆ, "ਸਾਲੀ ਬੋਲਤਾ ਮੈਂ ਮੁਣਸ਼ੀ ਯਾਦਵ ਮੇਰਾ ਵੀ ਕੋਈ ਨਾਂ ਹੈ। ਕੌਣ ਗਾਲੀ ਨਿਕਲੂ। ਚਲੋ ਮੇਰੇ ਦੇਸ਼। ਘੇਰਾਂਗੇ ਟਰੱਕਾਂ ਦੇ ਟਰੱਕ। ਲਾਂਦੇਗੇ ਅੱਗ।" ਮੁਣਸ਼ੀ ਕਿਉਂ ਬੁੜਕਿਆ? ਇਸ ਦੀ ਸਮਝ ਤਾਂ ਮੈਨੂੰ ਪਰਦੇਸ ਜਾ ਕੇ ਆਈ ਸੀ।

ਅਗਲੇ ਸਾਲ ਵੀ ਉਸ ਨੇ ਮੇਰੇ ਨਾਲ ਰਹਿਣਾ

(ਬਾਕੀ ਅਗਲੇ ਸਫੇ 'ਤੇ)

# ਔਰਤਾਂ ਲਈ ਇਨਸਾਫ਼ 'ਚ ਦੇਰੀ - ਬੰਦੇ ਦੇ ਬਿਰਖ ਹੋਣ ਵਾਂਗਰ

ਭਾਰਤ ਵਿਚ ਔਰਤਾਂ ਲਈ ਅਦਾਲਤੀ ਇਨਸਾਫ਼ ਦੀ ਤਸਵੀਰ ਇਨ੍ਹਾਂ ਦੋ ਅਦਾਲਤੀ ਫ਼ੈਸਲਿਆਂ ਤੋਂ ਵੇਖੀ ਜਾ ਸਕਦੀ ਹੈ:

ਕੁੱਝ ਸਮਾਂ ਪਹਿਲਾਂ ਮੁੰਬਈ ਉੱਚ ਅਦਾਲਤ (ਹਾਈਕੋਰਟ) ਨੇ ਅੱਸੀ ਸਾਲਾਂ ਤੋਂ ਚੱਲ ਰਹੇ ਜਾਇਦਾਦ ਦੇ ਮਾਮਲੇ ਵਿਚ ਫ਼ੈਸਲਾ ਲੈਂਦਿਆਂ 93 ਸਾਲ ਦੀ ਇਕ ਔਰਤ ਨੂੰ ਦੋ ਫਲੈਟ ਸੌਂਪਣ ਦਾ ਫ਼ੈਸਲਾ ਕੀਤਾ, ਜੋ ਇਸਦੀ ਅਸਲੀ ਮਾਲਕ ਸੀ। ਉਹ 80 ਸਾਲ ਅਦਾਲਤਾਂ ਵਿਚ ਧੱਕੇ ਖਾਂਦੀ ਰਹੀ, ਉਸਦੀ ਪੂਰੀ ਜ਼ਿੰਦਗੀ ਭਾਰਤੀ ਕਾਨੂੰਨ ਵਿਵਸਥਾ, ਇਸ ਦੀਆਂ ਉਲਝਣਾਂ ਅਤੇ ਹੌਲੀ ਮਟਕੀਲੀ ਤੋਰ ਦੇ ਲੇਖੇ ਲੱਗ ਗਈ।



ਪਿਛਲੇ ਦਿਨੀਂ ਦੇਸ਼ ਦੀ ਸਰਬਉੱਚ ਅਦਾਲਤ (ਸੁਪਰੀਮ ਕੋਰਟ) ਦੀ ਇਕ ਟਿੱਪਣੀ ਧਿਆਨ ਮੰਗਦੀ ਹੈ:

**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਇਹ ਟਿੱਪਣੀ ਕਾਨੂੰਨੀ ਪ੍ਰਕਿਰਿਆ ਨਾਲ ਜੁੜੀ ਹੋਈ ਹੈ। ਇਸਦੀ ਦੇਸ਼ ਭਰ ਵਿਚ ਚਰਚਾ ਹੋਈ। ਅਸਲ ਵਿਚ ਸੁਪਰੀਮ ਕੋਰਟ ਨੇ ਗੁਜਰਾਤ ਹਾਈਕੋਰਟ ਦੇ ਇਕ ਉਸ ਫੈਸਲੇ ਉੱਤੇ ਨਾਰਾਜ਼ਗੀ ਪ੍ਰਗਟ ਕੀਤੀ ਜੋ ਔਰਤ ਦੇ ਗਰਭਵਤੀ ਹੋਣ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਔਰਤ ਨਾਲ ਬਲਾਤਕਾਰ ਹੋਇਆ ਸੀ, ਉਸਦੇ ਗਰਭ ਵਿਚ ਬੱਚਾ ਸੀ। ਉਹ ਇਸ ਨਾਜਾਇਜ਼ ਬੱਚੇ ਨੂੰ ਸਮਾਂ ਰਹਿੰਦਿਆਂ ਪੇਟ ਵਿਚੋਂ ਖ਼ਤਮ ਕਰਨ ਦੀ ਅਦਾਲਤ ਤੋਂ ਆਗਿਆ ਮੰਗ ਰਹੀ ਸੀ।

ਹਾਈਕੋਰਟ ਨੇ ਇਸ ਮਾਮਲੇ ਨੂੰ ਲਟਕਾਈ ਰੱਖਿਆ। ਸੁਣਵਾਈ ਲਈ ਮਾਮਲਾ ਸੂਚੀਬੱਧ ਕਰਨ ਲਈ ਹੀ 12 ਦਿਨ ਲਗਾ ਦਿੱਤੇ। ਜਦਕਿ ਹਰ ਦਿਨ ਦੀ ਦੇਰੀ ਇਸ ਅਵਸਥਾ ਵਿਚ ਬੱਚੇ ਨੂੰ ਗਿਰਾਉਣ ਵਿਚ ਔਰਤ ਦੀ ਜਾਨ ਦਾ ਖੌਅ ਬਣ ਸਕਦੀ ਸੀ। ਇਹ ਔਰਤ 26 ਹਫ਼ਤਿਆਂ ਤੋਂ ਗਰਭਵਤੀ ਸੀ। ਇਸ ਔਰਤ ਦੀ ਬੇਨਤੀ ਉੱਚ ਅਦਾਲਤ ਵਲੋਂ ਕੋਈ ਹੁਕਮ ਜਾਰੀ ਕੀਤੇ ਬਿਨਾਂ ਹੀ ਖਾਰਜ ਕਰ ਦਿੱਤੀ ਗਈ। ਪੀੜਤ ਔਰਤ ਸਰੀਰਕ ਤੌਰ 'ਤੇ ਤਾਂ ਪ੍ਰੇਸ਼ਾਨ ਸੀ ਹੀ, ਮਾਨਸਿਕ ਤੌਰ 'ਤੇ ਵੀ ਪੀੜ ਹੰਢਾਅ ਰਹੀ ਸੀ।

ਘਟਨਾ ਅਪਰਾਧਕ ਹੋਵੇ ਜਾਂ ਬਲਾਤਕਾਰ ਨਾਲ ਸਬੰਧਿਤ, ਔਰਤਾਂ ਦੇ ਅਜਿਹੇ ਮਾਮਲਿਆਂ ਵਿਚ ਸੁਣਵਾਈ ਲਈ ਦੇਰੀ ਬੇਹੱਦ ਕਸ਼ਟਦਾਇਕ ਹੈ। ਇਹ ਦੇਰੀ ਉਨ੍ਹਾਂ ਲਈ ਨਿੱਤਪ੍ਰਤੀ ਗੰਭੀਰ ਸਥਿਤੀਆਂ ਅਤੇ ਸਮੱਸਿਆਵਾਂ ਪੈਦਾ ਕਰਦੀ ਹੈ। ਕਈ ਵਾਰ ਇਹੋ ਜਿਹੀਆਂ ਸਥਿਤੀਆਂ ਵਿਚ ਮਾਪੇ ਅਣਸੁਰੱਖਿਅਤ ਗਰਭਪਾਤ ਦਾ ਫ਼ੈਸਲਾ ਲੈਂਦੇ ਹਨ, ਜਿਸ ਨਾਲ ਔਰਤਾਂ, ਲੜਕੀਆਂ ਦੀ ਜਾਨ ਤੱਕ ਚਲੀ ਜਾਂਦੀ ਹੈ।

ਭਾਰਤ ਵਿਚ ਅਣਸੁਰੱਖਿਅਤ ਗਰਭਪਾਤ ਦੇ ਅੰਕੜੇ ਤਾਂ ਪਹਿਲਾਂ ਹੀ ਬਹੁਤ ਤਕਲੀਫ਼ਦੇਹ ਹਨ। 2022 ਵਿਚ ਸੰਯੁਕਤ ਰਾਸ਼ਟਰ ਨੇ ਵਿਸ਼ਵ ਜਨਸੰਖਿਆ ਰਿਪੋਰਟ ਛਾਪੀ ਹੈ। ਜਿਸ ਅਨੁਸਾਰ ਭਾਰਤ ਵਿਚ ਹਰ ਦਿਨ ਅੱਠ ਔਰਤਾਂ ਅਣਸੁਰੱਖਿਅਤ ਗਰਭਪਾਤ ਦੇ ਕਾਰਨ ਮੌਤ ਦੇ ਮੂੰਹ ਵਿਚ ਚਲੀਆਂ ਜਾਂਦੀਆਂ ਹਨ।

ਭਾਰਤ ਵਿਚ ਪਰਿਵਾਰ ਸਿਹਤ ਸਰਵੇ-5 ਦੇ ਅੰਕੜੇ ਵੀ ਡਰਾਉਣੇ ਹਨ। ਇਸ ਸਰਵੇਖਣ ਅਨੁਸਾਰ ਦੇਸ਼ ਵਿਚ ਜੋ ਕੁੱਲ ਗਰਭਪਾਤ ਹੁੰਦਾ ਹੈ, ਉਸ ਦਾ ਚੌਥਾ ਹਿੱਸਾ ਘਰਾਂ ਵਿਚ ਹੀ ਹੁੰਦਾ ਹੈ, ਇਹ ਸਥਾਨਕ ਦਾਈਆਂ ਕਰਦੀਆਂ ਹਨ। ਇਹੋ ਜਿਹੇ ਹਾਲਾਤ ਵਿਚ ਇਹ ਸਮਝਣਾ ਔਖਾ ਨਹੀਂ ਕਿ ਯੋਨ ਹਿੰਸਾ ਦੀਆਂ ਸ਼ਿਕਾਰ ਔਰਤਾਂ, ਲੜਕੀਆਂ ਨੂੰ ਅਣਸੁਰੱਖਿਅਤ ਗਰਭਪਾਤ ਦਾ ਰਸਤਾ ਹੀ ਚੁਣਨਾ ਪੈਂਦਾ ਹੈ। ਕਈ ਔਰਤਾਂ, ਲੜਕੀਆਂ ਜਿਹੜੀਆਂ ਯੋਨ ਹਿੰਸਾ, ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀਆਂ ਹਨ, ਉਹ ਸਮਾਜਿਕ ਡਰ ਅਤੇ ਬਦਨਾਮੀ ਦੇ ਡਰੋਂ ਖ਼ੁਦਕੁਸ਼ੀ ਦੇ ਰਾਹ ਪੈ ਜਾਂਦੀਆਂ ਹਨ। ਇਹ ਅਤਿ ਦੁਖਦਾਈ ਹੈ।



ਦੇਸ਼ ਵਿਚ ਬਲਾਤਕਾਰ ਪੀੜਤਾਂ ਲਈ ਕਾਨੂੰਨ ਹੈ, ਜਿਸ ਅਨੁਸਾਰ ਗਰਭਪਾਤ ਦੇ 24 ਹਫ਼ਤਿਆਂ ਦੇ ਸਮੇਂ ਦੌਰਾਨ ਗਰਭਪਾਤ ਦੀ ਇਜਾਜ਼ਤ ਹੈ। ਪਰ ਜੇ ਇਹ ਸਮਾਂ 24 ਹਫ਼ਤਿਆਂ ਤੋਂ ਉੱਪਰ ਹੋ ਜਾਂਦਾ ਹੈ ਤਾਂ ਅਦਾਲਤ ਵਲੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਸਾਲ 2022 ਵਿਚ ਕੇਰਲ ਉੱਚ ਅਦਾਲਤ ਨੇ ਇਕ ਨਾਬਾਲਗ ਪੀੜਤਾ ਦੇ ਕੇਸ ਵਿਚ 28 ਹਫ਼ਤਿਆਂ ਦੇ ਗਰਭਪਾਤ ਖ਼ਤਮ ਕਰਨ ਦੀ ਆਗਿਆ ਦਿੱਤੀ।

ਦਿੱਲੀ ਅਦਾਲਤ ਨੇ 26 ਹਫ਼ਤਿਆਂ ਦੀ 13 ਸਾਲਾ ਬਲਾਤਕਾਰ ਪੀੜਤ ਲੜਕੀ ਨੂੰ ਇਹ ਕਹਿੰਦਿਆਂ ਗਰਭਪਾਤ ਦੀ ਆਗਿਆ ਦਿੱਤੀ ਕਿ ਉਹ ਇਸ ਉਮਰ ਵਿਚ ਮਾਂ ਬਣਨ ਦਾ ਭਾਰ ਨਹੀਂ ਚੁੱਕ ਸਕਦੀ। ਉਸ ਨੂੰ ਮਾਂ ਬਣਨ ਦੇਣਾ ਉਸਦੇ ਦੁੱਖਾਂ ਅਤੇ ਪੀੜਾਂ ਵਿਚ ਵਾਧਾ ਕਰਨ ਬਰਾਬਰ ਹੋਵੇਗਾ।

ਔਰਤਾਂ ਨਾਲ ਘਰ ਵਿਚ ਜਾਂ ਬਾਹਰ ਹਿੰਸਕ ਵਰਤਾਰਾ ਵਧ ਰਿਹਾ ਹੈ। ਉਨ੍ਹਾਂ ਪ੍ਰਤੀ ਅਪਰਾਧਕ ਮਾਮਲੇ, ਯੋਨ ਹਿੰਸਾ ਤੇਜ਼ੀ ਨਾਲ ਵਧ ਰਹੀ ਹੈ ਪਰ ਦੂਜੇ ਪਾਸੇ ਕਾਨੂੰਨੀ ਮੋਰਚੇ ਤੇ ਫੈਸਲਿਆਂ ਨੂੰ ਲੈ ਕੇ ਸੁਣਵਾਈ ਵਿਚ ਦੇਰੀ ਉਨ੍ਹਾਂ ਦੇ ਦੁੱਖਾਂ ਦਾ ਕਾਰਨ ਬਣਦੀ ਹੈ। ਦਰਦਨਾਕ ਸਥਿਤੀ ਇਹ ਹੈ ਕਿ ਸਮੂਹਿਕ ਬਲਾਤਕਾਰ ਮਾਮਲਿਆਂ ਵਿਚ ਅਦਾਲਤਾਂ ਵਿਚ ਕੇਸ ਸਾਲਾਂਬੱਧੀ ਲਟਕਦੇ ਹਨ, ਤਾਰੀਖ ਦਰ ਤਾਰੀਖ ਅਤੇ ਫੈਸਲਿਆਂ ਦੀ ਉਡੀਕ ਬੰਦੇ ਨੂੰ ਬਿਰਖ ਜਿਹਾ ਕਰ ਦਿੰਦੀ ਹੈ। ਪ੍ਰਸਿੱਧ ਕਵੀ ਸੁਰਜੀਤ ਪਾਤਰ ਦਾ ਸ਼ਿਅਰ "ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫ਼ੈਸਲਾ ਸੁਣਦਿਆਂ ਸੁਣਦਿਆਂ ਸੁਕ ਗਏ"। ਐਨਾਂ ਢੁੱਕਵਾਂ ਹੈ ਕਿ ਅਦਾਲਤੀ ਪ੍ਰਕਿਰਿਆ ਦੀ ਸਹੀ ਹਾਲਤ ਦਾ ਵਰਣਨ ਕਰਦਾ ਹੈ।

ਅਦਾਲਤੀ ਪ੍ਰਕਿਰਿਆ ਤਾਂ ਹੈ ਹੀ ਐਸੀ ਅਤੇ ਪੇਚੀਦਾ, ਪਰ ਵਿਡੰਬਨਾ ਇਹ ਵੀ ਹੈ ਦੇਸ਼ ਵਿਚ ਹਰ ਚਾਰ ਵਿਚੋਂ ਇਕ ਮਾਮਲੇ ਵਿਚ ਹੀ ਅਜਿਹਾ ਅਪਰਾਧ ਸਿੱਧ ਹੋ ਪਾਉਂਦਾ ਹੈ। ਅਦਾਲਤਾਂ ਦੇ ਗੁੰਝਲਦਾਰ ਅਤੇ ਲੰਮੇ ਝੰਜਟ ਵਿਚ ਹੀ ਗਵਾਹ ਮੁੱਕਰ ਜਾਂਦੇ ਹਨ, ਜਾਂ ਮੁਕਰਾ ਦਿੱਤੇ ਜਾਂਦੇ ਹਨ, ਅਤੇ ਦੋਸ਼ੀ ਸ਼ੱਕ ਦਾ ਫ਼ਾਇਦਾ ਲੈ ਕੇ ਬਰੀ ਹੋ ਜਾਂਦੇ ਹਨ। ਇਹੋ ਜਿਹੇ ਬਲਾਤਕਾਰੀ ਦੋਸ਼ੀ ਜਦੋਂ ਸ਼ਰ੍ਹੇਆਮ ਮੁੜ ਸਮਾਜ ਵਿਚ ਵਿਚਰਦੇ ਹਨ ਅਤੇ ਔਰਤਾਂ ਖ਼ਾਸਕਰ ਪੀੜਤ ਔਰਤਾਂ ਲਈ ਹੋਰ ਵੀ ਪੀੜਾਂ ਦੁੱਖਾਂ ਦਾ ਕਾਰਨ ਬਣਦੇ ਹਨ।

ਇਹੋ ਜਿਹੇ ਹਾਲਾਤ ਵੇਖਦਿਆਂ ਅਤੇ ਸਮਾਜ ਵਿਚ ਔਰਤਾਂ, ਲੜਕੀਆਂ ਨਾਲ ਹੁੰਦੇ ਵਰਤਾਓ ਅਤੇ ਹੰਢਾਏ ਜਾਂਦੇ ਸੰਤਾਪ ਦੇ ਮੱਦੇਨਜ਼ਰ ਉੱਚ ਅਦਾਲਤ ਨੇ ਟਿੱਪਣੀ ਕੀਤੀ ਸੀ ਕਿ ਯੋਨ ਸ਼ੋਸ਼ਣ, ਬਲਾਤਕਾਰ ਦੇ ਅਪਰਾਧੀਆਂ ਦੇ ਮਾਮਲੇ ਵਿਚ ਭਾਰਤੀ ਸੰਸਦ ਵਿਚ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ। ਅਦਾਲਤ ਬਹੁਤੀ ਵੇਰ ਦੇਸ਼ ਵਿਚ ਬਣੇ ਹੋਏ ਕਾਨੂੰਨਾਂ ਦੀਆਂ ਹੱਦਾਂ ਨਾਪਦਿਆਂ ਫ਼ੈਸਲੇ ਕਰਦੀ ਹੈ, ਭਾਵੇਂ ਕਿ ਉਹ ਕਦੇ ਵੀ ਵਹਿਸ਼ੀ ਦਰਿੰਦਿਆਂ ਦੇ ਹੱਕ ਵਿਚ ਨਹੀਂ ਹੁੰਦੇ।

ਜਿਸ ਕਿਸਮ ਦੀ ਪੀੜਾ ਬਲਾਤਕਾਰ ਦੌਰਾਨ, ਉਪਰੰਤ ਮਾਪਿਆਂ ਅਤੇ ਸਬੰਧੀਆਂ ਦੇ ਵਿਹਾਰ ਦੇ ਰੂਪ ਵਿਚ ਜਾਂ ਸਮਾਜ ਵਿਚ ਇਸ ਘਟਨਾ ਦੇ ਵਾਪਰਨ ਬਾਅਦ, ਫਿਰ ਅਦਾਲਤ ਵਿਚ ਇਨਸਾਫ਼ ਲਈ ਚੱਕਰ ਜਾਂ ਹੋਰ ਥਾਵਾਂ ਉੱਤੇ ਔਰਤਾਂ, ਲੜਕੀਆਂ ਨੂੰ ਝੱਲਣੀ ਪੈਂਦੀ ਹੈ, ਉਸ ਦਾ ਅਹਿਸਾਸ ਸ਼ਾਇਦ ਹੀ ਮਰਦ ਪ੍ਰਧਾਨ ਸਮਾਜ ਵਿਚ ਮਰਦ ਜੱਜਾਂ ਨੂੰ ਹੋਏਗਾ। ਔਰਤਾਂ ਜੱਜਾਂ ਇਸ ਸਥਿਤੀ ਨੂੰ ਸਮਝਣ ਲਈ ਸਾਰਥਿਕ ਇਨਸਾਫ਼ ਦੇ ਸਕਦੀਆਂ ਹਨ ਪਰ ਦੇਸ਼ ਵਿਚ ਕਿੰਨੀਆਂ ਮਹਿਲਾ ਜੱਜ ਹਨ, ਉਨ੍ਹਾਂ ਵਿਚੋਂ ਵੀ ਕਿੰਨੀਆਂ ਸਾਹਮਣੇ ਬਲਾਤਕਾਰ ਦੇ ਕੇਸ ਪੇਸ਼ ਕੀਤੇ ਜਾਂਦੇ ਹਨ? ਇਹ ਵੇਖਣਾ ਬਣਦਾ ਹੈ।

ਦੇਸ਼ ਦੀਆਂ ਹਾਈ ਕੋਰਟਾਂ ਵਿਚ 788 ਜੱਜ ਹਨ, ਜਿਨ੍ਹਾਂ ਵਿਚੋਂ 107 ਮਹਿਲਾ ਜੱਜ ਹਨ ਅਤੇ ਜੂਨ 2023 ਦੇ ਮਿਲੇ ਅੰਕੜਿਆਂ ਅਨੁਸਾਰ ਕੋਈ ਵੀ ਮਹਿਲਾ ਜੱਜ ਕਿਸੇ ਵੀ ਹਾਈਕੋਰਟ ਦੀ ਮੁੱਖ ਜੱਜ ਨਹੀਂ ਹੈ। ਆਜ਼ਾਦੀ ਦੇ 73 ਸਾਲਾਂ ਵਿਚ ਸੁਪਰੀਮ ਕੋਰਟ ਦੇ 268 ਜੱਜ ਬਣੇ ਹਨ, ਜਿਨ੍ਹਾਂ ਵਿਚੋਂ 11 ਮਹਿਲਾ ਜੱਜ ਹੀ ਸੁਪਰੀਮ ਕੋਰਟ ਦੀਆਂ ਜੱਜ ਬਣਨ ਦਾ ਮੌਕਾ ਲੈ ਸਕੀਆਂ। ਸੁਪਰੀਮ ਕੋਰਟ ਦੀ ਕੋਈ ਜੱਜ ਮੁੱਖ ਜੱਜ ਨਹੀਂ ਬਣ ਸਕੀ। ਤੁਛ ਜਿਹੀ ਮਹਿਲਾ ਜੱਜਾਂ ਦੀ ਗਿਣਤੀ ਦੇ ਹੁੰਦਿਆਂ, ਔਰਤਾਂ ਦੇ ਮਾਮਲਿਆਂ ਦੀ ਸੰਵੇਦਨਸ਼ੀਲਤਾ, ਬਲਾਤਕਾਰਾਂ, ਘਰੇਲੂ ਹਿੰਸਾ, ਔਰਤਾਂ ਉੱਪਰ ਹੋ ਰਹੇ ਅਪਰਾਧਾਂ ਨੂੰ ਸਮਝਣ ਦੀ ਕਮੀ ਕਾਰਨ ਕੀ ਔਰਤਾਂ ਨੂੰ ਪੂਰਾ ਇਨਸਾਫ਼ ਮਿਲ ਸਕਦਾ ਹੈ, ਜਿਸ ਦੀ ਤਵੱਕੋ ਇਨਸਾਫ਼ ਦੀ ਤੱਕੜੀ ਤੋਂ ਕੀਤੀ ਜਾਂਦੀ ਹੈ।

ਮਨੀਪੁਰ ਵਿਚ ਔਰਤਾਂ ਨੂੰ ਨੰਗਿਆਂ ਕਰ ਕੇ ਭੀੜ ਵੱਲੋਂ ਘੁਮਾਉਣ ਦੀ ਘਟਨਾ ਅਤੇ ਸਮੂਹਿਕ ਬਲਾਤਕਾਰ ਦੀਆਂ ਹਿਰਦੇ ਵੇਦਕ ਘਟਨਾਵਾਂ ਸਮਾਜ ਦੇ ਮੱਥੇ 'ਤੇ ਕਲੰਕ ਵਾਂਗਰ ਜੁੜੀਆਂ ਨਜ਼ਰ ਆਉਂਦੀਆਂ ਹਨ ਅਤੇ ਇਨਸਾਫ਼ ਦੀ ਮੰਗ ਕਰਦੀਆਂ ਹਨ। ਪਰ ਸਮਾਜ ਵਿਚ ਕਠੋਰਤਾ, ਮਰਦਊਪੁਣਾਂ, ਭਿਅੰਕਰ ਅੱਖੜਪੁਣਾ, ਕੁਸੈਲਾ ਸੁਭਾਅ, ਫਿਰਕੂ ਹਵਾਵਾਂ, ਜਦੋਂ ਸ਼ੁੱਧ ਹਵਾ ਵਿਚ ਫੈਲਦੀਆਂ ਹਨ ਤਾਂ ਹਵਾ ਗੰਧਲੀ ਹੋ ਜਾਂਦੀ ਹੈ ਅਤੇ ਇਸਦਾ ਸਿੱਧਾ ਅਤੇ ਪਹਿਲਾ ਪ੍ਰਭਾਵ ਔਰਤਾਂ ਉੱਤੇ ਪੈਂਦਾ ਹੈ। ਇਹ ਭਾਵੇਂ ਦੋ ਦੇਸ਼ਾਂ ਵਿਚ ਜੰਗ ਹੋਵੇ, ਦੋ ਫ਼ਿਰਕਿਆਂ ਵਿਚ ਟੱਕਰ ਹੋਵੇ ਜਾਂ ਦੋ ਧਿਰਾਂ ਵਿਚ ਆਪਸੀ ਖਹਿਬਾਜ਼ੀ।

ਭਾਰਤ ਵਿਚ ਬਲਾਤਕਾਰ ਦੇ ਮਾਮਲੇ 2005 ਤੋਂ 2021 ਤੱਕ ਧਿਆਨ ਮੰਗਣ ਯੋਗ ਹਨ। ਸਾਲ 2005 ਵਿਚ ਬਲਾਤਕਾਰਾਂ ਦੀ ਗਿਣਤੀ 18359 ਸੀ ਜੋ ਸਾਲ 2021 ਵਿਚ 31,677 ਹੋ ਗਈ ਹੈ। ਕੀ ਇਹ ਕਥਿਤ ਧਰਮੀ ਦੇਸ਼ ਦੇ ਮੱਥੇ ਉੱਤੇ ਕਲੰਕ ਨਹੀਂ? ਕੀ ਇਹ ਮਨੁੱਖ ਦੀ ਦਰਿੰਦਰਤਾ ਦੀ ਨਿਸ਼ਾਨੀ ਨਹੀਂ? ਕੀ ਇਹ ਉਹ ਦੇਸ਼ ਲਈ ਵੱਡਾ ਸਵਾਲ ਨਹੀਂ ਜਿੱਥੇ 80 ਫੀਸਦੀ ਲੋਕ ਦੇਵੀ, ਦੇਵਤਿਆਂ ਦੀ ਪੂਜਾ ਕਰਦੇ ਹਨ। ਕੀ ਉੱਥੇ ਉਧਾਲੇ, ਬਲਾਤਕਾਰ, ਘਰੇਲੂ ਹਿੰਸਾ ਲਈ ਕੋਈ ਥਾਂ ਹੋਣੀ ਚਾਹੀਦੀ ਹੈ?

ਸਾਲ 2021 ਵਿਚ ਔਰਤਾਂ ਵਿਰੁੱਧ 43000 ਕੇਸ ਅੱਤਿਆਚਾਰ, ਅਪਰਾਧ ਆਦਿ ਦੇ ਦਰਜ ਹੋਏ ਅਤੇ ਇਨਸਾਫ਼ ਦੀ ਉਡੀਕ ਵਿਚ ਮਾਸੂਮ, ਮਾਯੂਸ ਅੱਖਾਂ ਅਦਾਲਤੀ ਦਰਵਾਜ਼ਿਆਂ ਦਾ ਰੁਖ਼ ਕਰੀ ਬੈਠੀਆਂ ਹਨ।

ਸਾਲ 1992 ਦੀ ਘਟਨਾ ਹੈ। ਇਕ ਆਦਿਵਾਸੀ ਕੁੜੀ ਜੋ ਗੂੰਗੀ ਬੋਲੀ ਸੀ, ਆਪਣੀ ਰੋਜ਼ੀ ਰੋਟੀ ਲਈ ਮਜ਼ਦੂਰੀ ਕਰਿਆ ਕਰਦੀ ਸੀ। ਇਸ ਨੰਨ੍ਹੀ ਬਾਲਕਾ ਦਾ ਬਲਾਤਕਾਰ ਹੋਇਆ। ਨਿਰਭਯਾ ਦਾ ਦਿੱਲੀ ਦੀਆਂ ਸੜਕਾਂ 'ਤੇ ਬਲਾਤਕਾਰ ਅਤੇ ਕਤਲ ਕਿਸ ਨੂੰ ਯਾਦ ਨਹੀਂ। ਨਿੱਤ ਦਿਹਾੜੇ ਪੇਂਡੂ ਭਾਰਤ ਜਿਸ ਦੀ ਆਬਾਦੀ 70 ਫੀਸਦੀ ਹੈ, ਉੱਥੇ ਬਲਾਤਕਾਰ ਹੁੰਦੇ ਹਨ, ਕਤਲ ਹੁੰਦੇ ਹਨ, ਸੁਪਨੇ ਕਤਲ ਹੁੰਦੇ ਹਨ, ਲੜਕੀਆਂ ਨੂੰ ਕਈ ਹਾਲਾਤ ਵਿਚ ਦੋਸ਼ੀ ਗਰਦਾਨਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਮੂੰਹ 'ਤੇ ਪੱਟੀ ਬੰਨ੍ਹ ਦਿੱਤੀ ਜਾਂਦੀ ਹੈ, ਸਮਾਜ ਵਿਚ ਬਦਨਾਮੀ ਦੇ ਡਰ ਦੀ ਪੱਟੀ! ਉਸ ਵੇਲੇ ਆਖਿਰ ਕੁਦਰਤੀ ਇਨਸਾਫ਼ ਕਿੱਥੇ ਚਲਾ ਜਾਂਦਾ ਹੈ? ਉੱਥੇ ਪੰਚਾਇਤੀ ਇਨਸਾਫ਼ ਵੀ ਔਰਤਾਂ ਦੇ ਵਿਰੁੱਧ ਕਿਉਂ ਹੋ ਜਾਂਦਾ ਹੈ?

ਦੇਸ਼ ਦੀਆਂ ਵੱਡੀਆਂ ਅਦਾਲਤਾਂ ਪੇਚੀਦਾ ਪ੍ਰਕਿਰਿਆ ਅਤੇ ਪੰਚਾਇਤੀ ਅਦਾਲਤਾਂ ਦੀ ਚੁੱਪ ਤੇ ਸਾਜ਼ਿਸ਼ੀ ਦੰਭੀ ਪ੍ਰਕਿਰਿਆ ਔਰਤਾਂ ਦੇ ਜੀਵਨ ਦਾ ਰਾਹ ਹੀ ਬਦਲ ਦਿੰਦੀ ਹੈ। ਜ਼ਿੰਦਗੀ ਭਰ ਅਸਹਿਜਤਾ, ਮਨ ਉੱਤੇ ਮਣਾਂ ਮੂੰਹੀਂ ਭਾਰ ਚੁੱਕੀ ਫਿਰਦੀਆਂ ਇਹ ਬੇਕਸੂਰ ਔਰਤਾਂ ਕਈ ਹਾਲਾਤ ਵਿਚ ਆਪਣੇ ਆਪ ਨੂੰ ਸਮਾਜ 'ਤੇ ਭਾਰ ਸਮਝਣ ਲਗਦੀਆਂ ਹਨ।

ਦੁੱਖ ਦੀ ਗੱਲ ਹੈ ਕਿ ਬਲਾਤਕਾਰ ਜਿਹੇ ਕੇਸ ਪੁਖ਼ਤਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਮਾਮਲਿਆਂ ਨੂੰ ਸਿੱਧ ਕਰਨਾ ਔਖਾ ਹੋਣ ਕਾਰਨ ਅਤੇ ਬਦਨਾਮੀ ਦੇ ਡਰੋਂ ਥਾਣੇ ਵਿਚ ਇਹੋ ਜਿਹੇ ਕੇਸਾਂ ਦੀ ਰਪਟ ਵੀ ਦਰਜ ਨਹੀਂ ਕਰਵਾਈ ਜਾਂਦੀ। ਇਹੋ ਜਿਹੇ ਮਾਮਲਿਆਂ ਵਿਚ ਕਈ ਵਾਰ ਸਬੰਧਿਤਾਂ ਨਾਲ ਸਿੱਧਿਆਂ ਨਿਪਟਿਆ ਜਾਂਦਾ ਹੈ ਅਤੇ ਕਤਲ ਤੱਕ ਵੀ ਕਰ ਦਿੱਤੇ ਜਾਂਦੇ ਹਨ।

ਅਸਲ ਵਿਚ ਅਦਾਲਤੀ ਪੇਚੀਦਗੀਆਂ ਕਾਰਨ ਨਿਆਂ ਦੇ ਮੋਰਚੇ 'ਤੇ ਇਕ ਨਿਰਾਸ਼ਾਜਨਕ ਤਸਵੀਰ ਉਭਰਦੀ ਹੈ। ਜਿਸਦੇ ਵੱਡੇ ਤੋਂ ਵੱਡੇ ਕਾਰਨ ਵੀ ਹੋ ਸਕਦੇ ਹਨ ਅਤੇ ਛੋਟੇ ਤੋਂ ਛੋਟੇ ਵੀ। ਪਰ ਔਰਤਾਂ ਨੂੰ ਇਸ ਦਰਿੰਦਗੀ ਭਰੇ ਵਰਤਾਓ ਵਿਰੁੱਧ ਇਨਸਾਫ਼ ਨਾ ਮਿਲਣਾ ਸਾਡੇ ਅਦਾਲਤੀ ਢਾਂਚੇ, ਮੌਜੂਦਾ ਕਾਨੂੰਨਾਂ ਸਬੰਧੀ ਵੱਡੇ ਪ੍ਰਸ਼ਨ ਖੜ੍ਹੇ ਕਰਦਾ ਹੈ। ਜਿਸ ਨੂੰ ਸਮਝ ਕੇ, ਘੋਖ ਕੇ, ਕਾਨੂੰਨੀ ਜਟਿਲਤਾ ਅਤੇ ਇਨਸਾਫ਼ ਲਈ ਢਿੱਲਾ ਰਵੱਈਆ ਖਤਮ ਕਰਨਾ ਹੋਵੇਗਾ ਕਿਉਂਕਿ ਨਿਆਂ ਪ੍ਰਣਾਲੀ ਦੀ ਢਿੱਲੜ ਤੋਰ, ਇਨਸਾਫ਼ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ।

ਦੁੱਖ ਦੀ ਗੱਲ ਤਾਂ ਇਹ ਵੀ ਹੈ ਕਿ ਇਹੋ ਜਿਹੇ ਹਾਲਾਤ ਵਿਚ ਅਪਰਾਧਕ ਮਾਨਸਿਕਤਾ ਵਾਲੇ ਲੋਕਾਂ ਦੀ ਹਿੰਮਤ ਵਧਦੀ ਹੀ ਹੈ, ਚੜ੍ਹ ਮੱਚਦੀ ਹੈ ਅਤੇ ਇਨਸਾਫ਼ ਲਈ ਲੜਨ ਵਾਲੇ ਲੋਕ ਤੇ ਪੀੜਤ ਚੁਭਣ ਮਹਿਸੂਸ ਕਰਦੇ ਹਨ:

ਇਸ ਅਦਾਲਤ ਵਿਚ ਬੰਦੇ ਬਿਰਖ ਹੋ ਗਏ,
ਫ਼ੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।
ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।

## ਮਣੀਆ

(ਪਿਛਲੇ ਸਫੇ ਦੀ ਬਾਕੀ)

ਸੀ। ਮੈਂ ਹੋਰ ਅਗਲੇ ਸਾਲ ਦੇ ਵੀ ਇਕ ਸਾਲ ਪਹਿਲਾਂ ਉਸਨੂੰ ਦੇ ਦਿੱਤੇ।

ਉਹ ਆਪਣੀ ਘਰਵਾਲੀ ਸ਼ਾਂਤੀ ਨੂੰ ਲੈ ਆਇਆ ਅਤੇ ਮੇਰੇ ਗੁਆਂਢ ਰਹਿਣ ਲੱਗ ਪਿਆ।

ਪੰਜਾਬ ਦੇ ਹਾਲਾਤ ਬਹੁਤ ਖਰਾਬ ਸਨ। ਉਹ ਵੇਲੇ-ਕੁਵੇਲੇ ਵੀ ਘਰ ਨਹੀਂ ਆ ਸਕਦਾ ਸੀ। ਉਪਰੋਂ ਸ਼ਾਂਤੀ ਗਰਭਵਤੀ ਹੋ ਗਈ। ਉਸ ਦੀ ਵੇਖ ਭਾਲ ਲਈ ਕੋਈ ਔਰਤ ਵੀ ਤਾਂ ਚਾਹੀਦੀ ਸੀ। ਛੇ ਮਹੀਨੇ ਰਹਿ ਕੇ ਸ਼ਾਂਤੀ ਵਾਪਸ ਚਲੀ ਗਈ। ਮਣੀਆ ਫਿਰ ਮੋਟਰ 'ਤੇ ਰਹਿਣ ਲੱਗ ਪਿਆ। ਮੈਂ ਇਸ ਤੋਂ ਇੱਕ ਸਾਲ ਪਿੱਛੋਂ ਪਰਦੇਸ ਚਲਿਆ ਗਿਆ ਤੇ ਮੇਰਾ ਪੁੱਤ ਤੇ ਮਣੀਆ ਖੇਤੀ ਕਰਨ ਲੱਗੇ।

ਮੈਂ ਪੰਜ ਸਾਲ ਪਿੱਛੋਂ ਦੇਸ ਵਾਪਸ ਮੁੜਿਆ। ਰਾਤ ਦੇ ਦਸ ਵਜੇ ਏਅਰਪੋਰਟ 'ਤੇ ਉਤਰਿਆ। ਮੇਰਾ ਪੁੱਤਰ ਹਰਬੀਰ ਮੈਨੂੰ ਲੈਣ ਆਇਆ ਹੋਇਆ ਸੀ।

ਅਸੀਂ ਚਾਲੀ ਮੀਲ ਦਾ ਸਫ਼ਰ ਤੈਅ ਕਰ ਕੇ ਇੱਕ ਢਾਬੇ 'ਤੇ ਰੁਕੇ।

ਢਾਬੇ 'ਤੇ ਪੂਰੀ ਚਹਿਲ-ਪਹਿਲ ਸੀ। ਇਸ ਦੁਆਲੇ ਬਾਜ਼ਾਰ ਉਸਰਿਆ ਪਿਆ ਸੀ। ਮੁਸਾਫਰਾਂ ਦੀਆਂ, ਏਅਰਪੋਰਟ ਤੋਂ ਆਉਣ ਵਾਲੀਆਂ ਤੇ ਏਅਰ ਪੋਰਟ ਨੂੰ ਜਾਣ ਵਾਲੀਆਂ ਕਾਰਾਂ ਦਾ ਘੜਮੱਸ ਸੀ। ਇੱਥੇ ਢਾਬੇ ਵਿਚ ਕੰਮ ਕਰਨ ਵਾਲੇ ਸਾਰੇ ਭਈਏ ਸਨ-ਕੁੱਕ, ਵੇਟਰ, ਰਿੰਨ-ਪਕਾਉਣ ਤੇ ਵਰਤਾਉਣ ਵਾਲੇ। ਬਿਲ ਦੇ ਕੇ ਪੈਸੇ ਵਸੂਲ ਕਰਨ ਵਾਲੇ। ਢਾਬੇ ਦਾ ਮਾਲਕ ਪੰਜਾਬੀ ਸੀ। ਅੰਬਾਲੇ ਦੇ ਨੇੜੇ ਆ ਕੇ ਅਸੀਂ ਇੱਕ ਰੇਹੜੀ ਤੋਂ ਜੂਸ ਪੀਤਾ। ਜੂਸ ਕੱਢ ਕੇ ਦੇਣ ਵਾਲਾ ਵੀ ਭਈਆ ਸੀ। ਅੱਗੇ ਜਾ ਕੇ ਇੱਕ ਇਤਹਾਸਕ ਗੁਰਦੁਆਰੇ ਵਿਚ ਮੱਥਾ ਟੇਕਿਆ। ਲੰਗਰ ਪਕਾਉਂਦੇ ਦੋ ਭਈਏ ਸਿੰਘ ਸਜੇ ਵੇਖ ਕੇ ਹੈਰਾਨ ਰਹਿ ਗਿਆ। ਮੈਨੂੰ ਹੈਰਾਨ ਹੋਇਆ ਵੇਖ ਕੇ ਮੇਰਾ ਪੁੱਤਰ ਬੋਲਿਆ, "ਪਾਪਾ ਜੀ, ਇੱਥੇ ਸ਼ਰਧਾ ਵਾਲੀ ਕੋਈ ਗੱਲ ਨਹੀਂ -ਇਹ ਮੰਡੀ ਆ ਮੰਡੀ। ਬਿਜ਼ਨਸ ਆ ਬਿਜ਼ਨਸ। ਹਰ ਚੀਜ਼ ਸਸਤੀ ਦੌੜਦੀ ਆ। ਇੱਥੇ ਤਾਂ ਇਉਂ ਹੈ ਬਾਹਰ ਦਾ ਥੋਨੂੰ ਪਤਾ ਹੋਊ?"

"ਇਹ ਨਹਿਰ ਵੀ ਉਸੇ ਦਰਿਆ ਵਿਚੋਂ ਨਿਕਲਦੀ ਆ ਜਿਹੜਾ ਉੱਥੇ ਸਮੁੰਦਰ ਵਿਚੋਂ ਨਿਕਲਦਾ ਹੈ।"

"ਸਮੁੰਦਰ ਵਿਚੋਂ ਦਰਿਆ?"

"ਹਾਂ, ਪੁੱਤਰਾ ਇੰਜ ਹੀ ਹੈ। "

ਮੈਂ ਘਰੇ ਪਹੁਚਿੰਆ, ਅੱਗੇ ਵਿਹੜੇ 'ਚ ਸ਼ਾਂਤੀ ਦੇਵੀ ਪੋਚਾ ਲਾ ਰਹੀ ਸੀ। ਮੈਂ ਭਈਆ ਬੋਲੀ ਵਿਚ ਉਸਦਾ ਹਾਲ-ਚਾਲ ਪੁੱਛਿਆ। ਉਸ ਨੇ ਬਹੁਤ ਹੀ ਸੋਹਣੀ ਪੰਜਾਬੀ ਵਿਚ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਮੈਨੂੰ ਉਸ ਨਾਲ ਭਈਆ ਬੋਲੀ ਵਿਚ ਗੱਲ ਕਰਕੇ ਬਹੁਤ ਹੀ ਹੀਣਤਾ ਮਹਿਸੂਸ ਹੋਈ। ਦੂਰ ਪਰੇ ਵਿਹੜੇ ਵਿਚ ਸ਼ਾਂਤੀ ਦੇ ਦੋਵੇਂ ਬੱਚੇ ਮੇਰੇ ਪੋਤੇ-ਪੋਤੀ ਨਾਲ 'ਭੰਡਾ ਭੰਡਾਰੀਆ' ਦੀ ਖੇਡ ਖੇਡਦੇ ਸਾਰੇ ਇਕੋ ਜਿਹੇ ਲੱਗੇ। ਉਸਨੇ ਮੁੰਡੇ ਦਾ ਨਾਂ ਮੇਜਰ ਅਤੇ ਕੁੜੀ ਦਾ ਨਾਂ ਸਿਮਰਨ ਰੱਖਿਆ ਸੀ ਬਿਲਕੁਲ ਬਾਹਰ ਵਾਂਗ ਜਿੱਥੇ ਮਹਿੰਦਰ ਮੈਂਡੀ ਬਣ ਜਾਂਦਾ ਹੇ ਤੇ ਸੁਰਿੰਦਰ ਸੈਂਡੀ ਬਣ ਜਾਂਦੀ ਹੈ।

ਮੇਰੇ ਨਾਲ ਦਾ ਘਰ ਮੇਰੇ ਭਰਾ ਦਾ ਸੀ। ਵਿਹੜੇ ਵਿਚ ਬੈਠੀ ਭਰਜਾਈ ਗੋਡਿਆਂ ਦੇ ਦਰਦ ਦੀ ਸ਼ਿਕਾਇਤ ਕਰਦੀ ਨੇ, ਆਪਣੇ ਘਰੇ ਕੰਮ ਕਰਦੀ ਭਈਆ ਰਾਣੀ ਨੂੰ ਚਾਹ ਬਣਾਉਣ ਲਈ ਕਿਹਾ। ਮੇਰਾ ਭਤੀਜਾ ਖੇਤ ਕੰਮ ਕਰਦੇ ਭਈਆਂ ਨੂੰ ਰੋਟੀ ਦੇਣ ਗਿਆ ਸੀ ਉੱਥੋਂ ਉਸਨੇ ਕਿਤੇ ਹੋਰ ਜਾਣਾ ਸੀ।

ਹੁਣ ਮਣੀਆ ਮੈਨੂੰ ਮਨੁੱਖ ਲਗਦਾ। ਮੇਰਾ ਆਪਣਾ। ਮੇਰੇ ਵਾਂਗ ਹੀ ਪੀੜਤ। ਮੈਂ ਵੀ ਮਸ਼ੀਨ ਦਾ ਪੁਰਜਾ ਤੇ ਮਣੀਆ ਵੀ। ਦੋਵੇਂ ਹੀ ਰੋਟੀ-ਰੋਜ਼ੀ ਦੀ ਭਾਲ ਵਿਚ ਦਰ-ਬ-ਦਰ। ਇਕ ਅਪਰਾਧ ਕਰਦਾ ਸਾਰੇ ਅਪਰਾਧੀ। ਮਣੀਆ ਵੀ ਤੇ ਮੈਂ ਵੀ। ਮੇਰਾ ਵੀ ਸਖਤ ਕੰਮ ਤੇ ਮਣੀਏ ਦਾ ਵੀ। ਉਹ ਭਈਆ ਤੇ ਮੈਂ ਕਾਲਾ, ਹਿੰਦੂ।

"ਸਰਦਾਰ ਜੀ ਪਰਦੇਸ ਗੋਰੀ ਗੋਰੀ ਮੇਮਾਂ, ਸੁਹਨੇ ਗਰ, ਲੋਕ ਬੋਲਤੀ ਰਬੜ ਕੀ ਸੜਕਾਂ ਹੋਤਾ ਹੈ। ਮੁਝੇ ਵੀ ਲੇ ਚਲਾ ਜਾ। ਇਕ ਬਕਸਾ ਮੈਂ ਡਾਲ ਕੇ।"

"ਮਣੀਏ ਹਾਂ, ਸਭ ਹੈ ਪਰ ਸ਼ਾਂਤੀ ਨਹੀਂ ਮਿਲੇਗੀ।"

"ਸਰਦਾਰ ਜੀ, ਆਪ ਕੋ ਪੀਂਡ ਚੇਤੇ ਆਤੀ। ਚੋਨਾ ਚੇਤੇ ਆਤੀ, ਕਨਕ ਚੇਤੇ ਆਤੀ। ਗਰ ਚੇਤੇ ਆਤੀ।" ਉਸਨੇ ਪੁੱਛਿਆ। ਅਸਲ ਵਿਚ ਇਹ ਸ਼ਬਦ ਉਸਦੇ ਮਨ ਦੀ ਵੇਦਨਾ ਦਾ ਪ੍ਰਗਟਾਵਾ ਸਨ। "ਹਾਂ ਮਣੀਏ ਸਭ ਕੁਝ ਯਾਦ ਆਉਂਦਾ-ਘਰ ਵੀ, ਪਿੰਡ ਵੀ। ਮਰੇ ਵੀ, ਜਿਉਂਦੇ ਵੀ, ਸਭ ਯਾਦ ਆਉਂਦੇ ਹਨ। ਸਭ ਦੇ ਸੁਪਨੇ ਆਉਂਦੇ ਹਨ। ਉਹੀ ਦੇਸ਼ ਬਣ ਜਾਂਦਾ ਜਿੱਥੇ ਕੋਈ ਰਹਿਣ ਲੱਗ ਜਾਂਦਾ ਹੈ।" ਮੈਂ ਮਣੀਏ ਨੂੰ ਕਹਿ ਰਿਹਾ ਸੀ ਪਰ ਆਪਣੇ ਮਨ ਦੀ ਵੇਦਨਾ ਨੂੰ ਜ਼ਬਾਨ ਦੇ ਰਿਹਾ ਸੀ। ਉਹ ਸਰਦਾਰ ਜੀ ਕਹਿ ਕੇ ਮੇਰੇ ਪੈਰੀਂ ਹੱਥ ਲਾਉਣ ਲੱਗਿਆ। ਮੈਂ ਉਸ ਨੂੰ ਬੁੱਕਲ ਵਿਚ ਲੈ ਕੇ ਕਿਹਾ, "ਮਣੀਏ, ਭਈਆ ਕੌਣ? ਸਰਦਾਰ ਕੌਣ? ਸਰਦਾਰ ਉਹੀ ਬਣੂ ਜਿਹੜਾ ਕੰਮ ਕਰੂ। ਵਿਹਲੜ ਸਰਦਾਰ ਨਹੀਂ ਬਣ ਸਕਦਾ।"

"ਅੱਛਾ ਭਈਆ, ਮੈਂ ਚਲਿਆਂ, ਆਪਣੇ ਦੇਸ਼।"

"ਆਪਣੇ ਦੇਸ਼! ਸਰਦਾਰ ਜੀ।" ਉਹ ਸੁਣ ਕੇ ਹੈਰਾਨ ਰਹਿ ਗਿਆ।

"ਹਾਂ! ਆਪਣੇ ਦੇਸ਼। ਉਹੀ ਦੇਸ਼ ਬਣ ਜਾਂਦਾ ਜਿੱਥੇ ਕੋਈ ਰਹਿਣ ਲੱਗ ਜਾਂਦਾ। ਬਸ ਇਕੋ ਰੀਝ ਰਹਿ ਜਾਂਦੀ ਹੈ। ਠੰਢੀ ਹਵਾ ਦੇ ਬੁਲ੍ਹੇ ਆਉਂਦੇ ਰਹਿਣ ਪੇਕਿਆਂ ਵੱਲੋਂ ਵੀ ਤੇ ਸਹੁਰਿਆਂ ਵੱਲੋਂ ਵੀ।"

"ਜੋ ਤੋ ਸਹੀ ਬਾਤ ਬਤਾਈ ਹੈ, ਸਰਦਾਰ ਜੀ।"

"ਮਣੀਏ, ਐਵੇਂ, ਕੀ ਸਰਦਾਰ ਸਰਦਾਰ ਜੀ ਦੀ ਰੱਟ ਲਾਈਂ ਜਾਨੈਂ?" ਮੈਂ ਆਪਣੇ ਹੰਝੂ ਲੁਕਾਉਂਦੇ ਹੋਏ ਉਸਦੇ ਹੰਝੂ ਪੂੰਝੇ।

ਪਿੰਡੋਂ ਬਾਹਰ ਨਿਕਲਿਆ। ਭਈਆਂ ਦਾ ਇੱਕ ਟੋਲਾ ਬੱਸ ਤੋਂ ਉੱਤਰਿਆ। "ਭਈਏ ਆਤੇ ਹੈਂ ਭਈਏ ਜਾਤੇ ਹੈਂ। ਭਈਆ ਆਤਾ, ਭਈਆ ਜਾਤਾ ਰਹੇ?" ਮੈਂ ਭਈਆ ਬੋਲੀ ਬੋਲਦਾ ਬੋਝ਼ਲ ਮਨ ਤੇ ਭਾਰੇ ਕਦਮਾਂ ਨਾਲ ਪਿੰਡ ਦੀ ਜੂਹ ਨੂੰ ਅਲਵਿਦਾ ਕਹਿ ਆਉਂਦਾ ਹਾਂ।

# ਜੀਵਨ ਯਥਾਰਥ ਦੀਆਂ ਹਕੀਕਤਾਂ ਨੂੰ ਦਾਰਸ਼ਨਿਕ ਸ਼ੈਲੀ ਵਿਚ ਪੇਸ਼ ਕਰਦੀ ਸੁਰਜੀਤ ਦੀ ਕਵਿਤਾ

ਕਵਿਤਾ ਵਰਗੀ ਜ਼ਿੰਦਗੀ ਜੀਊਣਾ ਹੀ ਅਸਲ ਵਿਚ ਕਵਿਤਾ ਦੀ ਥਾਹ ਪਾਉਣਾ ਹੈ। ਕਵਿਤਾ ਦਰੱਖਤਾਂ ਦੇ ਪੱਤਿਆਂ ਵਿਚ ਹੈ, ਸਮੁੰਦਰ ਦੀਆਂ ਛੱਲਾਂ ਵਿਚ ਹੈ, ਹਵਾਵਾਂ ਦੀ ਸਰਸਰਹਾਟ ਵਿਚ ਹੈ। ਸੰਵੇਦਨਸ਼ੀਲ ਮਨ ਮਸਤਕ ਅਜਿਹੇ ਪਲਾਂ ਨੂੰ ਆਪਣੀ ਕਲਮ ਨਾਲ ਸਫੇ 'ਤੇ ਉੱਕਰ ਲੈਂਦਾ ਹੈ ਤੇ ਸ਼ਬਦ ਧੜਕਣ ਲੱਗਦੇ ਹਨ ਇਹੀ ਕਵਿਤਾ ਹੈ। ਸੁਰਜੀਤ ਕੈਨੇਡਾ ਵੱਸਦੀ ਪੰਜਾਬੀ ਕਵਿੱਤਰੀ ਹੈ ਜਿਸ ਦੀ ਕਵਿਤਾ ਵਿਚ ਕਾਦਰ ਅਤੇ ਕੁਦਰਤ ਦੀ ਅਭੇਦਤਾ ਦੇ ਦਰਸ਼ਨ ਤਾਂ ਹੁੰਦੇ ਹੀ ਹਨ ਪਰ ਕਵਿਤਾ

**ਡਾ. ਸਰਦੂਲ ਸਿੰਘ ਔਜਲਾ**
**ਫੋਨ: +91 98141-68611**

ਦਾਰਸ਼ਨਿਕ ਗਹਿਰਾਈ ਗ੍ਰਹਿਣ ਕਰਦੀ ਹੋਈ ਵੀ ਸਮਕਾਲੀ ਜੀਵਨ ਯਥਾਰਥ ਨਾਲੋਂ ਕਿਧਰੇ ਵੀ ਵਿੱਥ 'ਤੇ ਨਹੀਂ ਵਿਚਰਦੀ, ਸਗੋਂ ਸਮਕਾਲ ਦੇ ਉਨ੍ਹਾਂ ਮੁੱਦਿਆਂ ਅਤੇ ਸਮੱਸਿਆਵਾਂ ਨਾਲ ਵੀ ਸੰਵਾਦ ਰਚਾਉਂਦੀ ਹੈ ਜੋ ਮਨੁੱਖੀ ਮਾਨਸਿਕਤਾ ਨੂੰ ਕਿਤੇ ਦੁਖਦਾਈ ਪ੍ਰਸਥਿਤੀਆਂ ਪ੍ਰਦਾਨ ਕਰਦੇ ਹਨ ਪਰ ਉਸਦੀ ਕਵਿਤਾ ਚੁੱਪ ਚਾਪ ਸਹਿਣ ਦੀ ਬਿਰਤੀ ਨਹੀਂ ਅਪਣਾਉਂਦੀ ਸਗੋਂ ਕਿਸੇ ਵਰਤਾਰੇ ਨਾਲ ਸੰਵਾਦੀ ਸੁਰ ਵਿਚ ਮੁਖਾਤਿਬ ਹੁੰਦੀ ਹੈ ਉਹ ਜ਼ਿੰਦਗੀ ਕਵਿਤਾ ਵਰਗੀ ਜੀਊਣਾ ਚਾਹੁੰਦੀ ਹੈ, ਜਿਸ ਵਿਚ ਸਰਬਪੱਖੀ ਆਜ਼ਾਦੀ ਹੋਵੇ ਅਤੇ ਕਵਿਤਾ ਨੂੰ ਜ਼ਿੰਦਗੀ ਵਾਂਗ ਲਿਖਣਾ ਚਾਹੁੰਦੀ ਹੈ ਜੋ ਹਰੇਕ ਪ੍ਰਕਾਰ ਦੀ ਬੰਦਿਸ਼ ਤੋਂ ਮੁਕਤ ਹੋਵੇ ਅਤੇ ਕਵਿਤਾ ਦੇ ਨਿਯਮਾਂ ਦੀ ਵੀ ਕਿਉਂਕਿ ਉਹ ਆਪਣੀ ਕਵਿਤਾ ਵਿਚ ਲਿਖਦੀ ਹੈ:

ਮੈਂ ਖੁੱਲ੍ਹੀ ਕਵਿਤਾ ਲਿਖਦੀ ਹਾਂ
ਜਿਵੇਂ ਬੱਦਲ ਲਿਖਦੇ ਨੇ ਅੰਬਰ 'ਤੇ
ਖੁੱਲ੍ਹੀ ਕਵਿਤਾ
ਖੁੱਲ੍ਹੀ ਤੇ ਖੂਬਸੂਰਤ
............................
ਮੈਨੂੰ ਕਵਿਤਾ ਦੀ ਆਵਾਰਗੀ ਚੰਗੀ ਲੱਗਦੀ ਹੈ
ਕਿਵੇਂ ਨਾਪਾਂ ਤੋਲਾਂ ਕਵਿਤਾ ਨੂੰ
ਕਵਿਤਾ ਵੀ ਤਾਂ ਹੁੰਦੀ ਏ
ਕੁਦਰਤ ਵਰਗੀ ਖੁੱਲ੍ਹੀ ਤੇ ਖੂਬਸੂਰਤ

ਸੁਰਜੀਤ ਦੀ ਕਵਿਤਾ ਵਿਚੋਂ ਜਦੋਂ ਅਸੀਂ ਦਾਰਸ਼ਨਿਕ ਪੱਖ ਨੂੰ ਵੇਖਦੇ ਹਾਂ ਤਾਂ ਉਹ ਕੁਦਰਤ ਅਤੇ ਕਾਦਰ ਦੀ ਇਕਮਿਕਤਾ ਵਿਚੋਂ ਵਿਸਮਾਦੀ ਪਲਾਂ ਨੂੰ ਮਹਿਸੂਸ ਕਰਦੀ ਹੈ ਇਹੀ ਅਨੁਭੂਤੀ ਪਾਠਕ ਨੂੰ ਵੀ ਪ੍ਰਾਪਤ ਹੁੰਦੀ ਹੈ। ਇੱਥੇ ਕਵਿਤਾ ਵਿਚਲੀ ਚੁੱਪ ਵੀ ਬੋਲਣ ਲੱਗਦੀ ਹੈ। ਖੂਬਸੂਰਤ ਬਿੰਬ ਅਤੇ ਪ੍ਰਤੀਕ ਕੁਦਰਤ ਦੀ ਵਿਸ਼ਾਲਤਾ ਨੂੰ ਵਿਵਿਧ ਰੰਗਾਂ ਵਿਚ ਰੰਗ ਕੇ ਪੇਸ਼ ਕਰਦੇ ਹਨ। ਕਵਿਤਾ ਵਿਚਲਾ ਅਜਿਹਾ ਦਾਰਸ਼ਨਿਕ ਵਾਤਾਵਾਨ ਪਾਠਕ ਦੇ ਧੁਰ ਅੰਦਰ ਉਤਰਦਾ ਹੈ ਅਤੇ ਸਹਿਜਤਾ ਦੀ ਅਵਸਥਾ ਪਾਠਕ ਦੀ ਮਾਨਸਿਕਤਾ ਨੂੰ ਟਿਕਾਓ ਮਹਿਸੂਸ ਕਰਵਾਉਂਦੀ ਹੈ ਕਿਉਂਕਿ ਸੁਰਜੀਤ ਦੀ ਕਵਿਤਾ ਉੱਚੀ ਨਹੀਂ ਸਗੋਂ ਧੀਮੀ ਸੁਰ ਵਿਚ ਗਹਿਰੇ ਅਰਥਾਂ ਨੂੰ ਜਨਮ ਦਿੰਦੀ ਹੈ:

ਤੇਰੀ ਰੰਗਸ਼ਾਲਾ 'ਚ ਮਦਹੋਸ਼ ਖੜੀ ਹਾਂ
ਤਨ ਗੁਲਾਲ ਮਸਤਕ ਜਲਾਲ
ਸ਼ਾਂਤ ਬੜੀ ਹਾਂ
ਤੇਰੇ ਭਵਸਾਗਰ 'ਚ ਮੈਂ ਖੇਲ ਰਹੀ ਹਾਂ
ਕਾਗਤਾਂ ਦੀ ਬੇੜੀ
ਸਮੁੰਦਰ 'ਚ ਠੇਲ ਰਹੀ ਹਾਂ!
ਤੇਰਿਆਂ ਬਾਗਾਂ 'ਚ ਨਾਜ਼ੁਕ ਤਿਤਲੀਆਂ
ਮਸਤੀ ਵਿਚ ਉਡਦੀਆਂ
ਸੰਮੋਹਿਤ ਹੋਈ ਵੇਖ ਰਹੀ ਹਾਂ।

ਇਸ ਵਿਚ ਇਹੀ ਕਵਿਤਾ ਦੇ ਮਾਣੇ ਜਾਣ ਦੀ ਨਿਸ਼ਾਨੀ ਹੈ ਜਿੱਥੇ ਮਨੁੱਖੀ ਭੋਲਾਪਨ ਪ੍ਰਸ਼ਨ ਚਿੰਨ੍ਹ ਲਾਉਣ ਦੀ ਬਜਾਇ ਸਿਰਫ ਤੇ ਸਿਰਫ ਆਨੰਦਿਤ ਹੁੰਦਾ ਹੈ ਜਿੱਥੇ 'ਕਾਗਜ਼ਾਂ' ਦੀ ਥਾਂ 'ਕਾਗਤ' ਹੀ ਸਭ ਕੁਝ ਪੇਸ਼ ਕਰ ਦਿੰਦੇ ਹਨ।

ਕਦੇ ਕਦੇ ਉਹ ਕਵਿਤਾ ਨੂੰ 'ਨਖਰੇਲੋ ਨਾਰ' ਦਾ ਰੂਪ ਵੀ ਦਿੰਦੀ ਹੈ ਪਰ ਉਸਦੀ ਕਵਿਤਾ ਵਿਚਲੀ ਨਾਰੀ ਸਿਰਫ ਨਖਰੇਲੋ ਹੀ ਨਹੀਂ ਵਕਤ ਦੀਆਂ ਹਕੀਕਤਾਂ ਨਾਲ ਟੱਕਰ ਲੈਣ ਵਾਲੀ ਬਹਾਦਰ ਔਰਤ ਹੈ ਜੋ ਕਦੇ ਵੀ ਆਪਣੇ ਦ੍ਰਿੜ ਇਰਾਦੇ ਤੋਂ ਡੋਲਦੀ ਨਹੀਂ ਸਗੋਂ ਵੀਰਾਂਗਣਾਂ ਦੀ ਤਰ੍ਹਾਂ ਜੂਝਣ ਦਾ ਜੇਰਾ ਵੀ ਰੱਖਦੀ ਹੈ ਅਤੇ ਬਦਲਾਅ ਲਈ ਲੜਨ ਦੀ ਤਾਕਤ ਵੀ ਰੱਖਦੀ ਹੈ। ਜਿਵੇਂ ਉਹ ਆਪਣੀ ਕਵਿਤਾ ਕੁਕਨੂਸ ਵਿਚ ਲਿਖਦੀ ਹੈ:


ਉਹ ਇਕ ਹਕੀਕਤ
ਇਕ ਤਵਾਰੀਖ
ਵਕਤ ਉਸਨੂੰ ਰੋਕ ਸਕਦਾ ਨਹੀਂ
ਕੋਈ ਉਸਦੇ ਖੰਭ ਤੋੜ ਸਕਦਾ ਨਹੀਂ
ਕੋਈ ਉਸਦੇ ਕਦਮ ਮੋੜ ਸਕਦਾ ਨਹੀਂ

ਉਹ ਜਾਣਦੀ ਹੈ ਕਿ
ਉਹ ਐਵੇਂ ਨਹੀਂ ਜੰਮੀ
ਉਹ ਵੀਰਾਂਗਣਾ ਹੈ
ਉਸਨੇ ਸਿਰਜਣਾ ਹੈ
ਉਸਨੇ ਇਸ ਸਦੀ ਦੀ ਤਲੀ 'ਤੇ
ਸ਼ਾਂਤੀ ਦਾ ਪੈਗਾਮ ਧਰਨਾ ਹੈ
ਅਤੇ ਵਕਤ ਨੂੰ ਜੀਊਣ ਜੋਗਾ ਕਰਨਾ ਹੈ।

ਸੁਰਜੀਤ ਕਵਿਤਾ ਵਿਚ ਅਜੋਕੇ ਤਕਨੀਕੀ ਯੁਗ ਵਿਚ ਮਸ਼ੀਨ ਦੀ ਗੁਲਾਮ ਬਣਦੀ ਜਾ ਰਹੀ ਮਨੁੱਖੀ ਮਾਨਸਿਕਤਾ ਦਾ ਵੀ ਕਾਵਿ ਅਨੁਭਵ ਪੇਸ਼ ਕਰਦੀ ਹੈ। ਮਨੁੱਖ ਮਨੁੱਖ ਨਾਲੋਂ ਮਸ਼ੀਨ ਨੂੰ ਜ਼ਿਆਦਾ ਤਰਜੀਹ ਦੇ ਰਿਹਾ ਹੈ। ਸਭ ਕੁਝ ਮਸ਼ੀਨ ਦੀ ਭੇਟ ਚੜ੍ਹ ਰਿਹਾ ਹੈ ਕਿਉਂਕਿ ਸੁਰਜੀਤ ਬਹੁਤ ਹੀ ਅਡਵਾਂਸ ਤਕਨੀਕ ਵਾਲੇ ਮੁਲਕ ਵਿਚ ਰਹਿ ਰਹੀ ਹੈ ਇਸ ਕਰਕੇ ਇਹ ਇਸ ਵਰਤਾਰੇ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ। ਉਸਦੀ ਆਓ ਮਿਲੀਏ ਕੁਝ ਅਜਿਹੇ ਹੀ ਸੂਖਮ ਵਿਅੰਗ ਨਾਲ ਗਹਿਰੇ ਅਰਥ ਪੇਸ਼ ਕਰ ਜਾਂਦੀ ਹੈ

ਦੋਸਤੋ ਮੁਆਫ ਕਰਨਾ
ਮੇਰੇ ਘਰ ਆ ਕੇ ਨਾ ਮੰਗਣਾ
ਵਾਈ ਫਾਈ ਦਾ ਪਾਸਵਰਡ
ਫੋਨ ਸਾਈਲੈਂਟ 'ਤੇ ਰੱਖਣਾ
ਨਾ ਵਟਸਐਪ, ਨਾ ਚਿਟ ਚੈਟ
ਨਾ ਟਿਕ ਟੈਕ, ਨਾ ਇੰਸਟਾ
ਨਾ ਫੇਸਬੁੱਕ, ਨਾ ਟਵਿਟਰ/ ਨਾ ਯੂ ਟਿਊਬ
.........................
ਲੱਗਦੈ ਸਦੀਆਂ ਹੀ ਬੀਤ ਗਈਆਂ
ਇਕ ਦੂਜੇ ਦੇ ਮੋਢੇ 'ਤੇ ਹੱਥ ਧਰਿਆਂ
ਦੁਖ-ਸੁਖ ਕੀਤਿਆਂ
ਆਓ ਕਦੇ ਬਹਿ ਕੇ ਦਿਲ ਫਰੋਲੀਏ
ਦੱਬੀਆਂ ਗੱਲਾਂ ਬਾਹਰ ਕੱਢੀਏ
ਸਵਾਲ ਕਰੀਏ
ਜਵਾਬ ਮੰਗੀਏ!

ਇਹੀ ਸੁਰਜੀਤ ਦੀ ਕਵਿਤਾ ਦੀ ਸੰਵਾਦੀ ਸੁਰ ਹੈ ਜੋ ਹੁੰਗਾਰਾ ਉਡੀਕਦੀ ਹੈ ਕਿ ਕਿਧਰੇ ਜ਼ਿੰਦਗੀ ਵਿਚੋਂ ਸੰਵਾਦ ਮਰ ਗਿਆ ਤਾਂ ਜ਼ਿੰਦਗੀ ਰਸਹੀਣ ਤਾਂ ਹੋਏਗੀ ਹੀ ਨਾਲ ਦੀ ਨਾਲ ਸਾਹ-ਸਤ ਹੀਣ ਵੀ ਹੋ ਜਾਏਗੀ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਜਦੋਂ ਸੁਰਜੀਤ ਆਪਣੀ ਵਿਚਾਰਅਧੀਨ ਕਾਵਿ-ਪੁਸਤਕ ਦਾ ਨਾਮ 'ਤੇਰੀ ਰੰਗਸ਼ਾਲਾ' ਰੱਖਦੀ ਹੈ ਤਾਂ ਇੱਥੇ ਵੀ ਉਹ ਇਕ




ਤਰ੍ਹਾਂ ਨਾਲ ਸੰਵਾਦ ਹੀ ਰਚਾ ਰਹੀ ਹੈ ਜਿੱਥੇ ਤੇਰੀ ਰੰਗਸ਼ਾਲਾ ਬਹੁ-ਆਰਥਿਕਤਾ ਦੀ ਧਾਰਨੀ ਬਣ ਕੇ ਸਾਹਮਣੇ ਆਉਂਦੀ ਹੈ। ਇਸੇ ਕਰਕੇ ਹੀ ਸੁਰਜੀਤ ਦੀ ਕਵਿਤਾ ਪਾਠਕ ਤੋਂ ਪਰੇ ਨਹੀਂ ਹੁੰਦੀ ਸਗੋਂ ਉਸਦੇ ਅੰਗ-ਸੰਗ ਹੀ ਵਿਚਰਦੀ ਹੈ, ਸੰਵਾਦ ਰਚਾਉਂਦੀ ਹੈ।

ਕਿਉਂਕਿ ਸੁਰਜੀਤ ਪਰਵਾਸ ਵਿਚ ਰਹਿ ਰਹੀ ਹੈ ਪਰਵਾਸੀ ਰੋਜ਼ੀ-ਰੋਟੀ ਦੀ ਤਲਾਸ਼ ਵਿਚੋਂ ਆਪਣੀ ਜੰਮਣ ਭੋਇੰ ਨੂੰ ਛੱਡ ਕੇ ਕਿਸੇ ਹੋਰ ਧਰਤੀ ਉੱਤੇ ਵਿਚਰਦਾ ਹੈ ਪਰ ਉਸਦੇ ਮਨ ਵਿਚੋਂ ਆਪਣੀ ਧਰਤੀ ਪ੍ਰਤੀ ਹੇਰਵਾ ਸਦਾ ਹੀ ਬਣਿਆ ਰਹਿੰਦਾ ਹੈ। ਵਿਸ਼ੇਸ਼ ਕਰਕੇ ਜਦੋਂ ਪਰਾਈ ਧਰਤੀ ਪ੍ਰਤੀਕੂਲ ਹੋਵੇ। ਸੁਰਜੀਤ ਦੀ ਕਵਿਤਾ ਵਿਚ ਕੁਝ ਅਜਿਹੇ ਭਾਵ ਵੀ ਉਭਰਦੇ ਹਨ ਜਿੱਥੇ ਪਰਾਈ ਧਰਤੀ ਦੇ ਮੂਲ ਵਾਸੀਆਂ ਦਾ ਵਤੀਰਾ ਪਰਵਾਸੀ ਵਿਅਕਤੀ ਲਈ ਅਤਿ ਦੁਖਦਾਈ ਹੁੰਦਾ ਹੈ। ਨਸਲੀ ਵਿਤਕਰਾ ਭਾਵੇਂ ਅਸੀਂ ਮੁੱਢਲੇ ਦੌਰ ਦੀ ਪਰਵਾਸੀ ਕਵਿਤਾ ਵਿਚ ਮੂਲ ਸਰੋਕਾਰ ਦੇ ਰੂਪ ਵਿਚ ਦੇਖਦੇ ਹਾਂ ਪਰ ਅੱਜ ਵੀ ਜਦੋਂ ਸੁਰਜੀਤ ਕਵਿਤਾ ਲਿਖ ਰਹੀ ਹੈ ਤਾਂ ਪਰਵਾਸ ਵਿਚ ਹੁੰਦੇ ਨਸਲੀ ਵਿਤਕਰੇ ਬਾਰੇ ਆਪਣਾ ਭਾਵਪੂਰਤ ਕਾਵਿ ਅਨੁਭਵ ਪੇਸ਼ ਕਰਦੀ ਹੈ:

ਹਾਂ ਮੈਂ ਪਰਵਾਸੀ ਹਾਂ
ਤੁਹਾਡੇ ਵਰਗਾ ਹੀ ਇਨਸਾਨ ਹਾਂ ਮੈਂ ਵੀ
ਆਪਣੇ ਵੱਖਰੇ ਰੰਗ ਪਿੱਛੇ ਲੁਕਿਆ
ਬਿਲਕੁਲ ਤੁਹਾਡੇ ਜਿਹਾ ਹੀ
ਖੂਨ ਤੇ ਹੱਡ-ਮਾਸ ਦਾ ਪੁਤਲਾ ਹਾਂ
..............
ਰਾਹ ਚੱਲਦਿਆਂ ਨੂੰ
ਤੁਸੀਂ ਸਾਨੂੰ ਆਵਾਜ਼ਾਂ ਕੱਸਦੇ ਹੋ
"ਗੋ ਹੋਮ ਪਾਕੀ"
ਕੀ ਹੁੰਦੈ ਪਾਕੀ?

ਸ਼ਾਇਰੀ ਇੱਥੇ ਵਧੀਕੀ ਸਹਿ ਕੇ ਚੁੱਪ ਨਹੀਂ ਕਰਦੀ ਸਗੋਂ ਆਪਣੀ ਕਵਿਤਾ ਵਿਚੋਂ ਅਜਿਹੀ ਬਿਰਤੀ ਦੇ ਲੋਕਾਂ ਨੂੰ ਸਿੱਧਾ ਮੁਖਾਤਿਬ ਹੁੰਦੀ ਹੈ ਜੋ ਇਨਸਾਨ ਨੂੰ ਇਨਸਾਨ ਨਹੀਂ ਸਮਝਦੇ। ਉਹ ਇਸ ਨੂੰ ਹੇਟ ਕ੍ਰਾਈਮ ਕਹਿ ਕੇ ਸੰਬੋਧਨ ਕਰਦੀ ਹੋਈ ਲਿਖਦੀ ਹੈ:

ਪਲੀਜ਼ ਸਟੌਪ ਦਿਸ ਹੇਟ ਕਰਾਈਮ
ਜ਼ਰਾ ਤਾਂ ਸੋਚੋ
ਸਮਝੋ ਤਾਂ ਵਿਚਾਰੋ
ਨਫਰਤ ਦੀ ਅੱਗ ਵਿਚ
ਮਨੁੱਖਤਾ ਨੂੰ ਇੰਝ ਨਾ ਮਾਰੋ।

ਪਰਵਾਸ ਮਨੁੱਖ ਬੇਸ਼ੱਕ ਰੋਜ਼ੀ ਰੋਟੀ ਲਈ ਧਾਰਨ ਕਰਦਾ ਹੈ ਪਰਵਾਸ ਵਿਚ ਉਸਨੂੰ ਮਿਹਨਤ ਸਦਕਾ ਸੁਖ ਸਹੂਲਤਾਂ ਵੀ ਪ੍ਰਾਪਤ ਹੋ ਜਾਂਦੀਆਂ ਹਨ ਪਰ ਆਪਣੀ ਧਰਤੀ ਪ੍ਰਤੀ ਭਾਵੁਕ ਮੋਹ ਪਰਵਾਸੀ ਕਦੇ ਵੀ ਛੱਡ ਨਹੀਂ ਸਕਦਾ। ਆਪਣੇ ਅਤੀਤ ਨਾਲ ਉਸਦੀ ਸਾਂਝ ਸਦਾ ਬਣੀ ਰਹਿੰਦੀ ਹੈ। ਅਤੀਤ ਦੀਆਂ ਯਾਦਾਂ ਅਤੇ ਵਰਤਮਾਨ ਦੀਆਂ ਸੁਖ ਸਹੂਲਤਾਂ ਵਿਚੋਂ ਪਰਵਾਸੀ ਹੇਰਵੇ ਦੀ ਸਥਿਤੀ ਵਿਚ ਵਿਚਰਦਾ ਹੈ। ਇੱਥੇ ਸੁਰਜੀਤ ਦੀ ਕਵਿਤਾ 'ਵਿਛੜੇ ਘਰ' ਦੇਖੀ ਜਾ ਸਕਦੀ ਹੈ:

ਮੁੱਦਤ ਬਾਅਦ
ਓਸ ਵਿਛੜੇ ਘਰ ਦੇ ਬੂਹੇ
ਜਦ ਮੈਂ ਛੋਹੇ
ਘੁਣ ਲੱਗੇ ਬੂਹੇ
ਮੇਰੇ ਗਲ ਲੱਗ ਭੁਰ ਭੁਰ ਰੋਏ

ਇੰਜ ਸ਼ਾਇਰਾ ਆਪਣੇ ਦੇਸ ਦੀ ਆਰਥਿਕ ਸਥਿਤੀ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ ਕਿ ਜੇਕਰ ਆਪਣੇ ਦੇਸ ਵਿਚ ਹੀ ਰੁਜ਼ਗਾਰ ਦੀ ਪ੍ਰਾਪਤੀ ਹੋ ਜਾਵੇ ਤਾਂ ਕੋਈ ਆਪਣਾ ਦੇਸ ਛੱਡ ਕੇ ਅਤੇ ਮੋਹਖੋਰੇ ਰਿਸ਼ਤੇ ਤੋੜ ਕੇ ਕਦੇ ਵੀ ਪਰਵਾਸ ਧਾਰਨ ਨਾ ਕਰੇ।

ਜੇ ਦੇਸ 'ਚ ਰੋਟੀ ਦਾ ਗੁਜਰਾਨ ਹੋਵੇ
ਕੌਣ ਸੁੰਨੇ ਕਰਕੇ ਪਰਦੇਸ ਜਾਣਾ ਚਾਹਵੇ
ਇੰਝ ਆਪਣੇ ਪਿਆਰੇ ਘਰ ਦੇ ਵਿਹੜੇ!

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਸੁਰਜੀਤ ਦੀ ਕਵਿਤਾ ਵਿਚ ਹੋਰ ਬਹੁਤ ਸਾਰੇ ਕਾਵਿਕ ਰੰਗ ਉੱਭਰਦੇ ਹਨ ਉੱਥੇ ਉਹ ਸਮਕਾਲੀ ਸਮੱਸਿਆਵਾਂ ਬਾਰੇ ਵੀ ਚੁੱਪ ਨਹੀਂ। ਪਿਛਲੇ ਸਮੇਂ ਦੌਰਾਨ ਕਰੋਨਾ ਮਹਾਂਮਾਰੀ ਦੇ ਫੈਲਣ ਨਾਲ ਜਿਹੜਾ ਮਨੁੱਖਤਾ ਨੇ ਸੰਤਾਪ ਭੋਗਿਆ ਅਤੇ ਹੋਰ ਭੋਗ ਰਹੀ ਹੈ ਉਸ ਬਾਰੇ ਸੁਰਜੀਤ ਦੀ ਕਵਿਤਾ ਵਿਚ ਵਿਆਪਕ ਜ਼ਿਕਰ ਹੋਇਆ ਹੈ। ਇਸ ਮਹਾਂਮਾਰੀ ਨੇ ਕਿਵੇਂ ਆਪਣਿਆਂ ਤੋਂ ਆਪਣੇ ਖੋਹੇ, ਕਿਵੇਂ ਨਵੀਂ ਜੀਵਨ ਸ਼ੈਲੀ ਦੇ ਮਨੁੱਖਤਾ ਨੂੰ ਰੂਬਰੂ ਕੀਤਾ ਸੁਰਜੀਤ ਦੀ ਕਵਿਤਾ ਵਿਚ ਅਜਿਹੀਆਂ ਕਾਵਿ ਸੁਰਾਂ ਵੀ ਪੇਸ਼ ਹੋਈਆਂ ਹਨ:

ਬੈਠਿਆਂ ਸੁੱਤਿਆਂ ਇਹ ਕਿਹਾ ਭੈਅ ਆ ਗਿਐ
ਕਰੋਨਾ ਨਾਂ ਦਾ ਰਾਖਸ਼ਸ ਸਾਡੇ ਚੈਨ ਖਾ ਗਿਐ

ਪਰ ਉਸਦੀ ਕਵਿਤਾ ਵਿਚ ਮਨੁੱਖ ਦੁਆਰਾ ਗੰਧਲੇ ਕੀਤੇ ਜਾ ਰਹੇ ਵਾਤਾਵਰਨ ਅਤੇ ਕੁਦਰਤ ਦੇ ਨਿਜ਼ਾਮ ਵਿਚ ਬੇਲੋੜੀ ਦਖਲ ਅੰਦਾਜ਼ੀ ਨੂੰ ਅਜਿਹੀ ਮਹਾਂਮਾਰੀ ਦਾ ਕਾਰਨ ਮੰਨਿਆ ਗਿਆ ਹੈ ਜਿਵੇਂ:

ਕੁਦਰਤ ਕੋਲ ਆਪਣਾ ਨਿਜ਼ਾਮ ਹੈ ਹੁੰਦਾ
ਜੋ ਬੀਜਣਾ ਉਹ ਵੱਢਣਾ ਹੁੰਦਾ
ਭੈਅ ਯੁਗ ਦੇ ਓਹ ਵਾਸੀ ਲੋਕੋ
ਅਜੇ ਵੀ ਕੁਦਰਤ ਦੀ ਕਦਰ ਕਰੋ
ਕੁਦਰਤ ਨਾਲ ਰਿਸ਼ਤਾ ਗੰਢਣਾ ਸਿੱਖੋ।

ਸੁਰਜੀਤ ਕਿਸਾਨੀ ਸੰਘਰਸ਼ ਦੇ ਦੌਰ ਨੂੰ ਵੀ ਆਪਣੇ ਕਾਵਿਕ ਕਲਾਵੇ ਵਿਚ ਲੈਂਦੀ ਹੈ। ਭਾਰਤ ਦੀ ਕੇਂਦਰ ਸਰਕਾਰ ਦੁਆਰਾ ਕਰੋਨਾ ਮਹਾਂਮਾਰੀ ਦੇ ਦੌਰ ਵਿਚ ਪੇਸ਼ ਕੀਤੇ ਕਿਸਾਨੀ ਵਿਰੋਧੀ ਬਿੱਲਾਂ ਦੇ ਵਿਰੋਧ ਵਿਚ ਜਦੋਂ ਭਾਰਤ ਦੇ ਕਿਸਾਨਾਂ ਨੇ ਧਰਨੇ ਲਾਏ ਜਿਨ੍ਹਾਂ ਦੀ ਅਗਵਾਈ ਪੰਜਾਬ ਦੇ ਕਿਸਾਨਾਂ ਨੇ ਕੀਤੀ ਤਾਂ ਇਸ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਸਾਹਮਣੇ ਆਈਆਂ ਕਿਉਂਕਿ ਖੇਤਾਂ ਨਾਲ ਕਿਸਾਨ ਦੀ ਹੋਂਦ ਦਾ ਮਸਲਾ ਜੁੜਿਆ ਹੋਇਆ ਸੀ ਉਹ ਕਦੇ ਵੀ ਕਾਰਪੋਰੇਟ ਨਿਜ਼ਾਮ ਦੇ ਹੱਥਾਂ ਵਿਚ ਆਪਣੀ ਧਰਤੀ ਨੂੰ ਪਰਾਈ ਹੁੰਦੀ ਨਹੀਂ ਵੇਖ ਸਕਦਾ ਇਸ ਕਰਕੇ ਇਨ੍ਹਾਂ ਬਿੱਲਾਂ ਦੇ ਖ਼ਿਲਾਫ ਧਰਨੇ ਲਾ ਕੇ ਇਹ ਬਿੱਲ ਵਾਪਸ ਲੈਣ ਲਈ ਸਰਕਾਰ ਨੂੰ ਮਜਬੂਰ ਵੀ ਕੀਤਾ। ਸੁਰਜੀਤ ਦੀ ਕਵਿਤਾ ਵਿਚ ਇਨ੍ਹਾਂ ਕਿਸਾਨਾਂ ਦੀ ਰੋਹਮਈ ਆਵਾਜ਼ ਕੁਝ ਇੰਜ ਪੇਸ਼ ਹੋਈ ਹੈ:

ਉਠ ਖੜੋਏ ਅਸੀਂ ਖੇਤਾਂ ਵਾਲੇ
ਪੁਗਣੇ ਨਹੀਂ ਹੁਣ ਤੁਹਾਡੇ ਲਾਰੇ
ਅਸਾਂ ਦੇਣੀਆਂ ਜ਼ਬਰ ਜ਼ੁਲਮ ਦੀਆਂ ਜੜਾਂ ਪੁਟ
ਅਸੀਂ ਹਾਂ ਖੇਤਾਂ ਦੇ ਪੁੱਤ!

ਸੁਰਜੀਤ ਕਵਿਤਾ ਵਿਚ ਜਿੱਥੇ ਹੋਰ ਬਹੁਤ ਸਾਰੇ ਕਾਵਿਕ ਸਰੋਕਾਰ ਪੇਸ਼ ਹੋਏ ਹਨ ਉੱਥੇ ਮਨੁੱਖ ਦੀ ਭ੍ਰਿਸ਼ਟਾਚਾਰੀ ਅਤੇ ਲੋਟੂ ਬਿਰਤੀ, ਬੇਵਿਸ਼ਵਾਸੀ ਸ਼ਖਸੀਅਤ, ਮੁਕਦਾ ਜਾ ਰਿਹਾ ਭਾਈਚਾਰਕ ਮੋਹ, ਖੰਡਿਤ ਮਨੁੱਖੀ ਆਪਾ ਆਦਿ ਵੀ ਉਸਦੀ ਕਵਿਤਾ ਦੇ ਰੰਗਾਂ ਨੂੰ ਹੋਰ ਗੂੜ੍ਹਾ ਕਰਨ ਵਾਲੇ ਸਰੋਕਾਰ ਹਨ। 'ਤੇਰੀ ਰੰਗਸ਼ਾਲਾ' ਵਿਚ ਰੂਪਕ ਪੱਖੋਂ ਵੀ ਵੰਨ-ਸੁਵੰਨਤਾ ਵੇਖਣ ਨੂੰ ਮਿਲਦੀ ਹੈ ਜਿੱਥੇ ਖੁੱਲ੍ਹੀ ਕਵਿਤਾ ਦੇ ਰੰਗ ਹੈ ਉੱਥੇ ਖੁਲ੍ਹੀ ਕਵਿਤਾ ਵਿਚਲੀ ਲੈਅ ਅਤੇ ਸ਼ਬਦ ਜੜਤ ਵੀ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ। ਕਵਿਤਾਵਾਂ ਲੰਮੀਆਂ ਵੀ ਪੁਸਤਕ ਵਿਚ ਸ਼ਾਮਿਲ ਹਨ ਅਤੇ ਛੋਟੇ ਆਕਾਰ ਵਾਲੀਆਂ ਵੀ ਪਰ ਸੁਰਜੀਤ ਦੀ ਕਾਵਿਕ ਗਹਿਰਾਈ ਪਾਠਕ ਨੂੰ ਪ੍ਰਭਾਵਿਤ ਕਰਨ ਯੋਗ ਹੈ।

## ਭਗਵਾਨ ਦੇ ਦਰਸ਼ਨ

### ਲਘੂ ਕਥਾ

'ਮਾਂ, ਮੈਨੂੰ ਬਚਾ ਲਓ! ਤਕਲੀਫ਼ ਭਰੀ ਆਵਾਜ਼ ਵਿਚ ਸਿਸਕ ਰਹੀ ਸੀ ਲੜਕੀ। ਬੁਖ਼ਾਰ ਜ਼ੋਰਾਂ 'ਤੇ। ਦੋ ਦਿਨ ਤੋਂ ਸਖ਼ਤ ਬੁਖਾਰ। ਲੜਕੀ ਨੂੰ ਮਾਂ ਪਾਣੀ ਪਿਲਾਉਂਦੀ ਪਰ ਕੁਝ ਵੀ ਅੰਦਰ ਨਾ ਜਾਂਦਾ।

"ਮਾਂ, ਬਚਾ ਲਓ ਮੈਨੂੰ!" - ਬਾਰ ਬਾਰ ਇਹ ਤੜਪਮਈ ਟੁੱਟਦੀ ਆਵਾਜ਼ ਮਾਂ ਦੇ ਹਿਰਦੇ ਨੂੰ ਹਿਲਾ ਕੇ ਰੱਖ ਦਿੰਦੀ। ਮਾਂ ਨੂੰ ਦੋ ਦਿਨਾਂ ਤੋਂ ਮਜ਼ਦੂਰੀ ਨਹੀਂ ਸੀ ਮਿਲੀ। ਤੇਜ਼ ਬਾਰਿਸ਼ ਹੋ ਰਹੀ ਸੀ ਕਈਆਂ ਦਿਨਾਂ ਤੋਂ।

ਮਾਂ ਦਾ ਪਤੀ ਦੋ ਸਾਲ ਪਹਿਲਾਂ ਮਜ਼ਦੂਰੀ ਕਰਦਾ ਹੋਇਆ ਇਕ ਛੱਤ ਦੇ ਡਿੱਗਣ ਨਾਲ ਮਲਬੇ ਥੱਲੇ ਆ ਕੇ ਮਰ ਗਿਆ ਸੀ।

"ਮਾਂ ਮੈਨੂੰ ਬਚਾ ਲਓ", ਇਹ ਆਵਾਜ਼ ਮਾਂ ਦੇ ਚੈਨ ਨੂੰ ਛੱਲਣੀ-ਛਲਣੀ ਕਰ ਦਿੰਦੀ।

ਉਹ ਸੋਚਦੀ ਹੁਣ ਕੀ ਕਰਾਂ? ਸੂਰਜ ਦੀ ਲਾਲੀ ਗੁੰਮ ਚੁਕੀ ਸੀ। "ਮਾਂ, ਬਚਾ ਲਓ!" ਉਹ ਆਪਣੀ ਬੱਚੀ ਨੂੰ ਪਿਆਰ-ਦੁਲਾਰ ਕਰਦੀ। ਪਿਆਰ-ਦੁਲਾਰ ਦੀ ਇੱਥੇ ਜ਼ਰੂਰਤ



ਕੀ ਸੀ? ਫਿਰ ਕੁਝ ਸੋਚਣ ਤੋਂ ਬਾਅਦ ਕਿਹਾ, "ਬੇਟੀ, ਮੈਂ ਤੇਰੇ ਲਈ ਦਵਾਈ ਲੈ ਕੇ ਆਉਂਦੀ ਹਾਂ।" ਉਸ ਨੇ ਮਨ ਹੀ ਮਨ ਤਰਕੀਬ ਸੋਚੀ।

ਸ਼ਾਮ ਸੰਘਣੀ ਹੋ ਚੁੱਕੀ ਸੀ। ਉਸ ਨੇ ਏਧਰ-ਉਧਰ ਵੇਖਿਆ। ਕੌਣ ਉਸ ਨੂੰ ਉਧਾਰ ਦੇਵੇਗਾ? ਨਾ ਡਾਕਟਰ, ਨਾ ਕੋਈ ਹੋਰ। ਫਿਰ ਤਰਕੀਬ ਲਗਾਈ। ਰਾਤ ਨੂੰ ਦੁਕਾਨਾਂ ਬੰਦ ਹੋਣ ਲੱਗੀਆਂ। ਦੂਰ ਤੋਂ ਵੇਖਿਆ ਤੇ ਇਕ ਨੌਜਵਾਨ ਫਲ ਵੇਚ ਰਿਹਾ ਹੈ। ਨਜ਼ਦੀਕ ਗਈ। ਉਹ ਰੇਹੜੀ ਵਿਚ ਰੱਖੀ ਸ਼ਰਾਬ ਲੁਕਾ ਕੇ ਪੀ ਰਿਹਾ ਸੀ। ਉਹ ਉਸ ਨੂੰ ਪਹਿਲਾਂ ਵੀ ਦੇਖਦੀ ਰਹੀ ਸੀ ਜਦੋਂ ਉਹ ਮਜ਼ਦੂਰੀ ਕਰਕੇ ਆਉਂਦੀ ਸੀ। ਉਸ ਨੇ ਆਪਣੇ ਕਮਜ਼ੋਰ ਛਾਤੀ ਦੇ ਉਭਾਰ ਦਰਸ਼ਨੀਏ ਕੀਤੇ। ਅੱਖਾਂ ਵਿਚ ਮਜ਼ਦੂਰੀ, ਝੂਠਾ ਹਾਸਾ, ਬੇਟੀ ਦੀ ਆਵਾਜ਼ ਵੱਲ ਧਿਆਨ। ਫਲ ਵੇਚਣ ਵਾਲਾ ਇਕੱਲਾ ਹੀ ਸੀ।

"ਏ, ਅੱਧਾ ਕਿਲੋ ਸੇਬ ਅਤੇ ਵੀਹ ਰੁਪਏ ਉਧਾਰੇ ਦੇ-ਦੇ?"

"ਕੀ ਤੇਰੇ ਪਿਓ ਦਾ ਮਾਲ ਏ?" ਰੇਹੜੀ ਵਾਲੇ ਨੇ ਕਿਹਾ।

"ਏ, ਮੇਰੀ ਬੇਟੀ ਬੀਮਾਰ ਏ, ਬੱਚੀ ਦਾ ਬੁਖਾਰ ਨਈਂ ਉਤਰਦਾ ਪਿਆ। ਮਾਂ ਨੇ ਲਲਚਾਂਦੇ ਹੋਏ ਮਜਬੂਰੀ ਦਸਦਿਆਂ ਕਿਹਾ। ਦਵਾਈ ਨਾ ਮਿਲੀ ਤਾਂ ਬੱਚੀ ਮਰ ਜਾਵੇਗੀ। ਤੂੰ ਜੋ ਕਰਨਾ ਏ ਕਰ ਲੈ ਮੇਰੇ ਨਾਲ। ਜਿੱਥੇ ਮਰਜ਼ੀ ਲੈ ਚਲ ਪਰ ਮੈਨੂੰ ਵੀਹ ਰੁਪਏ ਦੇ-ਦੇ। ਦੋ ਦਿਨਾਂ ਤੋਂ ਦਿਹਾੜੀ ਨਹੀਂ ਮਿਲੀ।"

ਨੌਜਵਾਨ ਨੇ ਉਸ ਵੱਲ ਘੂਰ ਕੇ ਵੇਖਿਆ। ਔਰਤ ਦੀਆਂ ਅੱਖਾਂ ਵਿਚ ਆਸ ਦੀ ਇੱਕ ਕਿਰਨ ਚਮਕੀ। ਨੌਜਵਾਨ ਨੇ ਉਸ ਦੇ ਵੱਲ ਗਹੁ ਭਰ ਕੇ ਫੇਰ ਵੇਖਿਆ। ਉਸ ਨੇ ਬਚੀ ਸ਼ਰਾਬ ਗਿਲਾਸੀ ਵਿਚ ਸੁੱਟੀ ਤੇ ਗਟਾ-ਗਟ ਪੀ ਗਿਆ। ਹੁਣ ਉਸ ਦੀਆਂ ਅੱਖਾਂ ਦੇ ਡੋਰਿਆਂ ਵਿਚ ਲਾਲੀ ਦਹਿਕਣ ਲੱਗੀ, ਅੰਗਿਆਰਾਂ ਵਾਂਗ। ਉਸ ਨੇ ਉਸ ਨੂੰ ਮੋਢਿਆਂ ਤੋਂ ਫੜਿਆ, ਝੰਜੋੜਿਆ, ਘੂਰ ਕੇ ਵੇਖਿਆ, ਫਿਰ ਉਸ ਨੇ ਕਿਹਾ, "ਐ ਲੈ ਪੰਜਾਹ ਰੁਪਏ ਅਤੇ ਅੱਧਾ ਕਿਲੋ ਸੇਬ। ਆਪਣੀ ਚੁੰਨੀ ਠੀਕ ਕਰ। ਸੁਣ, "ਮੇਰੇ ਘਰ ਵੀ ਬੇਟੀ ਹੈ, ਪਤਨੀ ਹੈ। ਜਾ ਲੈ ਜਾ।"

ਉਸ (ਮਾਂ) ਨੇ ਅੱਖਾਂ ਬੰਦ ਕਰ ਕੇ ਭਗਵਾਨ ਦਾ ਸ਼ੁਕਰ ਅਦਾ ਕੀਤਾ। ਉਹ ਜਲਦੀ-ਜਲਦੀ ਚਲ ਪਈ। ਰਸਤੇ ਵਿਚ ਮੰਦਰ ਆਇਆ ਤਾਂ ਉਸ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਭਗਵਾਨ ਦੇ ਦਰਸ਼ਨ ਕੀਤੇ।

*-ਬਲਵਿੰਦਰ 'ਬਾਲਮ'*
*ਫੋਨ: 98156-25409*

# ਭਾਰਤ ਨਾਮਕਰਨ ਦੀ ਨਵੀਂ ਭਸੂੜੀ

**ਵਿਅੰਗ**




ਅਜੇ 'ਇਕ ਦੇਸ਼ ਇਕ ਚੋਣ' ਦਾ ਰੱਫੜ ਖਤਮ ਨਹੀਂ ਹੋਇਆ ਕਿ ਸਾਡੇ ਪ੍ਰਧਾਨ ਸੇਵਕ ਨੇ ਨਵੀਂ ਭਸੂੜੀ ਪਾ ਦਿਤੀ ਐ- 'ਇੰਡੀਆ' ਦੀ ਥਾਂ 'ਭਾਰਤ' ਨਾਮਕਰਨ ਵੱਲ ਆਪਣੇ ਕਦਮ ਵਧਾ ਕੇ।

ਅੱਜ ਜੇ ਸੋਲ੍ਹਵੀਂ ਸਦੀ ਦਾ ਮਹਾਨ ਅੰਗਰੇਜ਼ੀ ਲੇਖਕ ਵਿਲੀਅਮ ਸ਼ੇਕਸਪੀਅਰ ਜੀਊਂਦਾ ਹੁੰਦਾ ਤਾਂ ਉਹ ਦੁਹੱਥੜੀਂ ਪਿੱਟਦਾ ਕਿ ਉਸ ਨੇ ਆਪਣੇ ਰੁਮਾਂਚਕਾਰੀ ਨਾਟਕ 'ਰੋਮੀਓ ਐਂਡ ਜੂਲੀਯਟ' ਵਿਚ ਇਹ ਸਤਰਾਂ ਕਿਉਂ ਲਿਖੀਆਂ ਕਿ 'ਨਾਮ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਵਿਚ ਕੀ ਰਖਿਐ? ਗੁਲਾਬ ਦੇ ਫੁੱਲ ਨੂੰ ਜਿਸ ਵੀ ਨਾਮ ਨਾਲ ਪੁਕਾਰੋ ਉਸ ਦੀ ਸੁਗੰਧੀ ਵਿਚ ਕੋਈ ਫਰਕ ਨਹੀਂ ਪਏਗਾ"!

ਜਨਾਬ ਸ਼ੇਕਸਪੀਅਰ ਜੀ, ਸਾਡੇ ਤਾਂ ਇੱਥੇ ਨਾਮ ਨੂੰ ਲੈ ਕੇ ਸਿੜੀ-ਸਿਆਪਾ ਪਿਆ ਹੋਇਆ ਹੈ। ਜੀ-20 ਦੇ ਸੰਮੇਲਨ ਵਿਚ ਭਾਗ ਲੈਣ ਆਉਣ ਵਾਲੇ ਨੇਤਾਵਾਂ ਨੂੰ ਸਾਡੇ ਦੇਸ਼ ਦੀ ਰਾਸ਼ਟਰਪਤੀ ਜੀ ਨੇ ਖਾਣੇ ਦੇ ਸੱਦਾ-ਪੱਤਰ ਉਪਰ ਆਪਣੇ ਆਪ ਨੂੰ 'ਪ੍ਰੈਜ਼ੀਡੈਂਟ ਆਫ ਭਾਰਤ' ਲਿਖ ਦਿਤਾ ਹੈ।

ਬਸ ਫਿਰ ਕੀ ਸੀ, ਵਿਰੋਧੀਆਂ ਨੇ ਆਸਮਾਨ ਸਿਰ 'ਤੇ ਚੁੱਕ ਲਿਆ ਅਤੇ ਭਾਜਪਾ ਵਾਲਿਆਂ ਨੇ ਵਿਰੋਧੀਆਂ ਨੂੰ ਲੰਮੇ ਹੱਥੀਂ ਲੈਣਾ ਸ਼ੁਰੂ ਕਰ ਦਿਤਾ।

ਇਕ ਗਰੁੱਪ ਇਸ ਨੂੰ ਦੇਸ਼ ਦੇ ਸੰਘੀ ਢਾਂਚੇ ਉਪਰ ਹਮਲਾ ਕਹਿਣ ਲੱਗ ਪਿਆ ਤੇ ਦੂਸਰਾ ਭਾਰਤੀ ਬੁਲੰਦੀ ਦਾ ਸੂਚਕ।

ਆਰ.ਐਸ.ਐਸ. ਭਾਜਪਾ ਅਤੇ ਇਸ ਦੇ ਫਰੰਟਲ ਵਿੰਗਾਂ ਦੀ ਮਾਈ ਬਾਪ ਹੈ ਤੇ ਮੋਦੀ ਭਾਜਪਾ ਦਾ! 3 ਸਤੰਬਰ ਨੂੰ 'ਸਕਲ ਜੈਨ ਸਮਾਜ' ਦੇ ਇਕ ਸਮਾਗਮ ਨੂੰ ਗੁਹਾਟੀ ਵਿਚ ਸੰਬੋਧਨ ਕਰਦਿਆਂ ਆਰ. ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਸੀ, "ਸਦੀਆਂ ਤੋਂ ਸਾਡਾ ਦੇਸ਼ ਭਾਰਤ ਵਜੋਂ ਜਾਣਿਆ ਜਾਂਦਾ ਹੈ। ਭਾਸ਼ਾ ਜੋ ਮਰਜ਼ੀ ਪਈ ਹੋਵੇ ਨਾਮ ਓਹੀ ਰਹਿੰਦੈ। ਸਾਨੂੰ ਇਹ ਬਿਲਕੁਲ ਨਹੀਂ ਸੋਚਣਾ ਚਾਹੀਦਾ ਕਿ ਕੋਈ ਬਾਹਰਲਾ ਇਸ ਨੂੰ ਸਮਝਦੈ ਕਿ ਨਹੀਂ"। 6 ਸਤੰਬਰ ਨੂੰ ਆਰ.ਐਸ.ਐਸ. ਦੀ ਸਿਖਿਆ ਸੰਸਥਾ 'ਸਿਕਸ਼ਾ ਸੰਸਕ੍ਰਿਤੀ ਉਥਾਨ ਨਿਯਾਸ' ਦੇ ਕਮਿਯੂਨੀਕੇਸ਼ਨ ਮੁਖੀ ਅਤੁਲ ਕੋਠਾਰੀ ਨੇ ਸਰਕਾਰ ਨੂੰ ਕਿਹਾ ਕਿ ਸਕੂਲ ਪੱਧਰ ਤੋਂ ਵਿਸ਼ਵ ਵਿਦਿਆਲਿਆ ਪੱਧਰ ਤਕ ਸਾਰੇ ਪਾਠਕ੍ਰਮਾਂ ਵਿਚ ਸ਼ਬਦ 'ਇੰਡੀਆ' ਨੂੰ ਹਟਾ ਕੇ 'ਭਾਰਤ' ਕਰ ਦੇਣਾ ਚਾਹੀਦੈ ਅਤੇ ਰਾਸ਼ਟਰੀ ਮਹੱਤਵ ਦੀਆਂ ਸਾਰੀਆਂ ਸੰਸਥਾਵਾਂ, ਜਿਵੇਂ ਕਿ ਆਈ.ਆਈ.ਟੀਜ਼, ਆਈ.ਆਈ.ਐਮਜ਼ ਅਤੇ ਯੂਨੀਵਰਸਿਟੀਆਂ ਦੇ ਨਾਵਾਂ ਵਿਚ 'ਇੰਡੀਆ' ਦੀ ਥਾਂ ਸ਼ਬਦ 'ਭਾਰਤ' ਸ਼ਾਮਲ ਕਰਨਾ ਚਾਹੀਦੈ।

ਲਓ ਜੀ ਮੇਰੇ ਆਕਾ! ਝੱਟ ਹੁਕਮ ਦੀ ਤਾਮੀਲ ਹੋ ਗਈ! ਮੋਹਨ ਭਗਵਤ ਉਪਰੰਤ ਕੋਠਾਰੀ ਵਾਲੀ ਗੱਲ ਵੀ ਮੰਨੀ ਗਈ ਹੀ ਸਮਝੋ।

ਦਰਅਸਲ ਗੱਲ ਹੋਰ ਵੀ ਹੈ। 28 ਵਿਰੋਧੀ ਪਾਰਟੀਆਂ ਨੇ ਆਪਣੇ ਗੱਠਜੋੜ ਦਾ ਨਾਮ 'ਇੰਡੀਆ' ਰੱਖ ਲਿਆ ਹੈ, ਜਿਸ ਦਿਨ ਤੋਂ ਇਹ ਨਾਮਕਰਨ ਹੋਇਆ ਹੈ, ਉਸ ਦਿਨ ਤੋਂ ਸੱਤਾਧਾਰੀਆਂ ਦੇ ਢਿੱਡ ਵਿਚ ਪੀੜ ਪੈਣ ਲਗ ਪਈ ਹੈ। ਇਸ ਗੱਠਜੋੜ ਨੂੰ 'ਘੁਮੰਡੀਆ ਗੱਠਜੋੜ' ਕਿਹਾ ਜਾ ਰਿਹੈ। ਪ੍ਰਧਾਨ ਸੇਵਕ ਤਾਂ ਇਸ ਨੂੰ ਤਾਲੀਬਾਨ ਤੇ ਹੋਰ ਆਤੰਕੀ ਜਥੇਬੰਦੀਆਂ ਨਾਲ ਵੀ ਸੰਗਿਆ ਦੇ ਚੁਕੇ ਹਨ। 'ਇੰਡੀਆ' ਗੱਠਜੋੜ ਵਾਲਿਆਂ ਨੇ ਅਗਲੀਆਂ ਚੋਣਾਂ ਲਈ ਆਪਣੀ ਟੈਗਲਾਈਨ ਵੀ ਭਾਜਪਾਈਆਂ ਦੀ ਹਿੱਕ 'ਤੇ ਮੂੰਗ ਦਲਣ ਵਾਲੀ ਚੁਣੀ ਹੈ-"ਜੁੜੇਗਾ ਭਾਰਤ, ਜੀਤੇਗਾ ਇੰਡੀਆ"!

ਜਿਥੇ ਭਾਰਤ ਨਾਮਕਰਨ ਦੀ ਪਹਿਲ ਵਿਚ ਭਾਜਪਾ ਦਾ ਵਿਰੋਧੀਆਂ ਦੇ ਗੱਠਜੋੜ ਤੋਂ ਡਰ ਸਾਫ ਝਲਕਦਾ ਹੈ ਓਥੇ ਹੀ ਉਨ੍ਹਾਂ ਵਲੋਂ ਇਸ ਗਠਬੰਧਨ ਦਾ ਨਾਮ 'ਇੰਡੀਆ' ਰੱਖਣ ਦੀ ਐਲਰਜੀ ਵੀ ਸਪੱਸ਼ਟ ਦਿਸਦੀ ਹੈ। ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਲੋਂ ਹਿੰਦੂ ਵੋਟ ਬੈਂਕ ਨੂੰ ਹੋਰ ਖੁਸ਼ ਕਰਨ ਦਾ ਫਾਇਦੇਮੰਦ ਉਪਰਾਲਾ ਤਾਂ ਹੈ ਹੀ, ਨਾਲ ਹੀ ਦੇਸ਼ ਨੂੰ ਦਰਪੇਸ਼ ਵਧਦੀ ਬੇਰੁਜ਼ਗਾਰੀ, ਲੱਕ ਤੋੜਵੀਂ ਮਹਿੰਗਾਈ, ਫਿਰਕੂ ਧਰੁਵੀਕਰਨ, ਅਡਾਨੀ ਸਕੈਮ, ਦੇਸ਼ ਵਿਚ ਹੋ ਰਹੀ ਨਸਲੀ ਹਿੰਸਾ/ਟਕਰਾਓ ਆਦਿ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਦਾ ਇਕ ਸ਼ਾਤਰ ਕਦਮ ਹੈ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਤਾਮਿਲ ਨਾਡੂ ਦੇ ਯੁਵਾ ਮਾਮਲਿਆਂ ਦੇ ਮੰਤਰੀ ਉਦੈਨਿਧੀ ਸਟਾਲਿਨ, ਜੋ ਮੁੱਖ ਮੰਤਰੀ ਦਾ ਪੁੱਤਰ ਹੈ, ਨੇ ਸਨਾਤਨ ਧਰਮ ਨੂੰ ਮਾੜਾ-ਚੰਗਾ ਕਹਿ ਕੇ ਪੂਰੀ ਕਰ ਦਿੱਤੀ। ਭਾਜਪਾ ਵਾਲੇ ਹੁਣ ਆਪਣੇ ਭੱਥੇ ਵਿਚਲੇ ਸਾਰੇ ਤੀਰ ਵਿਰੋਧੀਆਂ ਨੂੰ ਹਿੰਦੂਆਂ ਦਾ ਖਾਤਮਾ ਕਰਨ ਵਾਲੇ ਗੱਠਜੋੜ ਵਜੋਂ ਭੰਡ ਰਹੇ ਹਨ ਕਿਉਂਕਿ ਡੀ.ਐਮ.ਕੇ.,ਜਿਸ ਪਾਰਟੀ ਦੀ ਸਰਕਾਰ ਵਿਚ ਸਟਾਲਿਨ ਮੰਤਰੀ ਹੈ ਤੇ ਪਾਰਟੀ ਦਾ ਅਹੁਦੇਦਾਰ ਵੀ, ਗੱਠਜੋੜ ਦਾ ਅਹਿਮ ਹਿੱਸਾ ਹੈ। ਇਸ ਨਾਲ ਗੱਠਜੋੜ ਵਾਲਿਆਂ 'ਚੋਂ ਵੀ ਕਈਆਂ ਨੇ ਸਨਾਤਨ ਮੱਤ ਵਿਰੁੱਧ ਵਰਤੇ ਅਪਸ਼ਬਦਾਂ ਦੀ ਨਿੰਦਾ ਕੀਤੀ ਹੈ।

ਖੈਰ, ਇਹ ਤਾਂ ਸਪੱਸ਼ਟ ਹੈ ਕਿ ਭਾਜਪਾ ਵਲੋਂ ਅਗਲੀਆਂ ਚੋਣਾਂ ਧਰਮ ਦੇ ਨਾਮ ਉਪਰ ਲੜੀਆਂ ਜਾਣਗੀਆਂ, ਮੁੱਦਿਆ 'ਤੇ ਨਹੀਂ। ਭਾਜਪਾ, ਖਾਸ ਕਰਕੇ, ਮੋਦੀ, ਕਦੀ ਵੀ ਇਹ ਮੁਨਾਸਬ ਮੌਕਾ ਹੱਥੋਂ ਨਹੀਂ ਜਾਣ ਦੇਵੇਗਾ। ਪਿਛਲੇ 9-10 ਸਾਲਾਂ ਵਿਚ ਕੀਤੇ ਗਏ ਫਿਰਕੂ ਧਰੁਵੀਕਰਨ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ। ਇਸ ਦਾ ਅਮਲ ਹੁਣ ਤੋਂ ਹੀ ਸ਼ੁਰੂ ਹੋ ਗਿਆ ਹੈ।

ਜੇਕਰ ਵਿਰੋਧੀ ਪਾਰਟੀਆਂ ਇੱਕਮੁੱਠ ਰਹੀਆਂ ਅਤੇ ਚੋਣਾਂ 'ਚ ਲੋਕ-ਮੁੱਦੇ ਉਭਾਰਨ ਵਿਚ ਸਫਲ ਹੋ ਗਈਆਂ ਤਾਂ ਫਿਰ ਕੋਈ ਟੱਕਰ ਬਣ ਸਕੇਗੀ, ਵਰਨਾ...।

ਭਲਾ ਭਾਰਤ ਬਾਰੇ ਸ਼ਬਦ ਵਿਗਿਆਨ ਕੀ ਕਹਿੰਦੈ?

ਇਹ ਗੱਲ ਤਾਂ ਮੀਡੀਆ ਨੇ ਜੱਗ ਜ਼ਾਹਿਰ ਕਰ ਦਿੱਤੀ ਹੈ ਕਿ ਸਾਡੇ ਦੇਸ਼ ਦੇ ਸੰਵਿਧਾਨ ਵਿਚਲੇ ਅਨੁਸ਼ੇਦ-1 ਅਨੁਸਾਰ 'ਇੰਡੀਆ, ਜੋ ਭਾਰਤ ਹੈ, ਰਾਜਾਂ ਦਾ ਸੰਘ ਹੈ'। ਜਾਣੀ, ਸੰਵਿਧਾਨ ਵਿਚ ਦੇਸ਼ ਦੇ ਦੋ ਨਾਮ ਹਨ-ਇੰਡੀਆ ਅਤੇ ਭਾਰਤ। ਕਿਉਂਕਿ ਇੰਡੀਆ ਅੰਗਰੇਜ਼ੀ ਦਾ ਸ਼ਬਦ ਹੈ, ਇਸ ਲਈ ਇਹ ਭਾਜਪਾ ਨੂੰ ਪਚਦਾ ਨਹੀਂ। ਅੰਗਰੇਜ਼ੀ ਅਤੇ ਉਰਦੂ ਵਾਲੇ ਨਾਮ ਵੈਸੇ ਵੀ ਭਾਜਪਾ ਦੇ ਢਿੱਡ ਅੰਦਰ ਘਾਂਊਂ-ਮਾਂਊਂ ਕਰਨ ਲੱਗ ਪੈਂਦੇ ਹਨ।

ਭਾਈ ਕਾਹਨ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ 'ਭਾਰਤ' ਉਸ ਦੇਸ਼ ਦਾ ਨਾਮ ਹੈ ਜਿਸ ਦਾ ਸਬੰਧ ਭਰਤ (ਰਾਜਾ ਭਰਤ) ਨਾਲ ਹੈ। ਮਹਾਂਭਾਰਤ ਵਿਚ ਭਰਤਵੰਸ਼ੀ ਰਾਜਿਆਂ ਦਾ ਵਰਣਨ ਹੈ। 'ਬ੍ਰਹਮੰਡ ਪੁਰਾਨ' ਵਿਚ ਵੀ ਭਾਰਤ ਸ਼ਬਦ ਦਾ ਜ਼ਿਕਰ ਹੈ। ਕੋਸ਼ ਵਿਚ ਇੰਡੀਆ, ਹਿੰਦੁਸਤਾਨ, ਭਾਰਤਵਰਸ਼ ਅਤੇ ਆਰਯਾਵਰਤ ਨਾਵਾਂ ਦਾ ਵੀ ਵਰਣਨ ਹੈ। ਇੰਡੀਆ ਸਿੰਧੂਨਦ/ਸਿੰਧੂ ਦਰਿਆ (ਇੰਡਸ) ਵਾਲਾ ਦੇਸ਼ ਵੀ ਦਸਿਆ ਗਿਐ, ਜਿਸ ਦੁਆਲੇ ਆਰੀਆ ਲੋਕ ਵਸਦੇ ਸਨ। ਕਿਉਂਕਿ ਅਰਬ, ਪਰਸ਼ੀਅਨਾਂ ਸਮੇਤ ਹੋਰ ਕਈ ਬਦੇਸ਼ੀ 'ਸਾ' ਦਾ ਉਚਾਰਨ 'ਹਾ' ਕਰਦੇ ਸਨ, ਇਸ ਲਈ ਸਿੰਧੂ ਨੂੰ ਹਿੰਦੂ ਕਹਿਣ ਲੱਗ ਪਏ। ਯੂਨਾਨੀ ਵੀ ਸਿੰਧੂ ਨੂੰ ਇੰਡਸ ਉਚਾਰਦੇ ਸਨ, ਜਿਸ ਤੋਂ ਹਿੰਦਸ ਜਾਂ ਹਿੰਦੁਸਤਾਨ ਪ੍ਰਚੱਲਤ ਹੋ ਗਿਆ।

ਵੈਸੇ ਗੁਰੂ ਨਾਨਕ ਦੇਵ ਜੀ ਨੇ ਵੀ ਸ਼ਬਦ ਹਿੰਦੁਸਤਾਨ ਵਰਤਿਆ ਹੈ-"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ"॥ (ਸ੍ਰੀ ਗੁਰੂ ਗ੍ਰੰਥ ਸਾਹਿਬ-ਅੰਗ 360)

ਭਾਰਤ ਸ਼ਬਦ ਦੀਆ ਜੜ੍ਹਾਂ ਸੰਸਕ੍ਰਿਤ ਵਿਚ ਵੀ ਦੱਸੀਆਂ ਜਾਂਦੀਆਂ ਹਨ ਜਿਨ੍ਹਾਂ ਤਹਿਤ ਇਸ ਦਾ ਅਰਥ ਅਗਨੀ ਹੈ। 'ਭਾ' ਦਾ ਅਰਥ ਰੌਸ਼ਨੀ ਤੇ 'ਰਤਾ' ਦਾ ਅਰਥ 'ਭਾਲ' ਵੀ ਦਸਿਆ ਗਿਆ ਹੈ, ਭਾਵ ਜੋ ਰੌਸ਼ਨ ਰਹਿੰਦੈ, ਚਮਕਦੈ ਜਾਂ ਰੌਸ਼ਨੀ ਦੀ ਭਾਲ 'ਚ ਰਹਿੰਦੈ!

ਸਭ ਤੋਂ ਵਧੇਰੇ ਮਾਨਤਾ ਪ੍ਰਾਪਤ ਅਰਥ ਕੇਕਈ ਦੇ ਸਪੁੱਤਰ ਅਤੇ ਭਗਵਾਨ ਰਾਮ ਦੇ ਛੋਟੇ ਭਰਾ ਭਰਤ ਵਾਲੇ ਮੰਨੇ ਜਾਂਦੇ ਹਨ। ਇਹ ਗੱਲ ਬਹੁਤਿਆਂ ਨੂੰ ਪਤੈ ਕਿ ਕੇਕਈ ਨੇ ਆਪਣੇ ਪੁੱਤਰ ਭਰਤ ਨੂੰ ਰਾਜ ਗੱਦੀ ਉਪਰ ਬੈਠਾਲਣ ਲਈ ਪਿਤਾ ਰਾਜਾ ਦਸ਼ਰਥ ਤੋਂ ਭਰਤ ਦੇ ਵਡੇ ਭਰਾ ਰਾਮ ਨੂੰ 14 ਸਾਲ ਦਾ ਬਨਵਾਸ ਦਿਵਾ ਦਿੱਤਾ ਸੀ ਪਰ ਭਰਤ ਨੇ ਵੱਡੇ ਭਰਾ ਪ੍ਰਤੀ ਭਾਉ-ਭਾਵਨਾ-ਭਗਤੀ ਦਰਸਾਈ ਅਤੇ ਰਾਜਗੱਦੀ ਉਪਰ ਉਸ ਦਾ ਹੱਕ ਹੀ ਮੰਨਿਆ!

ਰਿਗਵੇਦ ਵਿਚ ਇਕ ਵੈਦਿਕ ਭਾਈਚਾਰੇ/ਕਬੀਲੇ 'ਭਾਰਤਾ' ਦਾ ਜ਼ਿਕਰ ਹੈ ਜੋ ਆਰੀਆਵਰਤਾ ਦੀ ਸਲਤਨਤ ਸੀ।

ਇਕ ਮਨੌਤ ਹੋਰ ਵੀ ਹੈ ਕਿ ਭਾਰਤ ਨਾਮ ਦੁਸ਼ਯੰਤ, ਜੋ ਕੌਰਵਾਂ-ਪਾਂਡਵਾਂ ਦਾ ਪੂਰਵਜ ਸੀ, ਅਤੇ ਸ਼ਕੁੰਤਲਾ ਦੇ ਸਪੁੱਤਰ ਭਰਤ ਦੇ ਨਾਮ ਕਾਰਨ ਪਿਆ। ਇਸ ਦਾ ਜ਼ਿਕਰ ਮਹਾਂਭਾਰਤ ਵਿਚ ਵੀ ਹੈ।

ਇਸ ਨਾਮ ਦਾ ਹਵਾਲਾ ਜੈਨ ਮੱਤ ਵਿਚ ਵੀ ਮਿਲਦਾ ਹੈ ਅਤੇ ਜੈਨ ਤੀਰਥਅੰਕਰ ਰਿਸ਼ਭਾਨਾਥ ਦੇ ਪੁੱਤਰ ਭਾਰਤ ਦੇ ਨਾਮ ਨਾਲ ਵੀ ਸਬੰਧ ਜੋੜਿਆ ਜਾਂਦੈ।

ਪ੍ਰਸਿੱਧ ਯੂਨਾਨੀ ਇਤਿਹਾਸਕਾਰ, ਖੋਜੀ, ਨਸਲੀ-ਵਿਗਿਆਨੀ ਅਤੇ ਯਾਤਰੀ ਮੈਗਥਨੀਜ਼ (350-290 ਬੀ.ਸੀ.ਈ.) ਆਪਣੀ ਪੁਸਤਕ 'ਇੰਡਿਕਾ' ਵਿਚ 'ਇੰਡਸ ਰਿਵਰ' ਦਾ ਜ਼ਿਕਰ ਕਰਦੈ ਅਤੇ ਨਾਲ ਹੀ ਇੰਡੀਆ ਦਾ। ਮੋਰੋਕੋ ਦਾ ਯਾਤਰੀ ਅਤੇ ਖੋਜੀ ਇਬਨ ਬਟੂਟਾ, ਜੋ ਕਾਫੀ ਬਾਅਦ ਵਿਚ ਭਾਰਤ ਆਇਆ, ਆਪਣੀ ਯਾਤਰਾ-ਪੁਸਤਕ 'ਰੀਹਲਾ' 'ਚ ਸਿੰਧ, ਇੰਡਸ ਦਾ ਜ਼ਿਕਰ ਕਰਦਾ ਹੈ ਅਤੇ ਭਾਰਤ ਵਿਚਲੇ ਅਨੇਕਾਂ ਸ਼ਹਿਰਾਂ ਬਾਰੇ ਆਪਣੇ ਪ੍ਰਭਾਵ ਅੰਕਤ ਕਰਦਾ ਹੈ।

ਇੰਡੀਆ ਸ਼ਬਦ ਨਾਮਵਰ ਯੂਨਾਨੀ ਇਤਿਹਾਸਕਾਰ ਹੀਰੋਡੋਟਸ ਦੁਆਰਾ 5ਵੀਂ ਸਦੀ ਬੀ.ਸੀ.ਈ. ਤੋਂ ਵਰਤਿਆ ਜਾਣ ਲੱਗਾ ਦਸਿਆ ਜਾਂਦੈ ਅਤੇ ਇਹ ਟਰਮ ਪੁਰਾਤਨ ਅੰਗਰੇਜ਼ੀ ਵਿਚ 9ਵੀਂ ਸਦੀ ਵਿਚ ਵਿਦਮਾਨ ਹੋਈ ਦਸੀ ਜਾਂਦੀ ਹੈ। 515 ਬੀ.ਸੀ.ਈ. ਵਿਚ ਪਰਸ਼ੀਅਨ ਹਾਕਮ ਡੇਰੀਯਸ-1 ਨੇ ਸਿੰਧੂ ਸਮੇਤ ਇੰਡਸ ਵੈਲੀ ਨੂੰ ਆਪਣੇ ਰਾਜ ਵਿਚ ਮਿਲਾ ਲਿਆ ਅਤੇ ਪਰਸ਼ੀਅਨ ਵਿਚ ਸਿੰਧੂ ਨੂੰ ਹਿੰਦੂ ਉਚਾਰਿਆ ਜਾਂਦਾ ਸੀ। ਪਰਸ਼ੀਆਂ ਵਿਚ ਭਾਰਤੀ ਉਪ-ਮਹਾਂਦੀਪ ਨੂੰ ਹਿੰਦੁਸਤਾਨ ਜਾਂ ਇੰਡੀਆ ਕਿਹਾ ਜਾਂਦੈ।

ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਇੰਡੀਆ ਨੂੰ ਦੱਖਣੀ ਏਸ਼ੀਆ ਦਾ ਨੁਮਾਇੰਦਾ ਦੇਸ਼ ਆਖਦੀ ਹੈ ਜਿਥੇ ਤੀਸਰੇ ਮਿਲੀਨੀਯਮ ਬੀ.ਸੀ. ਵਿਚ ਇੰਡਸ ਵੈਲੀ ਸਭਿਅਤਾ ਪਨਪੀ। ਇਸ ਸ਼ਬਦਕੋਸ਼ ਵਿਚ ਇਸ ਦੇ ਹਿੰਦੀ ਨਾਮ ਭਾਰਤ ਦਾ ਵੀ ਜ਼ਿਕਰ ਹੈ।

ਕੁਝ ਸਰੋਤ ਭਾਰਤ ਦੇ ਸੱਤ ਨਾਮ ਦਸਦੇ ਹਨ-ਜੰਬੂਦਵੀਪ, ਅਲ-ਹਿੰਦ, ਹਿੰਦੁਸਤਾਨ, ਤੇਨਜ਼ਿਕੂ, ਆਰਯਾਵਰਤ, ਭਾਰਤ, ਇੰਡੀਆ !

ਹੁਣ ਜ਼ਰਾ ਫਿਰ ਪਰਤਦੇ ਹਾਂ ਇੰਡੀਆ ਦੇ ਭਾਰਤ ਨਾਮਕਰਨ ਵੱਲ।

ਮੀਡੀਆ ਅਤੇ ਸਿਆਸੀ ਵਿਸ਼ਲੇਸ਼ਣਕਾਰ ਇਹ ਕਹਿ ਰਹੇ ਹਨ ਕਿ ਸੱਤਾਧਾਰੀ ਪਾਰਟੀ ਨੇ ਸੰਸਦ ਦਾ ਵਿਸ਼ੇਸ਼ ਸੈਸ਼ਨ 18-22 ਸਤੰਬਰ ਨੂੰ ਭਾਰਤ ਨਾਮ 'ਤੇ ਰਸਮੀ ਤੌਰ ਉਪਰ ਸੰਸਦੀ ਪ੍ਰਵਾਨਗੀ ਲਈ ਬੁਲਾਇਆ ਹੈ। ਸਤੰਬਰ 18 ਤਾਰੀਖ ਗਿਣ-ਮਿੱਥ ਕੇ ਚੁਣੀ ਗਈ ਹੈ। ਇਸੇ ਹੀ ਦਿਨ 18 ਸਤੰਬਰ 1949 ਨੂੰ ਇਹ ਸਤਰ 'ਇੰਡੀਆ, ਦੈਟ ਇਜ਼ ਭਾਰਤ..." ਅਪਣਾਈ ਗਈ ਸੀ! ਹਿੰਦੂਤਵਾ ਸ਼ਕਤੀਆਂ ਲਈ ਅੰਗਰੇਜ਼ੀ ਦੇ ਇੰਡੀਆ ਦੀ ਥਾਂ ਭਾਰਤ ਨਾਮਕਰਨ ਦਾ ਅਰਥ ਭਾਰਤ ਦੀ ਸੱਭਿਅਤਾ ਅਤੇ ਵਿਰਾਸਤ ਦੀ ਝੰਡਾਬਰਦਾਰੀ ਕਰਨਾ ਅਤੇ ਬਸਤੀਵਾਦੀ/ਨਹਿਰੂਵਾਦੀ ਇੰਡੀਆ-ਵਿਚਾਰ ਨੂੰ ਠੰਢੇ ਬਸਤੇ ਜਾਂ ਡਸਟਬਿਨ ਵਿਚ ਪਾਉਣਾ ਹੈ। ਹਿੰਦੀ ਹਾਰਟਲੈਂਡ ਵਿਚ ਭਾਜਪਾ ਨੂੰ ਇਸ ਦਾ ਸਿਆਸੀ ਲਾਭ ਮਿਲੇਗਾ।

"ਪਰ ਇੰਡੀਆ, ਜੋ ਕਿ ਭਾਰਤ ਹੈ..." ਦੀ ਵਿਚਾਰਧਾਰਾ ਵਾਲੇ ਧਰਮ-ਨਿਰਪੱਖਤਾ, ਬਹੁਲਵਾਦ, ਸੰਮਿਲਤਾ, ਆਧੁਨਿਕਤਾ ਅਤੇ ਵਿਭਿੰਨਤਾ ਦੇ ਮੁੱਦਈ ਹਨ। ਉਹ ਆਪਣੇ ਅਮੀਰ ਵਿਰਸੇ ਤੋਂ ਮੁਨਕਰ ਨਹੀਂ ਪਰ ਫਿਰਕੂ ਵੰਡ ਅਤੇ ਧਰੁਵੀਕਰਨ ਦੇ ਖਤਰਿਆਂ ਤੋਂ ਭਲੀ-ਭਾਂਤ ਜਾਣੂੰ ਹਨ। ਮਨੀਪੁਰ ਵਿਚਲੇ ਮਹੀਨਿਆਂ ਬੱਧੀ ਨਸਲੀ ਦੰਗੇ ਅਤੇ ਉਸ ਉਪਰੰਤ ਹਰਿਆਣਾ ਵਿਚ ਦੋ ਫਿਰਕਿਆਂ ਦਰਮਿਆਨ ਹੋਈ ਘਮਸਾਨ ਲੜਾਈ ਇਸ ਦੀਆਂ ਤਾਜ਼ਾ ਉਦਾਹਰਨਾਂ ਹਨ। ਉੱਤਰ ਪ੍ਰਦੇਸ਼ ਵਿਚ ਤਾਂ ਪਹਿਲਾਂ ਹੀ ਘੱਟ-ਗਿਣਤੀਆਂ ਨੂੰ ਖੂੰਜੇ ਲਾ ਦਿੱਤਾ ਗਿਆ ਹੈ। ਹਜੂਮੀ ਹਿੰਸਾ, ਗਊ ਰੱਖਿਆ ਹਿੰਦੂ ਬ੍ਰਿਗੇਡ, ਨੈਤਿਕ ਹਿੰਦੂ ਪੁਲਿਸ ਟੋਲੇ ਅਤੇ ਸੋਸ਼ਲ ਮੀਡੀਆ ਉਪਰ ਘੱਟ ਗਿਣਤੀਆਂ ਵਿਰੁੱਧ ਉਸਾਰਿਆ ਜਾ ਰਿਹਾ ਨਫਰਤੀ ਬਿਆਨੀਆਂ ਵੀ ਸਭ ਹਿੰਦੂਤਵਾ ਦੇ ਉਭਾਰ ਦਾ ਖਤਰਨਾਕ ਇਸ਼ਾਰਾ ਹਨ।

ਹੁਣ ਸਵਾਲ ਉਠਦਾ ਹੈ ਕਿ ਕੀ ਅਸੀਂ ਧਰਮਤੰਤਰ ਵੱਲ ਵਧ ਰਹੇ ਹਾਂ? ਕੀ ਭਾਰਤ/ਇੰਡੀਆ, ਜੋ ਕਿ ਧਰਮ-ਨਿਰਪੱਖ, ਸਮਾਜਵਾਦੀ, ਸੰਸਦੀ ਲੋਕਤੰਤਰਿਕ ਦੇਸ਼ ਹੈ, ਇਕ ਥੀਓਕਰੈਟਿਕ (ਧਰਮਤੰਤਰੀ) ਦੇਸ਼ ਬਣ ਜਾਏਗਾ? ਮੋਦੀ ਸਰਕਾਰ ਦੇ ਪਿਛਲੇ ਨੌਂ ਸਾਲ ਤਾਂ ਦੇਸ਼ ਦਾ ਮੂੰਹ-ਮੁਹਾਂਦਰਾ, ਮੁਹਾਵਰਾ ਅਤੇ ਮਨ-ਮਸਤਿਕ 'ਚ ਹਿੰਦੂਤਵਾ ਦਾ ਬੀਜ ਬੀਜਣ ਵਿਚ ਸਫਲ ਹੋਏ ਦਿਸ ਰਹੇ ਹਨ। ਰਸਮੀ ਤੌਰ 'ਤੇ ਧਰਮਤੰਤਰ ਬੇਸ਼ੱਕ ਨਾ ਵੀ ਅਪਣਾਇਆ ਜਾਵੇ, ਬਹੁਗਿਣਤੀ ਵਾਲਿਆਂ ਦਾ ਤੰਤਰ ਤਾਂ ਚਰਮ ਸੀਮਾ 'ਤੇ ਹੈ।

ਇਕ ਸਵਾਲ ਹੋਰ-ਕੀ ਇੰਡੀਆ ਦੀ ਥਾਂ ਭਾਰਤ ਨਾਮਕਰਨ ਲਈ ਸੰਵਿਧਾਨ ਵਿਚ ਸੋਧ ਕਰਨੀ ਪਵੇਗੀ? ਵਿਸ਼ੇਸ਼ੱਗਾਂ ਅਨੁਸਾਰ ਜੇ ਤਾਂ ਸ਼ਬਦ ਇੰਡੀਆ ਬਾਹਰ ਹੀ ਕੱਢਣਾ ਹੈ ਅਤੇ ਸਿਰਫ ਭਾਰਤ ਹੀ ਰਖਣਾ ਹੈ ਤਾਂ ਤੇ ਕਰਨੀ ਪਊ ਪਰ ਜੇ ਸਿਰਫ ਉਲਟਫੇਰ ਕਰ ਕੇ ਭਾਰਤ ਅੱਗੇ ਅਤੇ ਇੰਡੀਆ ਪਿਛੇ ਕਰਨਾ ਹੈ ਤਾਂ ਸੋਧ ਦੀ ਲੋੜ ਨਹੀਂ ਕਿਉਂਕਿ ਸਾਡੇ ਹੀ ਦੇਸ਼ ਦੀ ਇਹ ਵਿਲੱਖਣਤਾ ਹੈ ਕਿ ਇਸ ਦੇ ਸੰਵਿਧਾਨਕ ਤੌਰ 'ਤੇ ਦੋ ਨਾਮ ਹਨ।

ਪਰ ਜੇ ਇੰਡੀਆ ਨਾਮ ਬਾਹਰ ਕਢਣ ਦਾ ਮਨਸ਼ਾ ਹੈ ਤਾਂ ਸਰਕਾਰ ਅਤੇ ਲੋਕਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਹਜ਼ਾਰਾਂ ਥਾਂਵਾਂ ਉਪਰ ਨਾਮ ਬਦਲਣੇ ਪੈਣਗੇ। ਚਲੋ, ਸਰਕਾਰ ਲਈ ਤਾਂ ਕੋਈ ਖਾਸ ਔਖ ਨਹੀਂ ਆਉਂਦੀ ਕਿਉਂਕਿ ਉਹ ਸਰਕਾਰ ਹੈ, ਬਲਕਿ ਸੱਚੀ ਸਰਕਾਰ ਹੈ, ਪਰ ਲੋਕਾਂ ਲਈ ਬੜਾ ਕਜੀਆ ਪਊ। ਸਾਰੇ ਸਰਕਾਰੀ ਦਸਤਾਵੇਜ਼ਾਂ ਦੇ ਨਾਮ ਬਦਲਣੇ ਪੈਣਗੇ-ਆਧਾਰ ਕਾਰਡ, ਪੈਨ ਕਾਰਡ, ਪਾਸਪੋਰਟ, ਡਰਾਈਵਿੰਗ ਲਾਇਸੈਂਸ, ਗੱਡੀਆਂ ਦੇ ਰਜਿਸਟਰੇਸ਼ਨ ਸਰਟੀਫਿਕੇਟ ਅਤੇ ਹੋਰ ਪਤਾ ਨਹੀਂ ਕੀ ਕੀ। ਸਾਡੇ ਏਧਰ ਦਫਤਰਾਂ ਦੇ ਕੰਮ ਕਰਨ ਦੀ ਸੁਸਤ ਰਫਤਾਰ (ਤੇ ਬਹੁਤੇ ਥਾਈਂ ਫਾਈਲਾਂ ਨੂੰ ਨੋਟਾਂ ਦੇ ਪਹੀਏ ਲਗਾਉਣ ਦੀ ਲਿੱਲ੍ਹ) ਬਾਰੇ ਭਲਾ ਕਿਹੜਾ ਨਹੀਂ ਜਾਣਦਾ। ਲੋਕਾਂ ਦੀ ਖੱਜਲ ਖੁਆਰੀ (ਜਿਸ ਬਾਰੇ ਸਰਕਾਰਾਂ ਘੱਟ ਵੱਧ ਹੀ ਸੋਚਦੀਆਂ ਹਨ) ਅਤੇ ਖਰਚਾ ਇਸ ਤੋਂ ਇਲਾਵਾ।

ਜਾਣੀ, ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ!

ਸੱਚੀ ਸਰਕਾਰ ਨੇ ਅੱਗੇ ਨੋਟਬੰਦੀ ਕਰ ਕੇ ਲੋਕਾਂ 'ਤੇ ਭੀੜ ਪਾਈ ਸੀ, ਮੌਲਾ ਖੈਰ ਕਰੇ, ਆਹ ਨਵੀਂ ਭਸੂੜੀ ਨਾ ਹੀ ਪਵੇ!

ਮੀਰ ਤਕੀ ਮੀਰ ਦੇ ਇਕ ਸ਼ੇਅਰ ਨਾਲ ਗੱਲ ਮੁਕਾਉਂਦੇ ਹਾਂ-

"ਨਾਹਕ ਹਮ ਮਜਬੂਰੋਂ ਪਰ ਯੇ ਤੋਹਮਤ ਹੈ ਮੁਖਤਾਰੀ ਕੀ,
ਚਾਹਤੇ ਹੈਂ ਸੋ ਆਪ ਕਰ ਹੈਂ ਹਮ ਕੋ ਅਬਸ ਬਦਨਾਮ ਕੀਆ"!

---

# *ਯਾਦ ਰੱਖਣ ਯੋਗ ਗੱਲਾਂ*

* ਕੁਦਰਤ ਦਾ ਨਿਯਮ ਹੈ ਕਿ ਪੱਤਝੜ ਤੋਂ ਬਾਅਦ ਬਹਾਰ ਆਉਣੀ ਹੀ ਹੁੰਦੀ ਹੈ ਲਿਹਾਜ਼ਾ ਛੋਟੀ ਮੋਟੀ ਮੁਸੀਬਤ ਵਿਚ ਘਬਰਾਇਆ ਨਾ ਕਰੋ।



* ਦੁਨੀਆ ਦਾ ਸਭ ਤੋਂ ਵੱਡਾ ਧੋਖਾ ਖੁਦ ਨੂੰ (ਆਪਣੇ ਆਪ) ਨੂੰ ਧੋਖਾ ਦੇਣਾ ਹੁੰਦਾ ਹੈ।

* ਜਿਸ ਪੁਲਿਸ ਅਫਸਰ ਨੇ ਨਸ਼ਿਆਂ ਨੂੰ ਨੱਥ ਪਾਉਣੀ ਹੁੰਦੀ ਸੀ ਉਸ ਦਾ ਪਤਾ ਉਦੋਂ ਲਗਦਾ ਸੀ ਜਦੋਂ ਦੋ ਚਾਰ ਦੇ ਚਲਾਨ ਹੋ ਜਾਂਦੇ ਸਨ, ਜਿਹੜਾ ਆਉਂਦੇ ਹੀ ਦਬਕਾ ਮਾਰੇ ਮੈਂ ਨਸ਼ੇ ਨਹੀਂ ਵਿਕਣ ਦੇਣਾ ਉਸ ਦਾ ਸਭ ਨੂੰ ਪਤਾ ਹੁੰਦਾ ਸੀ, ਹੁਣ ਤਾਂ ਚੁੱਪ ਹੀ ਭਲੀ ਹੈ ਇਹ ਡਿਊਟੀ ਮੰਤਰੀ ਕਰਦੇ ਹਨ।

* ਗਰੀਬ ਦੀ ਹਾਅ ਅਤੇ ਮੂਰਖ ਦੀ ਸਲਾਹ ਲੈਣ ਤੋਂ ਹਮੇਸ਼ਾਂ ਬਚੋ।

* ਦੋਸਤੋ ਆਪਣੇ ਮਾਤਾ-ਪਿਤਾ ਜੀ ਅਤੇ ਹੋਰ ਜਿਨ੍ਹਾਂ ਨੂੰ ਵੀ ਪਿਆਰ ਕਰਦੇ ਹੋ ਸਮਾਂ ਦਿਆ ਕਰੋ ਕਿਉਂਕਿ ਸਮਾਂ ਹੀ ਹੈ ਜੋ ਜਿਉਂਦੇ ਜੀਅ ਦਿੱਤਾ ਜਾ ਸਕਦਾ ਹੈ, ਤਾਜਮਹਲ ਸਾਰੀ ਦੁਨੀਆਂ ਨੇ ਵੇਖਿਆ ਹੈ ਪਰ ਮੁਮਤਾਜ ਨੇ ਨਹੀਂ।


* ਡਾਰਾਂ ਵਿਚ ਸਧਾਰਨ ਪੰਛੀ ਉੱਡਦੇ ਹਨ ਇਕੱਲੇ ਉੱਡਣ ਵਾਲਿਆਂ ਦੇ ਖੰਭ ਮਜ਼ਬੂਤ ਹੁੰਦੇ ਹਨ, ਬਾਜ਼ਾਂ ਦੀਆਂ ਡਾਰਾਂ ਨਹੀਂ ਹੁੰਦੀਆਂ।

* ਖੁਸ਼ੀਆਂ ਭਾਲਣ ਵਾਸਤੇ ਕੰਮ ਕਰੋਗੇ ਤਾਂ ਖੁਸ਼ੀ ਨਹੀਂ ਮਿਲੇਗੀ, ਖੁਸ਼ ਹੋ ਕੇ ਕੰਮ ਕਰੋਗੇ ਤਾਂ ਬਿਅੰਤ ਖੁਸ਼ੀਆਂ ਪਾਉਗੇ।

* ਦੋ ਲੱਖ ਦੇ ਕਰਜ਼ਾਈ ਨੂੰ ਚਿੰਤਾ ਹੁੰਦੀ ਹੈ ਕਿ ਮੈਂ ਕਰਜ਼ਾ ਕਿਵੇਂ ਉਤਾਰਨਾ ਹੈ, ਦਸ ਕਰੋੜ ਦੇ ਕਰਜ਼ਾਈ ਨੂੰ ਕੋਈ ਚਿੰਤਾ ਨਹੀਂ ਹੁੰਦੀ ਉਸ ਦੀ ਚਿੰਤਾ ਬੈਂਕ ਕਰਦਾ ਹੈ ਕਿ ਇਹ ਪੈਸਾ ਲੈਣਾ ਕਿਵੇਂ ਹੈ?

**ਹਰਦੀਪ ਸਿੰਘ ਸੋਢੀ**
**ਫੋਨ: 480-794-0325**

# ਕਿਸੇ ਮੁਲਕ ਦੇ ਅਰਥਚਾਰੇ 'ਚ ਤਰੱਕੀ ਦੇ ਮਾਪਦੰਡ



ਡਾ. ਸ ਸ ਛੀਨਾ

ਭਾਰਤ ਭਾਵੇਂ 5 ਟ੍ਰਿਲੀਅਨ ਡਾਲਰ (ਪੰਜ ਲੱਖ ਕਰੋੜ ਡਾਲਰ) ਵਾਲਾ ਅਰਥਚਾਰਾ ਤਾਂ ਨਹੀਂ ਬਣ ਸਕਿਆ ਪਰ ਪਿਛਲੇ ਸਾਲ ਇੰਗਲੈਂਡ ਨੂੰ ਪਛਾੜ ਕੇ ਦੁਨੀਆ ਦਾ ਪੰਜਵਾਂ ਅਰਥਚਾਰਾ ਜ਼ਰੂਰ ਬਣ ਗਿਆ ਹੈ। ਅਰਥਚਾਰੇ ਦੇ ਆਕਾਰ ਨੂੰ ਉਸ ਦੇਸ਼ ਵਿਚ ਇਕ ਸਾਲ ਵਿਚ ਪੈਦਾ ਹੋਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ (ਜੀ.ਡੀ.ਪੀ.) ਦੇ ਆਧਾਰ 'ਤੇ ਮਾਪਿਆ ਜਾਂਦਾ ਹੈ। ਇਹ ਵਸਤੂਆਂ ਅਤੇ ਸੇਵਾਵਾਂ ਦੇਸ਼ ਦੀ ਵਸੋਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਹਨ। ਜੇ ਭਾਰਤ ਵਸੋਂ ਦੇ ਆਕਾਰ ਵਿਚ ਪਹਿਲੇ ਨੰਬਰ 'ਤੇ ਪਹੁੰਚ ਗਿਆ ਹੈ ਤਾਂ ਉਸ ਹਿਸਾਬ ਜੇ ਇਸ ਦੀ ਵਸੋਂ ਵੱਲੋਂ ਪੂਰਾ ਉਤਪਾਦਨ ਕੀਤਾ ਜਾ ਰਿਹਾ ਹੋਵੇ ਤਾਂ ਭਾਰਤ ਪਹਿਲੇ ਨੰਬਰ ਦਾ ਅਰਥਚਾਰਾ ਹੋਣਾ ਚਾਹੀਦਾ ਹੈ। ਜੇ ਭਾਰਤ ਦੀ ਵਸੋਂ ਦੁਨੀਆ ਦੀ ਵਸੋਂ ਦਾ 17.6 ਫੀਸਦੀ ਹੈ ਤਾਂ ਜੀ.ਡੀ.ਪੀ. 17.6 ਦੇ ਬਰਾਬਰ ਹੋਣਾ ਚਾਹੀਦਾ ਹੈ ਪਰ ਉਹ ਸਿਰਫ਼ 3.5 ਫੀਸਦੀ ਹੈ ਜਿਹੜੀ 2014 ਵਿਚ ਸਿਰਫ਼ 2.6 ਫੀਸਦੀ ਸੀ।

ਕੀ ਪੰਜਵਾਂ ਵੱਡਾ ਅਰਥਚਾਰਾ ਹੋਣ ਕਰ ਕੇ ਭਾਰਤ ਦੇ ਆਮ ਬੰਦੇ ਵੀ ਪੰਜਵੇਂ ਦਰਜੇ ਵਾਲੀ ਖੁਸ਼ਹਾਲੀ ਮਾਣ ਰਹੇ ਹਨ? ਉੱਤਰ ਹੈ ਕਿ ਬਿਲਕੁਲ ਨਹੀਂ ਸਗੋਂ ਦੁਨੀਆ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਸਭ ਤੋਂ ਜ਼ਿਆਦਾ ਗਿਣਤੀ 22 ਫੀਸਦੀ ਜਾਂ ਤਕਰੀਬਨ 30 ਕਰੋੜ ਭਾਰਤ ਵਿਚ ਹਨ। ਦੁਨੀਆ ਵਿਚ ਸਭ ਤੋਂ ਵੱਧ ਬੇਰੁਜ਼ਗਾਰਾਂ ਦੀ ਗਿਣਤੀ ਵੀ 7 ਫੀਸਦੀ ਦੇ ਕਰੀਬ ਇਥੇ ਹੈ ਅਤੇ ਫਿਰ ਦੇਸ਼ ਦੇ 3 ਕਰੋੜ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹਨ। ਥੁੜ੍ਹਾਂ ਤੇ ਆਰਥਿਕ ਮੰਦਹਾਲੀ ਆਮ ਹੀ ਨਜ਼ਰ ਆ ਜਾਂਦੀ ਹੈ। ਭਾਰਤ ਭਾਵੇਂ ਪੰਜਵਾਂ ਵੱਡਾ ਆਰਥਚਾਰਾ ਬਣ ਗਿਆ ਹੈ ਪਰ ਇਸ ਦਾ ਆਕਾਰ ਅਮਰੀਕਾ, ਜਰਮਨੀ, ਜਪਾਨ ਅਤੇ ਚੀਨ ਦੇ ਅਰਥਚਾਰੇ ਤੋਂ ਅਜੇ ਵੀ ਬਹੁਤ ਪਿੱਛੇ ਹੈ।

ਅਮਰੀਕਾ ਦਾ ਜੀ.ਡੀ.ਪੀ. 26.85 ਖਰਬ ਡਾਲਰ ਹੈ ਜਦੋਂਕਿ ਭਾਰਤ ਦਾ ਇਸ ਤੋਂ 7ਵੇਂ ਹਿੱਸੇ ਦੇ ਬਰਾਬਰ 3.74 ਅਰਬ ਡਾਲਰ ਹੈ। ਇੰਨੇ ਹੀ ਵਸੋਂ ਵਾਲੇ ਅਕਾਰ ਵਾਲੇ ਦੇਸ਼ ਚੀਨ ਦਾ ਜੀ.ਡੀ.ਪੀ. ਵੀ 19.37 ਖਰਬ ਡਾਲਰ ਹੈ ਜਿਹੜਾ ਦੂਸਰੇ ਨੰਬਰ 'ਤੇ ਹੈ। ਜਪਾਨ ਅਤੇ ਜਰਮਨੀ ਦੀ ਵਸੋਂ ਭਾਵੇਂ ਕਿੰਨੀ ਘੱਟ ਹੈ, ਉਨ੍ਹਾਂ ਦਾ ਜੀ.ਡੀ.ਪੀ. ਵੀ 4.41 ਖਰਬ ਡਾਲਰ ਅਤੇ 4.31 ਖਰਬ ਡਾਲਰ ਹੈ।



ਖੁਸ਼ਹਾਲੀ ਮਾਪਣ ਲਈ ਪ੍ਰਤੀ ਵਿਅਕਤੀ ਆਮਦਨ ਨੂੰ ਵੀ ਪੈਮਾਨਾ ਮੰਨਿਆ ਜਾਂਦਾ ਹੈ। ਉਸ ਹਿਸਾਬ ਭਾਰਤ ਕਿਤੇ ਪਿੱਛੇ ਹੈ। ਉਂਝ ਵੀ ਪ੍ਰਤੀ ਵਿਅਕਤੀ ਆਮਦਨ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਸਹੀ ਤਸਵੀਰ ਨਹੀਂ ਦੱਸਦੀ ਕਿਉਂ ਜੋ ਭਾਰਤ ਵਿਚ ਕਈ ਉਹ ਅਮੀਰ ਘਰਾਣੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਸੈਂਕੜੇ ਕਰੋੜ ਰੁਪਏ ਹੈ ਪਰ ਜ਼ਿਆਦਾ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਦੀ ਔਸਤ ਆਮਦਨ 10 ਹਜ਼ਾਰ ਰੁਪਏ ਤੋਂ ਵੀ ਘੱਟ ਹੈ। ਇਕ ਤਰਫ 3 ਲੱਖ ਰੁਪਏ ਤਨਖਾਹ ਲੈਣ ਵਾਲੇ ਅਤੇ ਦੂਸਰੀ ਤਰਫ 6 ਹਜ਼ਾਰ ਤਨਖਾਹ ਲੈਣ ਵਾਲੇ। ਫਿਰ ਵੀ ਜੇ ਵੱਖ ਵੱਖ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਦੀ ਤਸਵੀਰ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਭਾਰਤ ਭਾਵੇਂ ਪੰਜਵੇਂ ਨੰਬਰ ਦਾ ਅਰਥਚਾਰਾ ਬਣ ਗਿਆ ਹੈ ਪਰ ਇਸ ਦੀ ਪ੍ਰਤੀ ਵਿਅਕਤੀ ਆਮਦਨ ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ ਤੋਂ 30 ਗੁਣਾਂ ਤੋਂ ਵੀ ਜ਼ਿਆਦਾ ਘਟ ਹੈ; ਇਥੋਂ ਤਕ ਕਿ ਆਸਟਰੇਲੀਆ ਜਿਹੜੇ ਪਹਿਲੇ 8 ਦੇਸ਼ਾਂ ਵਿਚ ਵੀ ਨਹੀਂ ਆਉਂਦਾ, ਉਸ ਦੀ ਪ੍ਰਤੀ ਵਿਅਕਤੀ ਆਮਦਨ 60797 ਡਾਲਰ ਪ੍ਰਤੀ ਸਾਲ ਹੈ। ਭਾਰਤ ਵਿਚ ਇਹ ਸਿਰਫ਼ 2085 ਡਾਲਰ ਹੈ।

ਪ੍ਰਤੀ ਵਿਅਕਤੀ ਆਮਦਨ ਭਾਵੇਂ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਪ੍ਰਤੀਕ ਨਹੀਂ, ਫਿਰ ਵੀ ਇਸ ਤੋਂ ਉਸ ਦੇਸ਼ ਦੇ ਆਮ ਵਿਅਕਤੀ ਦੀ ਆਰਥਿਕ ਹਾਲਤ ਅਤੇ ਉਸ ਦੇ ਰਹਿਣ ਸਹਿਣ ਦਾ ਅੰਦਾਜ਼ਾ ਹੋ ਜਾਂਦਾ ਹੈ। ਕੈਨੇਡਾ ਵਰਗਾ ਦੇਸ਼ ਜਿਹੜਾ ਅਰਥਚਾਰੇ ਦੇ ਕੁੱਲ ਆਕਾਰ ਦੇ ਹਿਸਾਬ ਭਾਰਤ ਤੋਂ ਕਿਤੇ ਪਿੱਛੇ ਹੈ, ਉਥੋਂ ਦੀ ਪ੍ਰਤੀ ਵਿਅਕਤੀ ਆਮਦਨ 54966 ਡਾਲਰ ਹੈ ਜਿਹੜੀ ਭਾਰਤ ਤੋਂ 25 ਗੁਣਾ ਤੋਂ ਵੀ ਜ਼ਿਆਦਾ ਹੈ। ਇਸੇ ਤਰ੍ਹਾਂ ਭਾਵੇਂ ਜਰਮਨੀ ਹੈ ਤਾਂ ਚੌਥੇ ਦਰਜੇ ਦਾ ਅਰਥਚਾਰਾ ਹੈ ਪਰ ਉਸ ਦੀ ਪ੍ਰਤੀ ਵਿਅਕਤੀ ਆਮਦਨ 48562 ਡਾਲਰ ਹੈ। ਚੀਨ ਜਿਸ ਦੀ ਵਸੋਂ ਭਾਰਤ ਦੇ ਤਕਰੀਬਨ ਬਰਾਬਰ ਹੈ ਅਤੇ ਅਰਥਚਾਰੇ ਦੇ ਆਕਾਰ ਦੇ ਹਿਸਾਬ ਇਹ ਦੂਸਰੇ ਦਰਜੇ 'ਤੇ ਹੈ, ਦੀ ਪ੍ਰਤੀ ਵਿਅਕਤੀ ਆਮਦਨ 11560 ਡਾਲਰ (ਭਾਰਤ ਤੋਂ 5 ਗੁਣਾ ਤੋਂ ਵੀ ਜ਼ਿਆਦਾ) ਹੈ।

ਅਰਥਚਾਰੇ ਦੇ ਆਕਾਰ ਦੇ ਹਿਸਾਬ ਜੇ ਭਾਰਤ ਪੰਜਵੇਂ ਦਰਜੇ 'ਤੇ ਹੈ, ਆਉਣ ਵਾਲੇ ਸਮੇਂ ਵਿਚ ਉਮੀਦ ਕੀਤੀ ਜਾਂਦੀ ਹੈ ਕਿ ਇਹ ਸ਼ਾਇਦ ਤੀਸਰੇ ਦਰਜੇ 'ਤੇ ਆ ਜਾਵੇ ਪਰ ਇਸ ਦੇ ਬਾਵਜੂਦ ਭਾਰਤ ਵਿਚ ਆਮ ਮੰਦਹਾਲੀ ਹੈ। ਇਸ ਦੀ ਵੱਡੀ ਵਜ੍ਹਾ ਇਥੋਂ ਦੀ ਆਮਦਨ ਅਤੇ ਇਸ ਦੇ ਧਨ ਦੀ ਨਾ-ਬਰਾਬਰੀ ਹੈ। ਔਕਸਫੈਮ ਦੀ ਰਿਪੋਰਟ ਅਨੁਸਾਰ ਇਥੋਂ ਦੀ ਇਕ ਫੀਸਦੀ ਵਸੋਂ ਕੋਲ ਦੇਸ਼ ਦੇ ਧਨ ਦਾ 40.5 ਫੀਸਦੀ ਹਿੱਸਾ ਹੈ ਅਤੇ ਹੇਠਲੇ 50 ਫੀਸਦੀ ਜਾਂ ਤਕਰੀਬਨ 70 ਕਰੋੜ ਲੋਕਾਂ ਕੋਲ ਸਿਰਫ਼ 3 ਫੀਸਦੀ ਧਨ ਹੈ। 2022 ਤਕ ਕਰੋਨਾ ਤੋਂ ਪ੍ਰਭਾਵਿਤ ਹੋ ਕੇ ਭਾਰਤ ਵਿਚ ਭੁੱਖਮਰੀ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਵਧ ਕੇ 35 ਕਰੋੜ ਹੋ ਗਈ ਸੀ। 2020 ਵਿਚ ਇਹ 19 ਕਰੋੜ ਸੀ। ਬਹੁਤ ਸਾਰੇ ਨੀਤੀਵਾਨਾਂ ਦਾ ਇਹ ਵਿਸ਼ਵਾਸ ਹੈ ਕਿ ਜਿੰਨਾ ਚਿਰ ਭਾਰਤ ਵਿਚ ਧਨ ਅਤੇ ਆਮਦਨ ਨਾ-ਬਰਾਬਰੀ ਰਹੇਗੀ, ਭਾਰਤ ਵਿਚ ਆਮ ਖੁਸ਼ਹਾਲੀ ਹੋ ਹੀ ਨਹੀਂ ਸਕਦੀ।

ਜਿਨ੍ਹਾਂ ਦੇਸ਼ਾਂ ਨੂੰ ਪਛਾੜ ਕੇ ਭਾਰਤ ਪੰਜਵੇਂ ਨੰਬਰ 'ਤੇ ਪਹੁੰਚਿਆ ਹੈ, ਉਨ੍ਹਾਂ ਦੇਸ਼ਾਂ ਵਿਚ ਰਹਿਣ-ਸਹਿਣ ਤੋਂ ਇਲਾਵਾ ਜੇ ਉਨ੍ਹਾਂ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਵੱਲ ਨਜ਼ਰ ਮਾਰੀਏ ਤਾਂ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਨ੍ਹਾਂ ਦੇਸ਼ਾਂ ਵਿਚ ਇਕ ਤਾਂ ਬੇਰੁਜ਼ਗਾਰੀ ਹੈ ਹੀ ਨਹੀਂ ਪਰ ਜੇ ਹੈ ਤਾਂ ਉਸ ਦਾ ਹੱਲ ਬੇਰੁਜ਼ਗਾਰੀ ਭੱਤਾ ਵੀ ਉਸ ਸਮੇਂ ਲਈ ਦਿੱਤਾ ਜਾਂਦਾ ਹੈ ਜਿੰਨਾ ਚਿਰ ਉਹ ਬੇਰੁਜ਼ਗਾਰ ਰਹਿੰਦੇ ਹਨ। ਬੁਢਾਪਾ ਪੈਨਸ਼ਨ ਉਨ੍ਹਾਂ ਦੇ ਰਹਿਣ-ਸਹਿਣ ਦੇ ਉੱਚੇ ਮਿਆਰ ਲਈ ਕਾਫੀ ਹੁੰਦੀ ਹੈ ਨਾ ਕਿ ਮਾਮੂਲੀ, ਟੋਕਨ ਬੁਢਾਪਾ ਪੈਨਸ਼ਨ। ਫਿਰ ਮੁਫਤ ਸਕੂਲੀ ਵਿਦਿਆ, ਮੁਫਤ ਇਲਾਜ ਅਤੇ ਸਭ ਤੋਂ ਵੱਧ, ਉਥੋਂ ਦੀ ਆਮਦਨ ਬਰਾਬਰੀ ਇਸ ਗੱਲ ਤੋਂ ਹੀ ਨਜ਼ਰ ਆ ਜਾਂਦੀ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਕੋਈ ਵੀ ਬੰਦਾ ਕਿਸੇ ਹੋਰ ਨੂੰ ਨੌਕਰ ਨਹੀਂ ਰੱਖ ਸਕਦਾ। ਇਹੋ ਵਜ੍ਹਾ ਹੈ ਕਿ ਮੰਤਰੀਆਂ ਕੋਲ ਵੀ ਡਰਾਈਵਰ ਦੀ ਸਹੂਲਤ ਕੁਝ ਹਾਲਾਤ ਵਿਚ ਹੀ ਹੈ। ਉਥੇ ਕਿਸੇ ਵੀ ਘਰ ਵਿਚ ਘਰੇਲੂ ਨੌਕਰ ਨਹੀਂ, ਬਾਲ ਮਜ਼ਦੂਰੀ ਦਾ ਨਾਂ ਨਿਸ਼ਾਨ ਨਹੀਂ। ਇਸ ਲਈ ਉਹ ਦੇਸ਼ ਭਾਵੇਂ 6ਵੇਂ, 7ਵੇਂ ਜਾਂ ਕਿਸੇ ਵੀ ਦਰਜੇ ਦੇ ਅਰਥਚਾਰੇ ਵਾਲੇ ਹੋਣ, ਉਨ੍ਹਾਂ ਦੇਸ਼ਾਂ ਵਿਚ ਆਮ ਖੁਸ਼ਹਾਲੀ ਹੈ ਜਿਹੜੀ ਭਾਰਤ ਦੇ ਪੰਜਵੇਂ ਸਥਾਨ 'ਤੇ ਪਹੁੰਚ ਕੇ ਵੀ ਅਜੇ ਕਿਤੇ ਦੂਰ ਦੀ ਗੱਲ ਜਾਪਦੀ ਹੈ।

ਭਾਰਤ ਦੀ ਸਿਰਫ਼ 2085 ਡਾਲਰ ਪ੍ਰਤੀ ਵਿਅਕਤੀ ਆਮਦਨ ਇਸ ਦੇਸ਼ ਨੂੰ ਤਕਰੀਬਨ 100ਵੇਂ ਦਰਜੇ ਦਾ ਦੇਸ਼ ਬਣਾਉਂਦੀ ਹੈ ਪਰ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਨੂੰ ਕਿਸੇ ਤਰ੍ਹਾਂ ਵੀ ਖੁਸ਼ਹਾਲੀ ਦਾ ਸੂਚਕ ਨਹੀਂ ਮੰਨਿਆ ਜਾ ਸਕਦਾ। 2085 ਡਾਲਰਾਂ ਦਾ ਅਰਥ ਹੈ ਕਿ ਭਾਰਤ ਵਿਚ ਹਰ ਵਿਅਕਤੀ ਦੀ ਔਸਤ ਆਮਦਨ ਤਕਰੀਬਨ 1.5 ਲੱਖ ਰੁਪਏ ਦੇ ਬਰਾਬਰ ਹੈ ਪਰ ਕੀ ਆਮ ਬੰਦੇ ਦੀ ਸਮਝ ਵਿਚ ਇਹ ਗੱਲ ਆ ਸਕਦੀ ਹੈ ਕਿ ਭਾਰਤ ਦੇ 5 ਜੀਆਂ ਵਾਲੇ ਹਰ ਪਰਿਵਾਰ ਨੂੰ ਸਾਲਾਨਾ 7.5 ਲੱਖ ਰੁਪਏ ਆਮਦਨ ਆ ਰਹੀ ਹੈ। ਅਸਲ ਵਿਚ ਭਾਰਤ ਵਿਚ ਆਮਦਨ ਦੀ ਨਾ-ਬਰਾਬਰੀ ਲਗਾਤਾਰ ਵਧਦੀ ਹੀ ਗਈ ਹੈ।

ਭਾਰਤ ਦੀ ਸੁਤੰਤਰਤਾ ਸਮੇਂ ਬਣੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਇਹ ਗੱਲ ਕਹੀ ਗਈ ਸੀ ਕਿ ਭਾਰਤ ਵਿਚ ਸਮਾਜਵਾਦੀ ਢਾਂਚਾ ਕਾਇਮ ਕੀਤਾ ਜਾਵੇਗਾ। ਇਸ ਦਾ ਸਪੱਸ਼ਟ ਅਰਥ ਸੀ ਕਿ ਆਮਦਨ ਬਰਾਬਰੀ ਬਣਾਈ ਜਾਵੇਗੀ। ਇਸ ਲਈ ਸ਼ੁਰੂ ਵਿਚ ਇਕ ਤਾਂ ਜ਼ਮੀਨ ਦੀ ਉਪਰਲੀ ਸੀਮਾ ਤੈਅ ਕੀਤੀ ਗਈ ਅਤੇ ਨਿੱਜੀ ਕਾਰੋਬਾਰਾਂ ਦੀ ਜਗ੍ਹਾ ਜਨਤਕ ਜਾਂ ਸਰਕਾਰੀ ਕਾਰੋਬਾਰ ਸ਼ੁਰੂ ਕੀਤੇ ਗਏ ਪਰ ਸਰਕਾਰੀ ਕਾਰੋਬਾਰ ਪ੍ਰਬੰਧਕੀ ਅਯੋਗਤਾ ਕਰ ਕੇ ਘਾਟੇ ਵਿਚ ਜਾਣੇ ਸ਼ੁਰੂ ਹੋ ਗਏ ਅਤੇ ਇਕ ਤੋਂ ਬਾਅਦ ਇਕ ਬੰਦ ਹੁੰਦੇ ਗਏ। 1991 ਵਿਚ ਵਿਸ਼ਵ ਵਿਚ ਆਈਆਂ ਵੱਡੀਆਂ ਆਰਥਿਕ ਤਬਦੀਲੀਆਂ ਤੋਂ ਬਾਅਦ ਭਾਰਤ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਨਿੱਜੀਕਰਨ ਨੂੰ ਇੰਨੀਆਂ ਖੁੱਲ੍ਹਾਂ ਦਿੱਤੀਆਂ ਗਈਆਂ ਕਿ ਠੇਕੇ ਦੇ ਕਿਰਤੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ। ਇਸੇ ਕਰ ਕੇ ਸਮਾਜਕ ਸੁਰੱਖਿਆ ਦਾ ਜਿਹੜਾ ਕੰਮ 1950 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ, ਉਹ ਲਗਾਤਾਰ ਘਟਦਾ ਗਿਆ। ਕਾਰਪੋਰੇਟ ਸੈਕਟਰ ਦੇ ਲਗਾਤਾਰ ਵਧਣ ਕਰ ਕੇ ਕਈ ਕਾਰਪੋਰੇਟ ਤਾਂ ਹਜ਼ਾਰਾਂ-ਕਰੋੜਾਂ ਰੁਪਏ ਸਾਲਾਨਾ ਕਮਾ ਰਹੇ ਹਨ, ਉਸ ਹਾਲਤ ਵਿਚ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਕਿਸ ਤਰ੍ਹਾਂ ਆਮ ਖੁਸ਼ਹਾਲੀ ਦਾ ਅੰਦਾਜ਼ਾ ਲਾਇਆ ਜਾਵੇਗਾ? ਟੈਕਸ ਦੇਣ ਵਾਲਿਆਂ ਦੀ ਗਿਣਤੀ 140 ਕਰੋੜ ਵਿਚੋਂ 3 ਕਰੋੜ ਵੀ ਨਹੀਂ ਅਤੇ ਬਾਕੀ ਆਮਦਨ ਕਰ ਦੇ ਘੇਰੇ ਵਿਚ ਨਹੀਂ ਆਉਂਦੇ।

# ਭਾਰਤੀ ਅਰਥਚਾਰੇ ਦੀ ਹਕੀਕਤ

ਡਾ. ਕੇਸਰ ਸਿੰਘ ਭੰਗੂ

ਭਾਰਤ ਦੀ ਆਰਥਿਕਤਾ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਈ ਅਹਿਮ ਐਲਾਨ ਕੀਤੇ ਹਨ ਜਿਨ੍ਹਾਂ ਵਿਚ ਇੱਕ ਇਹ ਹੈ ਕਿ ਭਾਰਤ ਜਲਦ ਹੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗੀ ਅਤੇ ਦੂਜਾ ਇਹ ਕਿ ਭਾਰਤ 2047 ਤੱਕ ਦੁਨੀਆ ਦੇ ਵਿਕਸਤ ਦੇਸ਼ਾਂ ਵਿਚ ਸ਼ਾਮਲ ਹੋ ਜਾਵੇਗਾ। ਜਿਥੋਂ ਤੱਕ ਪਹਿਲੇ ਐਲਾਨ ਦਾ ਸਬੰਧ ਹੈ, ਕੌਮਾਂਤਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ (ਅਮਰੀਕਾ ਤੇ ਚੀਨ ਤੋਂ ਬਾਅਦ) ਦੁਨੀਆ ਦੀ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗੀ। ਪਹਿਲਾਂ, ਭਾਰਤ ਇਸ ਦਰਜਾਬੰਦੀ ਵਿਚ 7ਵੇਂ ਸਥਾਨ 'ਤੇ ਸੀ ਪਰ ਅੱਜ ਕੱਲ੍ਹ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ 'ਤੇ ਹੈ। ਕੌਮਾਂਤਰੀ ਮੁਦਰਾ ਕੋਸ਼ ਦੇ ਇਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰੀ ਦੇ ਹਿਸਾਬ ਨਾਲ ਭਾਰਤ ਅੱਜ ਹੀ, ਭਾਵ 2023 ਵਿਚ, ਚੀਨ ਤੇ ਅਮਰੀਕਾ ਤੋਂ ਬਾਅਦ ਦੁਨੀਆ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗੀ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ।

ਜਿਥੋਂ ਤੱਕ ਦੂਜੇ ਐਲਾਨ ਦਾ ਸਬੰਧ ਹੈ, ਇਸ ਸਬੰਧੀ ਕਾਫ਼ੀ ਵਿਚਾਰ ਚਰਚਾ ਅਤੇ ਮਹੱਤਵਪੂਰਨ ਤੱਥਾਂ ਦਾ ਵਿਸ਼ਲੇਸ਼ਣ ਕਰ ਕੇ ਹੀ ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ ਦੇਸ਼ ਕੁੱਲ ਘਰੇਲੂ ਪੈਦਾਵਾਰ ਵਿਚ ਦੁਨੀਆ ਵਿਚ ਤੀਜੇ ਨੰਬਰ 'ਤੇ ਆ ਕੇ ਵਿਕਸਤ ਦੇਸ਼ ਬਣ ਵੀ ਜਾਵੇਗਾ ਕਿ ਨਹੀਂ? ਇਸ ਸਬੰਧੀ ਆਰਥਿਕਤਾ ਦੇ ਸਭ ਤੋਂ ਮਹੱਤਵਪੂਰਨ ਸੂਚਕ, ਪ੍ਰਤੀ ਵਿਅਕਤੀ ਆਮਦਨ ਦੇ ਨਾਲ ਨਾਲ ਕੁਝ ਚੋਣਵੇਂ ਸੂਚਕਾਂ ਜਿਵੇਂ ਮਨੁੱਖੀ ਵਿਕਾਸ ਸੂਚਕ, ਖੇਤੀ ਵਿਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ, ਔਰਤਾਂ ਦੀ ਕੰਮ ਵਿਚ ਹਿੱਸੇਦਾਰੀ ਅਤੇ ਆਰਥਿਕ ਨਾ-ਬਰਾਬਰੀਆਂ ਦਾ ਦੁਨੀਆ ਦੇ ਚੋਣਵੇਂ ਵਿਕਸਤ ਦੇਸ਼ਾਂ ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿਚ ਪਛਾੜਿਆ ਹੈ ਜਾਂ ਭਵਿੱਖ ਵਿਚ ਪਛਾੜ ਦੇਵੇਗਾ, ਨਾਲ ਮੁਕਾਬਲਤਨ ਅਧਿਐਨ ਕੀਤਾ ਜਾਵੇਗਾ। ਵਿਸ਼ਵ ਬੈਂਕ 1987 ਤੋਂ ਕੁੱਲ ਪ੍ਰਤੀ ਵਿਅਕਤੀ ਕੌਮੀ ਆਮਦਨ ਦੇ ਹਿਸਾਬ ਨਾਲ ਦੁਨੀਆ ਦੇ ਦੇਸ਼ਾਂ ਨੂੰ ਵੱਖ ਵੱਖ ਗਰੁੱਪਾਂ ਵਿਚ ਵੰਡ ਰਿਹਾ ਹੈ, ਜਿਵੇਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਉਪਰਲੀ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਨੀਵੀਂ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਭਾਰਤ ਸ਼ੁਰੂ ਤੋਂ ਹੀ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਰਿਹਾ ਹੈ ਅਤੇ ਅਮਰੀਕਾ, ਜਾਪਾਨ, ਫਰਾਂਸ, ਜਰਮਨੀ, ਇੰਗਲੈਂਡ , ਇਟਲੀ ਤੇ ਕੈਨੇਡਾ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਰਹੇ ਹਨ ਜਿਨ੍ਹਾਂ ਨੂੰ ਵਿਕਸਤ ਦੇਸ਼ ਕਿਹਾ ਜਾਂਦਾ ਹੈ। ਭਾਰਤ 2009 ਵਿਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚੋਂ ਨਿਕਲ ਕੇ ਨੀਵੀਂ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹੋ ਗਿਆ ਸੀ ਅਤੇ ਹੁਣ ਤੱਕ ਉਸੇ ਗਰੁੱਪ ਵਿਚ ਸ਼ੁਮਾਰ ਹੈ।

ਵਿਸ਼ਵ ਬੈਂਕ ਦੀ ਤਾਜ਼ਾ ਵੰਡ ਮੁਤਾਬਕ ਜਿਹੜੇ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ 13206 ਡਾਲਰ ਤੋਂ ਵੱਧ ਹੈ, ਉਹ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹਨ; ਜਿਹਨਾਂ ਦੀ ਆਮਦਨ 4256 ਡਾਲਰ ਤੋਂ 13205 ਡਾਲਰ ਵਿਚਕਾਰ ਹੈ, ਉਹ ਉਪਰਲੀ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ; ਜਿਹਨਾਂ ਦੀ ਆਮਦਨ 1056 ਡਾਲਰ ਤੋਂ 4255 ਡਾਲਰ ਵਿਚਕਾਰ ਹੈ, ਉਹ ਨੀਵੀਂ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਅਤੇ ਜਿਹਨਾਂ ਦੀ ਆਮਦਨ 1085 ਡਾਲਰ ਤੋਂ ਘੱਟ ਹੈ ਉਹ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਵਿਚ ਸ਼ਾਮਲ ਹਨ। ਵਰਨਣਯੋਗ ਹੈ ਕਿ ਜਿਹੜੇ ਦੇਸ਼ਾਂ ਨਾਲ ਭਾਰਤ ਦਾ ਕੁੱਲ ਘਰੇਲੂ ਪੈਦਾਵਾਰ ਵਿਚ ਮੁਕਾਬਲਾ ਹੈ, ਉਹਨਾਂ ਸਾਰੇ ਵਿਕਸਤ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਬਹੁਤ ਵੱਧ, ਤਕਰੀਬਨ 50,000 ਡਾਲਰ ਦੇ ਨੇੜੇ ਹੈ ਅਤੇ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹਨ ਜਦੋਂ ਕਿ ਭਾਰਤ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ 2380 ਡਾਲਰ ਹੀ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਕਿੰਨੇ ਲੰਮੇ ਸਮੇਂ ਤੋਂ ਆਪਣੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਵਿਚ ਲੋੜੀਂਦਾ ਵਾਧਾ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ। ਹੇਠਲੇ ਵਰਣਨ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਜਦੋਂ ਭਾਰਤ 2013-14 ਵਿਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿਚ ਨੌਵੇਂ ਸਥਾਨ 'ਤੇ ਸੀ, ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆ ਵਿਚ 147ਵੇਂ ਸਥਾਨ 'ਤੇ ਸੀ; ਭਾਵ, ਦੇਸ਼ ਕੁਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਹੀ ਉੱਪਰ ਸੀ। ਭਾਰਤ ਦਾ ਗਰੀਬ ਗੁਆਂਢੀ ਮੁਲਕ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿਚ ਅੱਗੇ ਹੈ। ਫਿਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ 'ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ 'ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿਚ ਦੇਸ਼ ਬਹੁਤ ਪਿੱਛੇ ਹੈ।

ਹੁਣ ਭਾਰਤ ਦਾ ਚੋਣਵੇਂ ਵਿਕਸਤ ਦੇਸ਼ਾਂ ਅਮਰੀਕਾ, ਜਾਪਾਨ, ਫਰਾਂਸ, ਜਰਮਨੀ, ਇੰਗਲੈਂਡ, ਇਟਲੀ ਤੇ ਕੈਨੇਡਾ ਨਾਲ ਚੋਣਵੇਂ ਕੁਝ ਸੂਚਕਾਂ ਜਿਵੇਂ ਮਨੁੱਖੀ ਵਿਕਾਸ ਸੂਚਕ, ਖੇਤੀ ਵਿਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ, ਔਰਤਾਂ ਦੀ ਕੰਮ ਵਿਚ ਹਿੱਸੇਦਾਰੀ ਅਤੇ ਆਰਥਿਕ ਨਾ-ਬਰਾਬਰੀਆਂ ਦਾ ਮੁਕਾਬਲਤਨ ਅਧਿਐਨ ਕਰਦੇ ਹਾਂ। ਜੇ ਮਨੁੱਖੀ ਵਿਕਾਸ ਸੂਚਕ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ 2023 ਵਿਚ ਇਹ ਭਾਰਤ ਦਾ 0.633 ਅਤੇ ਚੋਣਵੇਂ ਵਿਕਸਤ ਦੇਸ਼ਾਂ ਦਾ 0.921 ਤੋਂ ਵੱਧ ਸੀ ਅਤੇ ਇਹਨਾਂ ਦੇਸ਼ਾਂ ਦੀ ਦੁਨੀਆ ਦੇ ਦੇਸ਼ਾਂ ਮਨੁੱਖੀ ਵਿਕਾਸ ਸੂਚਕ ਦੀ ਦਰਜਾਬੰਦੀ ਵੀ ਉਪਰਲੇ 25 ਦੇਸ਼ਾਂ ਵਿਚ ਸੀ; ਭਾਰਤ ਦੀ ਦਰਜਾਬੰਦੀ 132ਵੇਂ ਨੰਬਰ 'ਤੇ ਸੀ। ਸਾਡੇ ਦੇਸ਼ ਦੀ 44 ਪ੍ਰਤੀਸ਼ਤ ਆਬਾਦੀ ਨੂੰ ਖੇਤੀ ਵਿਚ ਰੁਜ਼ਗਾਰ ਪ੍ਰਾਪਤ ਹੈ; ਵਿਕਸਤ ਦੇਸ਼ਾਂ ਵਿਚ ਸਿਰਫ 1 ਤੋਂ 4.1 ਪ੍ਰਤੀਸ਼ਤ ਆਬਾਦੀ ਹੀ ਖੇਤੀ ਵਿਚ ਲੱਗੀ ਹੋਈ ਹੈ। ਭਾਰਤ ਦੀ 16.3 ਪ੍ਰਤੀਸ਼ਤ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ; ਵਿਕਸਤ ਦੇਸ਼ਾਂ ਦੀ 2.5 ਪ੍ਰਤੀਸ਼ਤ ਤੋਂ 3.2 ਪ੍ਰਤੀਸ਼ਤ ਆਬਾਦੀ ਹੀ ਕੁਪੋਸ਼ਣ ਦਾ ਸ਼ਿਕਾਰ ਹੈ। ਵਰਨਣਯੋਗ ਹੈ ਕਿ ਚੋਣਵੇਂ ਵਿਕਸਤ ਦੇਸ਼ਾਂ ਨੂੰ ਵਿਸ਼ਵਵਿਆਪੀ ਭੁੱਖਮਰੀ ਸੂਚਕ ਦੇ ਸਰਵੇ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਦੇਸ਼ ਭੁੱਖਮਰੀ ਦਾ ਸ਼ਿਕਾਰ ਨਹੀਂ ਹਨ ਸਗੋਂ ਇਹ ਦੇਸ਼ ਖ਼ੁਰਾਕ ਸੁਰੱਖਿਅਤ ਹਨ। ਇਸ ਦੇ ਉਲਟ ਭਾਰਤ ਨੂੰ ਇਸ ਸਰਵੇ ਵਿਚ ਸ਼ਾਮਲ ਕੀਤਾ ਜਾਂਦਾ ਹੈ ਅਤੇ 2014 ਜਦੋਂ ਤਤਕਾਲੀ ਸਰਕਾਰ ਨੇ ਵਾਗਡੋਰ ਸੰਭਾਲੀ, ਉਦੋਂ ਭੁੱਖਮਰੀ ਸੂਚਕ 28.2 ਅਤੇ ਦੁਨੀਆ ਦੇ ਦੇਸ਼ਾਂ ਵਿਚ ਦਰਜਾ 101 ਸੀ ਅਤੇ 2022 ਭੁੱਖਮਰੀ ਸੂਚਕ ਵਧ ਕੇ 29.1 ਹੋ ਗਿਆ ਅਤੇ ਦਰਜਾ ਹੋਰ ਪਿੱਛੇ ਖਿਸਕ ਕੇ 107 'ਤੇ ਪਹੁੰਚ ਗਿਆ। ਭਾਰਤ ਵਿਚ 1000 ਜਨਮੇ ਬੱਚਿਆਂ ਵਿਚੋਂ 25.5 ਦੀ ਜਨਮ ਵੇਲੇ ਹੀ ਮੌਤ ਹੋ ਜਾਂਦੀ ਹੈ; ਵਿਕਸਤ ਦੇਸ਼ਾਂ ਵਿਚ ਇਹ ਦਰ 1.7 ਤੋਂ 5.4 ਹੈ। ਸਾਡੇ ਦੇਸ਼ ਵਿਚ ਔਰਤ ਵਰਕਰਾਂ ਵਿਚੋਂ ਕੇਵਲ 24 ਪ੍ਰਤੀਸ਼ਤ ਹੀ ਕੰਮ ਕਰ ਰਹੀਆਂ ਹਨ; ਵਿਕਸਤ ਦੇਸ਼ਾਂ ਵਿਚ ਇਹ ਪ੍ਰਤੀਸ਼ਤ 41 ਤੋਂ 61 ਹੈ। ਭਾਰਤ ਵਿਚ ਆਰਥਿਕ ਨਾ-ਬਰਾਬਰੀ, ਭਾਵ ਆਮਦਨ ਤੇ ਧਨ-ਦੌਲਤ ਵਿਚ, ਉੱਚੀ ਪੱਧਰ ਦੀਆਂ ਨਾ-ਬਰਾਬਰੀਆਂ ਹਨ; ਵਿਕਸਤ ਦੇਸ਼ਾਂ ਵਿਚ ਇਹ ਨੀਵੇਂ ਪੱਧਰ ਦੀਆਂ ਹਨ।

ਸਪੱਸ਼ਟ ਹੈ ਕਿ ਭਾਰਤ ਭਾਵੇਂ 2047 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਬਣ ਜਾਵੇ ਪਰ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਵਿਕਸਤ ਦੇਸ਼ਾਂ ਦੇ ਬਰਾਬਰ ਹੋਣੀ ਬਹੁਤ ਮੁਸ਼ਕਿਲ ਹੈ। ਜਿਥੋਂ ਤੱਕ ਵਿਕਸਤ ਦੇਸ਼ ਬਣਨ ਦੀ ਗੱਲ ਹੈ, ਉਹ ਬਹੁਤ ਦੂਰ ਹੈ ਕਿਉਂਕਿ ਅਰਥਵਿਵਸਥਾ ਦੇ ਮਹੱਤਵਪੂਰਨ ਆਰਥਿਕ, ਸਮਾਜਿਕ ਅਤੇ ਹੋਰ ਸੂਚਕ ਬਹੁਤ ਖ਼ਰਾਬ ਹਾਲਤ ਵਿਚ ਹਨ। ਇਹਨਾਂ ਨੂੰ ਵਿਕਸਤ ਦੇਸ਼ਾਂ ਦੇ ਬਰਾਬਰ ਕਰਨਾ ਸੌਖਾ ਨਹੀਂ। ਸਿਆਸੀ ਪਾਰਟੀਆਂ ਅਤੇ ਨੇਤਾ ਆਰਥਿਕਤਾ ਸਬੰਧੀ ਸਿਆਸੀ ਬਿਆਨਬਾਜ਼ੀ ਕਰ ਕੇ ਸਿਆਸੀ ਲਾਹਾ ਖੱਟ ਕੇ ਚੋਣਾਂ ਜ਼ਰੂਰ ਜਿੱਤ ਸਕਦੇ ਹਨ ਪਰ ਦੇਸ਼ ਨੂੰ ਭਵਿੱਖ ਵਿਚ ਵਿਕਸਤ ਦੇਸ਼ ਬਣਾਉਣ ਲਈ ਸਭ ਤੋਂ ਪਹਿਲਾਂ ਸਿਆਸੀ ਲੀਡਰਾਂ ਵਿਚ ਇੱਛਾ ਸ਼ਕਤੀ ਜ਼ਰੂਰੀ ਹੈ। ਆਰਥਿਕ ਅਤੇ ਹੋਰ ਨੀਤੀਆਂ ਨੂੰ ਅਮੀਰਾਂ, ਪੂੰਜੀਪਤੀਆਂ ਅਤੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਸਗੋਂ ਨੀਤੀਆਂ ਨੂੰ ਆਮ ਲੋਕਾਂ, ਖਾਸ ਕਰ ਕੇ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਦੀ ਪੂਰਤੀ ਲਈ ਵਰਤਣਾ ਚਾਹੀਦਾ ਹੈ। ਇਕ ਗੱਲ ਹੋਰ, ਮਹੱਤਵਪੂਰਨ ਸੂਚਕਾਂ ਨੂੰ ਵਿਕਸਤ ਦੇਸ਼ਾਂ ਦੇ ਬਰਾਬਰ ਕਰਨ ਲਈ ਸਰਕਾਰ ਨੂੰ ਲੰਮੇ ਸਮੇਂ ਤੱਕ ਇਹਨਾਂ ਦੇ ਖੇਤਰਾਂ, ਖ਼ਾਸ ਕਰ ਕੇ ਸਿੱਖਿਆ, ਸਿਹਤ ਅਤੇ ਲਾਭਕਾਰੀ ਰੁਜ਼ਗਾਰ ਵਿਚ ਬਹੁਤ ਜ਼ਿਆਦਾ ਸਰਕਾਰੀ ਨਿਵੇਸ਼ ਕਰਨਾ ਪਵੇਗਾ।

# ਫਿਲਮਾਂ 'ਚ ਨਵੀਂ ਜੋੜੀ: ਪਲੋਮਾ ਤੇ ਰਾਜਵੀਰ ਦਿਓਲ



ਅਦਾਕਾਰਾ ਪੂਨਮ ਢਿੱਲੋਂ ਦੀ ਧੀ ਪਲੋਮਾ।






ਸਨੀ ਦਿਓਲ ਦਾ ਪੁੱਤਰ ਰਾਜਵੀਰ ਦਿਓਲ ਅਤੇ (ਸੱਜੇ) ਫਿਲਮ 'ਦੋਨੋ' ਦਾ ਪੋਸਟਰ।


ਅਦਾਕਾਰ ਸਨੀ ਦਿਓਲ ਦੇ ਪੁੱਤਰ ਰਾਜਵੀਰ ਦਿਓਲ ਦੀ ਆਉਣ ਵਾਲੀ ਰੋਮਾਂਟਿਕ-ਡਰਾਮਾ ਫਿਲਮ 'ਦੋਨੋ' ਦਾ ਟਰੇਲਰ ਰਿਲੀਜ਼ ਹੋ ਗਿਆ ਹੈ। ਰਾਜਸ੍ਰੀ ਪ੍ਰੋਡਕਸ਼ਨਜ਼ ਨੇ ਇੰਸਟਾਗ੍ਰਾਮ 'ਤੇ ਫਿਲਮ ਦਾ ਟਰੇਲਰ ਸਾਂਝਾ ਕਰਦਿਆਂ ਕਿਹਾ, "ਆਖਰਕਾਰ ਉਡੀਕ ਖ਼ਤਮ ਹੋ ਗਈ ਹੈ। ਫਿਲਮ 'ਦੋਨੋ' ਦਾ ਟਰੇਲਰ ਰਿਲੀਜ਼ ਹੋ ਗਿਆ ਹੈ। ਇਹ ਫਿਲਮ 5 ਅਕਤੂਬਰ ਨੂੰ ਰਿਲੀਜ਼ ਹੋਵੇਗੀ।" ਇਹ ਸਨੀ ਦਿਓਲ ਦੇ ਛੋਟੇ ਪੁੱਤਰ ਰਾਜਵੀਰ ਦਿਓਲ ਦੀ ਪਹਿਲੀ ਫਿਲਮ ਹੈ।

ਅਵਿਨਾਸ਼ ਬੜਜਾਤੀਆ ਦੇ ਨਿਰਦੇਸ਼ਨ ਹੇਠ ਬਣੀ ਇਸ ਫਿਲਮ ਵਿਚ ਅਦਾਕਾਰਾ ਪੂਨਮ ਢਿੱਲੋਂ ਦੀ ਧੀ ਪਾਲੋਮਾ ਵੀ ਨਜ਼ਰ ਆਵੇਗੀ। ਫਿਲਮ ਦੇ ਟਰੇਲਰ ਰਿਲੀਜ਼ ਸਮਾਗਮ ਵਿਚ ਸਨੀ ਦਿਓਲ, ਸੂਰਜ ਬੜਜਾਤੀਆ, ਸਨੀ ਦਿਓਲ ਦਾ ਵੱਡਾ ਪੁੱਤਰ ਕਰਨ ਦਿਓਲ ਅਤੇ ਪੂਨਮ ਢਿੱਲੋਂ ਵੀ ਮੌਜੂਦ ਸਨ। ਟਰੇਲਰ ਰਿਲੀਜ਼ ਹੁੰਦਿਆਂ ਹੀ ਪ੍ਰਸ਼ੰਸਕਾਂ ਨੇ ਅਦਾਕਾਰਾਂ ਅਤੇ ਫਿਲਮ ਦੀ ਬਾਕੀ ਟੀਮ ਨੂੰ ਸ਼ੁੱਭਕਾਮਨਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਸਨੀ ਦਿਓਲ ਦੇ ਪੁੱਤਰ ਰਾਜਵੀਰ ਦਿਓਲ ਅਤੇ ਪੂਨਮ ਢਿੱਲੋਂ ਦੀ ਲੜਕੀ ਪਲੋਮਾ ਫਿਲਮ 'ਦੋਨੋ' ਨਾਲ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ ਕਰ ਰਹੇ ਹਨ। ਫਿਲਮ ਦੀ ਕਹਾਣੀ ਇੱਕ ਸ਼ਾਹੀ ਵਿਆਹ ਸਮਾਗਮ ਤੋਂ ਸ਼ੁਰੂ ਹੁੰਦੀ ਹੈ। ਦੇਵ (ਰਾਜਵੀਰ) ਵਿਆਹ ਵਾਲੀ ਲੜਕੀ ਦਾ ਦੋਸਤ ਹੈ ਜੋ ਲਾੜੇ ਦੀ ਸਹੇਲੀ ਮੇਘਨਾ (ਪਲੋਮਾ) ਨੂੰ ਮਿਲਦਾ ਹੈ। ਇਸ ਮੌਕੇ ਦੋਵੇਂ ਜਣੇ ਇਕ-ਦੂਜੇ ਦੇ ਨੇੜੇ ਆ ਜਾਂਦੇ ਹਨ। ਜ਼ਿਕਰਯੋਗ ਹੈ ਕਿ ਪਲੋਮਾ ਪਹਿਲਾਂ ਫੁਟਬਾਲਰ ਬਣਨਾ ਚਾਹੁੰਦੀ ਸੀ ਪਰ ਕੁਦਰਤ ਆਖਰਕਾਰ ਉਸ ਨੂੰ ਆਪਣੀ ਮਾਂ ਵਾਲੇ ਕੰਮ ਵੱਲ ਖਿੱਚ ਕੇ ਲੈ ਆਈ ਅਤੇ ਹੁਣ ਉਸ ਦੀ ਪਲੇਠੀ ਫਿਲਮ ਰਿਲੀਜ਼ ਹੋ ਰਹੀ ਹੈ।

ਯਾਦ ਰਹੇ ਕਿ ਫਿਲਮੀ ਦੁਨੀਆ ਵਿਚ ਜਿੰਨੀ ਸ਼ੁਹਰਤ ਧਰਮਿੰਦਰ ਅਤੇ ਉਸ ਦੇ ਵੱਡੇ ਪੁੱਤਰ ਸਨੀ ਦਿਓਲ ਨੂੰ ਮਿਲੀ ਹੈ, ਓਨੀ ਸ਼ੁਹਰਤ ਧਰਮਿੰਦਰ ਦੇ ਛੋਟੇ ਪੁੱਤਰ ਬੌਬੀ ਦਿਓਲ ਨੂੰ ਨਹੀਂ ਮਿਲ ਸਕੀ ਹੈ। ਧਰਮਿੰਦਰ ਦੇ ਭਰਾ ਅਜੀਤ ਦਿਓਲ ਦਾ ਪੁੱਤਰ ਅਭੈ ਦਿਓਲ ਫਿਲਮੀ ਦੁਨੀਆ ਵਿਚ ਵੱਖਰੀਆਂ ਅਤੇ ਵਧੀਆ ਫਿਲਮਾਂ ਦੇਣ ਲਈ ਜਾਣਿਆ ਜਾਂਦਾ ਹੈ। ਹੁਣ ਦੇਖਣਾ ਹੈ ਕਿ ਰਾਜਵੀਰ ਦਿਓਲ ਕਿੱਥੇ ਤੱਕ ਉਡਾਰੀ ਮਾਰਨ ਵਿਚ ਸਫਲ ਹੁੰਦਾ ਹੈ।

# ਪੰਜਾਬੀ ਹੋਣ 'ਤੇ ਮਾਣ ਕਰਨ ਵਾਲਾ ਆਯੂਸ਼ਮਾਨ



ਅਦਾਕਾਰ ਆਯੂਸ਼ਮਾਨ ਖੁਰਾਣਾ ਨੇ ਆਖਿਆ ਕਿ ਉਹ ਪੰਜਾਬੀ ਹੈ ਅਤੇ ਚਾਹੁੰਦਾ ਹੈ ਕਿ ਪੰਜਾਬ ਦੇ ਲੋਕ ਉਸ ਦੇ ਕੰਮ 'ਤੇ ਮਾਣ ਕਰਨ। ਉਸ ਨੇ ਆਖਿਆ, "ਪੰਜਾਬੀ ਹੋਣ ਦੇ ਨਾਤੇ ਮੈਂ ਹਮੇਸ਼ਾ ਇਹੀ ਚਾਹੁੰਦਾ ਹਾਂ ਕਿ ਪੰਜਾਬ ਨੂੰ ਮੇਰੇ ਕੰਮ 'ਤੇ ਮਾਣ ਹੋਵੇ ਅਤੇ ਮੈਂ ਪੰਜਾਬ ਦੇ ਲੋਕਾਂ ਵੱਲੋਂ ਦਿੱਤੇ ਪਿਆਰ ਦਾ ਹਮੇਸ਼ਾ ਰਿਣੀ ਰਹਾਂਗਾ। ਮੇਰੀ ਪਹਿਲੀ ਫਿਲਮ ਤੋਂ ਲੈ ਕੇ ਹੁਣ ਤੱਕ ਪੰਜਾਬ ਨੇ ਮੇਰੀ ਹੌਸਲਾ ਅਫਜ਼ਾਈ ਕੀਤੀ ਹੈ ਅਤੇ ਹਰ ਚੰਗੇ-ਮਾੜੇ ਹਾਲਾਤ ਵਿਚ ਮੇਰਾ ਸਾਥ ਦਿੱਤਾ ਹੈ। ਮੈਨੂੰ ਪੰਜਾਬੀਆਂ ਤੋਂ ਬਿਨਾਂ ਸ਼ਰਤ ਬਹੁਤ ਪਿਆਰ ਮਿਲਿਆ ਹੈ।"

ਆਯੂਸ਼ਮਾਨ ਨੇ ਆਖਿਆ ਕਿ ਉਸ ਨੂੰ ਆਪਣੀਆਂ ਫਿਲਮਾਂ ਅਤੇ ਗੀਤਾਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਕਰ ਕੇ ਮਾਣ ਮਹਿਸੂਸ ਹੁੰਦਾ ਹੈ। ਉਹ ਅੱਜ ਜਿਸ ਮੁਕਾਮ 'ਤੇ ਹੈ, ਉਹ ਮਹਿਜ਼ ਪੰਜਾਬੀਆਂ ਦੀਆਂ ਦੁਆਵਾਂ ਤੇ ਉਨ੍ਹਾਂ ਦੀ ਮਦਦ ਕਰ ਕੇ ਹੀ ਹੈ। ਉਹ ਖੁਸ਼ਕਿਸਮਤ ਹੈ ਕਿ ਉਹ ਪੰਜਾਬੀ ਹੈ ਅਤੇ ਉਸ ਨੇ ਪੰਜਾਬੀ ਸੱਭਿਆਚਾਰ ਤੇ ਰੀਤੀ-ਰਿਵਾਜਾਂ ਦੀ ਆਪਣੀ ਕਲਾ ਰਾਹੀਂ ਨੁਮਾਇੰਦਗੀ ਕੀਤੀ ਹੈ। ਉਸ ਨੂੰ ਆਪਣੇ ਗੀਤਾਂ ਵਿਚ ਪੰਜਾਬੀ ਸ਼ਾਮਲ ਕਰਨਾ ਬਹੁਤ ਪਸੰਦ ਹੈ ਅਤੇ ਜਿਥੇ ਕਿਤੇ ਪੰਜਾਬੀ ਗੀਤ ਵੱਜਦਾ ਹੈ ਤਾਂ ਉਸ ਨੂੰ ਬਹੁਤ ਖੁਸ਼ੀ ਹੁੰਦੀ ਹੈ। ਉਹ ਆਉਣ ਵਾਲੇ ਸਮੇਂ ਵਿਚ ਆਪਣੇ ਕੰਮ ਰਾਹੀਂ ਪੰਜਾਬੀਆਂ ਦਾ ਮਾਣ ਵਧਾਉਣਾ ਚਾਹੁੰਦਾ ਹੈ।

ਆਯੂਸ਼ਮਾਨ ਖੁਰਾਣਾ ਦਾ ਕਹਿਣਾ ਹੈ ਕਿ ਉਸ ਨੂੰ ਅਜਿਹੀਆਂ ਫਿਲਮਾਂ ਬਣਾ ਕੇ ਬਹੁਤ ਆਨੰਦ ਮਿਲਦਾ ਹੈ ਜਿਹੜੀਆਂ ਹਿੰਦੀ ਸਿਨੇਮਾ ਵਿਚ ਪਹਿਲਾਂ ਕਦੇ ਨਹੀਂ ਬਣੀਆਂ। ਹਿੰਦੀ ਸਿਨੇ ਜਗਤ ਵਿਚ ਅਜਿਹੀਆਂ ਫਿਲਮਾਂ ਬਣਾਉਣ ਦੀ ਕੋਸ਼ਿਸ਼ ਨਾਲ ਉਸ ਨੂੰ ਆਪਣੀ ਵੱਖਰੀ ਸ਼ੈਲੀ ਬਣਾਉਣ ਵਿਚ ਮਦਦ ਮਿਲੀ ਹੈ। 'ਵਿੱਕੀ ਡੋਨਰ', 'ਦਮ ਲਗਾ ਕੇ ਹਈਸ਼ਾ', 'ਸ਼ੁਭ ਮੰਗਲ ਸਾਵਧਾਨ', 'ਅੰਧਾਧੁਨ', 'ਬਾਲਾ' ਅਤੇ 'ਬਧਾਈ ਹੋ' ਵਰਗੀਆਂ ਫਿਲਮਾਂ ਦੇ ਅਦਾਕਾਰ ਆਯੂਸ਼ਮਾਨ ਨੇ ਕਿਹਾ, "ਮੈਂ ਜਾਣਦਾ ਹੈ ਕਿ ਲੋਕ ਮੈਨੂੰ ਗੈਰ-ਰਵਾਇਤੀ ਮੰਨਦੇ ਹਨ ਪਰ ਮੈਂ ਗੈਰ-ਰਵਾਇਤੀ ਫਿਲਮਾਂ ਦੀ ਹੀ ਚੋਣ ਕਰਦਾ ਹਾਂ ਜੋ ਮੇਰੇ ਲਈ ਮਜ਼ੇਦਾਰ ਹੁੰਦਾ ਹੈ। ਦਰਅਸਲ ਇਹ ਕੰਮ ਉਦੋਂ ਹੋਰ ਆਸਾਨ ਹੋ ਜਾਂਦਾ ਹੈ ਜੇ ਤੁਹਾਡਾ ਵਿਸ਼ਾ ਜਾਂ ਸੰਕਲਪ ਤੁਹਾਡੀ ਫਿਲਮ ਦਾ ਸਮਰਥਨ ਕਰ ਰਿਹਾ ਹੋਵੇ। ਲੋਕਾਂ ਲਈ ਫਿਲਮਾਂ ਵਿਚ ਵਿਚਾਰਾਂ ਦੀ ਵਿਲੱਖਣਤਾ ਹੀ ਖਿੱਚ ਦਾ ਕੇਂਦਰ ਹੁੰਦੀ ਹੈ।"

# 'ਜੋ ਬਚੇ ਹੈਂ ਸੰਗ ਸਮੇਟ ਲੋ' ਡਰਾਮੇ ਦੇ ਰੰਗ-ਢੰਗ

ਪਾਕਿਸਤਾਨੀ ਅਦਾਕਾਰ ਫਵਾਦ ਖਾਨ, ਅਦਾਕਾਰਾ ਮਾਹਿਰਾ ਖਾਨ ਅਤੇ ਸਨਮ ਸਈਦ ਵੈੱਬ ਸੀਰੀਜ਼ 'ਜੋ ਬਚੇ ਹੈਂ ਸੰਗ ਸਮੇਟ ਲੋ' ਵਿਚ ਇਕੱਠਿਆਂ ਨਜ਼ਰ ਆਉਣਗੇ। ਇਹ ਸੀਰੀਜ਼ ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ। ਇਹ ਸੀਰੀਜ਼ ਲੇਖਕ ਫਰਹਤ ਇਸ਼ਤਿਆਕ ਦੇ ਸਾਲ 2013 'ਚ ਸਭ ਤੋਂ ਵੱਧ ਵਿਕੇ ਉਰਦੂ ਦੇ ਨਾਵਲ 'ਤੇ ਆਧਾਰਿਤ ਹੈ। ਇਸ ਦੀ ਕਹਾਣੀ ਹਾਰਵਰਡ ਯੂਨੀਵਰਸਿਟੀ 'ਚ ਕਾਨੂੰਨ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਸਿਕੰਦਰ ਦੇ ਜੀਵਨ ਦੁਆਲੇ ਘੁੰਮਦੀ ਹੈ ਜਿਸ ਦੀ ਜ਼ਿੰਦਗੀ 'ਚ ਅਜਿਹੀ ਘਟਨਾ ਵਾਪਰਦੀ ਹੈ ਜੋ ਸਭ ਕੁਝ ਬਦਲ ਦਿੰਦੀ ਹੈ। ਇਸ ਦੀ ਸ਼ੂਟਿੰਗ ਇਟਲੀ, ਯੂ.ਕੇ. ਅਤੇ ਪਾਕਿਸਤਾਨ 'ਚ ਕੀਤੀ ਗਈ ਹੈ। 'ਜੋ ਬਚੇ ਹੈਂ ਸੰਗ ਸਮੇਟ ਲੋ' ਵਿਚ ਆਹਦ ਰਜ਼ਾ ਮੀਰ, ਹਮਜ਼ਾ ਅਲੀ ਅੱਬਾਸੀ, ਬਿਲਾਲ ਅਸ਼ਰਫ਼, ਮਾਇਆ ਅਲੀ, ਇਕਰਾ ਅਜ਼ੀਜ਼, ਹਾਨੀਆ ਆਮਿਰ, ਖੁਸ਼ਹਾਲ ਖਾਨ, ਨਾਦੀਆ ਜਮੀਲ, ਓਮੈਰ ਰਾਣਾ ਤੇ ਸਮੀਨਾ ਅਹਿਮਦ ਮੁੱਖ ਭੂਮਿਕਾਵਾਂ ਵਿਚ ਹਨ।

ਜ਼ਿਕਰਯੋਗ ਹੈ ਕਿ ਫਵਾਦ ਖਾਨ, ਮਾਹਿਰਾ ਖਾਨ ਅਤੇ ਸਨਮ ਸਈਦ ਪਾਕਿਸਤਾਨ ਦੇ ਚੋਟੀ ਦੇ ਸਿਤਾਰਿਆਂ 'ਚ ਸ਼ੁਮਾਰ ਹਨ। ਇਸ ਤੋਂ ਪਹਿਲਾਂ ਫਵਾਦ ਖਾਨ ਅਤੇ ਮਾਹਿਰਾ ਖਾਨ ਦਾ ਡਰਾਮਾ 'ਹਮਸਫ਼ਰ' ਪਾਕਿਸਤਾਨ ਦੇ ਨਾਲ-ਨਾਲ ਭਾਰਤ 'ਚ ਵੀ ਕਾਫ਼ੀ ਮਕਬੂਲ ਹੋਇਆ ਸੀ। ਸਾਲ 2022 'ਚ ਇਹ ਜੋੜੀ ਫਿਲਮ 'ਦਿ ਲੀਜੈਂਡ ਆਫ ਮੌਲਾ ਜੱਟ' ਵਿਚ ਨਜ਼ਰ ਆਈ ਸੀ ਅਤੇ ਇਹ ਪਾਕਿਸਤਾਨ 'ਚ ਹੁਣ ਤੱਕ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਬਣੀ। ਇਸ 'ਚ ਹਮਜ਼ਾ ਅਲੀ ਅੱਬਾਸੀ ਨੇ ਵੀ ਭੂਮਿਕਾ ਨਿਭਾਈ ਸੀ। ਸਨਮ ਸਈਦ ਅਤੇ ਫਵਾਦ ਖਾਨ ਨੇ ਪ੍ਰਸਿੱਧ ਪਾਕਿਸਤਾਨੀ ਡਰਾਮੇ 'ਜ਼ਿੰਦਗੀ ਗੁਲਜ਼ਾਰ ਹੈ' ਵਿਚ ਇਕੱਠਿਆਂ ਕੰਮ ਕੀਤਾ ਸੀ। ਹੁਣ ਇਨ੍ਹਾਂ ਦੀ ਅਗਲੀ ਸੀਰੀਜ਼ 'ਬਰਜ਼ਾਖ' ਆ ਰਹੀ ਹੈ। ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਜਦੋਂ ਯੂਟਿਊਬ ਚੈਨਲਾਂ ਦਾ ਰਿਵਾਜ ਵਧਿਆ ਹੈ, ਭਾਰਤੀ ਦਰਸ਼ਕਾਂ ਦੀ ਪਹੁੰਚ ਪਾਕਿਸਤਾਨੀ ਡਰਾਮਿਆਂ ਤੱਕ ਵਾਹਵਾ ਹੋ ਗਈ ਹੈ ਅਤੇ ਇਹ ਡਰਾਮੇ ਭਾਰਤ ਵਿਚ ਬਹੁਤ ਮਕਬੂਲ ਹੋ ਰਹੇ ਹਨ। ਇਸ ਦਾ ਅੰਦਾਜ਼ਾ ਇਨ੍ਹਾਂ ਡਰਾਮਿਆਂ ਦੇ ਵਿਊਜ਼ ਤੋਂ ਵੀ ਹੋ ਜਾਂਦਾ ਹੈ। ਇਸ ਨਾਲ ਪਾਕਿਸਤਾਨੀ ਦੀ ਫਿਲਮ ਅਤੇ ਟੈਲੀਵਿਜ਼ਨ ਸਨਅਤ ਨੂੰ ਹੁਲਾਰਾ ਮਿਲਿਆ ਹੈ।







ਅਦਾਕਾਰਾ ਮਾਹਿਰਾ ਖਾਨ, ਅਦਾਕਾਰ ਫਵਾਦ ਖਾਨ ਅਤੇ ਅਦਾਕਾਰਾ ਸਨਮ ਸਈਦ।


GAKHAL GROUP
UNITED SPORTS CLUB CALIFORNIA, AMERICA
DEDICATED TO
Assoication with California Kabaddi Federation of USA
16TH WORLD KABADDI CUP 17th SEPTEMBER 2023, SUNDAY
(James Logan High School 1800 H Street, Union City, California 94587)
(Timing 09:00am - 06pm)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Late. Nashib Singh Gakhal
Late. Major Singh Bains
Late. Puran Singh
Amolak Singh Gakhal
Sponsor of 1st Prize
Sponsor of 2nd Prize
Sponsor of 3rd Prize
Sponsor of 4th Prize
Diamond Sponsor
Inder Dosanjh
Dosanjh Family Auto Group Inc.
Diamond Sponsor
Diamond Sponsor
Asian Food Center, Canada
Diamond Sponsor
Diamond Sponsor
OPENING
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
DIAMOND SPONSORS
KINGS SPORTS CLUB
SHAHEED BABA DEEP SINGH SPORTS CLUB
CENTER VALLEY SPORTS CLUB
SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
ਵਿਸ਼ੇਸ਼ ਸਨਮਾਨ
Surinder Singh Atwal
Harpreet Singh Baba
Tarlochan Singh Lachhar
Johan Singh Gill
Mike Boparai
Paul Sihota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Bal
Surinder Singh Atwal
Dulla Surkhpur
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Sanam Bains Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
ਵਿਸ਼ੇਸ਼ ਸਨਮਾਨ
ਵਿਸ਼ੇਸ਼ ਸਨਮਾਨ
GUEST OF HONOUR
All Kabaddi Lovers are openly Invited
PTC PUNJABI
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America Charda Punjab Sports Club,
3. Baba Sang Ji Kabaddi Club
4. Fateh Sports Club/Shaheed Baba Deep Singh
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Spectator Have to reach at James Logan High School, International Law of Kabaddi will apply, United Sports Club has reserve the right for last decisions.